
ਸੋਹਣ ਸਿੰਘ 'ਸੀਤਲ'
ਪਤਝੜ ਦੇ
ਪੰਛੀ
STUDIO

# ਪਤਵੰਤੇ ਕਾਤਲ

(ਨਾਵਲ)

ਲੇਖਕ
ਸੋਹਣ ਸਿੰਘ ਸੀਤਲ

ਮਿਲਣ ਦਾ ਪਤਾ :
ਲਾਹੌਰ ਬੁਕ ਸ਼ਾਪ, ਲੁਧਿਆਣਾ

**Patwante Katal**

(A Novel by Sohan Singh Sital)

© ਲੇਖਕ

ਕੀਮਤ : 55 ਰੁਪਏ

ਪ੍ਰਕਾਸ਼ਕ :
ਸੀਤਲ ਪੁਸਤਕ ਭੰਡਾਰ, ਲੁਧਿਆਣਾ ।

ਪ੍ਰਿੰਟਰ :
ਜੀ. ਐਸ. ਪ੍ਰਿੰਟਰਜ਼,
ਗੱਚਕਮਲ ਰੋਡ, ਲੁਧਿਆਣਾ।

# ਮੁਢਲੀ ਬੇਨਤੀ

ਮੈਂ ਸਭ ਤੋਂ ਪਹਿਲਾਂ ਨਾਵਲ 'ਮੁੱਲ ਦਾ ਮਾਸ' ਲਿਖਿਆ ਸੀ। ਉਸਦੀ ਸਮਾਪਤੀ 'ਤੇ ਇਕ ਖ਼ਾਸ ਪਾਤਰ (ਵਿਧਵਾ ਮਨਜੀਤ) ਰਹਿ ਗਿਆ ਸੀ। ਉਸ ਨਾਲ ਪਾਠਕਾਂ ਨੂੰ ਅਤਯੰਤ ਹਮਦਰਦੀ ਪੈਦਾ ਹੋ ਜਾਂਦੀ ਹੈ। ਉਸ ਨਾਵਲ ਦੇ ਅੰਤ ਵਿਚ ਮੈਂ ਇਕ ਇਸ਼ਤਿਹਾਰ ਦੇ ਦਿਤਾ, ਕਿ 'ਮਨਜੀਤ' ਦੇ ਹਾਲਾਤ ਅਸੀਂ ਅਗਲੇ ਨਾਵਲ ਵਿਚ ਪੇਸ਼ ਕਰਾਂਗੇ।

ਜਿਸ ਜਿਸ ਸੱਜਣ ਨੇ 'ਮੁੱਲ ਦਾ ਮਾਸ' ਪੜ੍ਹਿਆ, ਉਹਨੇ ਇਸ ਨਵੇਂ ਨਾਵਲ ਦੀ ਮੰਗ ਕੀਤੀ। ਏਧਰ ਮੈਂ ਹੋਰ ਹੋਰ ਨਾਵਲ ਲਿਖ ਕੇ ਛਾਪਦਾ ਰਿਹਾ, ਪਰ ਇਹ ਨਾਵਲ ਨਾ ਦੇ ਸਕਿਆ। ਅੰਤ ੭-੧-੫੩ ਨੂੰ ਮੈਂ ਇਹ ਨਾਵਲ ਲਿਖਣਾ ਸ਼ੁਰੂ ਕੀਤਾ। ਪਰ ਮੇਰਾ ਦਿਲ ਇਸ ਵਿਚ ਲੱਗਾ ਨਾ। ਜਿੱਥੇ ਨਾਵਲ 'ਅੰਨ੍ਹੀ ਸੁੰਦਰਤਾ' ਮੈਂ ਸਤਾਰਾਂ ਦਿਨਾਂ ਵਿਚ ਸਮਾਪਤ ਕਰ ਲਿਆ ਸੀ, ਓਥੇ ਇਹ ਦੋ ਸਾਲ ਵਿਚ ਵੀ ਪੂਰਾ ਨਾ ਹੋਇਆ। ਅਧਿਓਂ ਬਹੁਤਾ ਲਿਖ ਕੇ ਮੈਂ ਫਿਰ ਧਿਆਨ ਨਾਲ ਪੜ੍ਹਿਆ, ਤਾਂ ਉਹ ਮੇਰੇ ਪਸੰਦ ਨਾ ਆਇਆ। ਮੈਂ ਉਹ ਸਾਰਾ ਖਰੜਾ ਪਾੜ ਦਿਤਾ ਤੇ ੨੯-੧-੫੫ ਨੂੰ ਫਿਰ ਨਵੇਂ ਸਿਰਿਓਂ ਲਿਖਣਾ ਸ਼ੁਰੂ ਕੀਤਾ, ਜੋ ਇਸ ਵੇਲੇ ਤੁਹਾਡੇ ਹੱਥ ਵਿਚ ਹੈ।

ਇਸ ਨਾਵਲ ਵਿਚ ਮੈਂ ਕੀ ਕੁਛ ਬਿਆਨਣਾ ਚਾਹੁੰਦਾ ਸਾਂ, ਤੇ ਉਸ ਆਸ਼ੇ ਵਿਚ ਕਿਥੋਂ ਤਕ ਸਫਲ ਹੋਇਆ ਹਾਂ, ਇਸ ਬਾਰੇ ਕੁਛ ਨਹੀਂ ਲਿਖਣਾ ਚਾਹੁੰਦਾ। ਇਹਨਾਂ ਗੱਲਾਂ ਦਾ ਨਿਰਨਾ ਪਾਠਕ ਆਪੇ ਕਰ ਲੈਣਗੇ। ਮੈਂ ਸਿਰਫ਼ ਏਨੀ ਬੇਨਤੀ

ਕਰਦਾ ਹਾਂ, ਕਿ ਇਸ ਨਾਵਲ (ਪਤਵੰਤੇ ਕਾਤਲ) ਵਿਚ ਕੁਛ ਪਾਤਰ (ਖ਼ਾਸ ਕਰ, ਨਾਵਲ ਦੀ ਨਾਇਕਾ ਮਨਜੀਤ) ਪਿਛਲੇ ਨਾਵਲ 'ਮੁੱਲ ਦਾ ਮਾਸ' ਵਿਚੋਂ ਆਏ ਹਨ। ਇਸ ਕਹਾਣੀ ਵਿਚ ਕੋਈ ਥਾਂਈਂ ਅਜੇਹੇ ਇਸ਼ਾਰੇ ਵੀ ਆਉਂਦੇ ਹਨ, ਜਿੰਨ੍ਹਾਂ ਦਾ ਵੇਰਵਾ ਪਿਛਲੇ ਨਾਵਲ ਵਿਚ ਮਿਲਦਾ ਹੈ। ਸੋ ਚੰਗਾ ਹੋਵੇ, ਜੇ ਮਨਜੀਤ ਦੇ ਪਹਿਲੇ ਹਾਲ ਤੇ ਕਹਾਣੀ ਦਾ ਪਿਛੋਕੜ ਸਮਝਣ ਵਾਸਤੇ, ਪਾਠਕ ਪਹਿਲਾਂ 'ਮੁੱਲ ਦਾ ਮਾਸ' ਪੜ੍ਹ ਲੈਣ। ਵੈਸੇ ਇਸ ਨਾਵਲ ਨੂੰ 'ਮੁੱਲ ਦਾ ਮਾਸ' ਦਾ ਦੂਸਰਾ ਭਾਗ ਨਹੀਂ ਸਮਝਣਾ ਚਾਹੀਦਾ। ਆਪਣੀ ਆਪਣੀ ਥਾਂ ਦੋਵੇਂ ਨਾਵਲ ਮੁਕੰਮਲ ਹਨ।

ਲੁਧਿਆਣਾ — ਸੋਹਣ ਸਿੰਘ

੧੦-੫-੫੫ ਈ. — "ਸੀਤਲ"

# ਪਹਿਲਾ ਭਾਗ

੧.

ਰੂਹ ਦਾ ਪਿੰਜਰ ਛਡ ਕੇ ਨਿਕਲਨ ਨਾਲੋਂ ਵੀ ਔਖਾ ਹੈ, ਕਿਸੇ ਦਾ ਅਜੇਹੇ ਸਮੇਂ ਘਰ ਛਡ ਕੇ ਤੁਰਨਾ।

ਪੋਹ ਦਾ ਮਹੀਨਾ ਅੱਧਾ ਬੀਤ ਚੁੱਕਾ ਸੀ। ਤਿੰਨਾਂ ਦਿਨਾਂ ਤੋਂ ਲਗਾਤਾਰ ਮੀਂਹ ਵੱਸ ਰਿਹਾ ਸੀ। ਕਹਿੰਦੇ ਨੇ: ਸਿਆਲ ਦੀ ਝੜੀ, ਨਾ ਕੋਠਾ, ਨਾ ਕੜੀ। ਸ਼ਾਇਦ ਕੁਦਰਤ ਇਹ ਅਖਾਣ ਸੱਚਾ ਸਾਬਤ ਕਰਨ 'ਤੇ ਤੁਲੀ ਹੋਈ ਸੀ। ਗਰੀਬਾਂ ਦੇ ਕੱਲਰ ਖਾਧੀਆਂ ਕੰਧਾਂ ਵਾਲੇ ਕੋਠੇ ਡਿੱਗਣੇ ਸ਼ੁਰੂ ਹੋ ਗਏ ਸਨ। ਪੱਕੀਆਂ ਕੰਧਾਂ ਵਿਚ ਵੀ ਤੇੜਾਂ ਪਾਟਣ ਲੱਗ ਪਈਆਂ ਸਨ। ਛੱਤਾਂ ਸਿੰਮ ਸਿੰਮ ਕੇ ਚੋ ਰਹੀਆਂ ਸਨ। ਪਿੰਡ ਦੀਆਂ ਗਲੀਆਂ ਪਾਣੀ ਤੇ ਚਿੱਕੜ ਨਾਲ ਭਰੀਆਂ ਪਈਆਂ ਸਨ। ਇਕ ਘਰ ਤੋਂ ਦੂਜੇ ਬੂਹੇ ਤਕ ਜਾਣਾ ਦਰਿਆ ਦੀ ਜਿੱਲ੍ਹਣ ਲੰਘਣ ਦੇ ਬਰਾਬਰ ਸੀ। ਅਜੇਹੇ ਸਮੇਂ ਉਹ ਕੱਲ-ਮੁਕੱਲੀ ਘਰੋਂ ਨਿਕਲਨ ਲਈ ਮਜਬੂਰ ਹੋ ਗਈ।

ਵਸੋਂ ਵਾਲੇ ਕੋਠੇ ਨੂੰ ਜੰਦਰਾ ਮਾਰ ਕੇ ਉਹ ਡਿਉਢੀ ਵਿਚ ਆ ਖਲੀ। ਦੋ ਮਿੰਟ ਉਹਨੇ ਬੀਤੇ ਤੇ ਬੀਤ ਰਹੇ ਜੀਵਨ 'ਤੇ ਝਾਤੀ ਮਾਰੀ। ਆਉਣ ਵਾਲੇ ਸਮੇਂ ਬਾਰੇ ਸੋਚਣ ਦੀ ਉਹਨੂੰ ਵਿਹਲ ਹੀ ਨਹੀਂ ਸੀ।

"ਭਾਬੀ!" ਬੱਦਲ ਦੀ ਕੜਕ ਸੁਣ ਕੇ ਮੋਢੇ ਲੱਗਾ ਅੰਞਾਣਾ ਉਹਦੇ ਗਲ ਨੂੰ ਘੁਟਦਾ ਹੋਇਆ ਚੀਕਿਆ।

"ਚੁਪ, ਚੁਪ। ਸੁਣ ਕੇ ਤਾਰੂ ਆ ਜਾਊਗਾ।"

ਤਾਰੂ ਦੇ ਡਰ ਤੋਂ ਸਹਿਮ ਕੇ ਬੱਚਾ ਉਹਦੇ ਗਲ ਨਾਲ ਚੰਬੜ ਗਿਆ।

ਸੱਜੇ ਹੱਥ ਨਾਲ ਮੁਟਿਆਰ ਨੇ ਸਿਰ ਵਾਲਾ ਕੰਬਲ ਠੀਕ ਕੀਤਾ। ਛੋਟੀ ਜੇਹੀ ਗੰਢੜੀ ਪੈਰਾਂ ਵਿਚੋਂ ਚੁਕ ਕੇ ਉਹਨੇ ਬੁੱਕਲ 'ਚ ਦੇ ਲਈ। ਡਿਉਢੀ ਦੇ ਤਖਤਿਆਂ ਨੂੰ ਵੱਜਾ ਹੋਇਆ ਜੰਦਰਾ ਉਹਨੇ ਸੱਜੇ ਹੱਥ ਨਾਲ ਖਿੱਚ ਕੇ ਜੋਹਿਆ। ਬਾਰੀ ਵਿਚ ਦੀ ਲੰਘ ਕੇ ਉਹਨੇ ਬਾਹਰੋਂ ਕੁੰਡਾ ਮਾਰ ਦਿਤਾ। ਫਿਰ ਕਿਨਾਂ ਇਕ ਪਲ ਉਡੀਕੇ ਉਹ ਖੱਬੇ ਹੱਥ ਨੂੰ ਗਲੀਏ ਗਲੀ ਤੁਰ ਪਈ।

ਠੱਕੇ ਦਾ ਮੀਂਹ ਜ਼ੋਰ ਦੀ ਵੱਸ ਰਿਹਾ ਸੀ। ਵਾਛੜ ਨਾਲ ਕੰਧਾਂ ਦੇ ਲੋਂ ਉਡ ਰਹੇ ਸਨ। ਪਾਣੀ ਵਿਚ ਡਿਗਦੀਆਂ ਕੰਧਾਂ ਦਾ ਖੜਾਕ ਭੈ-ਭੀਤ ਕਰ ਰਿਹਾ ਸੀ।

ਹਨ੍ਹੇਰੀ ਦੇ ਤੇਜ਼ ਬੁੱਲੇ ਭੁਚਾਲ ਵਰਗੀ ਗੂੰਜ ਪੈਦਾ ਕਰ ਰਹੇ ਸਨ। ਲੋਹੜੇ ਦੀ ਸਰਦੀ ਹੱਡਾਂ ਨੂੰ ਛੱਡਿਆ, ਪੱਥਰਾਂ ਨੂੰ ਕੜਕਾ ਰਹੀ ਸੀ। ਅਜੇਹੇ ਸਮੇਂ ਉਹ ਗਲੀਆਂ ਦਾ ਚਿੱਕੜ ਲਤਾੜਦੀ ਚਲੀ ਜਾ ਰਹੀ ਸੀ।

ਗਲੀ ਵਿਚ ਕਿਸੇ ਕੰਧ ਦਾ ਉਤੇ ਆ ਪੈਣ ਦਾ ਡਰ ਸੀ ਤੇ ਜਦ ਉਹ ਬਾਹਰ ਖੁੱਲ੍ਹੇ ਖੇਤਾਂ ਵਿਚ ਪਹੁੰਚੀ, ਤੇਜ਼ ਵਗ ਰਹੇ ਠੱਕੇ ਦੇ ਮਾਰੂ ਹਮਲਿਆਂ ਨੂੰ ਰੋਕਣ ਵਾਲਾ ਆਸਰਾ ਕੋਈ ਨਹੀਂ ਸੀ ਰਿਹਾ। ਕਦੇ ਉਹ ਹਨ੍ਹੇਰੀ ਦੇ ਬੁੱਲੇ ਨਾਲ ਧੱਕੀ ਹੋਈ ਡੰਡੀਓਂ ਖੱਬੇ ਪਾਸੇ ਚਲੀ ਜਾਂਦੀ ਤੇ ਕਦੇ ਮੀਂਹ ਦੀ ਝੰਭ ਦੀ ਮਾਰੀ ਸੱਜੇ ਪਾਸੇ। ਘੁੱਪ ਹਨੇਰੇ ਵਿਚ ਕਿਸਮਤ ਦੀ ਮਾਰੀ ਨੂੰ ਪੈਰ ਪੈਰ 'ਤੇ ਠੋਕਰਾਂ ਖਾਣੀਆਂ ਪੈ ਰਹੀਆਂ ਸਨ। ਬਿਜਲੀ ਚਮਕਦੀ, ਤਾਂ ਸਾਵੀਆਂ ਕਣਕਾਂ ਵਿਚ, ਮੁਟਿਆਰ ਦੀ ਚੀਰਨੀ ਵਾਂਗ, ਵਿਛੀ ਹੋਈ ਡੰਡੀ ਦਿੱਸ ਪੈਂਦੀ। ਓਸੇ ਸੂਹ ਉਤੇ ਉਹ ਓਨਾ ਚਿਰ ਉਲਾਂਘਾਂ ਮਿਣਦੀ ਜਾਂਦੀ, ਜਿੰਨਾਂ ਚਿਰ ਦੁਬਾਰਾ ਚਮਕ ਕੇ ਬਿਜਲੀ ਰਾਹ ਦੀ ਸੇਧ ਨਾ ਕਰ ਦੇਂਦੀ।

ਰਾਹ ਵਿਚ ਖਾਲ ਲੰਘਣ ਲੱਗੀ ਦਾ ਪੈਰ ਤਿਲਕ ਗਿਆ ਤੇ ਉਹ ਗੋਡੇ ਗੋਡੇ ਪਾਣੀ ਵਿਚ ਧੜੰਮ ਕਰਕੇ ਜਾ ਪਈ। ਉਹਦੀ ਸਲਵਾਰ ਤੇ ਅੱਧ ਤਕ ਕਮੀਜ਼ ਪਾਣੀ ਵਿਚ ਗੜੁੱਚ ਹੋ ਗਈਆਂ। ਮੋਢੇ ਲੱਗਾ ਅੰਞਾਣਾ ਡਰ ਕੇ ਚੀਕ ਪਿਆ, ਜਿਸਨੂੰ ਉਹਨੇ ਤਾਰੂ ਦਾ ਡਰਾਵਾ ਦੇ ਕੇ ਚੁੱਪ ਕਰਾ ਲਿਆ ਹੱਥ ਵਾਲੀ ਗੰਢੜੀ ਕਿਵੇਂ ਹੀ ਪਾਣੀ ਵਿਚ ਡਿੱਗਣੋ ਬਚੀ। ਉਹਦੇ ਮੂੰਹੋਂ ਬੇ-ਵਸੇ ਹੀ 'ਹਾਇ ਮਾਂ' ਨਿਕਲ ਗਿਆ। ਉਹ ਹਿੰਮਤ ਕਰ ਕੇ ਉੱਠੀ ਤੇ ਫੇਰ ਅਗ੍ਹਾਂ ਤੁਰ ਪਈ। ਅਜੇ ਉਹਨੇ ਪੰਜ ਦਸ ਕਦਮ ਹੀ ਭਰੇ ਸਨ, ਜਾਂ ਹਨੇਰੀ ਦੇ ਤੇਜ਼ ਬੁੱਲੇ ਨਾਲ ਖਾਲ ਦੇ ਪਾਰੋ ਉਤੇ ਸਿੱਧੀ ਖਲੀ ਟਾਹ੍ਲੀ ਧਰਤੀ 'ਤੇ ਆ ਪਈ। ਉਸ ਦੀਆਂ ਵਧੀਆਂ ਹੋਈਆਂ ਪਰਾਭਲਾਂ ਦੀ ਵਲ੍ਹੇਟ ਵਿਚ ਆ ਕੇ ਉਹ ਦੁਖਿਆਰਨ ਵੀ ਭੋਇੰ 'ਤੇ ਢਹਿ ਪਈ। ਪਤਲੀਆਂ ਟਾਹਣੀਆਂ ਬੈਂਤਾਂ ਵਾਂਗ ਉਹਦੇ ਗਿੱਲੇ ਪਿੰਡੇ ਵਿਚ ਧਸ ਗਈਆਂ। ਏਸ ਮਾਰ ਨਾਲ ਅੰਞਾਣਾ ਉਚੀ ਉਚੀ ਡਾਡਾਂ ਮਾਰ ਉਠਿਆ। ਐਨ ਏਸੇ ਵੇਲੇ ਬਿਜਲੀ ਏਨੇ ਜ਼ੋਰ ਦੀ ਕੜਕੀ, ਜਿਵੇਂ ਉਹ ਉਹਨਾਂ ਉਤੇ ਹੀ ਡਿੱਗੀ ਹੋਵੇ। ਪਰ ਕਿਸਮਤ ਦੇ ਮਾਰਿਆਂ ਉਤੇ ਮੌਤ ਏਨੀ ਛੇਤੀ ਮਿਹਰਬਾਨ ਨਹੀਂ ਹੋਇਆ ਕਰਦੀ। ਬਿਜਲੀ ਕਿਤੇ ਨੇੜੇ ਹੀ ਪਈ ਸੀ। ਉਹ ਦੋਵੇਂ ਏਸ ਗਰਜ ਤੇ ਚਮਕ ਨਾਲ ਅੱਧ-ਬੇਹੋਸ਼ ਹੋ ਗਏ ਸਨ। ਬੇਹੋਸ਼ੀ ਵੀ ਸਤਾਇਆਂ ਹੋਇਆਂ ਦਾ ਸਾਥ ਬਹੁਤਾ ਚਿਰ ਨਾ ਦੇ ਸਕੀ। ਉਹ ਬੜੀ ਔਖਿਆਈ ਨਾਲ ਟਾਹ੍ਲੀ ਦੀਆਂ ਟਾਹਣੀਆਂ ਵਿਚੋਂ ਨਿਕਲੀ। ਰੋਂਦੇ ਬਾਲ ਨੂੰ ਚੁੱਪ ਕਰਾਉਣ ਵਾਸਤੇ ਉਹਨੂੰ ਇਕ ਵਾਰ ਫਿਰ ਤਾਰੂ ਦਾ ਭੈੜਾ ਨਾਮ ਵਰਤਣਾ ਪਿਆ। ਹੁਣ ਉਹਨੂੰ ਪਤਾ ਨਾ ਲੱਗੇ, ਕਿ ਉਹ ਆਈ ਕਿਹੜੇ ਪਾਸਿਓਂ ਸੀ ਤੇ ਅਗ੍ਹਾਂ ਜਾਣਾ ਕਿਧਰ ਨੂੰ ਹੈ?

ਬਿਜਲੀ ਚਮਕੀ, ਤਾਂ ਉਹਨੂੰ ਸਾਮ੍ਹਣੇ ਖਾਲ ਦਿੱਸਿਆ, ਜਿੱਥੇ ਉਹ ਥੋੜਾ ਚਿਰ ਪਹਿਲਾਂ ਤਿਲਕ ਕੇ ਡਿੱਗੀ ਸੀ। ਇਸ ਨਸ਼ਾਨੀ ਤੋਂ ਉਹਨੇ ਆਪਣੇ ਪੰਧ ਦੀ ਫੇਰ ਸੋਧ ਪਰਾਪਤ ਕਰ ਲਈ।

ਵੱਟਾਂ ਤੋਂ ਡਿਗਦੀ ਤੇ ਵਾਹਨਾਂ ਵਿਚ ਖੁਭਦੀ ਉਹ ਢਲੀ ਰਾਤ ਇਕ ਵਣਾਂ ਦੀ ਸੰਘਣੀ ਝੰਗੀ ਵਿਚ ਜਾ ਪਹੁੰਚੀ। ਝੰਘੀ ਵਿਚ ਖੁੱਲ੍ਹੇ ਬੂਹੇ ਵਾਲਾ ਪੁਰਾਣਾ ਮੱਠ ਸੀ। ਇਹ ਭੁੱਲਰਾਂ ਦੇ ਬਜ਼ੁਰਗਾਂ ਦੀ ਸਮਾਧ ਸੀ। ਲੋਕ ਇਸ ਥਾਂ ਨੂੰ 'ਜ਼ਾਹਰ ਪੀਰ' ਕਹਿੰਦੇ ਹਨ। ਏਥੇ ਹਰ ਸਾਲ ਚੇਤ ਚੌਦੇਂ ਨੂੰ ਮੇਲਾ ਲੱਗਿਆ ਕਰਦਾ ਸੀ। ਮੱਠ ਵਿਚ ਪੈਰ ਧਰਦਿਆਂ ਹੀ ਉਸ ਦੁਖਿਆਰਨ ਦੇ ਦਿਲ ਵਿਚ ਪੁਰਾਣੀਆਂ ਯਾਦਾਂ ਮਚਲ ਉਠੀਆਂ। ਉਹ ਗੁੱਤ ਜਿੱਡਾ ਲੰਮਾ ਹਉਕਾ ਭਰ ਕੇ ਬੋਲੀ, "ਉਹ! ਨਿਕਰਮਣ ਮਨਜੀਤ! ਏਸ ਪੀਰਾਂ ਬਜ਼ੁਰਗਾਂ ਦੀ ਥਾਂ 'ਤੇ ਕਿਸੇ ਨੇ ਜੁੱਗਾਂ ਤਕ ਨਿਭਾਉਣ ਦਾ ਵਾਅਦਾ ਕਰਕੇ ਤੇਰੀ ਬਾਂਹ ਫੜੀ ਸੀ। ਪਰ ਤਕਦੀਰ। ਉਹ-ਹੋ! ਦੁਨੀਆਂ ਦਾਈਏ ਕਿੰਨੇ ਲੰਮੇ ਬੰਨ੍ਹਦੀ ਏ, ਤੇ ਨਿਭਾਉਂਦੀ ਕਿੱਥੋਂ ਤਕ ਏ।"

ਦੁਖੀਆ ਮਨਜੀਤ ਨੇ ਮੱਠ ਦੀ ਇਕ ਨੁਕਰੇ ਗੰਢੜੀ ਰੱਖ ਕੇ ਸਿਰ ਤੋਂ ਕੰਬਲ ਲਾਹਿਆ। ਫਿਰ ਮੋਢੇ ਲੱਗੇ ਬਾਲ ਨੂੰ ਹੇਠਾਂ ਉਤਾਰਦੀ ਬੋਲੀ, "ਲੈ ਬੱਲੀ! ਏਥੇ ਖਲੋ ਜ਼ਰਾ।"

"ਊਂ, ਤਾਰੂ ਫੜ ਲਊ।" ਕਹਿੰਦਾ ਹੋਇਆ ਬਾਲਕ ਲੱਤਾਂ ਨਾਲ ਚੰਬੜ ਗਿਆ।

"ਰੱਬ ਦਾ ਮਾਰਿਆ ਤਾਰੂ ਲੱਥਾ ਮਗਰੋਂ। ਏਥੇ ਨਹੀਂ ਉਹ ਆ ਸਕਦਾ। ਨਿਆਸਰਿਆਂ ਦਾ ਰੱਬ ਰਾਖਾ ਹੁੰਦਾ ਏ।"

ਗੰਢੜੀ ਖੁਹਲ ਕੇ ਉਹਨੇ ਬਾਲ ਨੂੰ ਸੁੱਕੇ ਕੱਪੜਿਆਂ ਵਿਚ ਵਲ੍ਹੇਟਿਆ ਤੇ ਆਪ ਵੀ ਅੱਧ-ਪਚੱਧ ਸੁੱਕੇ ਕੱਪੜੇ ਬਦਲੇ। ਫਿਰ ਗਿੱਲੇ ਲੀੜੇ ਨਚੋੜ ਕੇ ਉਹਨੇ ਕੰਧਾਂ ਵਿਚ ਗੱਡੀਆਂ ਕਿੱਲੀਆਂ ਉਤੇ ਖਿਲਾਰ ਦਿਤੇ। ਆਪ ਉਹ ਸੁਕੀ ਚਾਦਰ ਦੀ ਬੁਕਲ ਮਾਰ ਕੇ ਬਾਲ ਨੂੰ ਗੋਦ ਵਿਚ ਸੰਭਾਲ ਕੇ ਇਕ ਗੁਠ ਵਿਚ ਦੜ ਕੇ ਬਹਿ ਗਈ। ਉਹਦੇ ਅੰਦਰੋਂ ਇਕ ਬਲਦਾ ਹਉਕਾ ਨਿਕਲਿਆ, "ਵਾਹ ਕਿਸਮਤੇ! ਪਾਪ ਤਾਂ ਕੋਈ ਨਹੀਂ ਸੀ ਕੀਤਾ, ਪਰ ਸਜ਼ਾ ਭੁਗਤਣੀ ਪੈ ਗਈ ਜੁੱਗੋਂ ਬਾਹਰੀ।"

## ੨.

"ਲੈ ਓ ਤਾਰੂ ! ਅੱਜ ਤੇਰੀ ਕਿਸਮਤ ਦਾ ਫ਼ੈਸਲਾ ਕਰ ਦੇਣਾ ਏ ।" ਜੰਬਰੂ ਨੇ ਪਿਆਲੀ ਬੁੱਲ੍ਹਾਂ ਕੋਲ ਲੈਜਾਂਦਿਆਂ ਕਿਹਾ। ਉਹਦਾ ਅਸਲੀ ਨਾਂ ਜਮਾਲਾ ਸੀ, ਪਰ ਉਹਦੇ ਸਾਥੀ ਉਹਨੂੰ ਜੰਬਰੂ ਹੀ ਸੱਦਿਆ ਕਰਦੇ ਸਨ । ਕਿਉਂਕਿ ਉਹ ਹਰ ਗੱਲ ਨਾਲ ਜੰਬਰੂ ਦਾ ਨਾਂ ਜ਼ਰੂਰ ਲਿਆ ਕਰਦਾ ਸੀ ।

"ਫ਼ੈਸਲਾ ਵੀ 'ਜੇਹਾ ਹੋਵੇ, ਕਿ ਹਾਹੋ...।" ਵਾਕ ਅਧੂਰਾ ਛਡ ਕੇ ਬੰਤੇ ਨੇ ਮਾਸ ਦੀ ਡਲੀ ਨਾਲ ਮੂੰਹ ਬੰਦ ਕਰ ਲਿਆ ।

"ਵੇਖੀ ਜਾਏਗੀ ਬੱਦਲ-ਵਾਈ ਤੇਰੀ, ਓ ਜੰਬਰੂ ਦਾ ਨਾਂ ਲੈਣਿਆਂ ।" ਕਾਲੇ ਨੇ ਬੋਤਲ ਛਲਕਾ ਕੇ ਉਤੇ ਬੱਝ ਰਹੇ ਡੋਰੇ ਵੱਲ ਤਕਦਿਆਂ ਬੋਲੀ ਪਾਈ ।

"ਉਇ, ਕਾਲਿਆ ਕਿੱਕਰਾ ! ਤੂੰ ਸਾਨੂੰ ਕੀ ਸਮਝਿਆ ਏ, ਉਇ !" ਜੰਬਰੂ ਨੇ ਸੱਖਣੀ ਪਿਆਲੀ ਭੁੰਜੇ 'ਤੇ ਪਟਕਦਿਆਂ ਛਾਤੀ ਫੁਲਾ ਕੇ ਕਿਹਾ । "ਜੰਬਰੂ ਦੀ ਛਵ੍ਹੀ ਤੇ ਜਮਾਲੇ ਦੀ ਬਰਛੀ । ਹੈ ਕੋਈ ਮਾਈ ਦਾ ਲਾਲ, ਜਿਹੜਾ ਸਾਮ੍ਹਣੇ ਖਲੋ ਸੱਕੇ ? ਜਮਾਲਾ ਜੰਬਰੂ ਨਾਲੋਂ ਘੱਟ ਨਹੀਂ । ਤੂੰ ਕੀ ਜਾਣੇ ? ਅਸਾਂ ਅੱਜ ਮਰਦਾਂ ਵਾਲੀ ਪੂਜਾ ਦੇਣੀ ਏ । ਵੇਖੇਂਗਾ ਜੁ ਜੁਆਨ ਦੇ ਹੱਥ । ਓ, ਸਾਡੇ ਬਿਨਾਂ ਤਾਰੂ ਦੀਆਂ ਮੁਛਕਲਾਂ ਕੌਣ ਕੱਟੇ, ਓ ਜੱਟਾ ਮਿਰਜ਼ਿਆ !" ਉਹਨੇ ਕੰਨ ਉਤੇ ਹੱਥ ਧਰ ਕੇ ਮਿਰਜ਼ੇ ਦੀ ਸੂਰ ਵਾਂਗ ਲੰਮੀ ਹੇਕ ਨਾਲ ਕਿਹਾ ।

"ਬੱਲੇ ਉਇ. ਜੰਬਰੂ ਦਿਆ ਪੁਤਰੇਲਿਆ । ਟਟੀਹਰੀ ਆਹੰਦੀ ਏ, ਮਹੀਂਓਂ 'ਸਮਾਨ ਠੱਲ੍ਹਿਆ ਹੋਇਆ ਏ ।" ਕਾਲੇ ਨੇ ਪਿਆਲੀ ਵਿਚ ਕਿੱਕਰ ਦਾ ਅਰਕ ਉਲੱਦ ਦਿਆਂ ਟਕੋਰ ਕੀਤੀ ।

"ਉਏ, ਟਟੀਹਰੀ ਦਿਆ ਪੁੱਤਰਾ ! ਤੂੰ ਜਾਣਦਾ ਏਂ ਚੰਗਾ ਭਲਾ ਮੇਰੇ ਹੱਥਾਂ ਨੂੰ । ਓਦਣ ਦਾ ਚੇਤਾ ਈ ਨਾਂ ਢਾਬ ਦਾ । ਚਾਚਾ ਆਖ ਕੇ ਹੇਠੋਂ ਨਿਕਲਿਆ ਸੈਂ ।" ਜੰਬਰੂ ਨੇ ਆਪਣੀ ਬਹਾਦਰੀ ਦਾ ਇਤਿਹਾਸਕ ਕਾਰਨਾਮਾ ਯਾਦ ਕਰਾਇਆ ।

"ਚਾਚਾ ਤਾਂ ਇਹਨੇ ਪਿਉ ਨੂੰ ਕਦੇ ਨਹੀਂ ਕਿਹਾ, ਤੇ ਤੈਨੂੰ ਕਿਵੇਂ ਆਖ ਦਿਤਾ ?" ਬੰਤੇ ਨੇ ਵੱਖੀ ਤੋਂ ਚੋਟ ਕੀਤੀ ।

"ਜਿਵੇਂ ਤੂੰ ਆਹੰਦਾ ਏਂ ।" ਜੰਬਰੂ ਨੇ ਨਹਿਲੇ 'ਤੇ ਦਹਿਲਾ ਮਾਰਿਆ ।

"ਤੈਨੂੰ ? ਵੇਖ ਉਇ ! ਕੰਮੀਆਂ ਦੇ ਮੁੰਡੇ ਵੀ ਸਾਊਆਂ ਨਾਲ ਬਹਿਸਣ ਲੱਗ ਪਏ ਜੇ । ਹੈ ਕਿ ਨਾਂ ਘੋਰ ਕਲਜੁਗ । ਹਰੇ ਓਮ !" ਬੰਤੇ ਨੇ ਕੋਲ ਬੈਠੇ ਪੰਡਤ ਦੀ

ਨਕਲ ਲਾਈ।

"ਓਇ, ਲੁੱਚਿਓ! ਕਿਉਂ ਡਹੇ ਜੇ ਕੁੱਕੜਾਂ ਵਾਂਗ ਤਾੜਾਂ ਮਾਰਨ। ਜਿਸ ਕੰਮ ਲਈ ਕੱਠੇ ਹੋਏ ਓ, ਉਸ ਬਾਰੇ ਕੁਛ ਸੋਚੋ।" ਬੁੱਢੇ ਪੰਡਤ ਜਵਾਲਾ ਸਹਾਏ ਨੇ ਬਜ਼ੁਰਗਾਂ ਵਾਂਗ ਤਾੜਨਾ ਕੀਤੀ।

"ਹਾਂ ਠੀਕ ਏ ਭਈ! ਪੰਡਤ ਹੋਰੀਂ ਕਿਸੇ ਕਿਸੇ ਵੇਲੇ ਗੱਲ ਵੜੀ ਅਕਲ ਦੀ ਕਰਦੇ ਈ।" ਜੰਬਰੂ ਨੇ ਪੀੜਾ ਜਿਹਾ ਮੂੰਹ ਬਣਾ ਕੇ ਕਿਹਾ।

"ਓਇ ਸੂਰਾ! ਹਰ ਵੇਲੇ ਸ਼ਰਾਰਤਾਂ 'ਚ ਧਿਆਨ ਨਹੀਂ ਰੱਖੀਦਾ। ਕਿਸੇ ਸੱਜਣ ਬੇਲੀ ਦਾ ਕੰਮ ਕਰਨਾ ਹੋਵੇ, ਤਾਂ ਸਿੱਧੀ ਨੀਤ ਨਾਲ ਕਰਨਾ ਚਾਹੀਦਾ ਏ।" ਪੰਡਤ ਨੇ ਫਿਰ ਝਾੜ ਪਾਈ।

"ਗੱਲ ਪੰਡਤ ਹੋਰੀਂ ਖਰੀ ਆਂਹਦੇ ਨੇ। ਜਿਸ ਕੰਮ ਆਈਏ, ਓਸੇ ਬਾਰੇ ਸੋਚਣਾ ਚਾਹੀਦਾ ਏ।" ਕੋਲੋਂ ਸੁਲੱਖਣ ਨੇ ਤਾਈਦ ਕੀਤੀ, ਜੋ ਆਪਣੇ ਧਿਆਨ ਲੱਗਾ ਦੋਹੀਂ ਦੋਹੀਂ ਹੱਥੀਂ ਮਾਸ ਖਾਈ ਜਾ ਰਿਹਾ ਸੀ।

"ਨਹੀਂ ਰੀਸਾਂ ਤੇਰੀਆਂ, ਸੁਲੱਖਣਾ! ਜਿਸ ਕੰਮ ਆਈਏ, ਓਸੇ ਦਾ ਧਿਆਨ ਰੱਖਣਾ ਚਾਹੀਦਾ ਏ। ਭਰੀ ਰੱਖ ਚੱਕੀ ਦਾ ਗਲਾ।" ਜੰਬਰੂ ਦੀ ਇਸ ਟਿਚਕਰ 'ਤੇ ਸਾਰੇ ਹੱਸ ਪਏ।

"ਹਾ-ਆ-ਅ! ਤੈਨੂੰ ਵੇਖਿਆਂ...ਨਸ਼ਾ ਚੜ੍ਹ ਜਾਵੇ, ਨਾਭੇ ਦੀਏ ਬੰਦ...ਬੰਦ ਬੋਤਲੇ-ਇ-ਇ।" ਸਰਾਜ ਕਹਿੰਦਾ ਕਹਿੰਦਾ ਉੱਲਰ ਕੇ ਤਾਰੂ ਦੇ ਮੋਢੇ ਨਾਲ ਜਾ ਵੱਜਾ। ਉਹਦੀ ਬੋਤਲ ਵਾਲੀ ਸੱਜੀ ਬਾਂਹ ਅਜੇ ਵੀ ਉੱਚੀ ਖਲੀ ਸੀ। ਉਹ ਪਿਆਲੀ ਨਾਲ ਕਦੇ ਨਹੀਂ ਸੀ ਪੀਂਦਾ। ਬੋਤਲ ਨੂੰ ਮੂੰਹ ਲਾਏ ਬਿਨਾਂ ਉਹਨੂੰ ਸਿਦਕ ਨਹੀਂ ਸੀ ਆਉਂਦਾ। ਅੱਜ ਵੀ ਉਹਨੇ ਬੋਤਲ ਵਖਰੀ ਹੀ ਸੰਭਾਲ ਲਈ ਸੀ। ਤਿੰਨਾਂ ਚੌਂਹ ਹਾੜਿਆਂ ਵਿਚ ਹੀ ਉਹਨੇ ਬੋਤਲ ਥੱਲੇ ਲਾ ਦਿਤੀ। ਜਿਹੜੀ ਛਟਾਕੀ-ਕੁ ਬਚ ਗਈ ਸੀ, ਉਹ ਉਹਦੇ ਮੂੰਹ ਉਤੇ ਡੁੱਲ੍ਹ ਗਈ।

"ਤਾਂਹ ਉਠ ਕੇ ਮਰ ਉਇ, ਚਕੂੰਦਰ ਦਿਆ ਪੁੱਤਰਾ! ਅਖੇ : ਝੁੱਡੂ ਪੁੱਤ ਨਾ ਜੰਮਦਾ, ਧੀ ਅੰਨ੍ਹੀ ਚੰਗੀ।" ਜੰਬਰੂ ਨੇ ਸਰਾਜ ਨੂੰ ਫੜ ਕੇ ਸਿੱਧਾ ਬਿਠਾ ਦਿਤਾ।

"ਛਵੀਆਂ ਦੇ...ਮੂੰਹ ਮੁੜ ਗਏ...ਲੱਛੀ ਕੱਚਿਆਂ ਦੁੱਧਾਂ ਦੀ...ਪਾਲੀ।" ਖੱਬੇ ਹੱਥ ਦੀਆਂ ਦੋ ਉਂਗਲਾਂ ਨਿੱਸਲ ਕਰ ਕੇ ਸਰਾਜ ਨੇ ਭਰੜਾਂਦੀ ਵਾਜ ਵਿਚ ਫਿਰ ਬੋਲੀ ਪਾਈ।

"ਮੂੰਹ ਤਾਂ ਮੁੜਨੇ ਈ ਸੀ। ਤੇਰੇ ਅਰਗੇ ਮਰਦਾਂ ਦੇ ਹੱਥ ਜੁ ਆ ਗਈਆਂ ਛਵੀਆਂ।" ਜੰਬਰੂ ਨੇ ਵਿਅੰਗ ਨਾਲ ਕਿਹਾ।

"ਤਾਰੂ ! ਉਇ ਤਾਰੂ ! ਤੂੰ ਮੇਰਾ...ਭਰਾਅ ਨਹੀਂ ?" ਸਰਾਜ ਨੇ ਤਾਰੂ ਨੂੰ ਡੌਲਿਓਂ ਹਿਲਾ ਕੇ ਪੁੱਛਿਆ। ਉਹਦੀ ਸੁਰ ਭੱਜੇ ਹੋਏ ਵਾਂਸ ਵਾਂਗ ਖਰਰ ਖਰਰ ਕਰ ਰਹੀ ਸੀ। ਨਸ਼ਾ ਉਹਦੇ ਉਤੇ ਭਾਰੂ ਹੋ ਗਿਆ ਸੀ।

"ਭਰਾਅ ਆਂ, ਚਾਚਾ ! ਭਰਾਅ ਆਂ ਤੇਰਾ।" ਤਾਰੂ ਨੇ ਖਿਝ ਕੇ ਉੱਤਰ ਦਿਤਾ।

"ਤਾਂ ਫਿਰ ਮਾਰ ਮੇਰੇ...ਸਿਰ 'ਚ...ਪੰਜ...ਜੁਤੀਆਂ।" ਸਰਾਜ ਨੇ ਸ਼ਰਾਬੀਆਂ ਵਾਲੀ ਸੁਭਾਵਕ ਮੰਗ ਦੁਹਰਾਈ।

"ਇਹਦੀ ਇਹ ਰੀਝ ਤਾਂ ਜ਼ਰੂਰ ਪੂਰੀ ਕਰਨੀ ਚਾਹੀਦੀ ਏ।" ਬੰਤੇ ਨੇ ਛਿੱਤਰ ਫੜ ਕੇ ਉਠਦਿਆਂ ਕਿਹਾ। "ਇਕ, ਦੋ......।" ਉਹਨੇ ਪਹਿਲੀਆਂ ਦੋ ਤਾਂ ਪੋਲੀਆਂ ਲਾਈਆਂ, ਪਰ ਤਿੱਜੀ ਥੋੜੀ ਜੇਹੀ ਕੱਸ ਕੇ ਤੇ ਚੌਥੀ ਚੰਗੀ ਕਰਾਰੀ।

"ਹੌਲੀ ਮਾਰ...ਉਇ, ਮਾਂ ਦਿਆ ਖਸ...।" 'ਮੰਮਾ' ਅਜੇ ਸਰਾਜ ਦੇ ਮੂੰਹ ਵਿਚ ਹੀ ਸੀ, ਜਾਂ ਉਪਰੋਂ ਪੰਜਵੀਂ ਆ ਵੱਜੀ।

ਤੇਜ਼ ਤੋਂ ਤੇਜ਼ ਖਟਾਈ ਨਾਲ ਵੀ ਭਾਵੇਂ ਸ਼ਰਾਬ ਦਾ ਨਸ਼ਾ ਨਾ ਉਤਰੇ, ਪਰ ਪੌਲਾ-ਪਰਮਾਣ ਨਾਲ ਜ਼ਰੂਰ ਕੁਛ ਘਟ ਜਾਂਦਾ ਹੈ। ਸਰਾਜ ਉਤੇ ਵੀ ਇਸਦਾ ਕਰਾਮਾਤੀ ਅਸਰ ਹੋਇਆ। ਉਹਨੇ ਇਕ ਦੋ ਕੈਆਂ ਨਾਲ ਅੱਧਾ ਅੰਦਰ ਭਰ ਦਿਤਾ।

"ਦਫ਼ਾ ਕਰੋ ਉਇ, ਏਸ ਮੁਰਦੇ ਨੂੰ ਕਿਧਰੇ। ਸਭ ਗਧੇ ਦੇ ਅਵਤਾਰ ਕੱਠੇ ਹੋਏ ਹੋਏ ਨੇ।" ਪੰਡਤ ਨੇ ਘਿਰਣਾ ਨਾਲ ਨੱਕ ਚੜ੍ਹਾ ਕੇ ਕਿਹਾ।

"ਸਾਰੇ ਦੇ ਸਾਰੇ ਈ, ਪੰਡਤ ਜੀ !" ਜੰਬਰੂ ਨੇ ਗਹਿਰੀ ਲੁਕਵੀਂ ਚੋਟ ਕੀਤੀ।

ਕੁਛ ਖੁੱਲ੍ਹ ਤੇ ਕੁਛ ਮੁਸਕੜੀਆਂ 'ਚ ਹੱਸ ਪਏ।

ਸਰਾਜ ਦਾ ਸਿਰ ਚਕਰਾ ਗਿਆ ਸੀ। ਉਹ ਅੱਧ-ਬੇਹੋਸ਼ ਹੋ ਕੇ ਵੱਖੀ ਪਰਨੇ ਲੇਟ ਗਿਆ। ਜੰਬਰੂ ਨੇ ਉਠਦਿਆਂ ਬੰਤੇ ਨੂੰ ਇਸ਼ਾਰਾ ਕਰਕੇ ਕਿਹਾ, "ਫੜ-ਸੂ ਹੇਧਰੋਂ।"

ਜੰਬਰੂ ਨੇ ਬਾਂਹੀਂ ਤੋਂ ਫੜਿਆ ਤੇ ਬੰਤੇ ਨੇ ਲੱਤਾਂ ਤੋਂ। ਦੋਹਾਂ ਨੇ ਮਰੇ ਹੋਏ ਕੁੱਤੇ ਵਾਂਗ ਧੂਹ ਕੇ ਸਰਾਜ ਨੂੰ ਇਕ ਨੁੱਕਰੇ ਲਾ ਦਿਤਾ। ਜੰਬਰੂ ਨੇ ਬਲਦ ਦਾ ਝੁੱਲ ਉਹਦੇ ਉਤੇ ਸੁਟਦਿਆਂ ਕਿਹਾ, "ਲੌ, ਪੜ੍ਹੋ ਪੰਡਤ ਜੀ, ਫਾਤਿਆ।"

"ਭੈੜਿਓ, ਛੱਡੋ ਵੀ ਵਿਚੋਂ ਖਹਿੜਾ। ਹਾਂ ਪੰਡਤ ਜੀ।" ਕਾਲੇ ਨੇ ਦਾਨਿਆਂ ਵਾਂਗ ਗੱਲ ਦਾ ਰੁਖ ਬਦਲਿਆ।

ਜੰਬਰੂ ਤੇ ਬੰਤਾ ਵੀ ਸੁਣਨ ਵਾਸਤੇ ਆਪੋ ਆਪਣੀ ਥਾਂ 'ਤੇ ਬਹਿ ਗਏ।

ਦੋ ਮਿੰਟ ਸੋਚਣ ਪਿਛੋਂ ਬੜੀ ਗੰਭੀਰਤਾ ਨਾਲ ਪੰਡਤ ਬੋਲਿਆ, "ਭਈ

ਚਾਰ-ਯਾਰੀ ਰਲੇ ਬੈਠੇ ਆਂ। ਜਾਣਦੇ ਓ, ਤਾਰੂ ਨੇ ਇਹ ਪ੍ਰੀਤੀ-ਭੋਜਨ ਕਾਹਦੇ ਵਾਸਤੇ ਕੀਤਾ ਏ ?"

"ਜੀ !" ਗੱਲ ਨੂੰ ਅੱਗੇ ਤੋਰਨ ਵਾਸਤੇ ਜੰਬਰੂ ਨੇ ਹੁੰਗਾਰਾ ਭਰਿਆ।

"ਤਾਂ ਫਿਰ ਸੋਚੋ, ਕਿ ਕਿਵੇਂ ਇਹ ਕਾਰਜ ਨੇਪਰੇ ਚੜ੍ਹੇ ?" ਪੰਡਤ ਦੇ ਚੇਹਰੇ 'ਤੇ ਮਾਣ ਦੀ ਲਾਲੀ ਸੀ, ਜਿਵੇਂ ਉਸ ਤੋਂ ਬਿਨਾਂ ਹੋਰ ਕੋਈ ਇਸ ਅੜਾਉਣੀ ਨੂੰ ਹੱਲ ਨਹੀਂ ਸੀ ਕਰ ਸਕਦਾ।

ਪਿੰਡੋਂ ਅੱਧ-ਕੁ ਮੀਲ ਬਾਹਰ ਤਾਰੂ ਦੇ ਖੂਹ 'ਤੇ ਇਹ ਜੁੰਡੀ ਰਲੀ ਬੈਠੀ ਸੀ। ਅੱਜ ਤਾਰੂ ਦੇ ਉਚੇਚੇ ਬੁਲਾਵੇ ਉਤੇ ਸਾਰੇ ਕੱਠੇ ਹੋਏ ਸਨ। ਇਹਨਾਂ ਪ੍ਰੀਤੀ-ਭੋਜਨਾਂ ਵਾਸਤੇ—ਪੰਡਤ ਦੇ ਉਪਦੇਸ਼ ਨਾਲ—ਤਾਰੂ ਨੇ ਸੱਜਰੀ ਸੱਜਰੀ ਪੈਲੀ ਗਹਿਣੇ ਪਾਈ ਸੀ। ਏਸ ਅਖਾੜੇ ਅੰਦਰ, ਉਹ ਛੋਟਿਆਂ ਪੱਠਿਆਂ 'ਚੋਂ ਨਿਕਲ ਕੇ ਵੱਡਿਆ ਜੋੜਾਂ 'ਚ ਨਵਾਂ ਨਵਾਂ ਫਸਣ ਲੱਗਾ ਸੀ। ਬੜੀ ਰੀਝ ਸੀ ਉਹਦੇ ਮਨ ਵਿਚ, ਕਿ ਲੋਕ ਉਹਨੂੰ 'ਬਦਮਾਸ਼' ਕਹਿਣ। ਪਹਿਲਾ ਤਾਂ ਏਥੋਂ ਤਕ ਹੀ ਸੀ, ਕਿ ਕਿਸੇ ਦੇ ਪੱਠੇ ਵੱਢ ਲਿਆਂਦੇ, ਕਿਸੇ ਦੀ ਕੁਕੜੀ ਚੁਰਾ ਲਈ, ਤੇ ਹੁਣ ਦੋ-ਚਾਰ ਮਹੀਨਿਆਂ ਤੋਂ ਉਹ ਥਾਣੀਆਂ ਨਾਲ ਬਾਹਰ ਅੰਦਰ ਵੀ ਜਾਣ ਲੱਗ ਪਿਆ ਸੀ। ਜੰਬਰੂ ਤੇ ਕਾਲੇ ਦੀ ਸੰਗਤ ਵਿਚ ਉਹ ਦਿਨੋ ਦਿਨ ਤਾਕ ਹੁੰਦਾ ਜਾ ਰਿਹਾ ਸੀ। ਇਕ ਦੋ ਵਾਰ ਉਹ ਪੁਲੀਸ ਤੋਂ ਮਾਰ ਵੀ ਖਾ ਚੁਕਾ ਸੀ। ਉਹਦੇ ਸਾਥੀ ਕਹਿੰਦੇ ਸਨ, 'ਹੁਣ ਤੂੰ ਪੱਕੀ ਪਹਿਲੀ ਵਿਚ ਚੜ੍ਹ ਗਿਆ ਏਂ।' ਬਾਕੀ ਵਿੱਦਿਆ ਵਾਂਗ ਬਦਮਾਸ਼ੀ ਦੀਆਂ ਵੀ ਡਿਗਰੀਆਂ ਹਨ। ਜਿਹੜਾ ਦਸ ਨੰਬਰ ਵਿਚ ਦਰਜ ਹੋ ਗਿਆ, ਸਮਝੋ ਉਹਨੇ ਡਾਕਟਰ ਆਫ਼ ਲਾਅ (LL.D.) ਦੀ ਡਿਗਰੀ ਹਾਸਲ ਕਰ ਲਈ।

ਤਾਰੂ ਜੱਦ ਵਿਚੋਂ ਕੁਲਵੰਤ ਦਾ ਨਜ਼ਦੀਕੀ ਸੀ। ਕੁਲਵੰਤ ਪਿਛੋਂ ਉਹਦੀ ਜਾਇਦਾਦ ਦਾ ਹੱਕ ਤਾਰੂ ਨੂੰ ਹੀ ਪਹੁੰਚਦਾ ਸੀ। ਏਸ ਵਾਸਤੇ ਉਹ ਆਪਣੇ ਰਾਹ ਵਿਚੋਂ ਕੁਲਵੰਤ ਦਾ ਕੰਡਾ ਕਢ ਕੇ ਉਹਦੀ ਜਾਇਦਾਦ ਸੰਭਾਲਣੀ ਚਾਹੁੰਦਾ ਸੀ। ਏਸੇ ਚੌਂ ਵਿਚ ਉਹਨੇ ਆਪਣੀ ਜ਼ਮੀਨ ਵੇਚਣੀ ਸ਼ੁਰੂ ਕਰ ਦਿਤੀ ਸੀ।

ਮਨਜੀਤ ਸ਼ਰੀਕੇ ਵਿਚੋਂ ਤਾਰੂ ਦੀ ਭਰਜਾਈ ਲਗਦੀ ਸੀ। ਤਾਰੂ ਜਾਇਦਾਦ ਦੇ ਨਾਲ ਮਨਜੀਤ ਨੂੰ ਵੀ ਹਥਿਆਉਣਾ ਚਾਹੁੰਦਾ ਸੀ। ਜਿਸ ਦਿਨ ਦੀ ਉਹ ਨਿਆਸਰੀ ਹੋਈ ਸੀ, ਤਾਰੂ ਨੇ ਉਹਦਾ ਜਿਉਣਾ ਔਖਾ ਕਰ ਦਿਤਾ ਸੀ। ਤਾਰੂ ਨੇ ਵਿਚੋਲਣਾਂ ਹੱਥ ਸੁਨੇਹੇ ਘੱਲੇ, ਕਿ ਮਨਜੀਤ ਉਹਦੇ ਘਰ ਬਹਿ ਜਾਵੇ। ਪਿੰਡ ਦੀਆਂ ਫਫੇ-ਕੁੱਟਣਾਂ ਨੇ ਬਥੇਰਾ ਭੁਚਲਾਇਆ, ਕਿ ਅੰਤ ਉਹ ਉਹਦਾ ਦਿਉਰ ਹੀ ਹੈ, ਉਹ ਦਿਉਰ ਦੇ ਘਰ ਹੋ ਬਹੇ, ਤਾਂ ਕਾਹਦਾ ਉਲਾਹਮਾ ? ਜਵੰਦੀ ਨੇ ਉਹਦੇ ਸਮਾਜਕ

ਕਿਲੋ ਦੀਆਂ ਤਿੜਕੀਆਂ ਹੋਈਆਂ ਕੰਧਾਂ ਉਤੇ ਝਾਤੀ ਪੁਆਂਉਂਦਿਆਂ ਸਮਝਾਇਆ, ਕਿ ਪੇਕਿਆਂ ਘਰ ਵੜਨ ਜੋਗੀ ਉਹ ਉਂਞ ਨਹੀਂ, ਤੇ ਸਹੁਰੇ ਪਰਵਾਰ ਵਿਚੋਂ ਉਹਦੀ ਬਾਂਹ ਫੜਨ ਜੋਗਾ ਕੋਈ ਨਹੀਂ। ਸੋ, ਇਕ ਤਾਰੂ ਹੀ ਉਹਦਾ ਆਸਰਾ ਬਣ ਸਕਦਾ ਹੈ। ਮਨਜੀਤ ਅੱਗੋਂ ਬੜੇ ਹੌਸਲੇ ਨਾਲ ਉੱਤਰ ਦੇਂਦੀ, "ਮੇਰਾ ਕੁਲਵੰਤ ਜਿਉਂਦਾ ਰਹੇ। ਮੈਂ ਕਿਸੇ ਸੁਹਦੇ ਨੂੰ ਕੀ ਮਿਥਦੀ ਆਂ ?"

ਏਹੋ ਜੇਹੀਆਂ ਅੰਬਰੀਂ-ਟਾਕੀ-ਲਾਉਣੀਆਂ ਬਹੁਤਾ ਹੀ ਤੰਗ ਕਰਨ ਲਗੀਆਂ, ਤਾਂ ਮਨਜੀਤ ਨੇ ਸਭ ਨੂੰ ਝਿੜਕ ਕੇ ਘਰ ਵੜਨੋਂ ਬੰਦ ਕਰ ਦਿਤਾ।

ਵਿਚੋਲਣਾ ਫੈਸਲਾ ਨਾ ਕਰਾ ਸਕੀਆਂ, ਤਾਂ ਤਾਰੂ ਨੇ ਮੂੰਹ ਰੂਬਰੂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿਤੀਆਂ। ਉਹਨੇ ਆਪਣੀ ਲੁੱਚ-ਮੰਡਲੀ ਦਾ ਡਰਾਵਾ ਦੇਂਦਿਆਂ ਕਿਹਾ, ਕਿ ਜੇ ਉਹ ਸਿੱਧੀ ਤਰ੍ਹਾਂ ਨਾ ਮੰਨੇਗੀ, ਤਾਂ ਉਹ ਕੁਲਵੰਤ ਨੂੰ ਮਾਰ ਦੇਵੇਗਾ, ਤੇ ਉਹਨੂੰ ਬਦੋ ਬਦੀ ਰਾਤ ਨੂੰ ਚੁੱਕ ਕੇ ਲੈ ਜਾਵੇਗਾ।

ਇਹ ਧਮਕੀਆਂ ਸੁਣ ਕੇ ਮਨਜੀਤ ਨੂੰ ਪੇਕੇ ਯਾਦ ਆਉਂਦੇ। ਜੇ ਉਹ ਪੇਕਿਆਂ ਦੇ ਘਰ ਵੜਨ ਜੋਗੀ ਹੁੰਦੀ, ਜਾਂ ਮਾਪੇ ਉਹਦੀ ਇਕਵਾਰ ਕੀਤੀ ਭੁੱਲ ਮਾਫ਼ ਕਰ ਦੇਂਦੇ, ਤਾਂ ਉਹ ਕੁਲਵੰਤ ਨੂੰ ਚੁੱਕ ਕੇ ਓਥੇ ਜਾ ਸਿਰ ਲੁਕਾਉਂਦੀ; ਪਰ ਹੁਣ ਕਿੱਥੇ ਜਾਵੇ ? ਝੂਠੀ ਲੋਕ-ਲਾਜ ਨੇ ਉਹਦੇ ਵਾਸਤੇ ਸਾਰੇ ਬੂਹੇ ਬੰਦ ਕਰ ਛੱਡੇ ਸਨ।

ਤਾਰੂ ਨੇ ਪਿੰਡ ਵਿਚ ਮਨਜੀਤ ਦੀ ਬਦਨਾਮੀ ਵੀ ਰੱਜ ਕੇ ਕੀਤੀ। ਜਣੇ ਖਣੇ ਅਗੇ ਉਹਨੇ ਉਸ ਪਵਿੱਤਰ ਦੇਵੀ ਦੀਆਂ ਅਣ-ਹੋਈਆਂ ਗੱਲਾਂ ਉਡਾਈਆਂ। ਇਕ ਦਿਨ ਉਹਨੇ ਮਰਾਸਣ ਦੀ ਮੁੱਠੀ ਗਰਮ ਕਰਕੇ ਪਿੰਡ ਵਿਚ ਢੋਲ ਮਰਵਾ ਦਿਤਾ, ਕਿ ਅਗਲੇ ਦਿਨ ਤਾਰੂ ਤੇ ਮਨਜੀਤ ਦੀ ਚਾਦਰ ਪਵੇਗੀ।

ਏਸ ਗਲੋਂ ਤਾਰੂ ਤੇ ਮਨਜੀਤ ਦਾ ਝਗੜਾ ਗਾਲ੍ਹਾਂ ਤਕ ਪਹੁੰਚ ਗਿਆ। ਤਾਰੂ ਨੇ ਸਹੁੰ ਖਾ ਕੇ ਕਿਹਾ, ਕਿ ਉਹ ਪਿਉ ਦਾ ਪੁੱਤ ਨਹੀਂ, ਜੇ ਅਠਵਾਰੇ ਤੋਂ ਅੰਦਰ ਅੰਦਰ ਇਹਨਾਂ ਗਾਲ੍ਹਾਂ ਦਾ ਬਦਲਾ ਨਾ ਲਵੇ ਤਾਂ।

ਠੀਕ ਕਹਿੰਦੇ ਨੇ : ਛੋਟਾ ਵਾਸ ਤੇ ਕੁੱਲ ਦਾ ਨਾਸ। ਏਸ ਛੋਟੇ ਜੇਹੇ ਪਿੰਡ ਅੰਦਰ ਹਰ ਕੋਈ ਆਪਣੀ ਪਤ ਬਚਾ ਕੇ ਰੱਖਣ ਦੀ ਚਿੰਤਾ ਵਿਚ ਸੀ। ਕੋਈ ਕਿਸੇ ਨੂੰ ਸੱਚੀ ਝੂਠੀ ਨਹੀਂ ਸੀ ਆਖ ਸਕਦਾ। ਤਾਰੂ ਬਦਮਾਸ਼ ਤੇ ਮਨਜੀਤ ਨਿਆਸਰੀ। ਉਹਨਾਂ ਦਾ ਨਿਆਂਅ ਕੌਣ ਨਿਬੇੜਦਾ ? ਮਨਜੀਤ ਵਿਚਾਰੀ ਅੰਦਰੇ ਅੰਦਰ ਸਹਿਮ ਨਾਲ ਖੁਰਦੀ ਜਾ ਰਹੀ ਸੀ। ਕਿਸੇ ਪਾਸੇ ਵੀ ਉਹਨੂੰ ਕੋਈ ਆਸਰਾ ਨਹੀਂ ਸੀ ਦੀਹਦਾ। ਕਿਸੇ ਸਤਵਾਦੀ ਦਾ ਰਾਜ ਵੀ ਉਹਨੂੰ ਇਨਸਾਫ਼ ਨਹੀਂ ਸੀ ਦੇ ਸਕਦਾ। ਉਹ ਨਿਰਬਲ ਸੀ। ਉਹਦਾ ਕੋਈ ਨਹੀਂ ਸੀ।

ਮਨਜੀਤ ਨੂੰ ਯਕੀਨ ਹੋ ਗਿਆ ਸੀ, ਕਿ ਤਾਰੂ ਉਹਨੂੰ ਪਿੰਡ ਵਿਚ ਵੱਸਣ ਨਹੀਂ ਦੇਵੇਗਾ। ਤੇ ਉਹ ਇਹ ਵੀ ਜਾਣਦੀ ਸੀ, ਕਿ ਕੁਲਵੰਤ ਵਾਸਤੇ ਉਹਦਾ ਜਿਉਂਦੀ ਰਹਿਣਾ ਬੜਾ ਜ਼ਰੂਰੀ ਹੈ।

ਤਾਰੂ ਆਪਣੀਆਂ ਧਮਕੀਆਂ ਨੂੰ ਸੱਚੀਆਂ ਕਰਨ ਉਤੇ ਤੁੱਲਿਆ ਹੋਇਆ ਸੀ। ਮਨਜੀਤ ਉਤੇ ਆਖ਼ਰੀ ਵਾਰ ਕਰਨ ਵਾਸਤੇ ਉਹਨੇ ਆਪਣੀ ਢਾਣੀ ਦੇ ਕੁਛ 'ਪਤਵੰਤਿਆਂ' ਨੂੰ ਬੁਲਾ ਲਿਆ। ਪਿੰਡ ਵਿਚ ਆਉਣ ਦੀ ਥਾਂ ਉਹ ਸਾਰੇ ਖੂਹ ਉਤੇ ਜਾ ਜੁੜੇ। ਓਥੇ ਹੀ ਸਭ ਦੇ ਖਾਣ ਪੀਣ ਦਾ ਪਰਬੰਧ ਕੀਤਾ ਗਿਆ ਸੀ।

ਪੰਡਤ ਏਹੋ ਜੇਹੀਆਂ ਘਾਤਾਂ ਦਾ ਉਸਤਾਦ ਸੀ। ਤਾਰੂ ਨੇ ਉਹਨੂੰ ਵੀ ਨੇਕ ਸਲਾਹ ਵਾਸਤੇ ਬੁਲਾ ਲਿਆ। ਹਾਸੇ ਠੱਠੇ ਵੱਲੋਂ ਹਟ ਕੇ ਸਾਰਿਆਂ ਦਾ ਧਿਆਨ ਪੰਡਤ ਦੀ ਗੱਲ ਵੱਲੇ ਖਿਚਿਆ ਗਿਆ।

"ਪੰਡਤ ਜੀ! ਤੁਸਾਂ ਈਓਂ ਬੇੜਾ ਬੰਨੇ ਲੌਣਾ ਏਂ। ਅਸੀਂ ਸਾਰੇ ਤੁਹਾਡੀ ਸਲਾਹ ਦੇ ਮਗਰ ਆਂ।" ਤਾਰੂ ਨੇ ਪੰਡਤ ਦੇ ਪੈਰ ਘੁੱਟਦਿਆਂ ਕਿਹਾ।

"ਵੇਖ ਤਾਰੂ! ਅਸੀਂ ਜੀਹਦਾ ਖਾਈਏ, ਉਸ ਦੇ ਗੁਣ ਗਾਉਣ ਵਾਲੇ ਆਂ। ਅਸੀਂ ਜੀਹਨੂੰ ਸਲਾਹ ਦਿਆਂਗੇ, ਉਹਦੇ ਭਲੇ ਦੀ ਈ ਦਿਆਂਗੇ। ਸਿਆਣਿਆਂ ਕਿਹਾ ਏ, ਅਖੇ: ਸੱਪ ਵੀ ਮਰ ਜਾਏ ਤੇ ਸੋਟਾ ਵੀ ਬਚ ਜਾਏ। ਸੋ, ਜੇ ਤਾਂ ਕਰੇਂਗਾ ਕਾਹਲੀ, ਤਾਂ ਕਾਹਲੀ ਅੱਗੇ ਸਦਾ ਟੋਏ ਹੁੰਦੇ ਈ। ਤੇ ਜੇ ਸਾਡੇ ਕਹੇ 'ਤੇ ਚੱਲੇਂਗਾ, ਤਾਂ ਭਗਵਾਨ ਆਪ ਤੇਰਾ ਰਾਖਾ ਹੋਵੇਗਾ।" ਇਕ ਅਬਲਾ ਦੀ ਬਰਬਾਦੀ ਦੀ ਗੌਂਦ ਗਾਂਦਣ ਲੱਗਿਆਂ ਵੀ ਪੰਡਤ ਨੇ ਭਗਵਾਨ ਦਾ ਹੀ ਆਸਰਾ ਲਿਆ।

"ਪੰਡਤ ਜੀ! ਜਿਵੇਂ ਹੁਕਮ ਕਰੋਗੇ, ਓਸੇ ਤਰ੍ਹਾਂ ਹੋਵੇਗਾ। ਸਿਆਣਿਆਂ ਨੂੰ ਲੋਕੀਂ ਕਿਹੜੀ ਗੱਲੋਂ ਰੋਂਦੇ ਨੇ।" ਬੰਤੇ ਨੇ ਪੰਡਤ ਦੀ ਕਾਬਲੀਅਤ ਦੀ ਤਾਈਦ ਕਰ ਦਿਤੀ।

"ਮੈਂ ਅੱਜ ਪੱਤਰੀ ਵੇਖੀ ਸੀ। ਉਹਦੇ ਮੁਤਾਬਕ ਚੱਲੇਂਗਾ, ਤਾਂ ਤੇਰੇ ਸਭ ਮਨੋਰਥ ਪੂਰੇ ਹੋ ਜਾਣਗੇ। ਤੇ ਨਹੀਂ ਤਾਂ ਕੰਮ ਜ਼ਰਾ ਔਖਾ ਈ?" ਪੰਡਤ ਨੇ ਆਪਣੀ ਵਿੱਦਿਆ ਦਾ ਰੁਅਬ ਜਮਾਉਂਦਿਆਂ ਕਿਹਾ।

"ਕੀ ਕਹਿੰਦੀ ਸੀ ਪੱਤਰੀ?" ਤਾਰੂ ਨੇ ਉਤਾਵਲੇ ਹੋ ਕੇ ਪੁਛਿਆ।

"ਅਜ ਅੱਧੀ ਰਾਤ ਤਕ ਤਾਂ ਮੰਗਲ ਦਾ ਪਹਿਰਾ ਏ। ਫਿਰ ਦੋ ਘੜੀਆਂ ਤੇ ਸੱਤ ਪਲ ਬ੍ਰਹਸਪਤ ਦਾ ਪਰਛਾਂਵਾਂ ਪਵੇਗਾ। ਤੇ ਉਸ ਤੋਂ ਪਿੱਛੋਂ ਛਨਿਛਰ ਦਾ ਰਾਜ ਆਰੰਭ ਹੋ ਜਾਏਗਾ। ਬ੍ਰਹਸਪਤ ਤੇਰੇ ਹੱਕ ਵਿਚ ਏ। ਓਸੇ ਸਮੇਂ ਵਿਚ ਸਭ ਕੁਛ ਹੋ ਜਾਣਾ ਚਾਹੀਦਾ ਏ। ਤੇ ਉਸ ਸਮੇਂ ਬ੍ਰਹਸਪਤ ਦੀ ਪੂਜਾ ਹੋਣੀ ਬੜੀ ਜ਼ਰੂਰੀ ਏ।"

ਪੰਡਤ ਨੇ ਛੱਤ ਵਿਚ ਦੀ ਤਾਰਿਆਂ ਵੱਲ ਵੇਖਦੇ ਕਿਹਾ। "ਸੋ ਤਾਰੂ ! ਜੇ ਕੋਈ ਵਰ ਲੈਣਾ ਈ, ਤਾਂ ਪਹਿਲਾਂ ਠਾਕਰਾਂ ਦੀ ਸੁੱਖਣਾ ਸੁੱਖ। ਫਿਰ ਬ੍ਰਹਸਪਤ ਦੀ ਪੂਜਾ ਵਾਸਤੇ ਦੱਛਣਾ ਰੱਖ। ਅਸੀਂ ਸਾਰੀ ਰਾਤ ਪੂਜਾ ਕਰਦੇ ਜਗਰਾਤਾ ਕੱਟਾਂਗੇ। ਤੁਸੀਂ ਐਨ ਬ੍ਰਹਸਪਤ ਦੇ ਸਮੇਂ ਸਾਰੇ ਜਾਇਓ। ਪਹਿਲੀ ਗੱਲ, ਕਿ ਉਸ ਵੇਲੇ ਅੱਧੀ ਰਾਤ ਜਾਗਦਾ ਈ ਕੋਈ ਨਹੀਂ ਹੋਣਾ; ਤੇ ਜੇ ਕੋਈ ਉਹਦੀ ਇਕ ਅੱਧੀ ਚੀਕ ਸੁਣ ਕੇ ਜਾਗ ਵੀ ਪਿਆ, ਤਾਂ ਐਸ ਮੀਂਹ ਝੱਖੜ ਵਿਚ ਉਠਣ ਕੋਈ ਨਹੀਂ ਲੱਗਾ। ਪੈਂਦੀ ਸੱਟੇ ਉਹਦਾ ਮੂੰਹ ਬੰਦ ਕਰ ਲਿਓ। ਘਰ ਦੀ ਬਹੁਤੀ ਫੋਲਾ ਫਾਲੀ ਕਰਨ ਦੀ ਥਾਂ ਉਹਨਾਂ ਦੋਹਾਂ ਨੂੰ ਚੁਕ ਕੇ ਖਿਸਕਣ ਦੀ ਕਰਿਓ। ਤੇ......।"

"ਤੇ ਦੋਹਾਂ ਦਾ ਓਥੇ ਈ ਫਸਤਾ ਨਾ ਵਢ ਦੇਈਏ?" ਪੰਡਤ ਦੀ ਗੱਲ ਅਧਵਾਟਿਓਂ ਹੀ ਟੋਕ ਕੇ ਸੁਲੱਖਣ ਨੇ ਕਿਹਾ।

"ਜਾਹ ਉਇ, ਬੁੱਧੂਆ। ਅੰਤ ਬੁੱਧੂ ਈ ਰਿਹੋਂ ਨਾ। ਤੇਰੀ ਸਲਾਹ ਏ, ਭਲਕੇ ਪੁਲਸ ਤਾਰੂ ਨੂੰ ਕਤਲ ਵਿਚ ਨਰੜੀ ਫਿਰੇ?" ਪੰਡਤ ਨੇ ਚਿੰਤਾ ਭਰੀ ਸੁਰ ਵਿਚ ਕਿਹਾ।

"ਇਹ ਤਾਂ ਬੜੀ ਮਾੜੀ ਗੱਲ ਏ, ਜੀ!" ਤਾਰੂ ਦੀਆਂ ਅੱਖਾਂ ਵਿਚ ਪੁਲੀਸ ਦਾ ਸਹਿਮ ਛਾਇਆ ਹੋਇਆ ਸੀ।

"ਸੁਣੋ! ਏਥੋਂ ਦੋਹਾਂ ਨੂੰ ਸਹੀ ਸਲਾਮਤ ਲੈ ਜਾਓ। ਪਿੱਛੋਂ ਪਿੰਡ ਵਿਚ ਧੁਮਾ ਦਿਤੀ ਜਾਵੇਗੀ, ਕਿ ਉਹ ਕਿਧਰੇ ਨਿਕਲ ਗਈ ਏ। ਤਾਰੂ ਘਰ ਬਾਹਰ 'ਤੇ ਕਬਜ਼ਾ ਕਰ ਲਵੇਗਾ। ਤੁਸੀਂ ਪੰਜਾਂ ਸੱਤਾਂ ਦਿਨਾਂ ਪਿੱਛੋਂ ਮੁੰਡੇ ਨੂੰ ਕਿਸੇ ਗੁਪਤ ਢੰਗ ਨਾਲ ਬਿਲੇ ਲਾ ਦਿਉ। ਜਨਾਨੀ ਜੇ ਕੋਈ ਪਚਾ ਸਕਦਾ ਹੋਵੇ, ਤਾਂ ਪਚਾ ਲਵੇ, ਤੇ ਨਹੀਂ ਤਾਂ ਉਹਨੂੰ ਵੀ...।" ਪੰਡਤ ਨੇ ਫੈਸਲਾ ਦੇ ਦਿਤਾ।

"ਜਨਾਨੀ ਮੇਰੇ ਜ਼ੁੰਮੇ ਰਹਿਣ ਦਿਉ।" ਬੰਤੇ ਨੇ ਕਾਹਲੇ ਪੈ ਕੇ ਕਿਹਾ।

"ਤਾਂ ਮੁੰਡਾ ਵੀ ਤੇਰੇ ਜ਼ੁੰਮੇ। ਜਿਹੜਾ ਬੇਰ ਖਾਵੇ, ਉਹ ਕੰਡੇ ਵੀ ਸਹੇ।" ਜੰਬਰੂ ਨੇ ਬੰਤੇ ਦੇ ਮੋਢੇ 'ਤੇ ਥਾਪੀ ਦੇ ਕੇ ਕਿਹਾ।

"ਬੱਸ, ਠੀਕ ਏ। ਹੁਣ ਤੁਸੀਂ ਖਾ ਪੀ ਕੇ ਥੋੜਾ ਚਿਰ ਅਰਾਮ ਕਰ ਲਵੋ। ਮੈਂ ਤੇ ਤਾਰੂ ਪਿੰਡ ਨੂੰ ਜਾਂਦੇ ਆਂ। ਮੈਂ ਤਾਂ ਪੂਜਾ ਵਿਚ ਰੁਝ ਜਾਵਾਂਗਾ ਤੇ ਇਹ ਵੇਲੇ ਸਿਰ ਆ ਕੇ ਤੁਹਾਨੂੰ ਲੈ ਜਾਵੇਗਾ।

ਪੰਡਤ ਤੇ ਤਾਰੂ ਪਿੰਡ ਨੂੰ ਤੁਰ ਪਏ। ਪੰਡਤ ਦੇ ਘਰ ਜਾ ਕੇ ਤਾਰੂ ਨੇ ਸੋ ਰੁਪੈ ਅੱਜ ਦੀ ਪੂਜਾ ਵਾਸਤੇ ਠਾਕਰਾਂ ਅੱਗੇ ਧਰੇ ਤੇ ਸੋ ਦੀ ਸੁੱਖਣਾ ਸੁੱਖੀ। ਪੰਡਤ ਨੇ ਠਾਕਰਾਂ ਦੀ ਧੂੜੀ ਉਹਦੇ ਮੱਥੇ 'ਤੇ ਲਾਉਂਦਿਆਂ ਕਿਹਾ, "ਜਾਹ, ਤੇਰੇ ਸਾਰੇ ਮਨੋਰਥ

ਪੂਰੇ ਹੋ ਗਏ ਈ। ਮੈਂ ਤਾਂ ਹੁਣ ਅੰਦਰੋਂ ਬੂਹਾ ਬੰਦ ਕਰਕੇ ਜਗਰਾਤਾ ਕੱਟਣ ਵਾਸਤੇ ਬਹਿ ਜਾਣਾ ਏ, ਤੇ ਸੂਰਜ ਚੜ੍ਹਨ ਤੋਂ ਪਸਿਲਾਂ ਕਿਸੇ ਨਾਲ ਨਹੀਂ ਬੋਲਣਾ। ਐਵੇਂ ਰਾਤ ਆ ਕੇ ਮੇਰਾ ਬੂਹਾ ਨਾ ਭੰਨਦਾ ਰਹੀਂ। ਤੇ ਤੂੰ ਵਕਤ ਦਾ ਧਿਆਨ ਰੱਖੀਂ। ਐਨ ਅੱਧੀ ਰਾਤ ਵੇਲੇ ਤੁਸਾਂ ਉਹਦੇ ਘਰ ਪੁਜ ਜਾਣਾ। ਸਮਝ ਲਿਆ ਈ ਨਾ ਸਭ ਕੁਛ ? ਜਾਹ ਹੁਣ।" ਤਾਰੂ ਨੂੰ ਤੋਰ ਕੇ ਪੰਡਤ ਅੰਦਰੋਂ ਕੁੰਡਾ ਮਾਰ ਕੇ ਜਾ ਸੁੱਤਾ; ਪਰ ਉਹਨੇ ਠਾਕਰਾਂ ਵਾਲੇ ਅੰਦਰ ਦੀਵਾ ਜਗਦਾ ਰਹਿਣ ਦਿਤਾ।

ਅੱਧੀ ਰਾਤ ਤਾਰੂ ਦੀ ਢਾਣੀ ਟਿਕਾਣੇ ਪਹੁੰਚੀ, ਤਾਂ ਅੱਗੇ ਘਰ ਨੂੰ ਜੰਦਰੇ ਵੱਜੇ ਹੋਏ ਸਨ। ਪੰਛੀ ਉਡਾਰੀ ਮਾਰ ਗਏ ਸਨ ਤੇ ਪਿੰਜਰਾ ਸਖਣਾ ਪਿਆ ਸੀ।

## ੩.

ਰਾਤ ਦਾ ਬਾਕੀ ਸਮਾਂ ਮਨਜੀਤ ਨੇ ਕਿਵੇਂ ਗੁਜ਼ਾਰਿਆ ? ਨਾ ਸੌਂ ਕੇ; ਨਾ ਜਾਗ ਕੇ। ਉਹਦੇ ਅੰਗ ਅੰਗ ਵਿਚ ਪੀੜ, ਦਿਲ ਵਿਚ ਹਲਚਲ ਤੇ ਯਾਦਾਂ ਵਿਚ ਤੂਫ਼ਾਨ ਸੀ। ਇਸ ਮੌਤ ਵਰਗੀ ਚੁੱਪ ਵਿਚੋਂ ਵੀ ਉਹਨੂੰ ਮੇੱਲੇ ਵਰਗਾ ਰੌਲਾ ਸੁਣੀਂਦਾ ਸੀ। ਵਾਜੇ, ਨੌਬਤਾਂ, ਤੂਤੀਆਂ ਤੇ ਤੁਰ੍ਹੀਆਂ ਦੀ ਘਨਘੋਰ ਪੈ ਰਹੀ ਸੀ। ਪਕੌੜਿਆਂ ਵਾਲਿਆਂ ਦਾ ਸੰਘ ਪਾੜ ਕੇ ਹੋੱਕਾ ਦੇਣਾ, ਮਨਿਆਰੀ ਵਾਲਿਆਂ ਦੇ ਉਦਾਲੇ ਮੁਟਿਆਰਾਂ ਦਾ ਝੁਰਮਟ, ਪੰਘੂੜੇ ਕੋਲ ਬੱਚਿਆਂ ਦਾ ਚੀਕ-ਚਿਹਾੜਾ, ਮਦਾਰੀ ਦੇ ਅਖਾੜੇ ਵਿਚ ਨਕਲੀ ਰੁਪਇਆਂ ਦੀ ਟੁਣਕਾਰ, ਬਾਂਦਰੀ ਦਾ ਮੁਕਲਾਵਾ, ਭੋਲੂ ਦਾ ਚਰਖਾ ਕਤਣਾ, ਸਾਰੰਗੀ ਤੇ ਅਲਗੋਜ਼ਿਆਂ ਦੀਆਂ ਚੀਕਵੀਆਂ ਸੁਰਾਂ, ਸਭ ਕੁਛ ਇਉਂ ਸੁਣ ਰਹੀ ਸੀ ਉਹ, ਜਿਵੇਂ ਮੱਠ ਦੀਆਂ ਦਰਾੜਾਂ ਵਿਚੋਂ—ਚਿਰਦੀਆਂ ਸੁੱਤੀਆਂ ਵਾਜਾਂ—ਠੰਢ ਲੱਗਣ ਨਾਲ ਜਾਗ ਪਈਆਂ ਹੋਣ।

ਇਸ ਉਜਾੜ ਵਿਚ ਉਹਨੂੰ ਮੇੱਲੇ ਦੀ ਰੌਣਕ ਕਿਵੇਂ ਨਾ ਭਾਸਦੀ ? ਏਹਾ ਥਾਂ ਕਦੇ ਉਹਦੇ ਜੀਵਨ-ਪੰਧ ਵਿਚ ਦੋਰਾਹਾ ਬਣੀ ਸੀ। ਪਿਉਂਦੀ ਲਗਰ ਵਾਂਗ ਉਹ ਇਕ ਬੂਟੇ ਨਾਲੋਂ ਟੁੱਟ ਕੇ ਦੂਸਰੇ ਨਾਲ ਜੁੜੀ ਸੀ। ਕੋਈ ਛਲੀਆ ਗਭਰੂ ਇਸ ਵੇਲੇ ਵੀ ਉਹਦੀ ਬਾਂਹ ਫੜਨ ਵਾਸਤੇ ਅੱਗੇ ਹੱਥ ਵਧਾ ਰਿਹਾ ਸੀ। ਇਹਨਾਂ ਮਾਰੂ ਯਾਦਾਂ ਨੇ ਉਹਦੇ ਅੰਦਰ ਭਾਂਬੜ ਬਾਲ ਦਿਤੇ। ਉਹ ਹੰਝੂਆਂ ਦੇ ਛੱਟੇ ਮਾਰ ਕੇ ਅੱਗ ਬੁਝਾਉਣ ਦਾ ਯਤਨ ਕਰਨ ਲਗੀ। ਪਰ ਇਸ ਗੁੱਝੀ ਭਾਹ ਉਤੇ ਹੰਝੂ ਵੀ ਤੇਲ ਦਾ ਕੰਮ ਦਿਆ ਕਰਦੇ ਹਨ।

ਮਨਜੀਤ ਚਾਹੁੰਦੀ ਸੀ, ਉਹਦੀਆਂ ਸਾਰੀਆਂ ਸੋਚਾਂ ਮੁੱਕ ਜਾਣ, ਫੁਰਨੇ ਬੰਦ

ਹੋ ਜਾਣ, ਤੇ ਬੁੱਧੀ ਸੁੰਨ ਹੋ ਜਾਵੇ ; ਪਰ ਇਹ ਹੋਣਾ ਅਸੰਭਵ ਸੀ। ਕੋਈ ਤਪੱਸਵੀ ਜਨਮ-ਮਰਨ ਤੋਂ ਭਾਵੇਂ ਮੁਕਤੀ ਹਾਸਲ ਕਰ ਲਵੇ, ਮਗਰ ਔਖੇ ਸਮੇਂ ਸੋਚਾਂ ਤੋਂ ਛੁਟਕਾਰਾ ਨਹੀਂ ਪਾ ਸਕਦਾ। ਮਨਜੀਤ ਦੇ ਉਦਾਲੇ ਵੈਰੀ-ਦਲ ਵਾਂਗ ਸੋਚਾਂ ਨੇ ਘੇਰਾ ਪਾਇਆ ਹੋਇਆ ਸੀ। ਨਾ ਚਾਹੁੰਦੀ ਹੋਈ ਵੀ ਉਹ ਸੋਚ ਰਹੀ ਸੀ, 'ਕਿਹੜੇ ਪਾਪ ਦੀ ਸਜ਼ਾ ਮੈਂ ਭੁਗਤ ਰਹੀ ਆਂ ? ਕਿਹੜੀ ਕਰਨੀ ਦਾ ਬਦਲਾ ਦੇ ਰਹੀ ਆਂ ਮੈਂ ? ਕੀ ਉਹ ਗੁਨਾਹ ਸੀ, ਜੋ ਮੈਂ ਕੀਤਾ ਸੀ ? ਮੈਂ ਮਾਪਿਆਂ ਤੋਂ ਚੋਰੀ ਘਰੋਂ ਨਿਕਲੀ ਸਾਂ। ਪਰ ਕੀਹਦੇ ਮਗਰ ਲੱਗ ਕੇ ? ਓਸੇ ਦੇ, ਜੋ ਮਾਪਿਆਂ ਨੇ ਸਾਰੀ ਦੁਨੀਆਂ ਵਿਚੋਂ ਚੰਗਾ ਜਾਣ ਕੇ ਮੇਰੇ ਵਾਸਤੇ ਵਰ ਟੋਲਿਆ ਸੀ। ਮੇਰੀ ਮੰਗਣੀ ਕਰਨ ਲੱਗਿਆਂ ਮੈਥੋਂ ਕਿਸੇ ਪੁਛਿਆ ਨਹੀਂ ਸੀ। ਫਿਰ ਵੀ ਮੈਂ ਓਸੇ ਨੂੰ ਪਰਵਾਨ ਕਰ ਲਿਆ। ਅਣ-ਡਿੱਠੇ ਭਗਵਾਨ ਨੂੰ ਮਾਲਕ ਮੰਨ ਕੇ ਮੈਂ ਆਪਣੀਆਂ ਰੀਝਾਂ ਉਹਦੇ ਅਰਪਣ ਕਰ ਦਿਤੀਆਂ। ਫਿਰ ਮਾਪਿਆਂ ਨੂੰ ਕੀ ਹੱਕ ਸੀ, ਕਿ ਓਥੋਂ ਛੁਡਾ ਕੇ ਮੈਨੂੰ ਕਿਸੇ ਹੋਰ ਥਾਂ ਵਿਆਹੁਣ ਦਾ ਫੈਸਲਾ ਕਰਦੇ ? ਨਾਲੇ ਉਹਦਾ ਕੀ ਕਸੂਰ ਸੀ, ਜੀਹਦਾ ਹੱਕ ਖੋਹ ਕੇ ਉਹ ਦੂਜੇ ਨੂੰ ਦੇਣਾ ਚਾਹੁੰਦੇ ਸਨ ? ਪੈਲੀ ਉਹਦੇ ਪਿਉ ਨੇ ਗਹਿਣੇ ਪਾਈ ਸੀ, ਉਹਨੇ ਨਹੀਂ। ਤੇ ਜਦ ਮੈਨੂੰ ਪਰਵਾਨ ਸੀ, ਤਾਂ ਫਿਰ ਮਾਪਿਆਂ ਕਿਉਂ ਹਠ ਕੀਤਾ ? ਛੋਟੀ ਹੁੰਦੀ ਨੇ ਮੈਂ ਸੀਤਾ ਸਾਵਿੱਤਰੀ ਦੀਆਂ ਕਹਾਣੀਆਂ ਪੜ੍ਹੀਆਂ ਸਨ। ਉਹਨਾਂ ਦਾ ਅਸਰ ਮੇਰੀ ਆਤਮਾ ਵਿਚ ਰਚ ਗਿਆ ਸੀ। ਉਸ ਹਾਲਤ ਵਿਚ ਮੈਂ ਇਕ ਪਰਵਾਨ ਕੀਤੇ ਪਤੀ ਨੂੰ ਛੱਡ ਕੇ ਦੂਜੇ ਦੀ ਕਿਵੇਂ ਹੋ ਸਕਦੀ ਸਾਂ ? ਨਾਲੇ ਜਿਸ ਸਤੀ-ਧਰਮ ਉਤੇ ਸਾਰਾ ਭਾਰਤ ਮਾਣ ਕਰਦਾ ਏ, ਜੇ ਉਸਨੂੰ ਨਿਭਾਉਣ ਵਾਸਤੇ ਮੈਂ ਮਾਪਿਆਂ ਤੋਂ ਬਵਾਹਰੀ ਹੋ ਕੇ ਕੁਛ ਕਰ ਬੈਠੀ,ਤਾਂ ਗੁਨਾਹਗਾਰ ਕਿਵੇਂ ਹੋ ਗਈ ? ਕੀ ਮੈਂ ਸਾਫ ਨਹੀਂ ਸੀ ਕਹਿ ਦਿਤਾ, ਕਿ ਮੈਂ ਦੂੱਜੇ ਥਾਂ ਵਿਆਹ ਨਹੀਂ ਕਰਾਉਣਾ ? ਮਾਂ ਮੰਨ ਗਈ ਸੀ,ਪਰ ਪਿਉ ਨੇ ਸਿਰੜ ਨਾ ਛੱਡਿਆ। ਕੀ ਅਸਲੀ ਕਾਰਨ ਏਹਾ ਨਹੀਂ, ਕਿ ਇਸਤਰੀ ਤਾਂ ਇਸਤਰੀ-ਭਾਵਾਂ ਨੂੰ ਸਮਝ ਕੇ ਪਸੀਜ ਗਈ, ਪਰ ਮਰਦ ਆਪਣੇ ਹਠ ਉਤੇ ਅੜਿਆ ਰਿਹਾ ? ਪਿਓ ਨੂੰ ਤਾਂ ਉਸ ਵੇਲੇ ਵੀ ਤਰਸ ਨਾ ਆਇਆ, ਜਦ ਵੈਰੀਆਂ ਨੇ ਮੇਰੇ ਪਤੀ ਨੂੰ ਬਰਛੀਆਂ ਨਾਲ ਵਿੰਨ੍ਹ ਦਿਤਾ ਸੀ। ਪਿਓ ਤੇ ਭਰਾ ਤਾਂ ਆਪ ਉਹਦਾ ਲਹੂ ਪੀਣ ਲਈ ਤਿਆਰ ਹੋ ਪਏ ਸਨ, ਜੇ ਮਾਂ ਨਾ ਰੋਕਦੀ ਤਾਂ ! ਵਿਧਵਾ ਹੋਈ ਧੀ ਨੂੰ ਵੀ ਪਿਓ ਦੇ ਮਰਦ-ਹਠ ਨੇ ਆਪਣੇ ਘਰ ਵੜਨ ਦੀ ਆਗਿਆ ਨਾ ਦਿਤੀ। ਭਲਾ ਜੇ ਮਾਂ ਦੇ ਵਸ ਹੁੰਦਾ, ਤਾਂ ਉਹ ਉਸ ਹਾਲਤ ਵਿਚ ਨਿਆਸਰੀ ਹੋਈ ਰੋਂਦੀ ਪਿਟਦੀ ਧੀ ਨੂੰ ਛੱਡ ਜਾਂਦੀ ? ਉਹ ! ਭਾਵੇਂ ਪਿਓ ਹੋਵੇ, ਜਾਂ ਭਰਾ, ਭਾਵੇਂ ਪਤੀ ਹੋਵੇ, ਜਾਂ ਪੁੱਤਰ, ਨਿਰਦਈ ਮਰਦ ਅੰਤ ਮਰਦ

ਦੀ ਏ। ਇਸਤਰੀ ਜਾਤੀ ਨਾਲ ਧੱਕਾ ਕਰਨਾ ਉਹ ਆਪਣਾ ਜਮਾਂਦਰੂ ਹੱਕ ਸਮਝਦਾ ਏ।'

ਇਹ ਪਹਿਲਾ ਸਮਾਂ ਸੀ, ਜਾਂ ਮਨਜੀਤ ਦੇ ਇਸਤਰੀ-ਪੁਣੇ ਅੰਦਰ ਮਰਦ ਵਾਸਤੇ ਵਿਦਰੋਹੀ ਭਾਵ ਪੈਦਾ ਹੋਏ। ਉਹ ਸੋਚੀ ਜਾ ਰਹੀ ਸੀ, 'ਮਾਪੇ ਤਾਂ ਭਲਾ ਵੈਰੀ ਹੋ ਗਏ, ਪਰ ਉਹਨੇ ਕੀ ਨਿਭਾਈ, ਜੀਹਦੇ ਮਗਰ ਲੱਗ ਕੇ ਮੈਂ ਸਾਰੀ ਦੁਨੀਆਂ ਦੀ ਚੋਰ ਬਣੀ ਸਾਂ ? ਮੈਂ ਪੈਰਾਂ 'ਤੇ ਸਿਰ ਧਰ ਕੇ ਵਾਸਤੇ ਪਾ ਰਹੀ। ਮੇਰੇ ਤਰਲਿਆਂ ਤੇ ਹਾੜ੍ਹਿਆਂ ਨੂੰ ਠੁਕਰਾ ਕੇ ਉਹ ਬਲਦੀ ਅੱਗ ਵਿਚ ਜਾ ਕੁੱਦਿਆ। ਮਰਦ-ਹਠ ਦਾ ਪ੍ਰੇਰਿਆ ਉਹ ਬਰਛੀ ਲੈ ਕੇ ਉਹਨਾਂ ਬਦਮਾਸ਼ਾਂ ਦੇ ਗਲ ਜਾ ਪਿਆ। ਮੇਰੀ ਨਿਆਸਰੀ ਜੁਆਨੀ 'ਤੇ ਉਹਨੂੰ ਤਰਸ ਨਾ ਆਇਆ। ਤੇ ਅੱਗੋਂ ਓਸ ਬਦਮਾਸ਼ ਦੂਲੇ ਨੇ ਕੀ ਕੀਤਾ ? ਕਸਾਈ ਨੂੰ ਬੱਕਰੇ 'ਤੇ ਛੁਰੀ ਚਲਾਉਂਦਿਆਂ ਤਰਸ ਆ ਜਾਂਦਾ ਏ, ਪਰ ਮਰਦ ਨੂੰ ਬੰਦੇ ਦੀ ਹਿੱਕ ਵਿਚ ਬਰਛੀ ਖੋਭਦਿਆਂ ਨਹੀਂ। ਕੀ ਮਿਲਦਾ ਏ ਮਰਦਾਂ ਨੂੰ ਮੁਟਿਆਰਾਂ ਰੰਡੀਆਂ ਕਰਕੇ ? ਨਿਰੀ ਮੇਰੇ ਨਾਲ ਈ ਨਹੀਂ, ਮੇਰੀ ਸੱਸ ਨਾਲ ਮਰਦ ਨੇ ਕਿਹੜੀ ਘੱਟ ਕੀਤੀ ? ਪਿਓ ਨੇ ਪੈਸੇ ਲੈ ਕੇ ਸਤਾਰ੍ਹਾਂ ਵਰ੍ਹਿਆਂ ਦੀ ਕੁਰਲਾਉਂਦੀ ਕੂੰਜ ਸੱਠਾਂ ਵਰਿਆਂ ਦੇ ਪਰੇਤ ਦੇ ਗਲ ਮੜ੍ਹ ਦਿਤੀ। ਤੇ ਉਸ ਬੁੱਢੇ ਨੇ ਕਿਹੜਾ ਦਿਨ ਗਿਆ, ਜਦ ਉਸ ਨਿਦੋਸ਼ੀ ਦੇ ਹੱਡ ਨਾ ਭੰਨੇ ? ਕੀ ਉਹਦੀ ਮਾਰ ਦੀ ਮਾਰੀ ਹੀ ਉਹ ਖੂਹ ਵਿਚ ਛਾਲ ਮਾਰਨ ਲਈ ਮਜਬੂਰ ਨਹੀਂ ਸੀ ਹੋਈ ? ਡਾਢੇ ਮਰਦ ਨੇ ਉਹਨੂੰ ਮਰਨ ਵੀ ਨਾ ਦਿਤਾ। ਖੂਹ ਵਿਚੋਂ ਏਸ ਵਾਸਤੇ ਉਹਨੂੰ ਬਚਾ ਲਿਆ, ਕਿ ਰਾਤ ਦਿਨੇ ਤਾਨ੍ਹਿਆਂ ਮਿਹਣਿਆਂ ਨਾਲ ਉਹਦਾ ਸੀਨਾ ਸੱਲਦਾ ਰਿਹਾ ਕਰੇ। ਜੇ ਬੁੱਢੇ ਦੇ ਜ਼ੁਲਮਾਂ ਦਾ ਅੰਤ ਹੋਇਆ, ਤਾਂ ਨਿਖਸਮੀ ਤੱਕ ਵੇਖ ਕੇ ਭੁੱਖੇ ਕਾਂਵਾਂ ਵਾਂਗ ਹਾਬੜੇ ਹੋਏ ਮਰਦ ਉਸ ਗਰੀਬਣੀ 'ਤੇ ਟੁੱਟ ਪਏ। ਮਰਦ ਦੀਆਂ ਲਲਚਾਈਆਂ ਨਜ਼ਰਾਂ ਤੋਂ ਨਿਆਸਰੇ ਜੋਬਨ ਨੂੰ ਲੁਕਾਉਂਦੀ ਲੁਕਾਉਂਦੀ ਉਹ ਨਿਤਾਣੀ ਹਾਰ ਹੁੱਟ ਗਈ। ਕੀ ਇਹ ਅੱਤਿਆਚਾਰ ਦੀ ਹੱਦ ਨਹੀਂ ਸੀ, ਕਿ ਰਾਕਸ਼ ਦੂਲੇ ਨੇ ਜਬਰ-ਦਸਤੀ ਉਸ ਵਿਚਾਰੀ ਦਾ ਸਤ ਲੁੱਟਿਆ ? ਮਰਦ ਦੇ ਏਸ ਪਾਪ ਦਾ ਕਾਰਨ ਹੀ ਮੈਨੂੰ ਵਿਧਵਾ ਹੋਣਾ ਪਿਆ ਤੇ ਉਹਨੂੰ ਆਤਮ ਘਾਤ ਕਰਨਾ ਪਿਆ। ਤੇ ਅੰਤ ਮੈਂ। ਮੈਂ ਹਿੰਮਤ ਨਾ ਹਾਰੀ, ਹਰ ਔਕੜ ਦਾ ਟਾਕਰਾ ਕਰਨ ਦਾ ਚਾਰਾ ਕੀਤਾ। ਪਰ ਧੱਕੇਖੋਰ ਮਰਦ ਨੇ ਮੈਨੂੰ ਖੋਲੇ 'ਚੋਂ ਕਢ ਕੇ ਈ ਦਮ ਲਿਆ। ਤਾਰੂ ਨੇ ਕਿਹੜੀ ਵਧੀਕੀ ਮੇਰੇ ਨਾਲ ਨਾ ਕੀਤੀ ? ਸਾਰੇ ਪਿੰਡ ਦੀਆਂ ਛਟੀਆਂ ਛੁਕੀਆਂ ਉਹਨੇ ਵਿਚੋਲਣਾ ਬਣਾ ਕੇ ਮੈਨੂੰ ਧਰਮੋਂ ਡੇਗਣ ਲਈ ਭੇਜੀਆਂ। ਮੇਰਾ ਰਾਹ ਮੱਲ ਮੱਲ ਕੇ ਉਹ ਡੰਡੀਆਂ ਤੇ ਗਲੀਆਂ ਦੇ ਮੋੜਾਂ 'ਤੇ ਬੈਠਾ। ਉਹਦੀਆਂ ਧਮਕੀਆਂ ਤੇ ਗਾਲ੍ਹਾਂ ਨੇ

ਮੇਰਾ ਘਰੋਂ ਨਿਕਲਣਾ ਮੁਹਾਲ ਬਣਾ ਦਿਤਾ। ਮੇਰੀ ਝੂਠੀ ਭੰਡੀ ਪਿੱਟੀ। ਪਿੰਡ 'ਚ ਢੋਲ ਮਰਵਾ ਕੇ ਮੇਰੀ ਇੱਜ਼ਤ ਨੂੰ ਛੱਜ ਵਿਚ ਛੱਟਿਆ। ਤੇ ਓਦਣ ਤਾਂ ਅਖੀਰ ਈ ਹੋ ਗਈ,ਜਦ ਵੀਹਾਂ ਬੰਦਿਆਂ ਦੇ ਸਾਮ੍ਹਣੇ ਪਰ੍ਹੇ ਵਿਚ ਉਹਨੇ ਮੈਨੂੰ ਬਾਹੋਂ ਫੜ ਕੇ ਧੂਹਿਆ। ਮੇਰੀਆਂ ਚੀਕਾਂ ਸੁਣ ਕੇ ਮੁਸ਼ਟੰਡੇ ਹਸਦੇ ਸਨ। ਸਾਰੇ ਪਿੰਡ ਵਿਚੋਂ ਕਿਸੇ ਸੱਚੀ ਝੂਠੀ ਨਾ ਆਖੀ। ਕੋਈ ਵੀ ਗ਼ਰੀਬ ਦੀ ਹਾਮੀ ਭਰਨ ਲਈ ਤਿਆਰ ਨਾ ਹੋਇਆ। ਕੌਣ ਕਿਸੇ ਦੀ ਅੱਗ ਵਿਚ ਪੈਂਦਾ ਏ ? ਕੱਲ੍ਹੇ ਤਾਰੂ ਤੋਂ ਤਾਂ ਮੈਂ ਵੀ ਨਾ ਡਰਦੀ, ਉਹ ਟੁੱਟ ਪੈਣਾ ਕਾਲਾ ਤੇ ਜੰਥਰੂ ਮੌਤ ਦਾ ਜ਼ਮਦੂਤ ਨੇ। ਉਹਨਾਂ ਤੋਂ ਡਰਦਾ ਈ ਕੋਈ ਅੱਗੋਂ ਉਭਾਸਰਦਾ ਨਹੀਂ। ਨਾਲ ਦੇ ਪਿੰਡੋਂ ਘਰਦਿਆਂ ਤੋਂ ਮੱਲੋ ਮੱਲੀ ਜਨਾਨੀ ਚੁੱਕ ਕੇ ਉਹ ਲੈ ਗਏ, ਜੀਹਦੀ ਅੱਜ ਤਕ ਹੱਡੀ-ਪੱਸਲੀ ਕੋਈ ਨਹੀਂ ਮੁੜੀ। ਏਥੋਂ ਦੇ ਮਹਿਰੇ ਨੂੰ ਉਹਨਾਂ ਦਿਨ ਦੀਵੀਂ ਗੁੰਮ ਕਰ ਦਿਤਾ, ਜੀਹਦੀ ਉਘ-ਸੁਘ ਈ ਨਹੀਂ ਨਿਕਲੀ। ਤੇ ਜੇ ਮੈਂ ਵੀ ਉਹਨਾਂ ਦੇ ਹੱਥ ਆ ਜਾਂਦੀ, ਤਾਂ ਖਬਰੇ ਮੇਰੇ ਨਾਲ ਕੀ ਬੀਤਦੀ ? ਅੱਜ ਉਹ ਖੈਰ ਗੁਜ਼ਾਰਨ ਨੂੰ ਤਾਂ ਉਹਦੇ ਖੂਹ 'ਤੇ ਕੱਠੇ ਨਹੀਂ ਹੋਏ। ਭਲਾ ਹੋਵੇ ਓਸ ਗ਼ਰੀਬਣੀ ਦਾ, ਜੀਹਨੇ ਵਰ੍ਹਦੇ ਮੀਂਹ ਵਿਚ ਆ ਕੇ ਮੈਨੂੰ ਲਾਧ ਕਰ ਦਿਤੀ। ਮੈਂ ਜ਼ਰਾ ਵੀ ਆਲਸ ਕਰਦੀ, ਤਾਂ ਹੁਣ ਤਕ ਉਹਨਾਂ ਕਸਾਈਆਂ ਦੇ ਕਾਬੂ ਆ ਗਈ ਹੁੰਦੀ। ਮਰਦ ਹੁੰਦੇ ਈ ਕਸਾਈ ਨੇ। ਮਰਦ ਤਾਂ ਸੋਨੇ ਦਾ ਬਣ ਕੇ ਵਿਖਾਲੀ ਦੇਵੇ, ਤਾਂ ਉਹਦੇ ਉਤੇ ਇਤਬਾਰ ਨਹੀਂ ਕਰਨਾ ਚਾਹੀਦਾ। ਮਰਦ ਤੋਂ ਮੇਰਾ ਵਿਸ਼ਵਾਸ ਉਠ ਗਿਆ ਏ। ਮਰਦ ਨੇ ਮੇਰੇ ਨਾਲ ਧੋਖੀ ਕੀਤੀ ਏ ? ਹੁਣ ਮੈਂ ਉਮਰ ਭਰ ਮਰਦ 'ਤੇ ਕਦੇ ਇਤਬਾਰ ਨਹੀਂ ਕਰਾਂਗੀ।'

ਉਹਦੇ ਲਹੂ ਦਾ ਚੱਕਰ ਤੇਜ਼ ਹੋ ਗਿਆ ਸੀ। ਗੁੱਸੇ ਵਿਚ ਉਹਦੇ ਅੰਗ ਫਰਕਣ ਲੱਗ ਪਏ ਸਨ। ਉਹਦੇ ਅੰਦਰੋਂ ਬਾਗੀ ਖ਼ਿਆਲ ਭੜਕ ਉਠੇ ਸਨ। 'ਇਤਬਾਰ ਨਹੀਂ ਕਰੇਂਗੀ ਮਰਦ ਉੱਤੇ ? ਤੇ ਹਾਹ ਗੋਦੀ ਵਿਚ ਕੌਣ ਈਂ ? ਕੀ ਇਹ ਮਰਦ ਨਹੀਂ ?' ਉਹਦੇ ਅੰਦਰੋਂ ਤਰਕ-ਬੁੱਧੀ ਨੇ ਸਿਰ ਉਠਾ ਕੇ ਚੋਟ ਕੀਤੀ।

ਉਹਨੇ ਸੁੱਤੇ ਪਏ ਕੁਲਵੰਤ ਦੇ ਮੂੰਹ ਤੋਂ ਪੱਲਾ ਚੁੱਕ ਕੇ ਵੇਖਿਆ। ਉਹਦੇ ਮਾਸੂਮ ਚਿਹਰੇ 'ਤੇ ਕਈ ਨਿਰਦਈ ਮਰਦਾਂ ਦੀ ਨੁਹਾਰ ਝਲਕ ਰਹੀ ਸੀ। ਇਕ ਅੱਖ-ਫਰੱਕੇ ਅੰਦਰ ਮਨਜੀਤ ਦੀਆਂ ਨਜ਼ਰਾਂ ਵਿਚ ਉਹਨਾਂ ਸਾਰਿਆਂ ਆਪਣਿਆਂ ਬਿਗਾਨਿਆਂ ਦੀਆਂ ਸ਼ਕਲਾਂ ਘੁੰਮ ਗਈਆਂ: ਜੀਹਨਾਂ ਦੇ ਮਾਰੂ ਪਰਛਾਂਵੇਂ ਹੁਣ ਤਕ ਉਹਦੇ ਜੀਵਨ 'ਤੇ ਪਏ ਸਨ। ਉਹਦਾ ਦਿਲ ਨਫ਼ਰਤ ਨਾਲ ਭਰ ਗਿਆ। ਕੁਲਵੰਤ ਵਾਸਤੇ ਉਹਦੇ ਅੰਦਰ ਘਿਰਣਾ ਪੈਦਾ ਹੋ ਆਈ।। ਉਹਦੇ ਜੀ ਵਿਚ ਆਈ, ਕਿ ਉਸ ਮਾਸ ਦੇ ਨਿੱਕੇ ਜੇਹੇ ਲੋਥੜੇ ਨੂੰ ਆਪਣੇ ਸਰੀਰ ਨਾਲੋਂ ਤੋੜ ਕੇ ਉਹ ਦੂਰ

ਪਟਕਾ ਮਾਰੇ। ਅਚੇਤ ਮਨੋ-ਵਿਕਾਰਾਂ ਦੇ ਅਧੀਨ ਉਹਨੇ, ਦੋਹਾਂ ਹੱਥਾਂ ਨਾਲ ਝੰਜੋੜ ਕੇ ਕੁਲਵੰਤ ਨੂੰ ਚੁੱਕ ਲਿਆ।

"ਹਾਏ, ਤਾਰੂ ਆ ਪਿਆ।" ਸੁੱਤੇ ਪਏ ਕੁਲਵੰਤ ਦੀ ਡਰ ਕੇ ਚੀਕ ਨਿਕਲ ਗਈ।

"ਮਾਂ ਮਰ ਜੇ।" ਕਹਿੰਦੀ ਹੋਈ ਮਨਜੀਤ ਨੇ ਉਸਨੂੰ ਕਲੇਜੇ ਨਾਲ ਘੁੱਟ ਲਿਆ। ਉਹਦੀ ਇਸਤਰੀਅਤ ਅੰਦਰ ਮਾਂ-ਪੁਣਾ ਜਾਗ ਪਿਆ ਸੀ। ਮਰਦ ਦੇ ਵਿਰੁੱਧ ਸਿਰ ਉਠਾਉਣ ਲੱਗੀ ਬਗ਼ਾਵਤ ਦੀਆਂ ਜੰਮਦੀਆਂ ਸੂਲਾਂ ਮਮਤਾ ਦੇ ਪੈਰਾਂ ਥੱਲੇ ਮਿੱਧੀਆਂ ਗਈਆਂ। ਉਹਨੇ ਗਲ ਨਾਲ ਲਾ ਕੇ ਕੁਲਵੰਤ ਦਾ ਮੂੰਹ ਚੁੰਮ ਲਿਆ।

'ਜੇ ਉਹ ਮਗਰ ਏਧਰੇ ਆ ਗਏ ਤਾਂ!' ਖਿਆਲ ਆਉਂਦਿਆਂ ਹੀ ਮਨਜੀਤ ਡਰ ਨਾਲ ਪੈਰਾਂ ਤਕ ਕੰਬ ਉਠੀ। ਉਹਨੇ ਕਾਹਲੀ ਕਾਹਲੀ ਗਿੱਲੇ ਵੱਤੇ ਲੀੜਿਆਂ ਦੀ ਗੀਢ ਬਣਾ ਕੇ ਕੱਛੇ ਮਾਰੀ ਤੇ ਬਾਲ ਨੂੰ ਮੋਢੇ ਲਾ, ਓਥੋਂ ਤੁਰਨ ਦੀ ਕੀਤੀ।

੪,

ਮੀਂਹ ਥੰਮ੍ਹ ਗਿਆ ਸੀ। ਬਿਨਾਂ ਸੋਚੇ ਵਿਚਾਰੇ ਹੀ ਮਨਜੀਤ ਪੇਕਿਆਂ ਦੇ ਰਾਹੇ ਤੁਰ ਪਈ। ਦੋ ਕੁ ਪੈਲੀਆਂ ਜਾ ਕੇ ਉਹਨੂੰ ਸਮਝ ਪਈ, ਤਾਂ ਉਹ ਨਿਰਾਸ ਹੋ ਕੇ ਖਲੋ ਗਈ। 'ਇਹ ਨਹੀਂ ਹੋ ਸਕਦਾ।' ਉਹਨੇ ਮਨ ਵਿਚ ਕਿਹਾ। 'ਓਸ ਘਰ ਮੈਨੂੰ ਕੀਹਨੇ ਵੜਨ ਦੇਣਾ ਏਂ? ਪਿਉ ਨੇ ਦਲ੍ਹੀਜਾਂ ਤੋਂ ਅੰਦਰ ਪੈਰ ਨਹੀਂ ਧਰਨ ਦੇਣਾ। ਭਰਾ ਨੇ ਮੱਥੇ ਲੱਗਣ ਵਾਸਤੇ ਤਿਆਰ ਨਹੀਂ ਹੋਣਾ। ਲੋਕ-ਲਾਜ ਤੇ ਮਰਦ-ਹਠ ਨੇ ਉਹ ਬੂਹਾ ਸਦਾ ਵਾਸਤੇ ਮੇਰੇ ਲਈ ਬੰਦ ਕਰ ਛੱਡਿਆ ਏ। ਓਥੇ ਜਾ ਕੇ ਮੈਂ ਆਪਣੀ ਅਣਖ ਨੂੰ ਰੋਲਣਾ ਨਹੀਂ ਚਾਹੁੰਦੀ। ਬੱਸ, ਹੋਰ ਭਾਵੇਂ ਕਿਤੇ ਜਾਵਾਂ, ਮੈਂ ਓਥੇ ਨਹੀਂ ਜਾਵਾਂਗੀ।'

ਓਥੋਂ ਹੀ ਮੁੜ ਕੇ ਉਹ ਲਲਿਆਣੀ ਦੇ ਰਾਹੇ ਪੈ ਗਈ। ਪਿੰਡਾਂ ਤੇ ਰਾਹਾਂ ਤੋਂ ਪਾਸੇ ਪਾਸੇ ਉਹ ਪੈਲੀਆਂ ਦੇ ਬੰਨੇ ਬੰਨੇ ਹੋ ਤੁਰੀ। ਸੂਰਜ ਚੜ੍ਹਦੇ ਤਕ ਉਹ ਡਿਗਦੀ ਢਹਿੰਦੀ ਨਹਿਰ ਦੇ ਪੁਲ 'ਤੇ ਜਾ ਅਪੜੀ। ਇਹ ਪੁਲ ਲਲਿਆਣੀ ਤੋਂ ਮੀਲ-ਕੁ ਦੂਰ ਲਾਹੌਰ ਵਾਲੇ ਪਾਸੇ ਹੈ। ਏਥੋਂ ਜਰਨੈਲੀ ਸੜਕ ਅੰਮ੍ਰਿਤਸਰ ਵਾਲੀ ਨਹਿਰ ਨੂੰ ਪਾਰ ਕਰਦੀ ਹੈ। ਮਨਜੀਤ ਟਾਲ੍ਹੀ ਦੇ ਮੁਢ ਨਾਲ ਬਹਿ ਕੇ ਲਾਰੀ ਦੀ ਉਡੀਕ ਕਰਨ ਲੱਗੀ।

ਉਹਦੇ ਪੈਰ ਸਰਦੀ ਨਾਲ ਪਾਟ ਗਏ ਸਨ। ਉਹਦੀਆਂ ਪਿੰਜਣੀਆਂ ਵਿਚ ਕੜੱਲਾਂ ਪੈ ਰਹੀਆਂ ਸਨ। ਰਾਤੀਂ ਟਾਲ੍ਹੀ ਦੀਆਂ ਵੱਜੀਆਂ ਟਾਹਣੀਆਂ ਦੀਆਂ ਉਹਦੇ ਸੋਹਲ ਪਿੰਡੇ ਉਤੇ ਲਾਸਾਂ ਉਭਰ ਆਈਆਂ ਸਨ। ਉਹਦੇ ਰੋਮ ਰੋਮ ਵਿਚ ਤਰਾਟਾਂ

ਪੈ ਰਹੀਆਂ ਸਨ । ਪਰ ਇਹਨਾਂ ਤਕਲੀਫ਼ਾਂ ਦਾ ਉਹਨੂੰ ਬਹੁਤਾ ਅਹਿਸਾਸ ਨਹੀਂ ਸੀ । ਉਹਦੇ ਅੰਦਰ ਦੀਆ ਚੀਸਾਂ ਇਹਨਾਂ ਨਾਲੋਂ ਵਧੇਰੇ ਮਾਰੂ ਸਨ । ਉਹ ਸੋਚ ਰਹੀ ਸੀ, 'ਜੇ ਮੈਂ ਉਹਨਾਂ ਦੇ ਕਾਬੂ ਆ ਜਾਂਦੀ । ਜੇ ਮੈਂ ਮੀਂਹ ਤੋਂ ਡਰਦੀ ਹੋਰ ਦੋ ਘੜੀਆਂ ਘਰੋਂ ਨਾ ਤੁਰਦੀ, ਤਾਂ ਪਤਾ ਨਹੀਂ, ਮੇਰਾ ਕੀ ਹਾਲ ਹੁੰਦਾ ? ਜੇ ਉਹ ਮੈਨੂੰ ਮਾਰ ਕੇ ਕਿਤੇ ਦਰਿਆ-ਬੁਰਦ ਕਰ ਦੇਂਦੇ । ਮਰਨ ਤੋਂ ਤਾ ਮੈਂ ਨਹੀਂ ਡਰਦੀ । ਪਰ ਓਹਨਾਂ ਮੈਨੂੰ ਮਾਰਨਾ ਕਿੱਥੇ ਸੀ ।

ਡਰਾਈਵਰ ਨੇ ਖਰ੍ਹਵੇ ਹੋ ਕੇ ਕਿਹਾ ।

ਮਨਜੀਤ ਵੀ ਆਪਣੀਆਂ ਡੂੰਘੀਆਂ ਸੋਚਾਂ ਤੋਂ ਜਾਗੀ, ਤੇ ਛੇਤੀ ਨਾਲ ਗੰਢੜੀ ਚੁੱਕ ਕੇ, ਬਾਲ ਨੂੰ ਸੰਭਾਲਦੀ ਹੋਈ ਲਾਰੀ 'ਤੇ ਚੜ੍ਹ ਗਈ । ਅੱਧਾ ਮਿੰਟ ਅੜਕ ਕੇ ਲਾਰੀ ਫਿਰ ਤੁਰ ਪਈ ।

"ਕਿੱਥੇ ਜਾਣਾ ਈਂ ਬੁੱਢਿਆ !" ਕੰਡਕਟਰ ਨੇ ਸੁਭਾਵਕ ਰੁੱਖੀ ਸੁਰ ਵਿਚ ਪੁਛਿਆ ।

"ਲੌਰ ।" ਬੁੱਢੇ ਨੇ ਆਪਣੀ ਸੀਟ ਉਤੇ ਟਿੱਕ ਕੇ ਬਹਿੰਦਿਆਂ ਉੱਤਰ ਦਿਤਾ ।

"ਕਢ ਨੌਂ ਆਨੇ ।"

"ਨੌਂ ਆਨੇ ? ਨੌਂ ਆਨੇ ਤਾਂ ਲਲਿਆਣਿਓਂ ਲਗਦੇ ਨੇ ।"

"ਤੇ ਇਹ ਥਾਂ ਹੈਗਾ ਏ ਲਲਿਆਣਿਓਂ ਪੰਜਾਹ ਮੀਲ ?"

"ਤਾਂ ਵੀ ਮੀਲ-ਛੁੱਥ ਮੀਲ ਤਾਂ ਹੈ ਨਾ ।"

"ਹੱਛਾ, ਨੌਂ ਆਨੇ ਕਢ, ਤੇ ਨਹੀਂ ਤਾਂ ਥੱਲੇ ਉਤਰ ਜਾ ।" ਕੰਡਕਟਰ ਨੇ ਗਰਮ ਹੋ ਕੇ ਕਿਹਾ ।

"ਉਇ, ਤੂੰ ਪੈਸਾ ਵਧ ਲੈ ਖਾਂ, ਤੇ ਲੜਦਾ ਕਿਉਂ ਏਂ ?" ਬੁੱਢੇ ਨੇ ਪੱਗ ਪੱਲਿਓਂ ਪੈਸਿਆਂ ਦੀ ਗੰਢ ਖੁਹਲਦਿਆਂ ਕਿਹਾ ।

"ਲੜਦਾ ਮੈਂ ਆਂ, ਕਿ ਤੂੰ ? ਮੈਂ ਓਹੋ ਜੇਹੀ ਝਗੜੇ ਵਾਲੀ ਸਵਾਰੀ ਕਦੇ ਲੱਦੀ ਈ ਨਹੀਂ ।"

"ਤਾਹੀਏਂ ਮੋਟਰ ਭਰ ਕੇ ਲਈ ਜਾਂਦਾ ਏਂ ਨਾ !" ਬੁੱਢੇ ਨੇ ਖ਼ਾਲੀ ਸੀਟਾਂ ਵੱਲੇ ਧਿਆਨ ਮਾਰ ਕੇ ਕਿਹਾ ।

"ਤੂੰ ਵੀ ਉਤਰਨਾ ਏਂ, ਤਾਂ ਉਤਰ ਜਾ । ਬਹੁਤਾ 'ਸ੍ਹਾਨ ਨਾ ਕਰ ਮੇਰੇ ਸਿਰ ।" ਕੰਡਕਟਰ ਨੇ ਜ਼ਰਾ ਤੱਤੇ ਹੋ ਕੇ ਕਿਹਾ ।

"ਤੂੰ ਮੈਨੂੰ ਮੁਖਤ ਲਜਾਣਾ ਏਂ ? ਵੱਡੀ ਲਾਰੀ ਵਾਲਾ । ਲੈ ਫੜ ਪੈਸੇ ।" ਬੁੱਢੇ ਨੇ ਨੌਂ ਆਨੇ ਗਿਣ ਕੇ ਉਹਦੇ ਹੱਥ 'ਤੇ ਧਰ ਦਿਤੇ ।

"ਨਹੀਂ, ਤੂੰ ਈ ਵੱਡਾ ਪੈਸਿਆਂ ਵਾਲਾ ਰਹਿ ਗਿਆ ਏਂ ।"

"ਭਈ, ਕੌੜਾ ਕਾਹਨੂੰ ਬੋਲਦਾ ਏਂ ? ਅਸਵਾਰੀ ਦਾ ਸਗੋਂ ਤੁਹਾਨੂੰ ਆਦਰ ਕਰਨਾ ਚਾਹੀਦਾ ਏ ।" ਕੋਲੋਂ ਇਕ ਭਲੇ ਪੁਰਸ਼ ਨੇ ਕੰਡਕਟਰ ਨੂੰ ਸਮਝਾਇਆ ।

"ਅਸੀਂ ਤਾਂ ਆਦਰ ਕਰਦੇ ਆਂ, ਪਰ ਸਵਾਰੀ ਆਦਰ ਕਰੌਣ ਵਾਲੀ ਵੀ ਹੋਵੇ ?" ਕੰਡਕਟਰ ਨੇ ਸਾਰਾ ਕਸੂਰ ਅਸਵਾਰੀ ਦੇ ਸਿਰ ਥੱਪ ਦਿਤਾ ।

"ਕਿਉਂ ਲੜਦਾ ਏਂ ਉਇ, ਸਵਾਰੀ ਨਾਲ ? ਚੁੱਪ ਕਰਕੇ ਆਪਣਾ ਕੰਮ ਕਰ ।" ਅਸਵਾਰੀਆਂ ਦਾ ਦਿਲ ਰੱਖਣ ਵਾਸਤੇ ਡਰਾਈਵਰ ਨੇ ਕੰਡਕਟਰ ਨੂੰ ਤਾੜਨਾ ਕੀਤੀ ।

ਕੰਡਕਟਰ ਨੇ ਬੁੱਢੇ ਨੂੰ ਟਿਕਟ ਫੜਾ ਕੇ, ਫਿਰ ਮਨਜੀਤ ਨੂੰ ਪੁਛਿਆ, "ਤੂੰ ਵੀ ਭੈਣਾਂ, ਲਹੌਰ ਜਾਣਾ ਏਂ ?"

ਮਨਜੀਤ ਅਜੇ ਸੋਚ ਹੀ ਰਹੀ ਸੀ, ਕਿ ਕਿੱਥੋਂ ਦੀ ਟਿਕਟ ਲਵੇ ? ਕੰਡਕਟਰ ਦੇ ਮੂੰਹੋਂ ਲਾਹੌਰ ਸੁਣ ਕੇ ਉਹਦੀ ਇਹ ਮੁਸ਼ਕਲ ਹੱਲ ਹੋ ਗਈ। ਉਹਨੇ 'ਹਾਂ' ਵਿਚ ਸਿਰ ਹਿਲਾਉਂਦਿਆਂ ਰੁਪੈ ਦਾ ਨੋਟ ਅਗ੍ਹਾਂ ਵਧਾ ਦਿਤਾ।

"ਬੱਚਾ ਕਿੰਨੇ ਚਿਰ ਦਾ ਈ ?" ਕੰਡਕਟਰ ਨੇ ਨੋਟ ਫੜਦਿਆਂ ਪੁਛਿਆ।

"ਢਾਈ ਸਾਲ ਦਾ।" ਮਨਜੀਤ ਨੇ ਹੌਲੀ ਜੇਹੀ ਉੱਤਰ ਦਿਤਾ।

"ਛੀ ਸਾਲ ਦਾ ? ਤਾਂ ਇਹਦੀ ਵੀ ਅੱਧੀ ਟਿਕਟ ਲਗੇਗੀ।" ਕੰਡਕਟਰ ਨੇ ਜਾਣ ਬੁਝ ਕੇ ਰੌਲਾ ਪਾਉਣ ਦੇ ਇਰਾਦੇ ਨਾਲ ਕਿਹਾ।

"ਅਜੀਬ ਆਦਮੀ ਏਂ ਭਈ, ਤੂੰ। ਉਹ ਵਿਚਾਰੀ ਢਾਈ ਸਾਲ ਦਾ ਕਹਿੰਦੀ ਏ, ਤੇ ਤੂੰ ਛੀ ਸਾਲ ਦਾ ਬਣਾਈ ਜਾਂਦਾ ਏਂ।" ਓਸ ਭਲੇ ਪੁਰਸ਼ ਨੇ ਕੋਲੋਂ ਫਿਰ ਕੰਡਕਟਰ ਨੂੰ ਟੋਕਿਆ।

"ਜੇ ਛੀ ਸਾਲ ਦਾ ਨਹੀਂ, ਤਾਂ ਢਾਈਆਂ ਸਾਲਾਂ ਦਾ ਵੀ ਨਹੀਂ।" ਕੰਡਕਟਰ ਨੇ ਸ਼ੱਕ ਕਰਦਿਆਂ ਕਿਹਾ। "ਭੈਣਾਂ! ਉਠਾ ਕੇ ਵਖਾ ਬੱਚੇ ਨੂੰ।"

"ਕੇਹੋ ਜੇਹੇ ਸੁਭਾ ਦਾ ਏਂ, ਯਾਰ ! ਤੂੰ। ਸੁੱਤੇ ਪਏ ਬੱਚੇ ਨੂੰ ਉਠਾਵੇ ਹੁਣ ਉਹ। ਏ ਡਰਾਈਵਰ ਸਾਹਿਬ ! ਏਹੋ ਜਿਹਾ ਸਲੂਕ ਕਰਦੇ ਹੁੰਦੇ ਓ ਤੁਸੀਂ ਅਸਵਾਰੀ ਨਾਲ ?" ਉਸ ਪਤਵੰਤੇ ਸੱਜਣ ਨੇ ਜ਼ਰਾ-ਕੁ ਸਖਤ ਹੋ ਕੇ ਕਿਹਾ।

"ਉਇ ਮੁੰਨਿਆਂ ! ਕਿਉਂ ਝਗੜਦਾ ਏਂ ਜਨਾਨੀ ਸਵਾਰੀ ਨਾਲ ? ਅਕਲ ਨਹੀਂ ਔਂਦੀ ਤੈਨੂੰ ?" ਡਰਾਈਵਰ ਨੇ ਕੰਡਕਟਰ ਨੂੰ ਫਿਰ ਟੋਕਿਆ।

"ਸਰਦਾਰ ਜੀ ! ਜੇ ਬੱਚਾ ਤਿੰਨਾ ਵਰ੍ਹਿਆਂ ਤੋਂ ਵੱਡਾ ਨਾ ਹੋਵੇ, ਤਾਂ ਜੋ ਮੈਨੂੰ ਮਰਜ਼ੀ ਕਿਹੋ ਜੇ।" ਮਹੰਨੇ ਨੇ ਆਪਣੀ ਸਫ਼ਾਈ ਵਿਚ ਉਜ਼ਰ ਪੇਸ਼ ਕੀਤਾ।

"ਵੀਰਾ ! ਕਾਕਾ ਤਾਂ ਢਾਈਆਂ ਵਰ੍ਹਿਆਂ ਦਾ ਈ ਏ, ਉਂਞ ਤੂੰ ਪੈਸੇ ਲੈਣੇ ਨੇ, ਤਾਂ ਬੇਸ਼ਕ ਲੈ ਲੈ।" ਮਨਜੀਤ ਦੀ ਵਾਜ ਵਿਚੋਂ ਸਾਊਪੁਣਾ ਪਰਗਟ ਹੋ ਰਿਹਾ ਸੀ।

"ਬੱਚੇ ਦੀ ਟਿਕਟ ਦਾ ਝਗੜਾ ਛੱਡ, ਉਏ ! ਅਗ੍ਹਾਂ ਸਵਾਰੀਆਂ ਆਈਆਂ ਈ, ਧਿਆਨ ਨਾਲ ਬਹੁ।" ਅੱਗੇ ਰਾਹ ਉਤੇ ਖਲੀਆਂ ਅਸਵਾਰੀਆਂ ਵੇਖ ਕੇ ਡਰਾਈਵਰ ਨੇ ਮਹੰਨੇ ਨੂੰ ਹੁਕਮ ਕੀਤਾ।

ਮਹੰਨੇ ਨੇ ਟਿਕਟ ਕੱਟ ਕੇ ਮਨਜੀਤ ਦੇ ਹੱਥ ਫੜਾਈ। ਏਨੇ ਨੂੰ ਲਾਰੀ ਰਾਹ ਉਤੇ ਜਾ ਖਲੀ।

"ਕਿੱਥੇ ਜਾਣਾ ਜੇ ?" ਮਹੰਨੇ ਨੇ ਤਾਕੀ ਖੁਹਲਦਿਆਂ ਪੁੱਛਿਆ।

"ਅੰਬਰ ਸਿਧੂ।" ਅਨਪੜ੍ਹ ਅਸਵਾਰੀ ਨੇ 'ਅਮਰ ਸਿਧੂ' ਦਾ ਨਾਂ ਵਿਗਾੜ ਕੇ ਦੱਸਿਆ।

"ਸਾਰਿਆਂ ?"

"ਹਾਹੋਂ।"

"ਕਢੋ ਸੱਤ-ਸੱਤ ਆਨੇ।" ਅਸਵਾਰੀਆਂ ਚੜ੍ਹਾ ਕੇ ਤਾਕੀ ਬੰਦ ਕਰਦਿਆਂ ਮਹੰਨੇ ਨੇ ਕਿਹਾ।

"ਸੱਤ ਸੱਤ ਆਨੇ ਨਹੀਂ, ਛੀ ਛੀ ਆਨੇ। ਅਸੀਂ ਰੋਜ ਦੇ ਜਾਣ ਵਾਲੇ ਆਂ, ਕੋਈ ਨਵੇਂ ਨਹੀਂ।" ਇਕ ਅਸਵਾਰੀ ਨੇ ਜ਼ਰਾ ਰੁਅਬ ਨਾਲ ਉੱਤਰ ਦਿਤਾ।

"ਭੱਠੇ ਤੇ ਉਤਰਨਾ ਜੇ ?"

"ਹਾਹੋਂ।"

"ਚਲੋ, ਛੀ ਛੀ ਆਨੇ ਈ ਦਿਹੋ।"

ਮਹੰਨੇ ਨੇ ਡੇਢ ਰੁਪੱਇਆ ਲੈ ਕੇ ਚੌਂਹ ਅਸਵਾਰੀਆਂ ਦੀ ਟਿਕਟ ਕੱਟ ਦਿਤੀ। ਮਨਜੀਤ ਦੇ ਰੁਪੈ ਵਿਚੋਂ ਬਾਕੀ ਦੇ ਪੈਸੇ ਉਹਨੂੰ ਮੰਗਣੇ ਯਾਦ ਈ ਨਾ ਰਹੇ, ਤੇ ਮਹੰਨੇ ਨੇ ਬਿਨਾਂ ਮੰਗਿਆਂ ਮੋੜਨ ਵਿਚ ਕੋਈ ਅਕਲਮੰਦੀ ਨਾ ਸਮਝੀ। ਲਾਰੀ ਚਲਦੀ ਗਈ। ਅਸਵਾਰੀਆਂ ਚੜ੍ਹਦੀਆਂ ਉਤਰਦੀਆਂ ਗਈਆਂ।

ਰਾਹ ਵਿਚੋਂ ਇਕ ਹੋਰ ਜ਼ਨਾਨੀ ਅਸਵਾਰੀ ਚੜ੍ਹੀ। ਉਹਦੀ ਉਮਰ ਭਾਵੇਂ ਤੀਹ ਸਾਲ ਦੇ ਲਗਭਗ ਸੀ, ਪਰ ਉਹਨੇ ਪੰਦਰਾਂ ਵਰ੍ਹਿਆਂ ਦੀ ਦਿੱਸਣ ਵਾਸਤੇ ਪੂਰਾ ਟਿੱਲ ਲਾਇਆ ਹੋਇਆ ਸੀ। ਉਮਰ ਦਾ ਇਕ ਇਕ ਸਾਲ ਲੁਕਾਉਣ ਵਾਸਤੇ ਉਹਨੇ ਇਕ ਇਕ ਤਹਿ ਪਾਊਡਰ ਦੀ ਮੂੰਹ ਉਤੇ ਥੱਪੀ ਹੋਈ ਮਾਲੂਮ ਹੁੰਦੀ ਸੀ। ਬੜੇ ਕੁਚੱਜੇ ਤਰੀਕੇ ਨਾਲ ਉਹਨੇ ਮੋਟੇ ਮੋਟੇ ਬੁੱਲ੍ਹ ਰੰਗੇ ਹੋਏ ਸਨ। ਵਾਲਾਂ ਦੇ ਫੁੱਲ ਚਿੜੀਆਂ ਵਿਖਾਉਣ ਵਾਸਤੇ ਉਹ ਪਲ ਪਲ ਪਿਛੋਂ ਸਿਰ ਤੋਂ ਦੁਪੱਟਾ ਲਾਹੁੰਦੀ ਧਰਦੀ ਸੀ। ਥੋੜੇ ਜੇਹੇ ਢਿਲਕੇ ਹੋਏ ਸਰੀਰ ਨੂੰ ਸਡੌਲ ਦੱਸਣ ਲਈ ਉਹਨੇ ਲੋੜ ਤੋਂ ਵਧ ਕੱਸਵੇਂ ਲੀੜੇ ਪਹਿਨੇ ਹੋਏ ਸਨ। ਏਨੀ ਮਿਹਨਤ ਕਰਨ 'ਤੇ ਵੀ ਉਹ ਸਾਊ ਨਜ਼ਰਾਂ ਵਿਚ ਸੁੰਦਰੀ ਨਹੀਂ ਸੀ ਭਾਸਦੀ। ਹਾਂ, ਸ਼ੋਖੀ ਉਹਦੇ ਅੰਗ ਅੰਗ ਵਿਚੋਂ ਜ਼ਰੂਰ ਫੁੱਟ ਫੁੱਟ ਨਿਕਲ ਰਹੀ ਸੀ।

ਸੀਟ ਉਤੇ ਬਹਿ ਕੇ ਉਹਨੇ ਇਕ ਇਕ ਅਸਵਾਰੀ ਵੱਲ ਬੜੇ ਧਿਆਨ ਨਾਲ ਵੇਖਿਆ। ਅੰਤ ਉਹਦੀ ਤਿੱਖੀ ਨਜ਼ਰ ਸਾਮ੍ਹਣੇ ਬੈਠੀ ਮਨਜੀਤ ਉਤੇ ਆ ਟਿਕੀ। ਉਹ ਬੜੀ ਚੁਭਵੀਂ ਨਿਗ੍ਹਾ ਨਾਲ ਮਨਜੀਤ ਵੱਲੇ ਵੇਖ ਰਹੀ ਸੀ। ਮਨਜੀਤ ਅੱਖੀਂ ਮੀਟੀ ਹੁੰਗਲਾ ਰਹੀ ਸੀ, ਇਸ ਵਾਸਤੇ ਇਕ ਓਬੜ ਇਸਤਰੀ ਦਾ ਅੱਖਾਂ ਪਾੜ ਪਾੜ

ਵੇਖਣਾ ਉਹਨੂੰ ਬੁਰਾ ਨਾ ਲੱਗਾ ।

ਲਾਰੀ ਇਕੋ ਵਾਰ ਹੁਝਕੇ ਨਾਲ ਖਲੀ ਹੋ ਗਈ। ਧੱਕੇ ਨਾਲ ਅਸਵਾਰੀਆਂ ਇਕ ਦੂੱਜੀ ਦੇ ਨਾਲ ਜਾ ਵੱਜੀਆਂ । ਇਕ ਅਧਖੜ ਉਮਰ ਦਾ ਰਾਹੀ ਅੱਗੋਂ ਭੱਜ ਕੇ ਪਾਸੇ ਹੋਇਆ ।

"ਦੀਹਦਾ ਨਹੀਂ, ਠੇਠਰਾ ! ਮਰਨਾ ਈਂ, ਤਾਂ ਰੇਲ ਹੇਠਾਂ ਸਿਰ ਦੇਹ ਜਾ ਕੇ । ਮੇਰਾ ਤਾਂ ਨਿੱਕਾ ਨਿੱਕਾ ਬਾਲ-ਬੱਚਾ ਏ ।" ਡਰਾਈਵਰ ਨੇ ਲੋਹਾ-ਲਾਖਾ ਹੋ ਕੇ ਕਿਹਾ ।

"ਏਹੋ ਜੇਹੇ ਦੀ ਲੱਤ-ਬਾਂਹ ਟੁੱਟ ਜੈ ਹੇਠਾਂ ਆ ਕੇ, ਤਾਂ ਫੇਰ ਪਤਾ ਲੱਗੇ । ਚੰਗਾ ਭਲਾ ਇਕ ਪਾਸੇ ਤੁਰਿਆ ਜਾਂਦਾ ਭੱਜ ਕੇ ਅੱਗੇ ਹੋ ਗਿਆ ਏ ।" ਅਗਲੀ ਸੀਟ 'ਤੇ ਬੈਠੇ ਹੈਟ ਵਾਲੇ ਬਾਬੂ ਨੇ ਗਰਮ ਹੋ ਕੇ ਕਿਹਾ ।

"ਵੇਖਿਆ ਜੇ ਨਾਂ, ਬਾਬੂ ਜੀ ! ਫੇਰ ਆਖਣਾ, ਡਰੇਵਰ ਸ਼ਰਾਬੀ ਸੀ ।" ਡਰਾਈਵਰ ਨੇ ਆਪਣੇ ਹਿਮਾਇਤੀ ਵੱਲੇ ਵੇਖਦਿਆਂ ਕਿਹਾ ।

"ਕੋਈ ਕੋਈ ਹੁੰਦੇ ਈ ਅੰਨ੍ਹੇ ਨੇ । ਪਤਾ ਨਹੀਂ, ਇਹਨਾਂ ਦੇਸੀਆਂ ਨੂੰ ਕਦੋਂ ਅਕਲ ਆਵੇਗੀ ।" ਇਹ ਕਹਿ ਕੇ ਪ੍ਰਦੇਸੀ ਹੈਟ ਵਾਲੇ ਨੇ ਆਪਣੇ ਆਪ ਨੂੰ ਦੇਸੀਆਂ ਤੋਂ ਵਖਰਾ ਕਰ ਲਿਆ ।

ਲਾਰੀ ਫੇਰ ਤੁਰੀ ਜਾ ਰਹੀ ਸੀ । ਏਸ ਰੌਲੇ ਨਾਲ ਕੁਲਵੰਤ ਜਾਗ ਪਿਆ ਸੀ । ਉਹ ਡੌਰ ਭੌਰਾ ਓਪਰੀਆਂ ਅਸਵਾਰੀਆਂ ਵੱਲ ਬਿਤਰ ਬਿਤਰ ਝਾਕ ਰਿਹਾ ਸੀ । ਮਨਜੀਤ ਦੇ ਕੰਨਾਂ ਵਿਚ ਅਜੇ ਤਕ ਡਰਾਈਵਰ ਦਾ ਵਾਕ ਗੂੰਜ ਰਿਹਾ ਸੀ, 'ਮਰਨਾ ਈਂ, ਤਾਂ ਰੇਲ ਹੇਠਾਂ ਸਿਰ ਦੇਹ ਜਾ ਕੇ ।' ਉਹ ਸੋਚਦੀ ਜਾ ਰਹੀ ਸੀ, 'ਉਂਞ ਮਰਨ ਦਾ ਇਹ ਢੰਗ ਬੜਾ ਸੌਖਾ ਏ । ਸਿਰਫ਼ ਇਕ ਅੱਖ-ਪਲਕਾਰੇ ਵਿਚ, ਗੱਡੀ ਦਾ ਪਹੀਆ ਉੱਪਰ ਦੀ ਲੰਘਿਆ ਤੇ ਸਭ ਕੁਝ ਸਮਾਪਤ । ਏਸਤਰ੍ਹਾਂ ਥਾਂ ਥਾਂ ਠੋਕਰਾਂ ਖਾਣ ਨਾਲੋਂ ਤੇ ਲੋਕਾਂ ਦੀ ਊਰ-ਊਰ ਕਰਾਉਣ ਨਾਲੋਂ ਚੰਗਾ ਨਹੀਂ ? ਨਾਲੇ ਮੈਂ ਹੋਰ ਜਿਉਂ ਕੇ ਲੈਣਾ ਵੀ ਕੀ ਏ ? ਕੋਈ ਸਾਕ ਨਹੀਂ, ਸੰਬੰਧੀ ਨਹੀਂ । ਜੀਹਨੂੰ ਮਾਪੇ ਤਿਆਗ ਦੇਣ, ਉਹਦਾ ਹੋਰ ਕੌਣ ਬਣੇ ? ਜੀਹਨੇ ਬਾਂਹ ਫੜੀ ਸੀ, ਉਹ ਛੱਡ ਗਿਆ, ਤਾਂ ਹੋਰ ਕਿਸੇ 'ਤੇ ਕਾਹਦਾ ਗਿਲ੍ਹਾ ? ਬੜੀ ਭਾਰੀ ਭੁੱਲ ਹੋਈ ਮੈਥੋਂ । ਏਸ ਵੇਲੇ ਦਾ ਪਤਾ ਹੁੰਦਾ, ਤਾਂ ਉਹਨਾਂ ਦੇ ਨਾਲ ਈ ਸੜ ਮਰਦੀ । ਆਹੰਦੇ ਨੇ, ਸਤੀ ਹੋਣਾ ਪਾਪ ਏ । ਪਰ ਅਹਿਨਾਂ ਧੱਕਿਆਂ ਧੋੜਿਆਂ ਨਾਲੋਂ ਤਾਂ—ਮੈਂ ਆਹੰਦੀ ਆਂ—ਸੌ ਦਰਜੇ ਚੰਗਾ ਏ । ਪਤੀ ਪਿੱਛੋਂ ਇਸਤਰੀ ਦਾ ਜਿਉਣਾ ਕਿਸ ਲੇਖੇ ? ਤੇ ਕੱਲ੍ਹੀ ਜ਼ਨਾਨੀ ਨੂੰ ਪਿੱਛੋਂ ਜਿਉਣ ਈ ਕੌਣ ਦੇਂਦਾ ਏ ? ਮੈਨੂੰ ਕਿਸੇ ਜਿਉਣ ਦਿਤਾ ? ਕੀ

ਇਹ ਜ਼ਿੰਦਗੀ ਏ ? ਕਾਂਵਾਂ ਕੁੱਤਿਆਂ ਤੋਂ ਡਰਦੀ ਮੈਂ ਚਿੱਟੀ ਲੋਥ ਧੂਹੀ ਫਿਰਦੀ ਆਂ। ਕੋਈ ਲੋੜ ਨਹੀਂ ਹੁਣ ਏਸ ਨੱਸ-ਭੱਜ ਦੀ। ਸਭ ਕੁਛ ਸਮਾਪਤ ਕਰ ਦਿਆਂਗੀ। ਆਤਮ-ਘਾਤ ਪਾਪ ਏ, ਤਾਂ ਹੋਵੇ ਪਿਆ। ਜਦੋਂ ਰੱਬ ਪੁੱਛੇਗਾ, ਦੱਸਾਂਗੀ ਉਹਨੂੰ, ਕਿ ਤੇਰੀ ਪੁੰਨਾਂ-ਭਰੀ ਦੁਨੀਆਂ ਵਿਚ ਇਕ ਮੈਂ ਈ ਪਾਪ ਕਰਨ ਵਾਲੀ ਹਾਂ ? ਬਸ ਠੀਕ ਏ। ਮੈਂ ਏਸ ਜੀਵਨ ਨੂੰ ਹੋਰ ਲੰਮਿਆਂ ਨਹੀਂ ਕਰਾਂਗੀ।'

"ਭਾਬੀ !" ਕਹਿੰਦਾ ਹੋਇਆ ਕੁਲਵੰਤ ਮਨਜੀਤ ਦੇ ਗਲ ਨਾਲ ਚੰਬੜ ਗਿਆ।

ਮਨਜੀਤ ਦੇ ਖ਼ਿਆਲਾਂ ਦੀ ਲੜੀ ਟੁੱਟ ਗਈ। ਉਹਦੇ ਅੰਦਰੋਂ ਇਨਸਾਨੀ-ਮੋਹ ਪੁਕਾਰ ਉਠਿਆ, 'ਦੱਸ, ਕਿਵੇਂ ਕਰੇਂਗੀ ਤੂੰ ਆਤਮ-ਘਾਤ ? ਇਹਦਾ ਪਿੱਛੇ ਕੌਣ ਏ ? ਤੈਨੂੰ ਇਹਦੇ ਬਦਲੇ ਜਿਉਣਾ ਪਵੇਗਾ।'

"ਜੀਵਾਂਗੀ ਮੈਂ। ਮੈਨੂੰ ਇਹਦੇ ਬਦਲੇ ਜਿਊਣਾ ਈ ਪਵੇਗਾ।' ਮਨ ਹੀ ਮਨ ਵਿਚ ਮਨਜੀਤ ਨੇ ਜ਼ਿੰਦਗੀ ਨਾਲ ਸਮਝੌਤਾ ਕਰ ਲਿਆ। ਕੁਲਵੰਤ ਦਾ ਮੂੰਹ ਚੁੰਮ ਕੇ ਉਹਨੇ ਪੁਛਿਆ, "ਕੀ ਆ ਬੱਲੀ !"

"ਅਹੁ।" ਉਸ ਉਚ ਵੇਂ ਫ਼ੈਸ਼ਨ ਵਾਲੀ ਇਸਤਰੀ ਵੱਲ ਉਂਗਲ ਕਰਕੇ ਕੁਲਵੰਤ ਨੇ ਸ਼ਕਾਇਤ ਕੀਤੀ।

ਮਨਜੀਤ ਨੇ ਨਹੀਂ ਸੀ ਵੇਖਿਆ। ਸਾਮ੍ਹਣੇ ਬੈਠੀ ਜ਼ਨਾਨੀ ਲਾਡ ਨਾਲ ਕੁਲਵੰਤ ਨੂੰ ਛੇੜ ਰਹੀ ਸੀ। ਉਹ ਕੁਲਵੰਤ ਨੂੰ ਹਸਦਾ ਵੇਖਣਾ ਚਾਹੁੰਦੀ ਸੀ। ਮਗਰ ਬੱਚਾ ਹੱਸਣ ਦੇ ਰੌਂ ਵਿਚ ਨਹੀਂ ਸੀ। ਉਹਦਾ ਮਾਸੂਮ ਦਿਲ ਵੀ ਸ਼ਾਇਦ ਆਪਦੀ ਦੁਖੀ ਅਵਸਥਾ ਨੂੰ ਅਨਭਵ ਕਰ ਰਿਹਾ ਸੀ। ਗੱਲ ਤੋਰਨ ਵਾਸਤੇ ਉਸ ਇਸਤਰੀ ਨੇ ਕੁਲਵੰਤ ਦਾ ਹੱਥ ਫੜ ਕੇ ਕਿਹਾ, "ਨਾਨਕੇ ਚੱਲਿਆ ਏਂ ਸਗੋਂ ? ਆ ਮੇਰੇ ਕੋਲ।"

ਕੁਲਵੰਤ ਨੇ 'ਊਂ' ਕਰਕੇ ਹੱਥ ਛੁਡਾ ਲਿਆ।

ਮਨਜੀਤ ਨੇ ਸਾਮ੍ਹਣੇ ਬੈਠੀ ਵੱਲ ਨਿਗ੍ਹਾ ਭਰ ਕੇ ਇਕ ਵਾਰ ਤਕਿਆ, ਪਰ ਮੂੰਹੋਂ ਕੁਛ ਨਾ ਕਿਹਾ।

ਉਹ ਸੱਜਰੀ-ਬਣੀ-ਸ਼ਹਿਰਨ ਮਨਜੀਤ ਨਾਲ ਗੱਲਾਂ ਕਰਨੀਆਂ ਚਾਹੁੰਦੀ ਸੀ। ਏਸੇ ਵਾਸਤੇ ਉਹ ਕੁਲਵੰਤ ਨੂੰ ਵਾਰ ਵਾਰ ਛੇੜ ਰਹੀ ਸੀ। ਗੱਲ ਤੁਰਦੀ ਤੁਰਦੀ ਰੁਕ ਗਈ। ਇਸ ਨੂੰ ਉਹਨੇ ਚੰਗਾ ਮਹਿਸੂਸ ਨਾ ਕੀਤਾ। ਉਹਦੇ ਅੰਦਰ ਪੁੱਛ-ਦੱਸ ਕਰਨ ਦੀ ਭਟਕੀ ਸਗੋਂ ਵਧ ਗਈ। ਉਹਨੇ ਮਨਜੀਤ ਦੀਆਂ ਅੱਖਾਂ ਵਿਚ ਤਕ-ਦਿਆਂ ਕੁਲਵੰਤ ਨੂੰ ਫਿਰ ਕਿਹਾ, "ਵੇ ਮੈਂ ਤੇਰੀ ਮਾਸੀ ਆਂ। ਤੂੰ ਮੈਨੂੰ ਸਿਆਣਿਆਂ

ਨਹੀ ?"

"ਮੇਰੀ ਮਾਸੀ ਕੋਈ ਨਹੀਂ।" ਕੁਲਵੰਤ ਨੇ ਦੋਵੇਂ ਨਿਕੇ ਨਿਕੇ ਹੱਥ ਪਿਛਾਂਹ ਕਰਕੇ ਮੱਲੋ ਮੱਲੀ ਦਾ ਰਿਸ਼ਤਾ ਮੰਨਣ ਤੋਂ ਇਨਕਾਰ ਕਰ ਦਿਤਾ।

"ਨਹੀਂ ਬੱਲੇ! ਤੇਰੇ ਮਾਸੀ ਜੀ ਨੇ!" ਮਨਜੀਤ ਨੇ ਉਹਦਾ ਦਿਲ ਰੱਖਣ ਬਦਲੇ ਹਾਮੀਂ ਭਰ ਦਿਤੀ।

"ਭੈਣ! ਬੜੀ ਉਦਾਸ ਮਲੂਮ ਹੁੰਦੀ ਏਂ। ਕੀ ਗੱਲ ਏ ?" ਮਨਜੀਤ ਨਾਲ ਨੇੜ-ਗੰਢਣ ਲਈ ਉਹਨੇ ਹਮਦਰਦੀ ਨਾਲ ਪੁੱਛਿਆ।

"ਆਪਣੇ ਭਾਗ, ਭੈਣ ਜੀ!"

"ਕਿੱਥੇ ਜਾਣਾ ਈਂ ?"

"ਜਿੱਥੇ ਕਿਸਮਤ ਲੈ ਜਾਏ।"

"ਸੁੱਖ ਤਾਂ ਹੈ ? ਤੂੰ ਤਾਂ ਬਾਹਲੀ ਈ ਡੋਲੀ ਹੋਈ ਲੱਗਦੀ ਏਂ।"

"ਸਭ ਸੁੱਖ ਏ। ਦੁੱਖ ਓਨਾ ਚਿਰ ਹੁੰਦਾ ਏ, ਜਿੰਨਾ ਚਿਰ ਕਿਸੇ ਗਿਣਤੀ ਮਿਣਤੀ ਵਿਚ ਹੋਵੇ। ਜਦ ਹੱਦੋਂ ਟੱਪ ਜਾਏ, ਫਿਰ ਦੁਖ ਸੁਖ ਦੀ ਸੋਝੀ ਈ ਮਿਟ ਜਾਂਦੀ ਏ।" ਨਾਲ ਹੀ ਮਨਜੀਤ ਦੇ ਮੂੰਹੋਂ ਜਵਾਲਾ-ਮੁਖੀ ਵਾਂਗ ਇਕ ਬਲਦਾ ਹਉਕਾ ਨਿਕਲ ਗਿਆ।

"ਬੰਦਾ ਬੰਦੇ ਦਾ ਦਾਰੂ ਹੁੰਦਾ ਏ, ਬੀਬੀ! ਜੇ ਮੈਂ ਤੇਰੀ ਕੋਈ ਸੇਵਾ ਕਰ ਸੱਕਾਂ ਤਾਂ!"

ਮਨਜੀਤ ਨੇ ਬੜੇ ਉਚੇਚ ਨਾਲ ਉਸ ਦੀਆਂ ਅੱਖਾਂ ਵਿਚ ਵੇਖਿਆ। ਸ਼ਾਇਦ ਉਹਦੀ ਦੁਖੀ ਰੂਹ ਕਹਿ ਰਹੀ ਸੀ, 'ਬੰਦਾ ਬੰਦੇ ਦਾ ਦੀਰੂ ਜਾਂ ਵੈਰੀ ?' ਪਰ ਉਹਨੇ ਇਹ ਸ਼ਬਦ ਜ਼ਬਾਨ 'ਤੇ ਨਹੀਂ ਆਉਣ ਦਿਤੇ। ਅੱਖਾਂ ਨੀਂਵੀਂਆਂ ਕਰ ਕੇ ਉਹਨੇ ਏਨਾ ਹੀ ਕਿਹਾ, "ਹੱਛਾ ਜੀ! ਉਤਰ ਕੇ ਗੱਲਾਂ ਕਰਾਂਗੇ,ਜੇ ਤੁਸੀਂ ਸੁਣ ਸੱਕੇ ਤਾਂ।"

ਮਨਜੀਤ ਨਾਲ ਗੱਲ ਖਲੋ ਗਈ, ਪਰ ਸਾਥਣ ਕੁਲਵੰਤ ਨੂੰ ਛੇੜ ਛੇੜ ਛੋਟੀਆਂ ਛੋਟੀਆਂ ਗੱਲਾਂ ਕਰਦੀ ਗਈ।

ਲਾਹੌਰ ਆ ਗਿਆ। ਲ ਰੀ ਸੁਲਤਾਨ ਦੀ ਸਰਾਂ ਵਿਚ ਜਾ ਰੁਕੀ। ਮਜ਼ਦੂਰਾਂ ਨੇ ਭੱਜ ਕੇ ਘੇਰਾ ਪਾ ਲਿਆ। "ਸਮਾਨ. ਸਰਦਾਰ ਜੀ! ਕੁੱਲੀ ਬਾਬੂ ਜੀ!" ਚੁਫੇਰੇ ਰੌਲਾ ਪੈ ਗਿਆ। ਅਸਵਾਰੀਆਂ ਨਾਲੋਂ ਮਜ਼ਦੂਰਾਂ ਦੀ ਗਿਣਤੀ ਵਧੇਰੇ ਸੀ। ਉਹਨਾਂ ਵਿਚੋਂ ਸਿਰਫ ਇਕ-ਦੋਂਹ ਦਾ ਹੀ ਕਿਸਮਤ ਨੇ ਸਵਾਗਤ ਕੀਤਾ। ਉਹ ਸਾਮਾਨ ਚੁੱਕ ਕੇ ਮਾਲਕਾਂ ਦੇ ਮਗਰ ਲੱਗ ਤੁਰੇ। ਬਾਕੀ ਸਾਰੇ ਉਦਾਸ ਹੋ ਕੇ ਏਧਰ ਓਧਰ ਖਿੱਲਰ ਗਏ।

ਮਨਜੀਤ ਗੰਢੜੀ ਫੜ ਕੇ ਬਾਲ ਨੂੰ ਮੋਢੇ ਲਾਈ ਉਤਰੀ। ਕੁਲਵੰਤ ਦੀ ਨਵੀਂ ਬਣੀ ਮਾਸੀ ਵੀ ਲੱਕੜੀ ਦੇ ਦਸਤੇ ਵਾਲਾ ਕੱਪੜੇ ਦਾ ਝੋਲਾ ਹੱਥ ਵਿਚ ਲਟਕਾਈ ਉਤਰੀ। ਭੀੜ ਤੋਂ ਇਕ ਪਾਸੇ ਹੋ ਕੇ ਉਹਨੇ ਮੁਸਕਰਾਉਣ ਦਾ ਯਤਨ ਕਰਦਿਆਂ ਕਿਹ, "ਭੈਣ ਜੀ ! ਆ ਫਿਰ ਦੋ ਦਿਨ ਮੇਰੇ ਕੋਲ ਰਹੋ। ਜਰਾ ਜੀ ਵੱਲ ਹੋ ਜਾਵੇਗਾ, ਤਾਂ ਚਲੀ ਜਾਈਂ। ਮੇਰਾ ਨਾਂ ਪਰਕਾਸ਼ ਕੌਰ ਏ। ਮੈਂ ਗੁਰਦੁਆਰਾ ਡੇਹਰਾ ਸਾਹਬ ਦੇ ਪਰਧਾਨ ਦੀ ਨੌਂਹ ਆਂ। ਮੇਰਾ ਸਰਦਾਰ ਜੀ ਵੀ ਏਥੇ ਈ ਰਹਿੰਦਾ ਏ। ਨਾਲੇ ਘਰ ਬਹਿ ਕੇ ਰਮਾਨ ਨਾਲ ਦੁਖ ਸੁਖ ਫੋਲਾਂਗੀਆਂ।" ਪਰਕਾਸ਼ ਕੌਰ ਨੇ 'ਜੀ' ਤਾਂ ਮਨਜੀਤ ਦੀ ਰੀਸ ਨਾਲ ਆਖ ਲਿਆ, ਪਰ ਅਗ੍ਹਾਂ ਉਸ ਵਿਆਕਰਣਕ ਢੰਗ ਨੂੰ ਉਹ ਨਿਭਾ ਨਾ ਸੱਕੀ।

ਮਨਜੀਤ ਇਕ ਮਿੰਟ ਚੁੱਪ ਚਾਪ ਉਹਦੇ ਮੂੰਹ ਵੱਲ ਵੇਖਣ ਪਿੱਛੋਂ ਅੱਖਾਂ ਭਰ ਕੇ ਬੋਲੀ, "ਭੈਣ ਜੀ ! ਮੈਂ ਕਿਸਮਤ ਦੀ ਮਾਰੀ ਹੋਈ ਜੇ। ਮੇਰਾ ਦਿਲ ਬੜਾ ਵਿਸਵਾਸੀ ਜੇਹਾ ਹੋ ਗਿਆ ਏ। ਵੇਖਿਓ, ਕੋਈ ਧੋਖਾ ਨਾ ਹੋਵੇ।" ਮਨਜੀਤ ਦੀਆਂ ਅੱਖਾਂ ਵਿਚ ਆਏ ਹੰਝੂਆਂ ਦਾ ਭਾਰ ਉਹਦੀਆਂ ਝਿਮਣੀਆਂ ਸਹਿ ਨਾ ਸੱਕੀਆਂ, ਤੇ ਉਹ ਨਿਕਦਰੇ ਹੋ ਕੇ ਧਰਤੀ 'ਤੇ ਢਹਿ ਪਏ।

"ਵਾ-ਗੁਰੂ ਆਖ, ਬੀਬੀ ! ਤੇਰਾ ਮੇਰਾ ਰੱਬ ਜਾਮਨ। ਮੈਂ ਤਾਂ ਤੈਨੂੰ ਛੋਟੀ ਭੈਣ ਜਾਣ ਕੇ ਆਖਿਆ ਏ।" ਪਰਕਾਸ਼ ਕੌਰ ਨੇ ਪੱਲੇ ਨਾਲ ਮਨਜੀਤ ਦੀਆਂ ਅੱਖਾਂ ਪੂੰਝਦਿਆਂ ਦਿਲਬਰੀ ਦਿਤੀ।

"ਨਹੀਂ, ਭੈਣ ਜੀ ! ਤੁਹਾਡੇ ਤੇ ਤਾਂ ਮੈਨੂੰ ਕੋਈ ਸ਼ੱਕ ਨਹੀਂ। ਦੁਖੀਏ ਆਪਣੇ ਪਰਛਾਵੇਂ ਤੋਂ ਵੀ ਡਰਨ ਦੇ ਆਦੀ ਹੋ ਜਾਂਦੇ ਨੇ।" ਮਨਜੀਤ ਦੀਆਂ ਗਿੱਲੀਆਂ ਅੱਖਾਂ ਵਿਚ ਸੈਂਕੜੇ ਦੁੱਖਾਂ ਦੇ ਪਰਛਾਵੇਂ ਝਲਕ ਰਹੇ ਸਨ।

"ਆਓ, ਚੱਲੀਏ।" ਪਰਕਾਸ਼ ਕੌਰ ਨੇ ਕੁਲਵੰਤ ਨੂੰ ਬਾਂਹੋਂ ਫੜ ਕੇ ਆਪਣੇ ਵੱਲ ਖਿਚਦਿਆਂ ਕਿਹਾ।

ਤਾਂਗਿਆਂ ਵੱਲ ਪੈਰ ਪੁਟਦਿਆਂ ਪਰਕਾਸ਼ ਕੌਰ ਨੇ ਵਾਜ ਮਾਰੀ, "ਵੇ ਤਾਂਗਾ।"

"ਆਇਆ, ਬੀਬੀ ਜੀ !" ਦੋ-ਤਿੰਨ ਵਾਜਾਂ ਕੱਠੀਆਂ ਆਈਆਂ।

"ਸ਼ੁਾਲਮੀ ਜਾਣਾ ਜੇ ? ਨਾਰ ਕਲੀ, ਨਿਸਬਤ ਰੋਡ, ਭਾਟੀ ਦਰਵਾਜ਼ਾ।" ਇਕ ਗਭਰੂ ਨੇ ਕਾਹਲੇ ਕਦਮੀਂ ਕੋਲ ਅੱਪੜ ਕੇ ਪਰਕਾਸ਼ ਕੌਰ ਦੇ ਹੱਥੋਂ ਝੋਲਾ ਫੜਦਿਆਂ ਕਿਹਾ।

"ਡੇਹਰਾ ਸਾਹਬ।"

"ਆਓ।" ਉਹਨੇ ਤਾਂਗੇ ਵੱਲ ਇਸ਼ਾਰਾ ਕਰਕੇ ਕਿਹਾ, "ਲਿਆਓ ਭੈਣ ਜੀ! ਤੁਸੀਂ ਵੀ ਗੰਢੜੀ ਫੜਾ ਦਿਓ।" ਤੇ ਉਹਨੇ ਮਨਜੀਤ ਹੱਥੋਂ ਵੀ ਗੰਢੜੀ ਫੜ ਲਈ।

"ਪੈਸੇ ਦੱਸ ਪਹਿਲਾਂ।" ਪਰਕਾਸ਼ ਕੌਰ ਨੇ ਤਾਂਗੇ ਕੋਲ ਪੁਜ ਕੇ ਪੁੱਛਿਆ।

"ਤੁਹਾਥੋਂ ਬੀਬੀ ਜੀ! ਵੱਧ ਲੈਣੇ ਨੇ। ਵੱਧ ਲੈ ਕੇ ਰਹਿਣਾ ਕਿੱਥੇ ਹੋਇਆ ਅਸਾਂ? ਜੋ ਤੁਹਾਡੀ ਮਰਜ਼ੀ ਹੋਵੇ, ਦਿਉ ਜੇ। ਆਉ ਬੈਠੋ।"

ਅਗਲੀ ਸੀਟ 'ਤੇ ਪਰਕਾਸ ਕੌਰ ਤੇ ਮਗਰਲੀ 'ਤੇ ਮਨਜੀਤ ਬੈਠ ਗਈ। ਤਾਂਗਾ ਤੁਰ ਪਿਆ। ਪਰਕਾਸ਼ ਕੌਰ ਨੇ ਮਨਜੀਤ ਦੀ ਗੰਢੜੀ ਫੜ ਕੇ ਉਹਦੇ ਕੋਲ ਸੀਟ 'ਤੇ ਧਰ ਦਿਤੀ। ਉਹਦਾ ਵਿਸ਼ਵਾਸ ਹਾਸਲ ਕਰਨ ਵਾਸਤੇ ਇਹ ਚੰਗਾ ਢੰਗ ਸੀ।

ਮਨਜੀਤ ਚੁੱਪ-ਚਾਪ ਆਪਣੀ ਸੀਟ 'ਤੇ ਬੈਠੀ ਕੁਛ ਸੋਚ ਰਹੀ ਸੀ। ਪਰਕਾਸ਼ ਕੌਰ ਤੇ ਤਾਂਗੇ ਵਾਲੇ ਦੀਆਂ ਗੱਲਾਂ ਤਾਂ ਹੀ ਮੁੱਕੀਆਂ, ਜਾਂ ਤਾਂਗਾਂ ਡੇਹਰਾ ਸਾਹਿਬ ਦੇ ਸਾਮ੍ਹਣੇ ਜਾ ਖਲਾ।

## ੫,

ਤਾਂਗਿਓਂ ਉੱਤਰ ਕੇ ਦੋਵੇਂ ਡੇਹਰਾ ਸਾਹਿਬ ਮੱਥਾ ਟੇਕਣ ਵਾਸਤੇ ਵਧੀਆਂ। ਬਾਹਰਲੇ ਬੂਹੇ ਅੱਗੇ ਸੱਜਣ ਸਿੰਘ ਪਹਿਰੇ 'ਤੇ ਖਲਾ ਸੀ। ਪਰਕਾਸ਼ ਕੌਰ ਨੇ ਕੁਲਵੰਤ ਨੂੰ ਉਂਗਲ ਲਾ ਕੇ ਸੱਜਣ ਸਿੰਘ ਵੱਲ ਇਸ਼ਾਰਾ ਕਰਦਿਆਂ ਕਿਹਾ, "ਅਹੁ ਵੇਖ ਕਾਕਾ! ਤੇਰਾ ਮਾਸੜ।" ਉਹ ਕੁਲਵੰਤ ਨੂੰ ਮਨਜੀਤ ਦਾ ਪੁੱਤਰ ਹੀ ਸਮਝਦੀ ਸੀ।

ਮਨਜੀਤ ਨੇ ਸਰਸਰੀ ਨਜ਼ਰ ਨਾਲ ਝਾਕਕੇ ਅੱਖਾਂ ਨੀਵੀਂਆਂ ਕਰ ਲਈਆਂ।

"ਪਰਕਾਸ਼ੋ! ਏਨੇ ਦਿਨ ਲਾ ਆਈ ਏਂ?" ਸੱਜਣ ਸਿੰਘ ਨੇ ਖੱਬੀ ਮੁੱਛ 'ਤੇ ਹੱਥ ਫੇਰਦਿਆਂ ਕਿਹਾ। ਨਾਲ ਹੀ ਉਹਨੇ ਅੱਖ ਦੇ ਇਸ਼ਾਰੇ ਨਾਲ ਇਹ ਵੀ ਪੁਛਿਆ, ਕਿ ਤੇਰੇ ਨਾਲ ਦੀ ਕੌਣ ਏ?

"ਤੁਸਾਂ ਐਂਹਕੀਂ ਵਹੀਰ ਵਡੇ ਚੰਗੇ ਸਹੇੜੇ ਨੇ। ਉਹ ਬੁਢੜੀ ਦੇ ਆਖੇ ਈ ਨਹੀਂ ਲਗਦੇ। ਛੱਡੋ ਏਸ ਕਜੀਏ ਨੂੰ, ਤੇ ਦੋਵੇਂ ਭਰਾ ਪਿੰਡ ਚੱਲਕੇ ਜ਼ਮੀਨ ਸੰਭਾਲੋ।" ਪਰਕਾਸ਼ੋ ਨੇ ਬਨਾਉਟੀ ਗੁਸਾ ਪਰਗਟ ਕਰਦਿਆਂ ਕਿਹਾ। ਨਾਲ-ਹੀ ਉਹਨੇ ਖੱਬੀ ਅੱਖ ਦੱਬ ਕੇ ਸਮਝਾ ਦਿਤਾ, ਕਿ ਸੱਜਣ ਸਿੰਘ ਹੋਰ ਕੋਈ ਗੱਲ ਕੱਥ

ਨਾ ਕਰੇ।

ਪਰਕਾਸ਼ੋ ਆਪਣਾ ਝੋਲਾ ਸੱਜਣ ਸਿੰਘ ਨੂੰ ਫੜਾ ਕੇ ਅੰਦਰ ਲੰਘ ਗਈ। ਉਹਦੇ ਮਗਰੇ ਮਨਜੀਤ ਵੀ ਦਹਲੀਜਾਂ 'ਤੇ ਸਿਰ ਝੁਕਾ ਕੇ ਅਗਾਂ ਲੰਘੀ। ਪਰਕਾਸ਼ੋ ਨੇ ਰਸਮੀ ਮੱਥਾ ਟੇਕਿਆ। ਪਰ ਦੁਖੀਆ ਮਨਜੀਤ ਦੀਆਂ ਮੱਥਾ ਟੇਕਣ ਲੱਗਿਆਂ ਭਰੀਆਂ ਹੋਈਆਂ ਅੱਖਾਂ ਡੁੱਲ੍ਹ ਪਈਆਂ। ਉਹਨੇ ਗੁਰੂ ਮਹਾਰਾਜ ਅੱਗੇ ਇਕੋ ਸਾਹੇ ਸੈਂਕੜੇ ਅਰਜ਼ੋਈਆਂ ਕੀਤੀਆਂ। ਪਰਸਾਦ ਲੈ ਕੇ ਦੋਵੇਂ ਪਿਛੇ ਪਰਤੀਆਂ। ਬੂਹੇ ਵਿਚ ਆ ਕੇ ਪਰਕਾਸ਼ੋ ਨੇ ਸੱਜਣ ਸਿੰਘ ਕੋਲੋਂ ਝੋਲਾ ਫੜਦਿਆਂ ਪੁੱਛਿਆ, "ਕੁੰਜੀ ਕਿੱਥੇ ਆ?"

"ਗੱਜਣ ਸੁੰਹ ਘਰੇ ਆ। ਸਗੋਂ ਉਹਨੂੰ ਜਰਾ ਅੰਧਰ ਘੱਲੀਂ।" ਪੱਕੀ ਹੋਈ ਆਦਤ ਅਨੁਸਾਰ ਸੱਜਣ ਸਿੰਘ ਨੇ ਖੱਬੀ ਮੁੱਛ 'ਤੇ ਹੱਥ ਫੇਰਦਿਆਂ ਉਤਰ ਦਿਤਾ।

ਮਨਜੀਤ ਨੂੰ ਨਾਲ ਲੈ ਕੇ ਪਰਕਾਸ਼ੋ ਆਪਣੇ ਘਰ ਵੱਲ ਤੁਰ ਪਈ।

ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਡੇਹਰਾ ਸਾਹਿਬ ਦੇ ਨਾਲ ਹੀ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਹੈ। ਇਹ ਦਸ-ਬਾਰਾਂ ਫੁਟ ਉੱਚੇ ਚੌਖੇ ਖੁਲ੍ਹੇ ਥੜੇ ਉਤੇ ਬੜੀ ਸ਼ਾਨਦਾਰ ਬਣੀ ਹੋਈ ਹੈ। ਥੜੇ ਦੀ ਦੱਖਣ ਦੀ ਬਾਹੀ ਸ਼ਾਹੀ ਮਸਜਿਦ ਦੀ ਉਚੀ ਕੰਧ ਹੈ। ਚੜ੍ਹਦੀ ਤਰਫ਼ ਥੜੇ ਦੇ ਉਪਰ ਕਮਰਿਆਂ ਦੀ ਪਾਲ ਹੈ। ਇਹਨਾਂ ਕਮਰਿਆਂ ਵਿਚ ਗੁਰਦੁਆਰਾ ਕਮੇਟੀ ਦਾ ਦਫ਼ਤਰ ਹੁੰਦਾ ਸੀ। ਪਹਾੜ ਦੀ ਬਾਹੀ ਥੜੇ ਦੇ ਥੱਲੇ ਛੋਟੇ ਛੋਟੇ ਕਮਰੇ ਹਨ, ਜਿਨ੍ਹਾਂ ਦੀ ਛੱਤ ਹੀ ਥੜੇ ਦਾ ਫ਼ਰਸ਼ ਹੈ। ਇਹਨਾਂ ਤੰਗ ਕਮਰਿਆਂ ਵਿਚ ਕਮੇਟੀ ਦੇ ਸੇਵਾਦਾਰ ਰਹਿੰਦੇ ਸਨ। ਥੜੇ ਦੇ ਲਹਿੰਦੇ ਪਾਸੇ ਵੀ ਉਪਰ ਕਮਰਿਆਂ ਦੀ ਪਾਲ ਹੈ। ਇਹਨਾਂ ਵਿਚ ਕਮੇਟੀ ਦਾ ਸਕੱਤਰ ਤੇ ਪਰਧਾਨ ਰਹਿੰਦੇ ਸਨ। ਸੱਜਣ ਸਿੰਘ, ਗੱਜਣ ਸਿੰਘ—ਦੋਵੇਂ ਭਰਾ—ਭਾਵੇਂ ਸਾਧਾਰਨ ਸੇਵਾਦਾਰ ਸਨ ਕਮੇਟੀ ਦੇ, ਪਰ ਉਹ ਪਰਧਾਨ ਸਾਹਿਬ ਦੇ ਭਤੀਜੇ ਹੋਣ ਕਰਕੇ ਉਪਰਲੇ ਖੁੱਲ੍ਹੇ ਕਮਰਿਆਂ ਵਿਚ ਰਹਿੰਦੇ ਸਨ। ਲਹਿੰਦੇ ਪਾਸੇ ਦੀਆਂ ਪੌੜੀਆਂ ਚੜ੍ਹਦਿਆਂ ਪਹਿਲੇ ਦੋਵੇਂ ਕਮਰੇ ਉਹਨਾਂ ਦੇ ਕਬਜ਼ੇ ਵਿਚ ਸਨ।

ਜਦ ਪਰਕਾਸ਼ੋ ਤੇ ਮਨਜੀਤ ਬੂਹੇ ਕੋਲ ਪੁਜੀਆਂ, ਅਗੇ ਗੱਜਣ ਸਿੰਘ ਕਮਰੇ ਨੂੰ ਜੰਦਰਾ ਮਾਰ ਰਿਹਾ ਸੀ। ਪਰਕਾਸ਼ੋ ਨੇ ਉਸ ਵੱਲ ਇਸ਼ਾਰਾ ਕਰਕੇ ਮਨਜੀਤ ਨੂੰ ਦੱਸਿਆ, "ਭੈਣ ਜੀ! ਇਹ ਮੇਰਾ ਦਿਉਰ ਏ; ਬੜਾ ਬੀਬਾ ਮੁੰਡਾ ਏ।"

ਮਨਜੀਤ ਨੂੰ ਇਹ ਬੇ-ਮੌਕਿਆ ਕੀਤੀ ਹੋਈ ਤਾਰੀਫ਼ ਕੁਛ ਓਪਰੀ ਜੇਹੀ ਲੱਗੀ।

ਗੱਜਣ ਸਿੰਘ ਨੇ ਪਰਕਾਸ਼ੋ ਨੂੰ ਵੇਖ ਕੇ ਚਾਬੀ ਜੰਦਰੇ ਦੇ ਵਿਚੇ ਛੱਡ ਦਿਤੀ। ਉਹਦੇ ਨਾਲ ਆ ਰਹੀ ਇਕ ਹੋਰ ਮੁਟਿਆਰ ਨੂੰ ਵੇਖ ਕੇ ਗੱਜਣ ਸਿੰਘ ਕੁਛ ਕਹਿਣਾ ਹੀ ਚਹੁੰਦਾ ਸੀ, ਜਾਂ ਪਰਕਾਸ਼ੋ ਨੇ ਅੱਖ ਦੇ ਇਸ਼ਾਰੇ ਨਾਲ ਉਹਨੂੰ ਚੁੱਪ ਰਹਿਣ ਦਾ ਸੰਕੇਤ ਕਰਦਿਆਂ ਕਿਹਾ, "ਜਾਹ, ਤੇਰਾ ਭਰਾ ਸੱਦਦਾ ਸੀ। ਸਗੋਂ ਉਹਨੂੰ ਘਰ ਨੂੰ ਘੱਲੀਂ ਜਰਾ।"

ਗੱਜਣ ਸਿੰਘ ਮੁਸਕੜੀਆਂ 'ਚ ਖਚਰੀ ਜੇਹੀ ਹਾਸੀ ਹਸਦਾ ਚਲਾ ਗਿਆ। ਪਰਕਾਸ਼ੋ ਨੇ ਕੁੰਜੀ ਫੇਰ ਕੇ ਜੰਦਰਾ ਲਾਹਿਆ। ਫਿਰ ਉਹ ਬੂਹਾ ਖੋਲ੍ਹਦੀ ਹੋਈ ਬੋਲੀ, "ਆ ਜਾ, ਭੈਣ!"

ਇਹ ਬਰਾ-ਬਰਾਬਰ ਦੋ ਕਮਰੇ ਹਨ। ਦੂਜੇ ਕਮਰੇ ਦਾ ਇਕ ਬੂਹਾ ਇਸ ਕਮਰੇ ਵਿਚ ਖੁਲ੍ਹਦਾ ਹੈ। ਦੋਵੇਂ ਜਣੀਆਂ ਅਗਲੇ ਕਮਰੇ ਵਿਚ ਲੰਘ ਗਈਆਂ। ਮਗਰਲੇ ਪਾਸੇ ਦੀ ਬਾਰੀ ਖੋਲ੍ਹਦਿਆਂ ਪਰਕਾਸ਼ੋ ਨੇ ਮੰਜੇ ਵੱਲ ਇਸ਼ਾਰਾ ਕਰ ਕੇ ਕਿਹਾ, "ਬੈਠੋ ਮਾਂ-ਪੁੱਤ। ਮੈਂ ਕੁਛ ਪਾਣੀ-ਧਾਣੀ ਦਾ ਆਹਰ-ਪਾਹਰ ਕਰਾਂ।"

ਮਨਜੀਤ ਡੱਠੇ ਹੋਏ ਮੰਜੇ 'ਤੇ ਬਹਿ ਗਈ। ਇਕ ਪਾਸੇ ਗੋਡੇ ਕੋਲ ਉਹਨੇ ਕੁਲਵੰਤ ਨੂੰ ਬਿਠਾ ਲਿਆ। ਗੰਢੜੀ ਉਹਨੇ ਮੰਜੇ ਦੇ ਸਰ੍ਹਾਣੇ ਵੱਲ ਰਖ ਲਈ। ਇਕ ਵੇਰਾਂ ਉਹਨੇ ਚੁਫੇਰੇ ਝਾਤੀ ਪਾ ਕੇ ਕਮਰੇ ਵਿਚ ਪਏ ਸਾਮਾਨ ਵੱਲ ਵੇਖਿਆ।

ਪਰਕਾਸ਼ੋ ਕਮਰਿਓਂ ਬਾਹਰ ਨਿਕਲ ਗਈ। ਉਹ ਪੌੜੀਆਂ ਅੱਗੇ ਖਲੋ ਕੇ ਸੱਜਣ ਸਿੰਘ ਨੂੰ ਉਡੀਕਣ ਲੱਗੀ। ਉਹ ਮਨਜੀਤ ਤੋਂ ਵਖਰੀ ਹੋ ਕੇ ਸੱਜਣ ਸਿੰਘ ਨੂੰ ਕੁਛ ਸਮਝਾਉਣਾ ਚਹੁੰਦੀ ਸੀ। ਉਹਨੂੰ ਖਲੀ ਨੂੰ ਦੋ ਚਾਰ ਮਿੰਟ ਹੀ ਹੋਏ ਸਨ, ਜਾਂ ਸੱਜਣ ਸਿੰਘ ਆ ਗਿਆ। ਉਹਨੇ ਖੱਬੀ ਮੁੱਛ ਮਰੋੜਦਿਆਂ ਪੁਛਿਆਂ, "ਕਿਉਂ? ਸੁਣਾ? ਇਹ ਨਾਲਦੀ......?"

"ਜ਼ਰਾ ਸਬਰ ਤੋਂ ਕੰਮ ਲਿਓ! ਰੱਬ ਚਾਹਿਆ, ਤਾਂ ਖੌਰੇ ਗੱਜਣ ਦਾ ਘਰ ਵੱਸ ਈ ਪਵੇ।" ਪਰਕਾਸ਼ੋ ਨੇ ਆਸ-ਭਰਪੂਰ ਸੁਰ ਵਿਚ ਕਿਹਾ।

"ਪਰ ਇਹ ਹੈ ਕਿੱਥੋਂ!"

"ਅਜੇ ਵਧੇਰੇ ਪੁੱਛ ਗਿੱਛ ਨਹੀਂ ਕੀਤੀ। ਮੇਰੇ ਵਾਂਗ ਕੋਈ ਦੁਖੀ ਹੋ ਕੇ ਘਰੋਂ ਨਿਕਲੀ ਜਾਪਦੀ ਏ।"

"ਤੇਰੇ ਕਾਬੂ ਕਿੱਥੋਂ ਆ ਗਈ?"

"ਪਿਛੋਂ ਲਾਰੀ ਵਿਚ ਬੈਠੀ ਆ ਰਹੀ ਸੀ। ਮੈਂ ਵਰਚੱਾ ਬੁਚਲੱਾ ਕੇ ਨਾਲ ਲੈ ਆਈ। ਰਾਤ ਨੂੰ ਵਧੇਰੇ ਜਾਣ ਪਛਾਣ ਕਰਾਂਗੀ। ਤੁਸੀਂ ਕੋਈ ਚੰਗੀ ਮਾੜੀ ਗੱਲ ਨਾ ਮੂੰਹੋਂ ਕਢ ਦਿਹੋ।"

"ਮਖ : ਅਸੀਂ ਬੋਲਦੇ ਈ ਨਹੀਂ । ਤੇ ਨਾਲੇ ਜ਼ਮੀਨ ਕਿਹੜੀ ? ਤੇ ਵਹੀਕ ਕਿਹੜੇ ?" ਸੱਜਣ ਸਿੰਘ ਨੇ ਹਸਦਿਆਂ ਹਸਦਿਆਂ ਕਿਹਾ ।

"ਤੇ ਹੋਰ ਉਹਨੂੰ ਦਸਦੀ, ਪਈ ਅਸੀਂ ਭੁੱਖੇ ਮਰਦੇ ਏਥੇ ਸੇਵਾਦਾਰ ਲੱਗੇ ਹੋਏ ਆਂ ?"

"ਮੰਨ ਛਡਿਆ ਤੇਰੀ ਅਕਲ ਨੂੰ, ਉ ਛੋਰ ਦੀਏ ਬੱਚੀਏ !" ਸੱਜਣ ਸਿੰਘ ਨੇ ਉਹਦੇ ਮੌਢੇ ਉਤੇ ਸੱਜੇ ਹਥ ਨਾਲ ਥਾਪੀ ਦੇਂਦਿਆਂ ਕਿਹਾ । ਉਹਦਾ ਖੱਬਾ ਹੱਥ ਅੱਜੇ ਵੀ ਮੁੱਛ ਉਤੇ ਸੀ ।

"ਮੇਰੇ ਮਗਰ ਲੱਗੋਗੇ, ਤਾਂ ਸਭ ਕੁਛ ਹੋ ਜਾਏਗਾ । ਹਾਂ ਸੱਚ, ਗੱਜਣ ਨੂੰ ਵੀ ਸਮਝਾ ਦੇਈਂ । ਮੈਂ ਉਹਨੂੰ ਦੱਸਿਆ ਏ, ਕਿ ਮੈਂ ਭਰਧਾਨ ਸਾਹਬ ਦੀ ਨੋਂਹ ਆਂ । ਖੈਰ ਇਹਦੇ ਵਿਚ ਤਾਂ ਝੂਠ ਵੀ ਕੋਈ ਨਹੀਂ ਬਹੁਤਾ । ਬਾਕੀ ਗੱਲੀਂ ਕੱਥੀਂ ਇਹਾ ਜ਼ਾਹਰ ਕਰਨਾ ਏਂ, ਕਿ ਸਾਡਾ ਖੁੱਲ੍ਹਾ ਭੋਇੰ ਭਾਂਡਾ ਤੇ ਆਦੀ ਘਰ ਆ । ਗੱਜਣ ਬਾਰੇ ਦੱਸਾਂਗੇ, ਕਿ ਪਹਿਲਾ ਟੱਬਰ ਮਰ ਗਿਆ ਏ, ਤੇ ਬਾਲ ਬੱਚਾ ਕੋਈ ਨਹੀਂ । ਪਰ ਅਜੇ ਕਾਹਲੇ ਨਹੀਂ ਪੈਣਾ । ਮੈਂ ਆਪੇ ਸਭ ਕੁਛ ਠੀਕ ਕਰ ਲਵਾਂਗੀ । ਤੂੰ ਜਾਹ, ਖਾਣ ਪੀਣ ਨੂੰ ਲਿਆ, ਦੁੱਧ ਤੇ ਕੁਛ ਮਠਿਆਈ ਵੀ ।"

"ਹਾਹੋ, ਖਰਚ ਤਾਂ ਕਰਾ ਖਾਂ ਪਹਿਲਾਂ ।"

"ਨਹੀਂ, ਹੋਰ ਚੰਦ ਅਰਗੀ ਭਰਜਾਈ ਬਣਾ ਲੈਂ ਐਵੇਂ ।" ਪਰਕਾਸ਼ੋ ਦਾ ਖ਼ੁਸ਼ੀ ਨਾਲ ਕੱਛਾਂ ਥਾਣੀ ਹਾਸਾ ਨਿਕਲ ਰਿਹਾ ਸੀ ।

ਸੱਜਣ ਸਿੰਘ ਖੱਬੀ ਮੁੱਛ ਮਰੋੜਦਾ ਦੁਕਾਨ ਨੂੰ ਤੁਰ ਗਿਆ । ਤੇ ਪਰਕਾਸ਼ੋ ਅੰਦਰ ਨੂੰ ਮੁੜ ਪਈ ।

ਦੁਨੀਆਂ ਦੇ ਸਤਾਏ ਹੋਏ ਦਾ ਮਨ ਸੁਭਾਵਕ ਸ਼ੱਕੀ ਹੋ ਜਾਂਦਾ ਹੈ । ਮਨਜੀਤ ਦਾ ਅੰਦਰਲਾ ਵੀ ਪਰਕਾਸ਼ੋ ਤੇ ਪੂਰਾ ਭਰੋਸਾ ਕਰਨ ਤੋਂ ਇਨਕਾਰੀ ਹੋ ਰਿਹਾ ਸੀ । ਹਾਂ, ਔਖੇ ਵੇਲੇ ਦੋ ਦਿਨ ਦਾ ਸਹਾਰਾ ਮੰਨ ਲੈਣ ਤੋਂ ਨਾਬਰ ਨਹੀਂ ਸੀ । ਏਥੇ ਜਿਹੜੇ ਦੋ ਦਿਨ ਕੱਟਣੇ ਵੀ ਪੈਣ, ਉਹਨੇ ਆਪਣੇ ਆਪ ਵਿਚ ਸੋਘੀ ਰਹਿਣ ਦਾ ਮਨ ਬਣਾ ਲਿਆ । ਦੋ ਮਿੰਟਾਂ ਦੇ ਇਕੱਲ ਦਾ ਫ਼ਾਇਦਾ ਉਠਾਉਂਦਿਆਂ ਉਹਨੇ ਗੰਢੜੀ ਵਿਚੋਂ ਨਕਦੀ ਕਢੀ ਤੇ ਹੇਠਲੀ ਕੁੜਤੀ ਦੀ ਜੇਬ ਵਿਚ ਪਾ ਕੇ ਸਲਵਾਰ ਦੇ ਨੇਂਘ ਥੱਲੇ ਅੜਾ ਲਈ । ਬਾਕੀ ਰਹਿ ਗਈਆਂ ਚਾਰ ਟਾਕੀਆਂ । ਇਹਨਾਂ ਦੀ ਉਹਨੂੰ ਬਹੁਤੀ ਚਿੰਤਾ ਨਹੀਂ ਸੀ ।

ਹੱਥ ਵਿਚ ਗਰਮ ਪਾਣੀ ਦੀ ਬਾਲਟੀ ਲਟਕਾਈ ਪਰਕਾਸ਼ੋ ਅੰਦਰ ਆਈ । ਪਿਛਵਾੜੇ ਵੱਲ ਦੇ ਖੁਰੇ ਵਿਚ ਬਾਲਟੀ ਰਖਦਿਆਂ ਉਹਨੇ ਮਨਜੀਤ ਨੂੰ ਕਿਹਾ,

"ਉਠ, ਭੈਣ ! ਹੱਥ ਮੂੰਹ ਧੋ ਲੈ !"

ਮਨਜੀਤ ਹਉਕਾ ਭਰ ਕੇ ਉਠੀ। ਉਹਨੇ ਪਹਿਲਾਂ ਕੁਲਵੰਤ ਦਾ ਹੱਥ ਮੂੰਹ ਧੋਤਾ ਤੇ ਫੇਰ ਆਪਣਾ। ਪਰਕਾਸ਼ੋ ਨੇ ਭਾਵੇਂ ਸਾਬਣ ਤੇਲ ਕੋਲ ਰੱਖ ਦਿਤਾ ਸੀ, ਪਰ ਮਨਜੀਤ ਨੇ ਦੋਹਾਂ ਚੀਜ਼ਾਂ ਨੂੰ ਹਥ ਨਹੀਂ ਲਾਇਆ।

ਏਨੇ ਤਕ ਹਲਵਾਈ ਮੁੰਡੇ ਨੂੰ ਚੁਕਵਾਈ ਖਾਣ ਪੀਣ ਦਾ ਸਾਮਾਨ ਲੈਕੇ ਸੱਜਣ ਸਿੰਘ ਆ ਗਿਆ। ਉਹਨੇ ਬਾਹਰਲੇ ਕਮਰੇ 'ਚ ਖਲੋ ਕੇ ਵਾਜ ਮਾਰੀ, "ਪਰਕਾਸ਼ੋ ! ਲੈ ਆਹ ਸੰਭਾਲ ਲੈ।" ਬਿਨਾਂ ਉੱਤਰ ਉਡੀਕੇ ਉਹ ਬਾਹਰ ਨੂੰ ਚਲਾ ਗਿਆ।

ਦਫ਼ਤਰ ਦੇ ਮੇਜ਼ਾਂ ਕੁਰਸੀਆਂ ਵਿਚੋਂ ਲੋੜ ਜੋਗੇ ਸੱਜਣ ਸਿੰਘ ਆਪਣੇ ਕਬਜ਼ੇ ਵਿਚ ਰੱਖਦਾ ਸੀ। ਹਲਵਾਈ ਮੁੰਡੇ ਨੇ ਬਾਹਰਲੇ ਕਮਰੇ ਵਿਚ ਪਏ ਮੇਜ਼ ਉਤੇ ਸਾਮਾਨ ਰੱਖ ਕੇ ਕਿਹਾ, "ਜਾਵਾਂ, ਬੀਬੀ ਜੀ !"

"ਜਾਹ।" ਬਾਹਰਲੇ ਕਮਰੇ ਵਿਚ ਆਉਂਦਿਆਂ ਪਰਕਾਸ਼ੋ ਨੇ ਆਗਿਆ ਦੇ ਦਿਤੀ। ਦੋ ਕੁਰਸੀਆਂ ਮੇਜ਼ ਦੇ ਲਾਗੇ ਸਿਧੀਆਂ ਕਰਕੇ ਉਹਨੇ ਮਨਜੀਤ ਨੂੰ ਵਾਜ ਮਾਰੀ, "ਐਥੇ ਈ ਆ ਜਾ ਭੈਣ ! ਕਾਕੇ ਨੂੰ ਵੀ ਲੈ ਆ !"

ਮਨਜੀਤ ਨੇ ਬਾਹਰਲੇ ਕਮਰੇ ਵਿਚ ਝਾਤੀ ਮਾਰੀ। ਪਰਕਾਸ਼ੋ ਤੋਂ ਬਿਨਾਂ ਓਥੇ ਹੋਰ ਕੋਈ ਨਹੀਂ ਸੀ। ਉਹ ਕੁਲਵੰਤ ਨੂੰ ਚੁਕ ਕੇ ਬਾਹਰ ਕੁਰਸੀ 'ਤੇ ਆ ਬੈਠੀ। ਕਾਕੇ ਨੂੰ ਉਹਨੇ ਮੇਜ਼ ਉਤੇ ਬਿਠਾ ਦਿਤਾ। ਪਰਕਾਸ਼ੋ ਨੇ ਤਿੰਨਾਂ ਪਲੇਟਾਂ ਵਿਚ ਮਿਠਆਈ ਰੱਖ ਕੇ ਦੋ ਮਨਜੀਤ ਵੱਲੇ ਧੱਕ ਦਿਤੀਆਂ। "ਲਓ, ਖਾਓ।" ਕਹਿੰਦੀ ਹੋਈ ਉਹ ਗਲਾਸਾਂ ਵਿਚ ਦੁੱਧ ਪਾਉਣ ਲੱਗ ਪਈ।

"ਨਹੀਂ, ਭੈਣ ਜੀ ! ਏਨੀ ਖੇਚਲ ਤੁਸਾਂ ਕਾਹਨੂੰ ਕੀਤੀ ? ਦੁਖੀਆਂ ਨੂੰ ਏਹ ਚੀਜ਼ਾਂ ਲੰਘਦੀਆਂ ਨੇ ਪਈਆਂ ?" ਮਨਜੀਤ ਦੀਆਂ ਅੱਖਾਂ ਵਿਚ ਅਨੇਕਾਂ ਦੁੱਖਾਂ ਦੇ ਝਉਲੇ ਸਨ।

"ਬੀਬੀ ਰਾਣੀ ! ਦੁੱਖਾਂ ਤੋਂ ਘਬਰਾ ਕੇ ਮਰਿਆ ਤਾਂ ਨਹੀਂ ਨਾ ਜਾਂਦਾ। ਨਾਲੇ ਮੈਂ ਤੈਨੂੰ ਛੋਟੀ ਭੈਣ ਕਹਿ ਬੈਠੀ ਆਂ। ਮੇਰਾ ਘਰ ਤੂੰ ਆਪਣਾ ਘਰ ਈ ਸਮਝ। ਖਾਹ, ਜਿਨਾ ਜੀ ਕਰਦਾ ਏ। ਲੈ ਕਾਕਾ !" ਪਰਕਾਸ਼ੋ ਨੇ ਬਰਫ਼ੀ ਦੀ ਡਲੀ ਕੁਲਵੰਤ ਦੇ ਹੱਥ ਫੜਾ ਕੇ ਪਲੇਟ ਉਹਦੇ ਨੇੜੇ ਕਰ ਦਿਤੀ, ਤੇ ਆਪ ਵੀ ਬਹਿਕੇ ਖਾਣ ਲੱਗ ਪਈ।

ਭੋਲਾ ਭਾਲਾ ਕੁਲਵੰਤ ਮਿਠਿਆਈ ਖਾਣ ਲੱਗ ਪਿਆ। ਮਨਜੀਤ ਨੇ ਸਿਰਫ਼ ਅੱਧਾ ਗਲਾਸ ਦੁੱਧ ਪੀਤਾ। ਪਰਕਾਸ਼ੋ ਦੇ ਬਹੁਤਾ ਹਠ ਕਰਨ 'ਤੇ ਉਹਨੇ ਇਕ ਟੁਕੜੀ ਬਰਫ਼ੀ ਦੀ ਫੜ ਲਈ। ਬਾਕੀ ਦੀ ਲਪੇਟ ਪਿਛਾਂਹ ਕਰਦਿਆਂ ਉਹਨੇ

ਫਰਲ ਨਾਲ ਕਿਹਾ, "ਤੁਹਾਡਾ ਕਿਹਾ ਨਹੀਂ ਮੋੜਿਆ, ਭੈਣ ਜੀ ! ਨਹੀਂ ਤਾਂ ਦੁੱਖਾਂ ਦੀ ਮਾਰੀ ਦੇ ਸੰਘੋਂ ਕੁਝ ਨਹੀਂ ਜੇ ਲੰਘਦਾ ।" ਮਨਜੀਤ ਦੀਆਂ ਅੱਖਾਂ ਪਾਣੀ ਨਾਲ ਭਰ ਆਈਆਂ ।

ਮਨਜੀਤ ਨਾਲ ਹਮਦਰਦੀ ਪਰਗਟ ਕਰਦਿਆਂ ਪਰਕਾਸ਼ ਨੇ ਵੀ ਖਾਣਾ ਛਡ ਦਿਤਾ । ਉਹਨੇ ਲੰਮਾ ਸਾਰਾ ਠੰਢਾ ਸਾਹ ਖਿਚ ਕੇ ਕਿਹਾ, "ਦੁਨੀਆਂ ਕਿਸੇ ਦੇ ਵੈਰ ਨਾ ਪੈ ਜੇ, ਭੈਣੇ ! ਤੇਰਾ ਉਤਰਿਆ ਹੋਇਆ ਮੂੰਹ ਵੇਖ ਕੇ ਮੇਰਾ ਕਲੇਜਾ ਪਾਟਦਾ ਏ । ਤੇਰੇ ਵੱਲੇ ਵੇਖ ਕੇ ਮੈਨੂੰ ਆਪਣੀ ਛੋਟੀ ਭੈਣ ਚੇਤੇ ਆ ਗਈ ਏ । ਅਜੇ ਵਰ੍ਹਾ ਨਹੀਂ ਸੀ ਹੋਇਆ ਉਹਦੇ ਵਿਆਹ ਨੂੰ । ਐਨਾ ਦਿਤਾ ਮੇਰੇ ਮਾਪਿਆਂ ਨੇ ਐਨਾ ਦਿਤਾ, ਕਿ ਅਗਲਿਆਂ ਦਾ ਘਰ ਭਰ ਦਿਤਾ । ਬੱਸ ਅੱਠ ਦਿਨ ਮੋਹਰਕਾ ਚੜ੍ਹਿਆ ਤੇ ਗੋਲੀ ਜਿੱਡੀ ਜੁਆਨ ਸਿਵੇ 'ਚ ਜਾ ਪਈ । ਓਦਣ ਦੀ ਧੀ ਦੇ ਗਮਾਂ ਦੀ ਮਾਰੀ ਮਾਂ ਵਹਿਛਣ ਹੋਈ ਫਿਰਦੀ ਏ ।" ਪਰਕਾਸ਼ ਨੇ ਮਨੋਂ ਘੜ ਕੇ ਕਹਾਣੀ ਸੁਣਾ ਦਿਤੀ ।

ਉਤਰ ਵਿਚ ਮਨਜੀਤ ਨੇ ਲੰਮਾ ਸਾਰਾ ਹਉਕਾ ਲੈ ਕੇ ਅੱਖਾਂ ਪੂੰਝ ਲਈਆਂ ।

"ਹਾਂ ਸੱਚ, ਭੈਣਾਂ ਤਾਂ ਆਪਾਂ ਬਣ ਗਈਆਂ, ਪਰ ਮੈਂ ਤੇਰਾ ਨਾਂ ਤਾਂ ਪੁਛਿਆ ਈ ਨਹੀਂ ।" ਪਰਕਾਸ਼ ਨੇ ਕਾਹਲੀ ਨਾਲ ਪੁਛਿਆ ।

"ਮਨਜੀਤ ।" ਮਨਜੀਤ ਨੇ ਛੋਟਾ ਜਿਹਾ ਉੱਤਰ ਦਿਤਾ ।

"ਸਾਡੀ ਮਰਨ-ਵਾਲੀ ਦਾ ਨਾਂ ਕੇਸੋ ਸੀ ।" ਪਰਕਾਸ਼ ਨੇ ਆਪਣੇ ਨਾਂ ਨਾਲ ਮਿਲਦਾ ਜੁਲਦਾ ਫ਼ਰਜ਼ੀ ਨਾਂ ਦੱਸ ਦਿਤਾ ।

"ਦੁਖੀ ਨੂੰ ਈ—ਭੈਣੇ !—ਕਿਸੇ ਦੁਖੀ ਦੀ ਸਾਰ ਹੁੰਦੀ ਏ । ਮੈਂ ਤਾਂ ਜਦੋਂ ਦਾ ਤੈਨੂੰ ਵੇਖਿਆ ਏ,ਅੰਦਰ ਲੰਬਾਂ ਬਲ ਬਲ ਉਠਦੀਆਂ ਨੇ । ਜੇ ਤੂੰ ਦੱਸੇਂ, ਤਾਂ ਖੌਰੇ ਮੈਂ ਥੋੜਾ ਬਹੁਤਾ ਤੇਰਾ ਦੁੱਖ ਵੰਡਾ ਸੱਕਾਂ । ਸਗੋਂ ਮਾਲਕ ਨਾਲ ਰੁੱਸ ਕੇ ਆਈ ਏਂ ?"

"ਉਹ ਸਦਾ ਵਾਸਤੇ ਤੱਤੀ ਨਾਲ ਰੁੱਸ ਗਏ ਨੇ ।" ਮਨਜੀਤ ਨੂੰ ਉੱਤਰ ਦੇਣਾ ਪਿਆ, ਭਾਵੇਂ ਪਰਕਾਸ਼ ਦਾ ਸਵਾਲ ਕੁਛ ਕੋਝਾ ਜੇਹਾ ਸੀ ।

"ਸਦਾ ਵਾਸਤੇ ਰੁੱਸ ਗਏ ? ਕੀ ਮਤਲਬ ?" ਪਰਕਾਸ਼ ਨੇ ਗੱਲ ਸਪਸ਼ਟ ਕਰਨ ਵਾਸਤੇ ਫਿਰ ਪ੍ਰਸ਼ਨ ਕੀਤਾ ।

"ਪਾਪਣ ਨੂੰ ਠੋਕਰਾਂ ਜੋਗੀ ਛੱਡ ਕੇ ਉਹ ਰੱਬ ਦੇ ਘਰ ਚਲੇ ਗਏ ਨੇ ।" ਮਨਜੀਤ ਪਤੀ ਦੀ ਮੌਤ ਬਾਰੇ ਸਾਫ਼ ਨਾ ਕਹਿ ਸਕੀ ।

"ਮਾੜੀ ਕਿਸਮਤ ! ਰੱਬ ਜਨਾਨੀ ਨੂੰ ਮੌਤ ਦੇ ਦੇਵੇ, ਪਰ ਉਹਦਾ ਮਾਲਕ ਨਾ ਖੋਹਵੇ । ਕੀ ਬਣੀ ਉਹਦੇ ਨਾਲ ?"

''ਸ਼ਰੀਕਾਂ ਨੇ ਮਾਰ ਘਤਿਆ, ਇਕੋ ਇਕ ਮਾਂ ਦਾ ਪੁੱਤ।'' ਮਨਜੀਤ ਆਪਣੇ ਆਪ 'ਤੇ ਕਾਬੂ ਨਾ ਰੱਖ ਸੱਕੀ। ਉਹ ਅੱਖਾਂ ਅੱਗੇ ਪੱਲਾ ਲੈ ਕੇ ਹੁਭਕੀਂ ਹੁਭਕੀਂ ਰੋਣ ਲੱਗ ਪਈ।

ਪਰਕਾਸ਼ੋ ਨੇ ਉਠ ਕੇ ਮਨਜੀਤ ਦਾ ਸਿਰ ਹਿੱਕ ਨਾਲ ਲਾ ਲਿਆ। ਬਹੁਤਾ ਹੇਜ ਪਰਗਟ ਕਰਨ ਵਾਸਤੇ ਉਹ ਵੀ ਰੋਣ ਲੱਗ ਪਈ। ਇਸਤਰੀ ਕੋਲ ਇਹ ਇਕ ਅਜੇਹਾ ਹੁਨਰ ਹੈ, ਜਿਸ ਨਾਲ ਕੋਈ ਵਾਰ ਇਹ—ਮਰਦ ਨੂੰ ਛੱਡਿਆ—ਇਸਤਰੀ ਨੂੰ ਵੀ ਧੋਖਾ ਦੇ ਲੈਂਦੀ ਹੈ।

ਪਰਕਾਸ਼ੋ ਨੇ ਕੁਰਸੀ ਨੇੜੇ ਕਰਕੇ ਕੋਲ ਬਹਿੰਦਿਆਂ ਅੱਖਾਂ ਪੂੰਝ ਕੇ ਪੁਛਿਆ, ''ਫਿਰ ਕਤਲ ਦਾ ਕੁਛ ਨਾ ਬਣਿਆਂ।''

''ਮਾਰਨ ਵਾਲਾ ਫਾਹੇ ਲੱਗ ਗਿਆ ਸੀ।''

''ਆਏ ਦਿਨ ਫਾਹੇ ਲਗਦੇ ਨੇ। ਫਿਰ ਵੀ ਚੰਦਰੇ ਲੋਕ ਬੰਦਾ ਮਾਰਨੋ ਨਹੀਂ ਸੰਗਦੇ। ਸਰਕਾਰ ਦਾ ਏਨਾ ਡਰ ਵੀ ਨਾ ਹੋਵੇ, ਤਾ ਫੇਰ ਪਤਾ ਨਹੀਂ ਕੀ ਕਰਨ? ਹੋਰ ਦਿਉਰ ਜੇਠ ਜਾਂ ਸੱਸ ਸਹੁਰਾ?'' ਪਰਕਾਸ਼ੋ ਢੰਗ ਨਾਲ ਸਾਰਾ ਭੇਤ ਲੈਣਾ ਚਾਹੁੰਦੀ ਸੀ।

''ਇਕੋ ਇਕ ਸੱਸ ਦਾ ਦਮ ਸੀ। ਉਹ ਵੀ ਪੁੱਤ ਦੇ ਮਗਰੇ ਸਿਵੇ 'ਚ ਜਾ ਪਈ।'' ਮਨਜੀਤ ਦੀਆਂ ਅੱਖਾਂ ਵਿਚ ਮੌਤ ਨਾਲ ਘੁਲ ਰਹੀ ਸੱਸ ਦੀ ਅੰਤਮ ਤਸਵੀਰ ਸੀ।

''ਜੁਆਨ ਪੁੱਤ ਦਾ ਗਮ—ਭੈਣੇ!—ਛੱਡਦਾ ਏ? ਤੇ ਦਿਉਰ ਜੇਠ ਹੋਰ ਹੋਣਾ ਕੋਈ ਨਹੀਂ।''

''ਕੋਈ ਨਾ। ਕੋਈ ਹੁੰਦਾ, ਤਾਂ ਅੱਜ ਸ਼ਰੀਕਾਂ ਦੇ ਧੱਕਿਆਂ ਦੀ ਮਾਰੀ ਨੂੰ ਘਰ ਕਿਉਂ ਛਡਣਾ ਪੈਂਦਾ?'' ਮਨਜੀਤ ਦੀ ਆਤਮਾ ਉਦਾਲੇ ਇਕੱਲ ਦਾ ਭੈ ਛਾਇਆ ਹੋਇਆ ਸੀ।

''ਦੁਸ਼ਮਣ ਬਾਤ ਕਰੇ ਅਣਹੋਈ। ਬੀਬੀ ਰਾਣੀ, ਜੋਰ 'ਚ ਆਏ ਸ਼ਰੀਕ ਕਦੋਂ ਘੱਟ ਕਰਦੇ ਈ? ਰੱਬ ਈ ਬਦਲੇ ਲਵੇਗਾ। ਤੇ ਏਨੀ ਸੁਣ ਕੇ ਪੇਕਿਆਂ ਨੇ ਕੋਈ ਨਾ ਮੱਦਤ ਕੀਤੀ? ਪਿਉ ਜਾਂ ਭਰਾ ਕੋਈ ਨਹੀਂ ਸੀ?'' ਪਰਕਾਸ਼ੋ ਖ਼ੁਫ਼ੀਆ ਪੋਲੀਸ ਵਾਂਗ ਉੱਢ-ਮੁੱਢ ਫੋਲ ਰਹੀ ਸੀ।

''ਨਹੀਂ।'' ਮਨਜੀਤ ਨੇ ਕਹਿ ਤਾਂ ਦਿਤਾ—ਕਿਉਂਕਿ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ—ਪਰ ਉਹਦੀ ਮਮਤਾ ਨੇ ਉਹਨੂੰ ਹਜ਼ਾਰ ਲਾਹਨਤ ਪਾਈ। 'ਹਾਇ ਹਾਇ, ਪਾਪਣੇ! ਤੇਰਾ ਕਿਵੇਂ ਜੇਰਾ ਪਿਆ ਏਨੀ ਗੱਲ ਆਖਣ ਦਾ? ਜੁਗ

ਜੁਗ ਜੀਵੇ ਤੇਰੀ ਮਾਂ ਦਾ ਜਾਇਆ।' ਉਸ ਵੇਲੇ ਮਨਜੀਤ ਦੀਆਂ ਹੰਝੂ ਭਰੀਆਂ ਅੱਖਾਂ ਵਿਚ ਇਕੋ ਇਕ ਭਰਾ ਦੀ ਮੂਰਤ ਫਿਰ ਰਹੀ ਸੀ।

"ਹੇ ਰੱਬਾ! ਏਸਤਰ੍ਹਾਂ ਸਹੁਰਿਆਂ ਪੇਕਿਆਂ ਤੋਂ ਨਿਆਸਰੀ ਤਾਂ ਕੋਈ ਨਾ ਹੋਵੇ। ਕੱਲ੍ਹੀ ਜਨਾਨੀ ਤਾਂ—ਆਹੰਦੇ ਨੇ—ਆਟੇ ਦੀ ਤੌਣ ਏ, ਜੀਹਨੂੰ ਬਾਹਰ ਕਾਂਵਾਂ ਦਾ ਡਰ ਤੇ ਅੰਦਰ ਚੂਹਿਆਂ ਦਾ। ਹੱਛਾ, ਸਬਰ ਕਰ ਉਹਦੀ ਦਰਗਾਹ ਨੂੰ। ਤੇਰੀ ਆਹ ਜਿੰਦ ਜੇਹੀ ਜਿਉਂਦੀ ਰਹੇ।"

"ਹੁਣ ਤਾਂ ਰੱਬ ਤੋਂ ਉਰੇ ਏਸੇ ਦਾ ਈ ਆਸਰਾ ਏ।" ਮਰਦ ਦੇ ਹੱਥੋਂ ਸਤਾਈ ਹੋਈ ਮਨਜੀਤ ਨੇ ਫਿਰ ਵੀ ਮਰਦ ਦੀ ਓਟ ਤਕਾਈ। ਕੁਲਵੰਤ ਨੂੰ ਚੁਕ ਕੇ ਉਹਨੇ ਹਿੱਕ ਨਾਲ ਲਾ ਲਿਆ।

"ਹਾਂ, ਤੇ ਪਿੰਡ ਕਿਹੜਾ ਏ ਤੁਹਾਡਾ?" ਪਰਕਾਸ਼ੋ ਨੇ ਆਪਣੀ ਪੜਚੋਲ ਪੂਰਨ ਕਰਨ ਲਈ ਪੁਛਿਆ।

"ਪਿੰਡ?" ਦਸਦੀ ਦਸਦੀ ਮਨਜੀਤ ਕੁਛ ਸੋਚ ਕੇ ਗੱਲ ਵਲਾਅ ਗਈ। "ਨਿਥਾਂਵਿਆਂ ਦਾ ਕਿਹੜਾ ਪਿੰਡ ਦੱਸਾਂ?" ਤੇ ਉਹ ਕੁਲਵੰਤ ਨੂੰ ਚੁਕ ਕੇ ਉਠ ਬੈਠੀ।

ਮਨਜੀਤ ਅੰਦਰ ਮੰਜੇ 'ਤੇ ਜਾ ਲੰਮੀ ਪਈ। ਪਰਕਾਸ਼ੋ ਭਾਂਡੇ ਸਾਂਭਣ ਲੱਗ ਪਈ। ਕਹਿੰਦੇ ਨੇ ਨੀਂਦ ਸੂਲੀ 'ਤੇ ਵੀ ਆ ਜਾਂਦੀ ਹੈ। ਮਨਜੀਤ ਦੀ ਵੀ ਮਾੜੀ ਜੇਹੀ ਅੱਖ ਲੱਗ ਗਈ।

ਲੰਗਰ ਦਾ ਨਗਾਰਾ ਖੜਕਿਆ, ਤਾਂ ਪਰਕਾਸ਼ੋ ਰੋਟੀ ਲੈਣ ਲਈ ਚਲੀ ਗਈ। ਸੱਜਣ ਸਿੰਘ, ਗੱਜਣ ਸਿੰਘ ਰਾਸ਼ਨ ਦੇ ਪੈਸੇ ਤਨਖ਼ਾਹ ਦੇ ਨਾਲ ਲੈ ਜਾਂਦੇ ਸਨ, ਤੇ ਰੋਟੀ ਫਿਰ ਵੀ ਲੰਗਰੋਂ ਹੀ ਖਾਂਦੇ ਸਨ। ਬਾਕੀ ਸੇਵਾਦਾਰਾਂ ਨੂੰ ਇਹ ਰਿਆਇਤ ਨਹੀਂ ਸੀ। ਪਰ ਸੱਜਣ ਸਿੰਘ, ਗੱਜਣ ਸਿੰਘ ਸੇਵਾਦਾਰ ਥੋੜੇ ਸਨ! ਉਹ ਤਾਂ ਪਰਧਾਨ ਸਾਹਿਬ ਦੇ ਆਪਣੇ ਸਨ, ਭਤੀਜੇ।

ਉੱਚੇ ਪਿੰਡ ਵਾਲਾ ਸੁਜਾਨ ਸਿੰਘ ਅਕਲ ਜਾਂ ਇਖ਼ਲਾਕ ਕਰਕੇ ਗੁਰਦੁਆਰਾ ਕਮੇਟੀ ਦਾ ਪਰਧਾਨ ਨਹੀਂ ਸੀ ਬਣਿਆਂ, ਸਗੋਂ ਧੜੇ ਦੇ ਬਲ ਨਾਲ ਮੱਲ ਮਾਰੀ ਬੈਠਾ ਸੀ। ਸਹਿਜ ਸਹਿਜ ਸਾਰੇ ਮੁਲਾਜ਼ਮ ਹਟਾ ਕੇ ਉਹਨੇ ਆਪਣੇ ਪਿੰਡ ਦੇ ਸਾਰੇ ਸਾਕ-ਸੰਬੰਧੀ ਰੱਖ ਲਏ ਸਨ। ਸੱਜਣ ਸਿਘ, ਗੱਜਣ ਸਿੰਘ ਉਹਦੇ ਭਤੀਜੇ ਸਨ। ਪਿੰਡ ਵਿਚ ਉਹਨਾਂ ਨੂੰ ਸਭੋ ਸੱਤ ਕਨਾਲਾਂ ਜ਼ਮੀਨ ਆਉਂਦੀ ਸੀ। ਚਾਰ ਸਾਲ ਹੋਏ, ਉਹ ਵੀ ਉਹਨਾਂ ਇਕ ਮੁਕੱਦਮੇ ਵਿਚ ਗਹਿਣੇ ਪਾ ਦਿੱਤੀ ਸੀ। ਏਥੇ ਰਜਿਸਟਰਾਂ ਵਿਚ ਭਾਵੇਂ ਉਹ ਮਾਮੂਲੀ ਸੇਵਾਦਾਰ ਲਿਖੇ ਹੋਏ ਸਨ, ਪਰ ਪਰਧਾਨ ਦੇ ਭਤੀਜੇ ਹੋਣ ਕਰਕੇ

ਉਹ ਆਪਣੇ ਆਪ ਨੂੰ ਵੀ ਪਰਧਾਨ ਹੀ ਸਮਝਦੇ ਸਨ। ਗੁਰਦੁਆਰੇ ਦੇ ਪਰਬੰਧ ਵਿਚ ਉਹ ਮਨ-ਮੰਨੀਆਂ ਕਰਨੋ ਨਹੀਂ ਸਨ ਟਲਦੇ। ਕਮੇਟੀ ਦਾ ਕੋਈ ਨੇਕ ਮੈਂਬਰ ਉਹਨਾਂ ਦੇ ਭੈੜੇ ਕੰਮਾਂ ਦੇ ਵਿਰੁੱਧ ਵਾਜ ਉਠਾਉਂਦਾ, ਤਾਂ ਉਹ ਪਰਧਾਨ ਦੇ ਇਸ਼ਾਰੇ ਉਤੇ ਉਸਦੀ ਧਾਣ-ਪਤ ਲਾਹੁਣ ਵਾਸਤੇ ਤਿਆਰ ਹੋ ਜਾਂਦੇ। ਧਰਮ-ਅਸਥਾਨ ਦੇ ਸੇਵਾਦਾਰ ਹੁੰਦਿਆਂ ਹੋਇਆਂ, ਉਹਨਾਂ ਦੀਆਂ ਸਾਰੀਆਂ ਕਰਤੂਤਾਂ ਧਰਮ-ਵਿਰੁੱਧ ਹੁੰਦੀਆਂ।

ਤੇ ਪਰਕਾਸ਼ੋ ? ਉਸਦੇ ਮਾਪਿਆਂ ਪੇਕਿਆਂ ਬਾਰੇ ਏਥੇ ਉਸ ਤੋਂ ਬਿਨਾਂ ਕੋਈ ਨਹੀਂ ਸੀ ਜਾਣਦਾ, ਨਾ ਹੀ ਉਸਦੀ ਜਾਤ-ਗੋਤ ਬਾਬਤ। ਦੋ ਵਰ੍ਹੇ ਹੋਏ ਉਹ ਫਿਰਦੀ ਤੁਰਦੀ ਏਥੇ ਆ ਟਿਕੀ। ਭਾਗਾਂ ਨਾਲ ਪਰਧਾਨ ਸਾਹਿਬ ਦੀ ਦਇਆ-ਦ੍ਰਿਸ਼ਟੀ ਉਸ ਦੁਖਿਆਰਨ 'ਤੇ ਪੈ ਗਈ। ਉਸ ਉਪਕਾਰੀ ਸੱਜਣ ਦੀ ਕਿਰਪਾ ਨਾਲ ਇਕ ਨਿਆਸਰੀ ਨੂੰ ਏਥੇ ਆਸਰਾ ਮਿਲ ਗਿਆ। ਪਰਕਾਸ਼ੋ ਦਾ ਆਨੰਦ ਤਾਂ ਭਾਵੇਂ ਵੱਡੇ ਭਰਾ ਸੱਜਣ ਸਿੰਘ ਨਾਲ ਪੜ੍ਹਿਆ ਗਿਆ ਸੀ, ਪਰ ਅਮਲੀ ਤੌਰ 'ਤੇ ਉਹਨੇ ਸੱਜਣ ਸਿੰਘ, ਗੱਜਣ ਸਿੰਘ ਜਾਂ ਪਰਧਾਨ ਸਾਹਿਬ ਵਿਚ ਕਦੇ ਵਿਤਕਰਾ ਨਹੀਂ ਸੀ ਜਾਤਾ।

ਸ਼ਾਮ ਨੂੰ ਪਰਧਾਨ ਸੁਜਾਨ ਸਿੰਘ ਵੀ ਆ ਗਿਆ। ਉਹਦੇ ਕਮਰੇ ਵਿਚ ਇਹ ਚਾਰੇ ਮਿਲ ਬੈਠੇ। ਪਰਕਾਸ਼ੋ ਨੇ ਥੋੜੀ ਬਹੁਤੀ ਵਧਾ ਘਟਾ ਕੇ ਮਨਜੀਤ ਦੀ ਕਹਾਣੀ ਕਹਿ ਸੁਣਾਈ। ਨਾਲ ਹੀ ਉਹਨੇ ਆਪਣੀ ਰਾਏ ਪਰਗਟ ਕਰ ਦਿਤੀ। ਉਸਦੀ ਪ੍ਰੋੜ੍ਹਤਾ ਕਰਦਿਆਂ ਪਰਧਾਨ ਨੇ ਕਿਹਾ, "ਲੈ ਓ, ਗੱਜਣਾ ! ਤੇਰੇ ਵੀ ਭਾਗ ਉਘੜ ਪਏ ਈ। ਭਈ, ਹੋਰ ਕਿਸੇ ਦਾ ਤਾਂ ਪਤਾ ਨਹੀਂ, ਪਰ ਤੁਹਾਨੂੰ ਤਾਂ ਗੁਰਦੁਆਰਾ ਚੰਗਾ ਫਲਿਆ ਈ। ਸਵੇਰੇ ਉਠ ਕੇ ਸੁੱਖਣਾ ਸੁੱਖ ਗੁਰੂ ਅੱਗੇ।" ਗੁਰੂ ਨੂੰ ਵਢੀ-ਖੋਰ ਸਮਝ ਕੇ ਪਰਧਾਨ ਨੇ ਸਲਾਹ ਦਿਤੀ।

"ਸਾਡੀ ਤਾਂ—ਬਾਪੂ ਜੀ !—ਤੇਰੇ ਅੱਗੇ ਈ ਸੁੱਖਣਾ ਏ। ਤੇਰੇ ਜੋਰ ਨਾਲ ਈ ਸਭ ਕੁਛ ਬਣਨਾ ਏਂ।" ਥੋੜੇ ਜੇਹੇ ਘੁੰਡ ਵਿਚੋਂ ਪਰਧਾਨ ਵੱਲੇ ਝਾਕਦਿਆਂ ਪਰਕਾਸ਼ੋ ਨੇ ਕਿਹਾ। ਜਿਥੋਂ ਤਕ ਉਹਨਾਂ ਦਾ ਨੇੜ ਬਣ ਚੁਕਾ ਸੀ, ਉਸ ਹਾਲਤ ਵਿਚ 'ਬਾਪੂ' ਕਹਿਣ ਵਾਲੀ ਤੇ ਸੁਣਨ ਵਾਲਾ ਸ਼ਰਮ ਜ਼ਰੂਰ ਮਹਿਸੂਸ ਕਰਦੇ ਸਨ, ਪਰ ਲੋਕਾਂ ਸਾਮ੍ਹਣੇ ਮਜਬੂਰਨ ਉਹਨਾਂ ਨੂੰ ਏਹਾ ਕੁਛ ਕਹਿਣਾ ਸੁਣਨਾ ਪੈਂਦਾ ਸੀ।

ਚੋਖਾ ਚਿਰ ਗੋਂਦਾਂ ਗੁੰਦੀ ਦੀਆਂ ਰਹੀਆਂ। ਅੰਤ ਉਹ ਏਸ ਸਿੱਟੇ 'ਤੇ ਪੁੱਜੇ, ਕਿ ਦੋ ਚਾਰ ਦਿਨਾਂ ਪਿਛੋਂ ਪਹਿਲਾਂ ਪਰਕਾਸ਼ੋ ਗੱਲ ਹਿਲਾਵੇ, ਤੇ ਫੇਰ ਪਰਧਾਨ ਸਾਹਿਬ ਆਪਣੀ ਪਦਵੀ ਤੇ ਬਜ਼ੁਰਗੀ ਦਾ ਰੁਅਬ ਪਾਉਣ।

ਰਾਤ ਸੱਜਣ ਸਿੰਘ, ਗੱਜਣ ਸਿੰਘ ਦੋਵੇਂ ਪਰਧਾਨ ਕੋਲ ਸੁੱਤੇ। ਮਨਜੀਤ ਤੇ ਪਰਕਾਸ਼ੋ ਆਪਣੇ ਅੰਦਰ ਚੋਖਾ ਚਿਰ ਦੁੱਖ ਸੁਖ ਕਰਦੀਆਂ ਰਹੀਆਂ। ਪਰਕਾਸ਼ੋ

ਔਂਧੀ-ਕੁ ਰਾਤ ਨਾਲ ਸੌਂ ਗਈ। ਮਨਜੀਤ ਪਿਛੋਂ ਵੀ ਚੋਖਾ ਚਿਰ ਸੋਚਾਂ ਵਿਚ ਪਈ ਰਹੀ।

ਸਵੇਰੇ ਉਠ ਕੇ ਮਨਜੀਤ ਨੇ ਅੰਮ੍ਰਿਤਸਰ ਜਾਣ ਦੀ ਇਛਿਆ ਪਰਗਟ ਕੀਤੀ। ਅੱਗੋਂ ਪਰਕਾਸ਼ੋ ਨੇ ਬੜੇ ਹੰਮੇ ਨਾਲ ਕਿਹਾ, "ਨਾ ਬੀਬੀ ਰਾਣੀ ! ਅਜੇ ਤੇਰਾ ਮਨ ਟਕਾਣੇ ਨਹੀਂ ਹੋਇਆ। ਮੈਂ ਦੋ ਦਿਨ ਰੋਟੀ ਖੁਆਉਣ ਦੀ ਮਾਰੀ ਤੈਨੂੰ ਏਸ ਹਾਲਤ ਵਿਚ ਘਰੋਂ ਧੱਕਾ ਦੇ ਦਿਆਂ ? ਦੋ ਚਾਰ ਦਿਨ ਹੋਰ ਰਹੁ, ਫਿਰ ਜਿੱਥੇ ਆਖੇਂਗੀ, ਮੈਂ ਆਪ ਨਾਲ ਚੱਲ ਕੇ ਛੱਡ ਆਵਾਂਗੀ।"

ਚਾਰ ਪਹਿਰ ਦਿਨ ਹੋਰ ਬੀਤ ਗਿਆ। ਅਗਲੀ ਰਾਤ ਪਰਕਾਸ਼ੋ ਨੇ ਆਪਣਾ ਮਨਸ਼ਾ ਪਰਗਟ ਕਰ ਹੀ ਦਿਤਾ। ਬੱਤੀ ਅਜੇ ਜਗ ਰਹੀ ਸੀ। ਮਨਜੀਤ ਤੇ ਪਰਕਾਸ਼ੋ ਦੇ ਮੰਜੇ ਕੋਲੋ ਕੋਲ ਡੱਠੇ ਹੋਏ ਸਨ। ਪਰਕਾਸ਼ੋ ਨੇ ਮਨਜੀਤ ਵੱਲੇ ਮੂੰਹ ਕਰਕੇ ਕਿਹਾ, "ਮਨਜੀਤ ! ਇਕ ਗੱਲ ਆਖਾਂ, ਜੇ ਗੁੱਸਾ ਨਾ ਕਰੇਂ ਤਾਂ ?"

"ਆਖੋ ਜੀ !" ਹੌਸਲਾ ਕਰ ਕੇ ਮਨਜੀਤ ਨੇ ਕਹਿ ਦਿਤਾ, ਪਰ ਉਹਦਾ ਦਿਲ ਕਿਸੇ ਵਰਤਣ ਵਾਲੀ ਹੋਣੀ ਤੋਂ ਡਰ ਕੇ ਕੰਬ ਉਠਿਆ।

"ਵੇਖੇਂ ਨਾਂ, ਡਿਠਿਆਂ ਮੂੰਹਾਂ ਦਾ ਮੋਹ ਆਂਹਦੇ ਹੁੰਦੇ ਨੇ। ਤੈਨੂੰ ਦੁਖੀ ਵੇਖ ਕੇ ਮੇਰੇ ਮਨ ਵਿਚ ਛੋਟੀ ਭੈਣ ਵਾਲਾ ਮੋਹ ਜਾਗ ਪਿਆ ਏ। ਹੰਮੇ ਨਾਲ ਈ ਤੈਨੂੰ ਆਖਣ ਲੱਗੀ ਆਂ। ਦੁਨੀਆਂ—ਬੀਬੀ !—ਬੜੀ ਖੋਟੀ ਹੋ ਗਈ ਏ। ਬੰਦਾ ਸਿਰ 'ਤੇ ਨਾ ਹੋਵੇ, ਤਾਂ ਕੱਲ੍ਹੀ ਜਨਾਨੀ ਨੂੰ ਤਾਂ ਹਰ ਥਾਂ ਧੋਖਾ ਈ ਧੋਖਾ ਏ। ਤੇ ਤੇਰੀ ਤਾਂ ਅਜੇ ਉਮਰ ਈ ਕੀ ਏ ? ਏਸ ਉਮਰ ਦਾ ਰੰਡੇਪਾ ਕੱਟਿਆ ਜਾਂਦਾ ਏ ਪਿਆ ? ਮੈਂ ਸਾਰਾ ਦਿਨ ਤੇਰੇ ਬਾਰੇ ਈ ਸੋਚਦੀ ਰਹੀ ਆਂ। ਮੈਂ ਤਾਂ ਸੋਚ ਸੋਚ ਕੇ ਇਕੋ ਸਿੱਟੇ 'ਤੇ ਅੱਪੜੀ ਆਂ। ਗੱਲ ਵੱਡੀ ਏ, ਤੇ ਮੂੰਹ ਛੋਟਾ ਏ, ਸੋ ਮੂੰਹੋਂ ਕਢਦੀ ਜਰਾ ਡਰਦੀ ਆਂ। ਤੇਰੇ 'ਤੇ ਮੇਰਾ ਕੋਈ ਜ਼ੋਰ ਤਾਂ ਨਹੀਂ ਨਾਂ ! ਤੇ ਜੇ ਮੰਨ ਲਵੇਂ, ਤਾਂ ਛੋਟੀਆਂ ਭੈਣਾਂ 'ਤੇ ਜ਼ੋਰ ਹੁੰਦਾ ਵੀ ਏ। ਸੌਣ ਵਿਚ ਮੇਰੀ ਦਰਾਣੀ ਹੱਯੀਏ [ਹੈਜ਼ੇ] ਨਾਲ ਮਰ ਗਈ। ਬੜੇ ਰੱਜੇ ਪੁੱਜੇ ਘਰ ਦੀ ਸੀ। ਉਹਦੇ ਚਾਚੇ ਦੀ ਧੀ ਦਾ ਸਾਕ ਜ਼ੋਰ ਲੌਂਦੇ ਨੇ ਅਗਲੇ, ਪਰ ਸਾਡਾ ਗੱਜਣ ਨਹੀਂ ਮੰਨਦਾ। ਉਹ ਕੁੜੀ ਕੁਝ ਸੌਲੀ ਏ। ਜੇ ਤੂੰ ਮੰਨ ਜਾਏਂ, ਤਾਂ...... ਨਾਲੇ ਤੇਰਾ ਮੁੰਡਾ ਪਲ ਪਵੇਗਾ। ਵਚਾਰੀ ਮਰਨ ਵਾਲੀ ਦਾ ਧੀਆ-ਪੁੱਤਾ ਤਾਂ ਹੈ ਕੋਈ ਨਹੀਂ।" ਪਰਕਾਸ਼ੋ ਨੇ ਦਿਲ ਦੀ ਗੱਲ ਸਾਫ ਸਾਫ ਕਹਿ ਦਿਤੀ।

ਮਨਜੀਤ ਦੀ ਕਲਪਣਾ ਵਿਚ ਵੀ ਇਹ ਗੱਲ ਕਦੇ ਨਹੀਂ ਸੀ ਆਈ। ਦੋ ਮਿੰਟ ਉਹਨੂੰ ਬੋਲਣ ਦੀ ਸੁਧ-ਬੁਧ ਹੀ ਨਾ ਰਹੀ। ਪਰਕਾਸ਼ੋ ਦੀ ਏਸ ਤਜਵੀਜ਼ ਨੇ ਜਿਵੇਂ ਉਹਦੇ ਅੱਲਿਆਂ ਫੱਟਾਂ ਉਤੇ ਲੂਣ ਪਾ ਦਿਤਾ। ਉਹਦੀਆਂ ਅੱਖਾਂ ਵਿਚੋਂ ਆਪ

ਮੁਹਾਰੇ ਹੰਝੂ ਵਹਿਣ ਲੱਗ ਪਏ। ਪੱਲੇ ਨਾਲ ਅੱਖਾਂ ਪੂੰਝ ਕੇ ਉਹਨੇ ਉੱਤਰ ਦਿਤਾ, "ਭੈਣ ਜੀ ! ਮੈਂ ਤੁਹਾਡੀ ਕੀਤੀ ਕਦੇ ਭੁਲਾ ਨਹੀਂ ਸਕਦੀ। ਮੈਨੂੰ ਡੁਬਦੀ ਨੂੰ ਤੁਸਾਂ ਦੋ ਦਿਨ ਆਸਰਾ ਦਿਤਾ ਏ। ਮੇਰੀ ਜਾਨ ਵੀ ਮੰਗੋ, ਤਾਂ ਹਾਜ਼ਰ ਏ। ਪਰ ਇਹ ਗੱਲ ਨਹੀਂ ਹੋ ਸਕਦੀ। ਮੈਂ ਮਰਨ-ਵਾਲੇ ਦੇ ਸਿਦਕ ਵਿਚ ਉਮਰ ਕੱਟਣ ਦਾ ਪ੍ਰਣ ਕੀਤਾ ਹੋਇਆ ਏ।"

"ਮਨਜੀਤ ! ਮਾਣ ਨਾ ਤੋੜ ਮੇਰਾ। ਏਹੋ ਜੇਹੇ ਪਰਣ ਨਿਭਦੇ ਨਹੀਂ ਹੁੰਦੇ। ਅਸੀਂ ਤੈਨੂੰ ਸੋਨੇ ਨਾਲ ਤੋਲ ਕੇ ਰੱਖਾਂਗੇ।"

"ਭੈਣ ਜੀ ! ਮੇਰੇ ਕਲੇਜੇ ਵਿਚ ਛੁਰੀ ਖੋਭ ਦਿਹੋ। ਮੈਂ 'ਸੀ' ਕਰ ਜਾਵਾਂ, ਤਾਂ ਉਲਾਹਮਾ ਦਿਉਜੇ। ਪਰ ਮੈਨੂੰ ਇਹ ਗੱਲ ਨਾ ਆਖੋ।" ਦੁੱਖ ਨਾਲ ਮਨਜੀਤ ਹਡਕੋਰੇ ਭਰ ਭਰ ਰੋਣ ਲੱਗ ਪਈ।

ਰਾਤ ਦਾ ਬਾਕੀ ਹਿੱਸਾ ਦੋਹਾਂ ਨੇ ਜਾਗਦਿਆਂ ਬਿਤਾਇਆ। ਮਨਜੀਤ ਦੀ ਰੋਂਦਿਆਂ ਨਿਭ ਗਈ ਤੇ ਪਰਕਾਸ਼ੋ ਦੀ ਉਸਨੂੰ ਫਾਹੁਣ ਦੀਆਂ ਗੋਂਦਾਂ ਗੁੰਦ ਦਿਆਂ।

ਤੜਕੇ ਹੀ ਪਰਕਾਸ਼ੋ ਨੇ ਸਾਰੀ ਗੱਲ ਸੱਜਣ ਸਿੰਘ ਤੇ ਪਰਧਾਨ ਨੂੰ ਜਾ ਦੱਸੀ। ਉਹਨਾਂ ਨੂੰ ਵੀ ਸੁਣ ਕੇ ਬੜੀ ਚਿੰਤਾ ਹੋਈ। ਮਨਜੀਤ ਅਜੇ ਉਠ ਕੇ ਬੈਠੀ ਹੀ ਸੀ, ਜਾਂ ਪਰਕਾਸ਼ੋ, ਸੱਜਣ ਸਿੰਘ ਤੇ ਪਰਧਾਨ ਸੁਜਾਨ ਸਿੰਘ ਅੰਦਰ ਆ ਗਏ। ਸੱਜਣ ਸਿੰਘ ਨੇ ਪਰਧਾਨ ਵਾਸਤੇ ਕੁਰਸੀ ਡਾਹ ਦਿਤੀ। ਆਪ ਉਹ ਨਾਲ ਦੇ ਖਾਲੀ ਮੰਜੇ 'ਤੇ ਬਹਿ ਗਿਆ। ਪਰਕਾਸ਼ੋ ਮਨਜੀਤ ਦੇ ਮੰਜੇ 'ਤੇ ਹੀ ਪੈਂਦ ਵੱਲੇ ਬਹਿ ਗਈ।

ਉਸ ਜੁੰਡਲੀ ਨੂੰ ਵੇਖ ਕੇ ਮਨਜੀਤ ਸਿਰ ਤੋਂ ਪੈਰਾਂ ਤਕ ਕੰਬ ਉਠੀ। ਕੱਲ੍ਹੀ-ਕਾਰੀ ਅਬਲਾ ਆਪਣੇ ਆਪ ਨੂੰ ਲੁਟੇਰਿਆਂ ਦੇ ਘੇਰੇ ਵਿਚ ਅਨਭਵ ਕਰ ਰਹੀ ਸੀ। ਏਸ ਔਕੜ ਵਿਚ ਸਾਰਾ ਤਾਣ ਲਾ ਕੇ ਉਹਨੇ ਆਪਣੇ ਆਪ ਨੂੰ ਹੋਸ਼ ਵਿਚ ਰੱਖਣ ਦਾ ਯਤਨ ਕੀਤਾ। ਉਹਨੇ ਘੁੰਡ ਤਾਂ ਨਾ ਕਢਿਆ, ਪਰ ਮੱਥੇ ਉੱਤੇ ਲੀੜਾ ਥੋੜਾ ਜੇਹਾ ਨੀਂਵਾਂ ਕਰ ਲਿਆ। ਆਪਣੇ ਅੰਦਰ ਮਾਨਸਿਕ ਬਲ ਕੱਠਾ ਕਰਕੇ ਉਹ ਆਉਣ ਵਾਲਿਆਂ ਦੀ ਹਰ ਗੱਲ ਸੁਣਨ ਲਈ ਤਿਆਰ ਹੋ ਬੈਠੀ।

ਪਹਿਲਾਂ ਤਾਂ ਪਰਧਾਨ ਸਾਹਿਬ ਨੇ ਬੜੇ ਨਰਮ ਸ਼ਬਦਾਂ ਵਿਚ ਮਨਜੀਤ ਦੇ ਦੁੱਖਾਂ ਬਾਰੇ ਹਮਦਰਦੀ ਪਰਗਟ ਕੀਤੀ,ਤੇ ਫੇਰ ਆਪਣਾ ਮਨਸ਼ਾ ਜ਼ਾਹਿਰ ਕਰ ਦਿਤਾ। ਉਹ ਤਿਨੇ ਘੰਟਾ ਭਰ ਸਮਝਾਉਂਦੇ ਰਹੇ, ਪਰ ਥਿੰਧੇ ਘੜੇ ਵਾਂਗ ਮਨਜੀਤ 'ਤੇ ਉਹਨਾਂ ਦੇ ਵਾ-ਵੈਲਾ ਕਰਨ ਦਾ ਕੋਈ ਅਸਰ ਨਾ ਹੋਇਆ। ਮਨਜੀਤ ਤੋਂ ਮੂੰਹ ਤੋੜਵਾਂ ਜਵਾਬ ਸੁਣ ਕੇ ਉਹ ਤਿੰਨੇ ਗੁੱਸੇ ਵਿਚ ਭੜਕ ਉਠੇ। ਪਰਧਾਨ ਨੇ ਤਿਊੜੀ ਪਾ ਕੇ ਕਿਹਾ, "ਤੇਰਾ ਨੇਕ ਪਾਕ ਦਾ ਸਾਰਾ ਪਤਾ ਲੱਗ ਚੁਕਾ ਏ ਮੈਨੂੰ। ਤੁਹਾਡੇ ਪਿੰਡੋਂ ਬੰਦੇ

ਆ ਗਏ ਨੇ ਪਿਛੋਂ । ਭਲਮਾਣਸੀ ਨਾਲ ਮੰਨ ਜਾਏਂਗੀ, ਤਾਂ ਵਾਹ ਭਲਾ; ਨਹੀਂ ਤਾਂ ਪੁਲਸ ਬੁਲਾ ਕੇ ਹਵਾਲੇ ਕਰ ਦਿਆਂਗਾ । ਅੱਜ ਦਾ ਦਿਨ ਆਪਣਾ ਨਫਾ-ਨੁਕਸਾਨ ਸੋਚ ਲੈ । ਨਹੀ ਤਾਂ ਫਿਰ......... ।"

ਇਹ ਧਮਕੀ ਦੇ ਕੇ ਪਰਧਾਨ ਉਠ ਖਲਾ । ਨਾਲ ਹੀ ਸੱਜਣ ਸਿੰਘ ਵੀ ਉਠ ਖਲੋਤਾ ।

"ਪਰਕਾਸ਼ੋ ! ਅਜੇ ਵੀ ਸਮਝਾ ਲੈ ਇਹਨੂੰ । ਨਹੀਂ ਤਾਂ ਮੇਰੀ ਜਿਦ ਨੂੰ ਸਾਰੀ ਦੁਨੀਆਂ ਜਾਣਦੀ ਏ ।"

ਆਖ਼ਰੀ ਗੱਲ ਕਹਿ ਕੇ ਪਰਧਾਨ ਬਾਹਰ ਨਿਕਲ ਗਿਆ । ਉਹਦੇ ਮਗਰੇ ਸੱਜਣ ਸਿੰਘ ਤੇ ਪਰਕਾਸ਼ੋ ਵੀ ਚਲੇ ਗਏ । ਬੂਹਿਓਂ ਥੋੜੀ ਦੂਰ ਹੋ ਕੇ ਪਰਧਾਨ ਨੇ ਦੋਹਾਂ ਨੂੰ ਕਿਹਾ, "ਵੇਖੋ ਨਾਂ ! ਬਹੁਤੀ ਸਖ਼ਤੀ ਤਾਂ ਕਰਿਓ ਨਾਂ । ਉਹਨੇ ਰੌਲਾ ਪਾ ਦਿਤਾ, ਤਾਂ ਆਪਣਾ ਬਣਨਾ ਕੁਛ ਨਹੀਂ । ਇਹ ਤਾਂ ਐਵੇਂ 'ਦਾਅ ਦਾੜ੍ਹਾ ਤੇ ਵੰਝ ਵਰਿਆਮ' ਵਾਲੀ ਗੱਲ ਏ, ਜੇ ਕੋਈ ਢੰਗੋ-ਬੇੜਾ ਲੱਗ ਗਿਆ ਤਾਂ ! ਜਰਾ ਵਰਾਅ-ਵਰੂਅ ਕੇ ਈ ਮਨਾਇਓ । ਕੋਈ ਓਹੋ ਜੇਹਾ ਕਾਰਾ ਕਰਕੇ ਘਰੋਂ ਨਿਕਲੀ ਹੋਈ, ਤਾਂ ਪੁਲਸ ਤੋਂ ਡਰਦੀ ਜਰੂਰ ਮੰਨ ਜਾਏਗੀ । ਤੂੰ ਪਰਕਾਸ਼ੋ, ਧਿਆਨ ਰੱਖੀਂ, ਕਿਤੇ ਚੁਪ ਕੀਤੀ ਈ ਨਾ ਖਿਸਕ ਜਾਏ ।"

ਪਰਧਾਨ ਤੇ ਸੱਜਣ ਸਿੰਘ ਦਫਤਰ ਨੂੰ ਚਲੇ ਗਏ । ਪਰਕਾਸ਼ੋ ਪਹਿਰੇਦਾਰ ਬਣ ਕੇ ਮਨਜੀਤ ਦੇ ਕੋਲ ਆ ਬੈਠੀ ।

ਮਨਜੀਤ ਮੂੰਹ ਉਤੇ ਕਪੜਾ ਲਈ ਰੋ ਰਹੀ ਸੀ । ਉਹਨੂੰ ਸੁਧ-ਬੁਧ ਹੀ ਨਹੀਂ ਸੀ ਰਹੀ, ਕਿ ਉਹ ਕੀ ਕਰੇ, ਤੇ ਕੀ ਨਾ ਕਰੇ । ਬਹੁਤੇ ਭੈ ਵਿਚ ਵਿਚਾਰ-ਸ਼ਕਤੀ ਉਹਦਾ ਸਾਥ ਛੱਡ ਗਈ ਸੀ । ਏਸੇ ਤਰ੍ਹਾਂ ਰੋਂਦੀ ਨੂੰ ਉਹਨੂੰ ਬਾਰਾਂ ਵੱਜ ਗਏ । ਕੁਲਵੰਤ ਵੀ ਉਹਦੇ ਗੋਡੇ ਕੋਲ ਬੈਠਾ ਬੁਸਕ ਰਿਹਾ ਸੀ । ਪਰਕਾਸ਼ੋ ਉਹਨੂੰ ਮਠਿਆਈ ਦੇ ਕੇ ਪਰਚਾਉਣ ਦਾ ਚਾਰਾ ਕਰ ਰਹੀ ਸੀ । ਮਨਜੀਤ ਨੂੰ ਵੀ ਭੁਚਲਾਉਣ ਦਾ ਉਹਨੇ ਬਥੇਰਾ ਯਤਨ ਕੀਤਾ, ਪਰ ਆਪਣੇ ਅਥਾਹ ਗ਼ਮ ਵਿਚ ਉਹਨੂੰ ਇਸ ਵੇਲੇ ਕੋਈ ਸੋਝੀ ਨਹੀਂ ਸੀ । ਪਰਕਾਸ਼ੋ ਦੇ ਘੜੀ-ਮੁੜੀ 'ਭੈਣ ਭੈਣ' ਕਹਿਣ ਤੋਂ ਖਿਝ ਕੇ ਅੰਤ ਉਹ ਮੂੰਹ ਤੋਂ ਪੱਲਾ ਲਾਹ ਕੇ ਬੋਲੀ, "ਵਾਰ ਵਾਰ ਭੈਣ ਕਹਿ ਕੇ ਇਸ ਪਵਿੱਤਰ ਸ਼ਬਦ ਨੂੰ ਕਿਉਂ ਬਦਨਾਮ ਕਰਦੀ ਏਂ ? ਕੀ ਭੈਣਾਂ ਏਹਾ ਸਲੂਕ ਕਰਦੀਆਂ ਨੇ ਭੈਣਾਂ ਨਾਲ ? ਮੈਥੋਂ ਕਿਹੜੇ ਜਨਮ ਦਾ ਬਦਲਾ ਲੈਣਾ ਸਈ । ਮਰਦ ਵੱਧ ਤੋਂ ਵੱਧ ਜ਼ੁਲਮ ਕਰ ਸਕਦੇ ਨੇ, ਪਰ ਇਸਤਰੀ ਤੋਂ ਇਹ ਆਸ ਨਹੀਂ ਸੀ ।"

ਮਨਜੀਤ ਦੀਆਂ ਅੱਖਾਂ ਰੋ ਰੋ ਕੇ ਲਾਲ ਹੋਈਆਂ ਹੋਈਆਂ ਸਨ । ਇਸ ਵੇਲੇ

ਉਹਨਾਂ ਵਿਚੋਂ ਘਿਰਣਾ ਤੇ ਕ੍ਰੋਧ ਦੀਆਂ ਲਾਟਾਂ ਨਿਕਲਦੀਆਂ ਭਾਸ ਰਹੀਆਂ ਸਨ। ਉਹਦੀ ਏਸ ਭਿਆਨਕ ਸ਼ਕਲ ਵੱਲ ਵੇਖ ਕੇ ਪਰਕਾਸ਼ੋ ਵੀ ਥੋੜਾ ਜੇਹਾ ਡਰ ਗਈ। ਮਨਜੀਤ ਮੰਜੇ ਤੋਂ ਉਠਦੀ ਕੁਲਵੰਤ ਵੱਲ ਦੋਵੇਂ ਹੱਥ ਫੈਲਾ ਕੇ ਬੋਲੀ, "ਆ ਕਾਕਾ! ਉਸ ਨਿਆਸਰਿਆਂ ਦੇ ਆਸਰੇ ਦੀ ਦਰਗਾਹ ਵਿਚ ਚੱਲ ਕੇ ਫ਼ਰਯਾਦ ਕਰੀਏ।"

ਕੁਲਵੰਤ ਨੂੰ ਮਨਜੀਤ ਨੇ ਕੁੱਛੜ ਚੁੱਕ ਲਿਆ। ਉਹ ਮੰਜੇ ਦੇ ਸਰ੍ਹਾਂਦਿਓਂ ਗੰਢੜੀ ਫੜਨ ਲੱਗੀ, ਤਾਂ ਪਰਕਾਸ਼ੋ ਨੇ ਗੰਢੜੀ ਨੂੰ ਹੱਥ ਪਾ ਕੇ ਕਿਹਾ, "ਇਉਂ ਨਾ ਕਰ, ਮਨਜੀਤ! ਮੇਰੇ ਸਹੁਰੇ ਨੂੰ ਪਤਾ ਲੱਗ ਗਿਆ, ਤਾਂ ਉਹਨੇ ਹੁਣੇ ਈ ਪੁਲਸ ਮੰਗਾ ਕੇ ਫੜਾ ਦੇਣਾ ਏਂ। ਬੜਾ ਭੈੜਾ ਸੁਭਾਅ ਏ ਉਹਦਾ। ਤੂੰ ਅੱਜ ਦਾ ਦਿਨ ਰਹੁ। ਮੈਂ ਰਾਤ ਨੂੰ ਉਹਨਾਂ ਤੋਂ ਚੋਰੀ ਤੈਨੂੰ ਗੱਡੀ ਚੜ੍ਹਾ ਆਵਾਂਗੀ।" ਪਰਕਾਸ਼ੋ ਦਾ ਇਹ ਠੱਗਾਂ ਵਰਗਾ ਮਿੱਠਾ ਝਾਸਾ ਸੀ।

ਮਨਜੀਤ ਨੇ ਕੁਛ ਸੋਚ ਕੇ ਗੰਢੜੀ ਛੱਡ ਦਿਤੀ। ਪਰਧਾਨ ਦੀ ਆਖ਼ਰੀ ਧਮਕੀ ਉਹਦੇ ਕੰਨਾਂ ਵਿਚ ਗੂੰਜ ਰਹੀ ਸੀ। ਜੁਰਮ ਭਾਵੇਂ ਉਹਨੇ ਕੋਈ ਨਹੀਂ ਸੀ ਕੀਤਾ, ਫਿਰ ਵੀ ਉਹਦੀਆਂ ਅੱਖਾਂ ਵਿਚ ਪੁਲੀਸ ਦਾ ਭੈ ਛਾਇਆ ਹੋਇਆ ਸੀ। ਪੁਲੀਸ ਦੇ ਵੱਸ ਪੈਣਾ ਹੀ ਉਹਦੀ ਨਜ਼ਰ ਵਿਚ ਸਭ ਤੋਂ ਵੱਡੀ ਬੇ-ਇੱਜ਼ਤੀ ਸੀ। ਅੰਤ ਉਹਨੇ ਪਰਕਾਸ਼ੋ ਦੀ ਖ਼ੁਸ਼ਾਮਦ ਕਰਨ ਵਿਚ ਹੀ ਬਿਹਤਰੀ ਸਮਝੀ। ਉਹਨੇ ਪਰਕਾਸ਼ੋ ਦੇ ਪੈਰੀਂ ਹੱਥ ਲਾ ਕੇ ਕਿਹਾ, "ਭੈਣ ਜੀ! ਭੈਣ ਕਹੇ ਦੀ ਲੱਜ ਪਾਲੋ। ਇਸਤਰੀ ਤਾਂ ਇਸਤਰੀ ਦੁੱਖ ਨੂੰ ਸਮਝਦੀ ਏ। ਜਿਵੇਂ ਜਾਣਦੇ ਓ, ਮੇਰੀ ਰੱਖਿਆ ਕਰੋ।"

"ਰੋ ਨਾ, ਮਨਜੀਤ!" ਪਰਕਾਸ਼ੋ ਨੇ ਉਹਨੂੰ ਦੋਹਾਂ ਬਾਹੀਂ 'ਚ ਲੈ ਕੇ ਕਿਹਾ। "ਭਰਾ ਦੀ ਸੌਂਹ ਲੈ ਲੈ ਮੈਥੋਂ, ਜੇ ਮੇਰੇ ਮਨ 'ਚ ਮੈਲ ਹੋਵੇ ਤਾਂ। ਦਿਨੇ ਨਾ ਜਾ। ਕੋਈ ਹੋਰ ਝਗੜਾ ਨਾ ਖੜਾ ਹੋ ਜਾਵੇ। ਐਵੇਂ ਕਾਹਨੂੰ ਅਣਸੁਣਿਆਂ ਨੂੰ ਸੁਣਾਉਣਾ ਏਂ। ਰਾਤੀਂ ਉਹਨਾਂ ਤੋਂ ਚੋਰੀ ਮੈਂ ਤੈਨੂੰ ਬਾਹਰ ਛੱਡ ਆਵਾਂਗੀ।" ਗਲਵੱਕੜੀ ਛੱਡ ਕੇ ਉਹ ਪੱਲੇ ਨਾਲ ਮਨਜੀਤ ਦੀਆਂ ਅਖਾਂ ਪੂੰਝਣ ਲੱਗ ਪਈ।

"ਚੱਲ ਫਿਰ ਗੁਰਦੁਆਰੇ ਚੱਲੀਏ, ਡਿਗਦੇ ਮਨ ਨੂੰ ਜ਼ਰਾ ਸ਼ਾਂਤੀ ਆਵੇ ਤਾਂ।" ਉਸ ਕੈਦ ਵਿਚੋਂ ਨਿਕਲਨ ਦਾ ਬਹਾਨਾ ਸੋਚ ਕੇ ਮਨਜੀਤ ਨੇ ਕਿਹਾ।

"ਚੱਲ, ਮੈਂ ਵੀ ਚੱਲਦੀ ਆਂ।" ਪਰਕਾਸ਼ੋ ਨੇ ਪੂਰੀ ਤਰ੍ਹਾਂ ਰਾਖੀ ਕਰਨ ਦੇ ਇਰਾਦੇ ਨਾਲ ਉੱਤਰ ਦਿਤਾ।

ਗੰਢੜੀ ਚੁੱਕ ਕੇ ਪਰਕਾਸ਼ੋ ਨੇ ਅਲਮਾਰੀ ਵਿਚ ਰੱਖ ਦਿਤੀ। ਫਿਰ ਬੂਹਾ ਮਾਰ ਕੇ ਦੋਵੇਂ ਗੁਰਦੁਆਰੇ ਨੂੰ ਤੁਰ ਪਈਆਂ। ਦਰਸ਼ਨੀ ਦਰਵਾਜ਼ੇ ਅੱਗੇ ਖਲਾ ਸੱਜਣ

ਸਿੰਘ ਪਹਿਰਾ ਦੇ ਰਿਹਾ ਸੀ । ਉਹਨੇ ਅੰਦਰ ਲੰਘਦੀਆਂ ਦੋਹਾਂ ਜਣੀਆਂ ਨੂੰ ਘੂਰ ਕੇ ਤਕਿਆ। ਉਸ ਵੇਲੇ ਇਕ ਗ੍ਰੰਥੀ ਤੇ ਇਕ ਪਰਸਾਦ ਵੰਡਣ ਵਾਲੇ ਸੇਵਾਦਾਰ ਤੋਂ ਬਿਨਾਂ ਅੰਦਰ ਕੋਈ ਨਹੀਂ ਸੀ। ਦੋਹਾਂ ਨੇ ਮੱਥਾ ਟੇਕਿਆ ਤੇ ਪਰਸਾਦ ਲੈ ਕੇ ਬਾਹਰਲੀ ਛੋਟੀ ਸਮਾਧ ਵਿਚ ਆ ਬੈਠੀਆਂ। ਪਰਕਾਸ਼ੋ ਦੇ ਦਿਲ ਵਿਚ ਆਈ, ਕਿ ਉਹ ਮਨਜੀਤ ਦੀ ਗੰਢੜੀ ਤਾਂ ਫੋਲ ਕੇ ਵੇਖੇ, ਪਈ ਉਹਦੇ ਵਿਚ ਕੀ ਕੁਛ ਆ। ਉਹ ਮਨਜੀਤ ਦਾ ਮੋਢਾ ਥਾਪੜਦੀ ਬੋਲੀ, "ਲੈ, ਤੂੰ ਏਥੇ ਬਹੁ, ਮੈਂ ਹੁਣੇ ਆਈ।"

ਪਰਕਾਸ਼ੋ ਉਠ ਕੇ ਚਲੀ ਗਈ। ਜਾਂਦੀ ਹੋਈ ਉਹ ਸੱਜਣ ਸਿੰਘ ਨੂੰ ਪੱਕੀ ਕਰ ਗਈ, "ਧਿਆਨ ਰੱਖੀਂ ਜਰਾ। ਦੂੱਜੇ ਬੂਹੇ ਅੱਗੇ ਮੈਂ ਗੱਜਣ ਨੂੰ ਖਲ੍ਹਾਰ ਚੱਲੀ ਆਂ। ਆਸ ਏ ਇਕ ਦੋ ਦਿਨਾਂ ਵਿਚ ਆਪੇ ਠੀਕ ਹੋ ਜਾਏਗੀ।"

ਸੱਜਣ ਸਿੰਘ ਨੇ ਸਿਰ ਹਿਲਾ ਕੇ ਜਾਣ ਦੀ ਸਲਾਹ ਦੇ ਦਿਤੀ। ਦੂਜੇ ਪਾਸੇ ਗੱਜਣ ਸਿੰਘ ਨੂੰ ਪਹਿਰੇ 'ਤੇ ਖਲ੍ਹਾਰ ਕੇ ਪਰਕਾਸ਼ੋ ਘਰ ਨੂੰ ਚਲੀ ਗਈ।

ਪਰਕਾਸ਼ੋ ਦੇ ਉਹਲੇ ਹੁੰਦਿਆਂ ਹੀ ਮਨਜੀਤ ਹੁਬਕੀਂ ਹੁਬਕੀਂ ਰੋਣ ਲੱਗ ਪਈ। ਉਹਦੀਆਂ ਅੱਖਾਂ ਦੇ ਸੋਮੇ ਇਉਂ ਵਹਿ ਤੁਰੇ, ਜਿਵੇਂ ਧਰਤੀ ਦਾ ਕੜ ਪਾਟ ਗਿਆ ਹੋਵੇ। ਉਹਨੂੰ ਆਪਣਾ ਭਵਿੱਖ ਹਰ ਪਾਸਿਓਂ ਹਨ੍ਹੇਰਾ ਦਿਸ ਰਿਹਾ ਸੀ। ਜਿਸ ਮੁਸੀਬਤ ਦੇ ਮੂੰਹੋਂ ਬਚਣ ਵਾਸਤੇ ਉਹ ਘਰੋਂ ਨੱਸੀ ਸੀ, ਓਹਾ ਔਕੜ ਏਥੇ ਘੇਰਾ ਘੱਤੀ ਖਲੀ ਸੀ। ਉਹ ਵਿਚਾਰੀ ਕਿਧਰ ਜਾਏ ? ਕੌਣ ਉਹਦੀ ਬਿਪਤਾ ਵਿਚ ਸਹਾਈ ਹੋਵੇ ?

ਦਿਨ ਦੇ ਬਾਰਾਂ-ਕੁ ਵਜੇ ਇਕ ਬਿਰਧ ਜੋੜੀ ਮਹਾਰਾਜ ਦੇ ਦਰਸ਼ਨ ਵਾਸਤੇ ਆਈ। ਸਾਮ੍ਹਣੇ ਪਰਕਾਸ਼ ਅਸਥਾਨ 'ਤੇ ਮਥਾ ਟੇਕ ਕੇ ਉਹ ਖੱਬੇ ਹੱਥ ਵੱਲ ਗੁਰੂ ਮਹਾਰਾਜ ਦੀ ਸਮਾਧੀ ਦੀ ਪਰਕਰਮਾ ਕਰਨ ਲੱਗੇ। ਪਰਦੱਖਣਾ ਦੀ ਪਿਛਲੀ ਨੁੱਕਰ ਵਿਚ ਮਨਜੀਤ ਰੋ ਰਹੀ ਸੀ। ਉਹਦੀਆਂ ਅੱਖਾਂ ਤੇ ਅਧਾ ਚਿਹਰਾ ਖੱਬੇ ਹੱਥ ਥੱਲੇ ਕੱਜਿਆ ਹੋਇਆ ਸੀ। ਉਹਦੇ ਸੱਜੇ ਗੋਡੇ ਉਤੇ ਸਿਰ ਸੁਟੀ ਕੁਲਵੰਤ ਹੌਲੀ ਹੌਲੀ ਬੁਸਕ ਰਿਹਾ ਸੀ। ਉਸ ਬਿਰਧ ਜੋੜੀ ਦੀ ਨਿਗ੍ਹਾ ਦੁਖੀ ਮਨਜੀਤ 'ਤੇ ਪਈ, ਤਾਂ ਦੋਹਾਂ ਦਇਆਵਾਨਾਂ ਦੇ ਦਿਲ ਭਰ ਆਏ। ਪਰਕਰਮਾ ਕਰਕੇ ਬਜ਼ੁਰਗ 'ਨਸ਼ਾਨ ਸਾਹਿਬ' ਕੋਲ ਬਹਿ ਕੇ ਅਖ਼ਬਾਰ ਪੜ੍ਹਨ ਲੱਗ ਪਿਆ ਤੇ ਮਾਈ ਮਨਜੀਤ ਕੋਲ ਆ ਬੈਠੀ।

ਮਾਂ ਵਰਗੇ ਸਨੇਹ ਨਾਲ ਮਨਜੀਤ ਦੇ ਸਿਰ 'ਤੇ ਹੱਥ ਫੇਰਦੀ ਮਾਈ ਬੋਲੀ, "ਧੀਏ ! ਜੇਰਾ ਕਰ ਖਾਂ। ਤੇਰੀ ਇਹ ਹਾਲਤ ਵੇਖ ਕੇ ਮੇਰਾ ਦਿਲ ਭਰ ਆਇਆ ਏ। ਕੀ ਤੂੰ ਮੈਨੂੰ ਮਾਂ ਸਮਝ ਕੇ ਆਪਣਾ ਦੁੱਖ ਨਹੀਂ ਦੱਸੇਂਗੀ ?"

ਦਰਦ ਵਿਚ ਏਨੀ ਭਿੱਜੀ ਹੋਈ ਸੀ ਉਹਦੀ ਵਾਜ, ਕਿ ਮਨਜੀਤ ਅੱਖਾਂ ਤੋਂ ਹੱਥ ਚੁਕ ਕੇ ਉਹਦੇ ਵੱਲ ਵੇਖਣ 'ਤੇ ਮਜਬੂਰ ਹੋ ਗਈ। ਉਸ ਮਿੱਠੀ ਸ਼ਖਸੀਅਤ ਦੀ ਨਿਗ੍ਹਾ ਵਿਚ ਮਾਂ ਵਰਗੀ ਮਮਤਾ ਝਲਕਦੀ ਵੇਖ ਕੇ ਮਨਜੀਤ ਉਹਦੀ ਗੋਦੀ ਵਿਚ ਢਹਿ ਕੇ ਭੁੱਬੀਂ ਭੁੱਬੀਂ ਰੋਣ ਲੱਗ ਪਈ। ਮੁੱਦਤ ਪਿਛੋਂ ਉਹ ਉਸ ਵੇਲੇ ਆਪਣੇ ਆਪ ਨੂੰ ਮਾਂ ਦੀ ਗੋਦੀ ਵਿਚ ਅਨਭਵ ਕਰ ਰਹੀ ਸੀ।

ਰੋ ਧੋ ਕੇ ਦਿਲ ਹੌਲਾ ਹੋਇਆ, ਤਾਂ ਮਨਜੀਤ ਨੇ ਆਪਣੀ ਘਰ ਛੱਡ ਕੇ ਆਉਣ ਦੀ ਵਾਰਤਾ ਸੁਣਾਈ। ਉਹਨੇ ਇਹ ਵੀ ਦੱਸਿਆ, ਕਿ ਏਥੇ ਉਹਦੇ ਵਾਸਤੇ ਕੀ ਨਵੇਂ ਜਾਲ ਤਣੇ ਗਏ ਹਨ।

ਕਿੰਨਾ ਚਿਰ ਬਿਰਧ ਮਾਈ ਚੁਪ-ਚਾਪ ਮਾਂ ਵਾਂਗ ਮਨਜੀਤ ਦਾ ਸਿਰ ਪਲੋਸਦੀ ਰਹੀ। ਉਹਨੇ ਧੀਰਜ ਦੇਂਦਿਆਂ ਕਿਹਾ, "ਕੋਈ ਨਹੀਂ, ਘਬਰਾ ਨਾ ਤੂੰ। ਵਾਹਿਗੁਰੂ ਭਲੀ ਕਰੇਗਾ। ਅਸੀਂ ਤੇਰੀ ਮਦਦ ਕਰਾਂਗੇ। ਤੇਰਾ ਨਾਂ ਕੀ ਏ ? ਪੁੱਤਰ !"

"ਮਨਜੀਤ।"

"ਮਨਜੀਤ ? ਕੇਹਾ ਢੋ ਢੋਇਆ ਏ ਰੱਬ ਨੇ। ਮੇਰੀ ਵੀ ਮਰਨ ਵਾਲੀ ਧੀ ਦਾ ਨਾਂ ਮਨਜੀਤ ਸੀ। ਤੇਰੇ ਜਿੱਡੀ ਹੁੰਦੀ ਹੁਣ ਨੂੰ ਜੇ ਚੰਦਰੀ ਮੌਤ ਉਹਨੂੰ ਜ਼ਿੰਦਗੀ ਮਾਨਣ ਦੇਂਦੀ ਤਾਂ !"

ਮਨਜੀਤ ਚੁੱਪ ਕਰ ਕੇ ਸੁਣਦੀ ਰਹੀ। ਅਧ-ਬੁਝੀ ਅੱਗ ਦੇ ਧੂੰਏਂ ਵਾਂਗ ਉਹਦੇ ਅੰਦਰੋਂ ਹਉਕੇ ਅਜੇ ਵੀ ਉਠ ਰਹੇ ਸਨ।

"ਧੀਏ ! ਮੇਰੇ 'ਤੇ ਭਰੋਸਾ ਕਰੇਂਗੀ ?" ਮਾਈ ਨੇ ਕੁਛ ਸੋਚ ਕੇ ਸਵਾਲ ਕੀਤਾ।

ਮਨਜੀਤ ਨੇ ਤ੍ਰਭਕ ਕੇ ਉਹਦੀਆਂ ਅੱਖਾਂ ਵਿਚ ਤਕਿਆ। ਓਥੇ ਕਿਸੇ ਸ਼ੱਕ ਦੀ ਥਾਂ ਪਵਿੱਤਰ ਆਤਮਾ ਦੀ ਸਚਾਈ ਝਲਕ ਰਹੀ ਸੀ। ਮਨਜੀਤ ਨੇ ਸਿਰ ਝੁਕਾ ਕੇ ਉੱਤਰ ਦਿਤਾ, "ਹਾਂ, ਕਰਾਂਗੀ। ਤੁਹਾਡੇ ਵਿਚ ਮੈਨੂੰ ਆਪਣੀ ਮਾਂ ਦਾ ਭੁਲੇਖਾ ਪੈਂਦਾ ਏ।"

"ਰੱਬ ਕਰੇ, ਮੈਂ ਏਸ ਭੁਲੇਖੇ ਨੂੰ ਸੱਚ ਵਿਚ ਬਦਲ ਸੱਕਾਂ।" ਕਹਿੰਦਿਆਂ ਕਹਿੰਦਿਆਂ ਮਾਈ ਨੇ ਮਨਜੀਤ ਨੂੰ ਫਿਰ ਛਾਤੀ ਨਾਲ ਘੁੱਟ ਲਿਆ।

ਮਨਜੀਤ ਦੇ ਹੰਝੂ ਫਿਰ ਆਪ-ਮੁਹਾਰੇ ਵਹਿ ਤੁਰੇ। ਹੰਝੂ ਵੀ ਬਾਲਾਂ ਵਾਂਗ ਬੜੇ ਛਿੰਦੇ ਹੁੰਦੇ ਹਨ। ਜਿੱਥੇ ਇਹਨਾਂ ਨੂੰ ਕੋਈ ਵਰਾਉਣ ਵਾਲਾ ਮਿਲ ਜਾਏ, ਇਹ ਬਹੁਤੇ ਹੀ ਅੱਥਰੇ ਹੋ ਜਾਂਦੇ ਹਨ।

ਮਾਈ ਨੇ ਉਹਨੂੰ ਚੁੱਪ ਕਰਾਉਣ ਦਾ ਯਤਨ ਨਹੀਂ ਕੀਤਾ। ਉਹਦੀਆਂ

ਸਿਸਕੀਆਂ ਕੁਛ ਮੱਠੀਆਂ ਹੋਈਆਂ, ਤਾਂ ਮਾਈ ਨੇ ਦ੍ਰਿੜ੍ਹ ਇਰਾਦੇ ਨਾਲ ਕਿਹਾ, "ਮੈਂ ਤੈਨੂੰ ਏਸ ਕਸ਼ਟ ਵਿਚ ਛੱਡ ਕੇ ਨਹੀਂ ਜਾਵਾਂਗੀ। ਪਰ ਤੇਰੇ ਬਦਲੇ ਮੈਨੂੰ ਬਹੁਤ ਕੁਛ ਸੋਚਣਾ ਪਵੇਗਾ।"

ਮਨਜੀਤ ਨੇ ਕੁਛ ਕਹਿਣ ਵਾਸਤੇ ਜ਼ਰਾ-ਕੁ ਸਿਰ ਚੁਕਿਆ, ਪਰ ਬਿਨਾਂ ਮੂੰਹੋਂ ਵਾਜ ਕਢੇ ਫਿਰ ਨੀਂਵੀਂ ਪਾ ਲਈ।

"ਤੂੰ ਕੁਛ ਪੜ੍ਹੀ ਹੋਈ ਵੀ ਹੈਂ?" ਕਿਸੇ ਸਿੱਟੇ ਤੇ ਪਹੁੰਚਕੇ ਮਾਈ ਨੇ ਪੁਛਿਆ।

"ਹਾਂ, ਚਾਰ ਜਮਾਤਾਂ। ਪਰ ਮੈਂ ਪੰਜਾਬੀ ਬਹੁਤ ਚੰਗੀ ਲਿਖ ਪੜ੍ਹ ਸਕਦੀ ਆਂ।"

"ਚਲੋ ਠੀਕ ਏ। ਪੜ੍ਹਾਈ ਵਿਚ ਪਿਆਂ ਆਪੇ ਹੋਰ ਪੜ੍ਹ ਜਾਏਂਗੀ।"

"ਮੈਂ ਕਸੀਦਾ ਕਢਣਾ ਤੇ ਕੱਪੜੇ ਸਿਉਣੇ ਵੀ ਜਾਣਦੀ ਆਂ। ਕਿਸੇ ਘਰ ਅੰਨਪਾਣੀ ਦੀ ਨੌਕਰੀ ਮਿਲ ਜਾਏ, ਤਾਂ ਮੈਂ ਉਹ ਵੀ ਭੁਗਤਾ ਲਵਾਂਗੀ। ਪਰ ਜਿਸ ਘਰ ਵਿਚ ਮੈਂ ਇੱਜ਼ਤ ਨਾਲ ਰਹਿ ਸੱਕਾਂ।"

"ਰੱਖਣ ਨੂੰ ਤਾਂ ਮੈਂ ਆਪਣੇ ਘਰ ਈ ਤੈਨੂੰ ਧੀਆਂ ਵਾਂਗ ਰੱਖ ਸਕਦੀ ਆਂ, ਪਰ ਮੈਂ ਨਹੀਂ ਚਾਹੁੰਦੀ, ਤੂੰ ਕਿਸੇ ਦੀ ਅਰਥਈਆ ਹੋ ਕੇ ਰਹੇਂ। ਮੈਂ ਤੇਰੇ ਵਾਸਤੇ ਕੋਈ ਕੰਮ ਸੋਚ ਰਹੀ ਸਾਂ। ਕੰਮ ਕਰਨ ਵਾਲਾ ਆਪਣੀ ਕਮਾਈ ਉਤੇ ਪੂਰੀ ਆਜ਼ਾਦੀ ਨਾਲ ਨਿਰਬਾਹ ਕਰ ਸਕਦਾ ਏ।"

"ਮੈਂ ਹਰ ਕੰਮ ਕਰਨ ਨੂੰ ਤਿਆਰ ਆਂ। ਤੁਹਾਡਾ ਆਸਰਾ ਚਾਹੀਦਾ ਏ ਮੈਨੂੰ।"

"ਆਸਰਾ ਸਦਾ ਵਾਹਿਗੁਰੂ ਦਾ ਏ, ਪੁੱਤਰ! ਬੰਦਾ ਤਾਂ ਬੰਦੇ ਦਾ ਵਸੀਲਾ ਏ ਸਿਰਫ਼।"

"ਮਾਪਿਆਂ ਦਾ ਵੀ ਬੜਾ ਆਸਰਾ ਹੁੰਦਾ ਏ, ਜੇ ਤੁਸੀਂ ਮੇਰੇ ਨਿਆਸਰੀ ਦੇ ਮਾਪੇ ਬਣਨਾ ਪਰਵਾਨ ਕਰੋ ਤਾਂ! ਮੈਂ ਤੁਹਾਡੇ ਨਾਂ ਨੂੰ ਵੱਟਾ ਨਹੀਂ ਲਾਵਾਂਗੀ।"

"ਮੈਨੂੰ ਤੇਰੇ 'ਤੇ ਭਰੋਸਾ ਏ, ਧੀਏ! ਮੇਰਾ ਨਾਂ ਦਇਆ ਕੌਰ ਏ। ਤੇਰੇ ਪਿਤਾ ਜੀ ਮਿੰਟਗੁਮਰੀ ਸਿੰਘ ਸਭਾ ਦੇ ਪਰਧਾਨ ਨੇ। ਮੈਂ ਉਹਨਾਂ ਨੂੰ ਕਹਿ ਕੇ ਓਥੇ ਕੰਨਿਆਂ-ਪਾਠਸ਼ਾਲਾ ਵਿਚ ਤੈਨੂੰ ਅਧਿਆਪਕਾ ਲੁਆ ਦਿਆਂਗੀ। ਅਗ੍ਹਾਂ ਤੂੰ ਆਪ ਮਿਹਨਤ ਕਰਕੇ ਪੜ੍ਹਾਈ ਵਿਚ ਤਰੱਕੀ ਕਰ ਲਈਂ। ਉੱਠ, ਤੈਨੂੰ ਤੇਰੇ ਪਿਤਾ ਜੀ ਦੇ ਮੱਥੇ ਲ਼ਾਵਾਂ।"

ਦਇਆ ਕੌਰ ਉਠ ਖਲੋਤੀ। ਮਨਜੀਤ ਵੀ ਕੁਲਵੰਤ ਨੂੰ ਚੁਕ ਕੇ ਉਹਦੇ

ਮਗਰ ਲੱਗ ਤੁਰੀ। ਬਾਹਰ ਪੜੀ ਕੋਲ ਜਾ ਕੇ ਦਇਆ ਕੌਰ ਨੇ ਬਹਿਣ ਲਗਿਆਂ ਕਿਹਾ, "ਵੇਖੋ ਸੰਜੋਗ ਦੀਆਂ ਗੱਲਾਂ ! ਏਸ ਬੀਬੀ ਦਾ ਨਾਂ ਮਨਜੀਤ ਏ। ਮੈਨੂੰ ਤਾਂ ਇਹਦੇ ਵਿਚ ਆਪਣੀ ਮਨਜੀਤ ਦਾ ਭਾਉਲਾ ਪੈਂਦਾ ਏ। ਤੁਹਾਡੇ ਮਾਣ ਉਤੇ ਮੈਂ ਇਹਦੇ ਨਾਲ ਇਕ ਬਚਨ ਕਰ ਆਈ ਆਂ।"

"ਵਾਹਿਗੁਰੂ ਤੁਹਾਡੇ ਬਚਨ ਪੂਰੇ ਕਰੇ।" ਬਜ਼ੁਰਗ ਦੇ ਚਿਹਰੇ ਉਤੇ ਤਪੱਸਵੀਆਂ ਵਰਗਾ ਖੇੜਾ ਸੀ।

"ਪਿਤਾ ਜੀ ! ਮੈਨੂੰ ਤਾਂ ਤੁਹਾਡਾ ਈ ਆਸਰਾ ਏ।" ਮਨਜੀਤ ਨੇ ਬਿਰਧ ਦੇ ਚਰਨਾਂ 'ਤੇ ਸਿਰ ਝੁਕਾਉਂਦਿਆਂ ਕਿਹਾ।

"ਬੇਟਾ ! ਸਭ ਦਾ ਆਸਰਾ ਅਕਾਲਪੁਰਖ ਏ। ਬੈਠੋ।" ਬਜ਼ੁਰਗ ਨੇ ਮਨਜੀਤ ਦਾ ਸਿਰ ਪਲੋਸ ਕੇ ਧੀਰਜ ਦੇਂਦਿਆਂ ਕਿਹਾ।

ਮਨਜੀਤ ਇਕ ਪਾਸੇ ਹੋ ਕੇ ਬਹਿ ਗਈ। ਮਾਈ ਦਇਆ ਕੌਰ ਨੇ ਉਹਦੀ ਸਾਰੀ ਵਾਰਤਾ ਪੜੀ ਨੂੰ ਕਹਿ ਸੁਣਾਈ। ਸੁਣ ਕੇ ਬਿਰਧ ਬਾਬੇ ਦੀਆਂ ਵੀ ਅੱਖਾਂ ਭਰ ਆਈਆਂ। ਉਹਨੇ ਮਨਜੀਤ ਨੂੰ ਹੌਂਸਲਾ ਦੇਂਦਿਆਂ ਕਿਹਾ, "ਪੁੱਤਰ ! ਦੁੱਖ ਬਣੇ 'ਤੇ ਘਬਰਾਈਦਾ ਨਹੀਂ। ਗੁਰੂ 'ਤੇ ਭਰੋਸਾ ਰੱਖ। ਸਾਥੋਂ ਜੋ ਵੀ ਹੋ ਸਕੇਗਾ, ਅਸੀਂ ਤੇਰੇ ਵਾਸਤੇ ਕਰਾਂਗੇ।" ਕੁਛ ਚਿਰ ਸੋਚ ਕੇ ਉਹਨੇ ਦਇਆ ਕੌਰ ਨੂੰ ਸੰਬੋਧਨ ਕੀਤਾ, "ਏਥੋਂ ਦਾ ਪਰਧਾਨ ਸ਼ਾਇਦ ਸ. ਸੁਜਾਨ ਸਿੰਘ ਏ।"

"ਹਾਂ, ਜੀ !" ਕੋਲੋਂ ਮਨਜੀਤ ਨੇ ਉੱਤਰ ਦਿਤਾ।

"ਹੱਛਾ, ਤੁਸੀਂ ਦੋਵੇਂ ਏਥੇ ਬੈਠੋ। ਮੈਂ ਜ਼ਰਾ ਪਰਧਾਨ ਸਾਹਿਬ ਨੂੰ ਮਿਲ ਆਵਾਂ।" ਕਹਿ ਕੇ ਬਜ਼ੁਰਗ ਉੱਠ ਕੇ ਤੁਰ ਗਿਆ।

ਦਫਤਰ ਵਿਚ ਅੱਗੇ ਪਰਧਾਨ ਤੇ ਸਕੱਤਰ ਬੈਠੇ ਗੱਲਾਂ ਕਰ ਰਹੇ ਸਨ। ਬੂਹੇ ਵਿਚ ਜਾ ਕੇ ਉਸ ਬਜ਼ੁਰਗ ਨੇ ਬੜੀ ਹਲੀਮੀ ਨਾਲ ਕਿਹਾ, "ਮੈਂ ਪਰਧਾਨ ਸਾਹਿਬ ਜੀ ਨੂੰ ਮਿਲਨਾ ਚਾਹੁੰਦਾ ਹਾਂ।"

"ਆਓ।" ਸੁਜਾਨ ਸਿੰਘ ਨੇ ਉਸੇ ਤਰ੍ਹਾਂ ਕੁਰਸੀ 'ਤੇ ਆਕੜਿਆਂ, ਰੁੱਖੀ ਜਿਹੀ ਸੁਰ ਵਿਚ ਕਿਹਾ।

ਪਰਧਾਨ ਤੇ ਸਕੱਤਰ ਦਾ ਇਹ ਰਵਈਆਂ ਆਉਣ ਵਾਲੇ ਬਜ਼ੁਰਗ ਨੂੰ ਚੰਗਾ ਨਾ ਲੱਗਾ। ਉਹਨੇ ਆਪਣਾ ਆਪ ਦੱਸਣ ਵਾਸਤੇ ਕਮਰੇ ਵਿਚ ਦਾਖ਼ਲ ਹੁੰਦਿਆਂ ਕਿਹਾ, "ਮੈਂ ਸ. ਦਲਜੀਤ ਸਿੰਘ ਐਸ. ਪੀ. ਦਾ ਪਿਤਾ ਸਾਧੂ ਸਿੰਘ ਹਾਂ, ਮਿੰਟਗੁਮਰੀ ਤੋਂ।"

"ਆਈਏ, ਆਈਏ।" ਪੁਲੀਸ ਕਪਤਾਨ ਦਾ ਨਾਂ ਸੁਣਦਿਆਂ ਪਰਧਾਨ ਤੇ

ਸਕੱਤਰ ਦੋਵੇਂ ਉਠ ਕੇ ਖਲੋ ਗਏ। ਪਰਧਾਨ ਨੇ ਅੱਗੇ ਵਧ ਕੇ ਬੜੇ ਸਤਕਾਰ ਨਾਲ ਹੱਥ ਮਿਲਾਇਆ ਤੇ ਬੈਠਣ ਵਾਸਤੇ ਆਪਣੀ ਕੁਰਸੀ ਪੇਸ਼ ਕੀਤੀ। ਸਾਧੂ ਸਿੰਘ ਨੇ ਬਥੇਰੀ ਨਾਂਹ-ਨੁੱਕਰ ਕੀਤੀ, ਪਰ ਸੁਜਾਨ ਸਿੰਘ ਨੇ ਮੱਲੋਜ਼ੋਰੀ ਉਸਨੂੰ ਆਪਣੀ ਕੁਰਸੀ ਉਤੇ ਬਿਠਾ ਹੀ ਦਿਤਾ। ਫਿਰ ਨਾਲ ਦੀ ਕੁਰਸੀ 'ਤੇ ਬਹਿੰਦਿਆਂ ਉਹਨੇ ਸਕੱਤਰ ਨੂੰ ਹੁਕਮ ਦਿਤਾ; "ਸਕੱਤਰ ਜੀ ! ਸਰਦਾਰ ਸਾਹਿਬ ਵਾਸਤੇ ਜਲ ਪਾਣੀ ਮੰਗਾਓ। ਕੀ ਛਕੋਗੇ ?"

"ਬੱਸ, ਦਇਆ ਤੁਹਾਡੀ। ਮੈਂ ਹੁਣੇ ਕਾਕੇ ਵੱਲੋਂ ਛਕ ਕੇ ਆਇਆਂ।"

"ਜ਼ੋਰਾਵਰੋ, ਕੀ ਕਰਦੇ ਓ ਪਏ। ਸ. ਦਲਜੀਤ ਸਿੰਘ ਹੋਰੀਂ ਤਾਂ ਸਾਡੇ ਬੜੇ ਮਿਹਰਬਾਨ ਨੇ। ਆਹ ਤਾਂ ਧੰਨਭਾਗ ਸਾਡੇ, ਜੋ ਤੁਹਾਡੇ ਦਰਸ਼ਨ ਹੋ ਗਏ ਨੇ। ਜਾਓ, ਸਕੱਤਰ ਜੀ !" ਪਰਧਾਨ ਨੇ ਫਿਰ ਸਕੱਤਰ ਨੂੰ ਆਗਿਆ ਕੀਤੀ, ਜੋ ਇਸ ਵੇਲੇ ਤਕ ਅਜੇ ਮੇਜ਼ ਕੋਲ ਖਲਾ ਸੀ।

"ਨਹੀਂ। ਜਿਸ ਚੀਜ਼ ਦੀ ਲੋੜ ਹੋਵੇਗੀ, ਮੈਂ ਆਪ ਬੇਨਤੀ ਕਰ ਦਿਆਂਗਾ। ਮੈਂ ਤੁਹਾਡੇ ਕੱਲਿਆਂ ਨਾਲ ਇਕ ਜ਼ਰੂਰੀ ਗੱਲ ਕਰਨੀ ਏ।"

"ਹੁਕਮ ਕਰੋ।" ਸੁਜਾਨ ਸਿੰਘ ਨੇ ਬੜੀ ਨਿਮਰਤਾ ਨਾਲ ਕਿਹਾ।

ਇਸ਼ਾਰਾ ਸਮਝ ਕੇ ਸਕੱਤਰ ਚਲਾ ਗਿਆ। ਪਿਛੋਂ ਅੱਧਾ ਘੰਟਾ ਦੋਹਾਂ ਪਰਧਾਨਾਂ ਦੀਆਂ ਗੱਲਾਂ ਬਾਤਾਂ ਹੁੰਦੀਆਂ ਰਹੀਆਂ।

"ਮੈਂ ਆਖਿਆ ਜੀ, ਗੋਲੀ ਕੀਹਦੀ ਤੇ ਗਹਿਣੇ ਕੀਹਦੇ ? ਧੰਨਭਾਗ, ਜੋ ਤੁਸਾਂ ਵੀ ਕੋਈ ਸੇਵਾ ਬਖਸ਼ੀ ਏ ਤਾਂ।" ਸੁਜਾਨ ਸਿੰਘ ਨੇ ਮੇਜ਼ 'ਤੇ ਪਈ ਟੱਲੀ 'ਤੇ ਹੱਥ ਮਾਰਦਿਆਂ ਜ਼ਰਾ ਉੱਚੀ ਕਿਹਾ।

"ਜੀ !" ਸੇਵਾਦਾਰ ਨੇ ਬੂਹੇ ਅੱਗੇ ਸਾਮ੍ਹਣੇ ਹੋ ਕੇ ਸਿਰ ਝੁਕਾਇਆ।

"ਸੱਜਣ ਸਿੰਘ ਨੂੰ ਬੁਲਾਈਂ।"

"ਸੇਵਾਦਾਰ ਚਲਾ ਗਿਆ। ਦੋਵੇਂ ਪਰਧਾਨ ਏਧਰ ਓਧਰ ਦੀਆਂ ਸਰਸਰੀ ਗੱਲਾਂ ਕਰਦੇ ਰਹੇ। ਏਨੇ ਨੂੰ ਸੱਜਣ ਸਿੰਘ ਆ ਗਿਆ। ਸੁਜਾਨ ਸਿੰਘ ਉਠ ਕੇ ਸੱਜਣ ਸਿੰਘ ਨੂੰ ਜ਼ਰਾ ਪਰੇਡੇ ਲੈ ਗਿਆ। ਦੋਵੇਂ ਗੱਲਾਂ ਕਰਦੇ ਕਰਦੇ ਸੱਜਣ ਸਿੰਘ ਦੇ ਕਮਰੇ ਨੂੰ ਚਲੇ ਗਏ। ਵੀਹਾਂ ਮਿੰਟਾਂ ਤਕ ਸੁਜਾਨ ਸਿੰਘ ਮੁੜ ਪਰਤਿਆ : ਉਹਦੇ ਨਾਲ ਇਕ ਸੇਵਾਦਾਰ ਮਨਜੀਤ ਦੀ ਗੰਢੜੀ ਚੁੱਕੀ ਆ ਰਿਹਾ ਸੀ। ਸੁਜਾਨ ਸਿੰਘ ਆਪ ਤਾਂਗੇ ਤਕ ਵਿਦਿਆ ਕਰਨ ਗਿਆ।

ਓਸੇ ਰਾਤ ਸਾਧੂ ਸਿੰਘ, ਦਇਆ ਕੌਰ, ਮਨਜੀਤ ਤੇ ਕੁਲਵੰਤ ਮਿੰਟਗੁਮਰੀ ਨੂੰ ਜਾ ਰਹੇ ਸਨ। ਗੱਡੀ ਵਿਚ ਬੈਠੀ ਮਨਜੀਤ ਆਪਣੇ ਮੰਦੇ ਲੇਖਾਂ ਬਾਰੇ ਸੋਚ ਰਹੀ ਸੀ,

'ਭੈੜੀ ਕਿਸਮਤ ਕਿਤੇ ਫੇਰ ਧੋਖਾ ਨਾ ਕਰਦੀ ਹੋਵੇ। ਉਂਞ ਤਾਂ ਦੋਵੇਂ ਰੂਹਾਂ ਰੱਬ ਵਰਗੀਆਂ ਪਰਤੀਤ ਹੁੰਦੀਆਂ ਨੇ।'

## ੬.

ਮਨਜੀਤ ਦੇ ਘਰ ਛਡ ਜਾਣ ਤੋਂ ਅਗਲੇ ਦਿਨ ਸਾਰੇ ਪਿੰਡ ਵਿਚ ਰੌਲਾ ਪੈ ਗਿਆ। ਜਿੰਨੇ ਮੂੰਹ, ਓਨੀਆਂ ਗੱਲਾਂ। ਕੋਈ ਕਹੇ, ਉਹ ਪੇਕਿਆਂ ਨੂੰ ਚਲੀ ਗਈ ਹੈ। ਕੋਈ ਕਹੇ, ਕਿਸੇ ਨੇ ਉਹਨੂੰ ਤੇ ਕੁਲਵੰਤ ਨੂੰ ਮਾਰ ਦਿਤਾ ਹੈ। ਤੇ ਕੋਈ ਕਹੇ, ਉਹ ਕਿਸੇ ਨਾਲ ਨਿਕਲ ਗਈ ਹੈ। ਨੰਬਰਦਾਰ ਨੇ ਜਵੰਦੀ ਨੂੰ ਭੇਜ ਕੇ ਮਨਜੀਤ ਦੇ ਪੇਕਿਆਂ ਤੋਂ ਪਤਾ ਮੰਗਾਇਆ। ਉਹ ਓਥੇ ਗਈ ਹੁੰਦੀ, ਤਾਂ ਕੋਈ ਸੂੰਧਕ ਨਿਕਲਦੀ।

ਏਸ ਖ਼ਬਰ ਨੇ ਮਨਜੀਤ ਦੀ ਮਾਂ ਦੇ ਅੰਦਰ ਨਵੇਂ ਸਿਰਿਓਂ ਅਗ ਬਾਲ ਦਿਤੀ। ਉਹ ਕਈ ਦਿਨ ਰੋਂਦੀ ਪਿਟਦੀ ਤੇ ਧੀ ਦਾ ਨਾਂ ਲੈ ਲੈ ਵੈਣ ਪਾਉਂਦੀ ਰਹੀ। ਇਕ ਦਿਨ ਮਨਜੀਤ ਦੇ ਪਿਉ ਨੇ ਖਿੱਝ ਕੇ ਕਿਹਾ, "ਮੈਂ ਤੈਨੂੰ ਕਿੰਨੀ ਵਾਰ ਕਹਿ ਚੁੱਕਾਂ, ਪਈ ਤੂੰ ਮੇਰੇ ਕੋਲ ਉਹਦਾ ਨਾਂ ਨਾ ਲਿਆ ਕਰ। ਤੇਰੇ ਘਰ ਨਾਲੋਂ ਉਹਨੂੰ ਕੋਈ ਹੋਰ ਘਰ ਚੰਗਾ ਲੱਗਾ, ਤਾਂ ਉਹ ਓਧਰ ਚਲੀ ਗਈ ਨਾਂ!"

"ਤੁਸਾਂ ਈ ਓਸ ਨਕਰਮਣ ਤੋਂ ਏਸ ਘਰ ਦੇ ਬੂਹੇ ਬੰਦ ਕਰ ਲਏ। ਪੱਥਰ ਦਾ ਜੇਰਾ ਏ ਤੁਹਾਡਾ। ਉਹਦਾ ਸੁਹਾਗ ਮਰਿਆ ਵੇਖ ਕੇ ਵੀ ਤੁਹਾਨੂੰ ਤਰਸ ਨਾ ਆਇਆ। ਤੁਸਾਂ ਓਸ ਵੇਲੇ ਵੀ ਆਖ ਘੱਲਿਆ, ਕਿ ਉਹ ਮੇਰੇ ਘਰ ਪੈਰ ਨਾ ਧਰੇ।" ਦੁੱਖਾਂ-ਵਿਧੀ ਮਾਂ ਅਜ ਪਹਿਲੇ ਦਿਨ ਪਤੀ ਦੇ ਸਾਮ੍ਹਣੇ ਬੋਲੀ।

"ਤੂੰ ਉਹਨੂੰ ਨਾਲ ਲੈ ਆਂਦਾ ਸੀ, ਤੇ ਮੈਂ ਘਰ ਨਹੀਂ ਸੀ ਵੜਨ ਦਿਤਾ?" ਪਥਰ ਦਾ ਦਿਲ ਵੀ ਅੰਤ ਨਰਮ ਹੋ ਗਿਆ।

"ਮੇਰਾ ਕੋਈ ਘਰ ਹੁੰਦਾ, ਤਾਂ ਮੈਂ ਨਾਲ ਲੈ ਆਉਂਦੀ ਨਾਂ! ਜਨਾਨੀ ਦਾ ਤਾਂ ਰੱਬ ਨੇ ਬਣਾਇਆ ਈ ਕੁਛ ਨਾ।"

ਇਸ ਤੋਂ ਅੱਗੇ ਬੱਸ ਆਹੀਂ ਤੇ ਹਉਕੇ ਰਹਿ ਗਏ। ਅਬਲਾ ਦੇ ਦੁਖ ਅੱਗੇ ਮਰਦ-ਹਠ ਹਾਰ ਗਿਆ, ਪਰ ਵੇਲਾ ਲੰਘਾ ਕੇ।

ਸਾਰੇ ਅੰਗਾਂ ਸਾਕਾਂ ਦੇ ਭਾਲ ਕੀਤਿਆਂ ਵੀ ਮਨਜੀਤ ਦਾ ਕੋਈ ਪਤਾ ਨਾ ਲੱਗਾ, ਤਾਂ ਨੰਬਰਦਾਰ ਨੇ ਇਸ ਘਟਨਾ ਦੀ ਥਾਨੇ ਜਾ ਰੀਪੋਰਟ ਲਿਖਵਾਈ। ਪੁਲੀਸ ਨੇ ਤਾਰੂ ਨੂੰ ਸ਼ੁਬੇ ਵਿਚ ਪਕੜ ਲਿਆ। ਬਹੁਤੇ ਲੋਕਾਂ ਦਾ ਵੀ ਤਾਰੂ ਉਤੇ ਹੀ ਸ਼ੱਕ ਸੀ।

ਪਰ ਕਿਸੇ ਗੱਲ ਦਾ ਵੀ ਕੋਈ ਪੱਕਾ ਸਬੂਤ ਨਾ ਹੋਣ ਕਰਕੇ, ਦੋ ਮਹੀਨੇ ਖੱਜਲ ਖ਼ੁਆਰ ਕਰ ਕੇ ਪੁਲੀਸ ਨੇ ਤਾਰੂ ਨੂੰ ਛਡ ਦਿਤਾ। ਕਹਿੰਦੇ ਨੇ: ਖੂਹ ਪਈ ਇੱਟ ਸੁੱਕੀ ਨਹੀਂ ਨਿਕਲਦੀ। ਤਾਰੂ ਦੀ ਦੋ ਘੁਮਾਂ ਜ਼ਮੀਨ ਏਸੇ ਰੇੜਕੇ ਵਿਚ ਵਿਕ ਗਈ।

ਚੰਦੋ ਦੇ ਮਰਨ ਪਿਛੋਂ ਅੱਧੀ ਜ਼ਮੀਨ ਮਨਜੀਤ ਦੇ ਨਾਂ ਤੇ ਅੱਧੀ ਕੁਲਵੰਤ ਦੇ ਨਾਂ ਲੱਗ ਗਈ ਸੀ। ਮਨਜੀਤ ਜਾਣ ਤੋਂ ਕੁਛ ਦਿਨ ਪਹਿਲਾਂ ਸਾਰੀ ਜ਼ਮੀਨ ਨੰਬਰਦਾਰ ਨੂੰ ਅਠਾਰਾਂ ਸਾਲ ਵਾਸਤੇ ਠੇਕੇ 'ਤੇ ਦੇ ਗਈ ਸੀ। ਨੰਬਰਦਾਰ ਨੇ ਰਜਿਸਟਰਾਰ ਦੇ ਸਾਮ੍ਹਣੇ ਨਕਦ ਠੇਕਾ ਤਾਰ ਕੇ ਪਟੇ ਦੀ ਰਜਿਸਟਰੀ ਕਰਾ ਲਈ ਸੀ। ਤਾਰੂ ਤੇ ਨੰਬਰਦਾਰ ਵਿਚ ਜ਼ਮੀਨ ਦਾ ਝਗੜਾ ਪਿਆ, ਤਾਂ ਏਸ ਰਜਿਸਟਰੀ ਨੇ ਹੀ ਨੰਬਰਦਾਰ ਦੇ ਹੱਕ ਵਿਚ ਫ਼ੈਸਲਾ ਦਿਤਾ। ਅੰਤ ਮਨਜੀਤ ਦੀ ਜ਼ਮੀਨ ਸਾਰੀ ਨੰਬਰਦਾਰ ਦੇ ਕਬਜ਼ੇ ਵਿਚ ਰਹੀ ਤੇ ਘਰ ਉਤੇ ਤਾਰੂ ਮੱਲ ਮਾਰ ਬੈਠਾ।

ਅਮਲੀ ਤੌਰ 'ਤੇ ਲੋਕ ਅਠਾਰਾਂ ਸਾਲ ਵਾਸਤੇ ਮਨਜੀਤ ਤੇ ਕੁਲਵੰਤ ਨੂੰ ਭੁੱਲ ਗਏ।

੭.

ਮਿੰਟਗੁਮਰੀ ਸ਼ਹਿਰ ਵਿਚ ਸਿੰਘ ਸਭਾ ਗੁਰਦੁਆਰੇ ਦੀ ਥਾਂ ਬੜੀ ਖੁੱਲ੍ਹੀ ਸੀ। ਅਹਾਤੇ ਦੇ ਵਿਚਕਾਰ ਬੜਾ ਸੁੰਦਰ ਪਰਕਾਸ਼-ਅਸਥਾਨ ਸੀ। ਉਹਦੇ ਸਾਮ੍ਹਣੇ ਪਾਸੇ ਖੁੱਲ੍ਹਾ ਵਿਹੜਾ ਸੀ, ਜਿੱਥੇ ਗੁਰਪੁਰਬਾਂ ਦੇ ਦੀਵਾਨ ਸਜਿਆ ਕਰਦੇ ਸਨ। ਸਾਰੇ ਅਹਾਤੇ ਦਾ ਲਹਿੰਦੇ ਪਾਸੇ ਵੱਲ ਸੜਕ ਉਤੇ ਖੁੱਲ੍ਹਾ ਦਰਵਾਜ਼ਾ ਸੀ। ਦਰਵਾਜ਼ੇ ਦੇ ਦੋਹੀਂ ਪਾਸੀਂ ਜੋੜੇ ਰੱਖਣ ਵਾਲੇ ਕਮਰੇ ਸਨ। ਦੱਖਣ ਦੀ ਬਾਹੀ ਜੋੜਿਆਂ ਵਾਲੇ ਕਮਰੇ ਦੇ ਨਾਲ ਮੋਦੀਖ਼ਾਨਾ (ਸਟੋਰ) ਸੀ। ਉਸ ਤੋਂ ਅੱਗੇ ਦੋ ਕਮਰੇ ਗ੍ਰੰਥੀ ਵਾਸਤੇ ਤੇ ਉਸਦੇ ਨਾਲ ਲੰਗਰ ਅਸਥਾਨ ਸੀ। ਏਸ ਬਾਹੀ ਦੇ ਵਿਚਕਾਰਲੇ ਹਿੱਸੇ ਵਿਚ ਪਰਕਾਸ਼ ਅਸਥਾਨ ਦੇ ਬਰਾਬਰ ਖੂਹ ਉਤੇ ਇਸ਼ਨਾਨ ਕਰਨ ਲਈ ਟੂਟੀਆਂ ਦਾ ਬੜਾ ਸੁੰਦਰ ਪਰਬੰਧ ਸੀ। ਉਸ ਤੋਂ ਅੱਗੇ ਦਫ਼ਤਰ ਤੇ ਲਾਇਬਰੇਰੀ ਦੇ ਕਮਰੇ ਸਨ। ਪਰਕਾਸ਼ ਅਸਥਾਨ ਦੇ ਚੜ੍ਹਦੇ ਪਾਸੇ ਇਕ ਹੋਰ ਖੁੱਲ੍ਹਾ ਮੈਦਾਨ ਸੀ। ਉਸ ਤੋਂ ਬਾਹਰਲੀ ਬਾਹੀ ਸਰਾਂਅ ਦੇ ਕਮਰੇ ਸਨ। ਗੁਰਦੁਆਰੇ ਦੀ ਪਹਾੜ ਦੀ ਬਾਹੀ 'ਗੁਰੂ ਨਾਨਕ ਕੰਨਿਆਂ ਪਾਠਸ਼ਾਲਾ' ਦੇ ਕਮਰਿਆਂ ਦੀ ਲੰਮੀ ਪਾਲ ਸੀ, ਜਿਸ ਵਿਚ ਚਾਰ-ਪੰਜ ਸੌ ਬੱਚੀਆਂ ਪੰਜਾਬੀ ਪੜ੍ਹਦੀਆਂ ਸਨ।

ਏਸ ਗੁਰਦੁਆਰੇ ਦਾ ਪਰਧਾਨ ਸੀ ਬਾਬਾ ਸਾਧੂ ਸਿੰਘ। ਰੱਬ ਨੇ ਹਰ ਗੱਲੇ

ਚੰਗਾ ਭਾਗ ਲਾਇਆ ਸੀ ਉਹਨੂੰ। ਉਹਦਾ ਵੱਡਾ ਪੁੱਤਰ ਸ. ਹਰਜੀਤ ਸਿੰਘ ਇੰਦੌਰ ਰਹਿੰਦਾ ਸੀ। ਉਹ ਜੰਗਲ ਦੇ ਠੇਕੇ ਲਿਆ ਕਰਦਾ ਸੀ। ਓਥੇ ਉਹ ਚੰਗੇ ਮਾਲਦਾਰ ਸਿੱਖਾਂ ਵਿਚੋਂ ਗਿਣਿਆਂ ਜਾਂਦਾ ਸੀ। ਬਾਬਾ ਸਾਧੂ ਸਿੰਘ ਦਾ ਛੋਟਾ ਪੁੱਤਰ ਸ. ਦਲਜੀਤ ਸਿੰਘ ਲਾਹੌਰ ਸੁਪਰਿੰਟੈਂਡੈਂਟ ਪੋਲੀਸ ਸੀ। ਸਾਰਿਆਂ ਤੋਂ ਛੋਟੀ ਬਾਬਾ ਸਾਧੂ ਸਿੰਘ ਦੀ ਲੜਕੀ ਸੁਰਜੀਤ ਕੌਰ ਸੀ, ਜੋ ਪੱਤੋਕੀ ਇਕ ਚੰਗੇ ਘਰ ਵਿਆਹੀ ਹੋਈ ਸੀ। ਸੁਰਜੀਤ ਤੋਂ ਵੱਡੀ ਮਨਜੀਤ ਸੀ, ਜੋ ਦਸ ਸਾਲ ਦੀ ਉਮਰ ਵਿਚ ਚਲਾਣਾ ਕਰ ਗਈ ਸੀ। ਏਨਾ ਸੁਖ ਹੁੰਦਿਆਂ ਵੀ ਮਾਈ ਦਇਆ ਕੌਰ ਨੂੰ ਉਹ ਭੁੱਲੀ ਨਹੀਂ ਸੀ। ਧੀਆਂ ਪੁੱਤਰ ਸਾਰੇ ਥਾਂਉਂ ਥਾਂਈਂ ਦੂਰ ਹੋਣ ਕਰਕੇ ਉਹ ਆਪਣੇ ਕੋਲ ਦਲਜੀਤ ਸਿੰਘ ਦੀ ਪੰਜਾਂ ਵਰ੍ਹਿਆਂ ਦੀ ਲੜਕੀ ਅਮਰਜੀਤ ਨੂੰ ਰੱਖਦੇ ਸਨ। ਚੰਗੀ ਖੁੱਲ੍ਹੀ ਕੋਠੀ ਵਿਚ ਉਹ ਪਰਵਾਰ ਦੀਆਂ ਤਿੰਨ ਜਿੰਦਾਂ ਤੇ ਦੋ ਨੌਕਰ ਰਹਿੰਦੇ ਸਨ।

ਮਨਜੀਤ ਦੋ ਦਿਨ ਬਾਬਾ ਸਾਧੂ ਸਿੰਘ ਕੇ ਘਰ ਰਹੀ। ਉਹਨੀਂ ਦਿਨੀ ਸੁਰਜੀਤ ਵੀ ਪੇਕੇ ਆਈ ਹੋਈ ਸੀ। ਉਹ ਬੜੇ ਨਿੱਘੇ ਪਿਆਰ ਨਾਲ ਮਿਲੀ। ਉਹ ਹਰ ਵੇਲੇ ਮਨਜੀਤ ਨਾਲ ਨਿਕੀਆਂ ਨਿਕੀਆਂ ਗੱਲਾਂ ਕਰਦੀ ਰਹਿੰਦੀ। ਉਹਦੀ ਹਰ ਕਹਿਣੀ ਵਿਚੋਂ ਭੈਣਾਂ ਵਾਲਾ ਸਨੇਹ ਟਪਕਦਾ ਸੀ। ਸਹੁਰਿਆਂ ਨੂੰ ਤੁਰਨ ਲੱਗੀ ਉਹ ਘੁੱਟਕੇ ਮਨਜੀਤ ਨੂੰ ਮਿਲੀ। ਮਾਈ ਦਇਆ ਕੌਰ ਨੇ ਦੋਹਾਂ ਦੇ ਸਿਰ 'ਤੇ ਹੱਥ ਧਰਕੇ ਅਸੀਸ ਦਿਤੀ, "ਮੈਂ ਚਾਹੁਨੀਆਂ ਧੀਓ ! ਤੁਸੀਂ ਸਦਾ ਸਕੀਆਂ ਭੈਣਾਂ ਬਣ ਕੇ ਰਹੋ।"

ਤੀਸਰੇ ਦਿਨ ਬਾਬਾ ਸਾਧੂ ਸਿੰਘ ਨੇ ਕਮੇਟੀ ਨੂੰ ਕਹਿ ਕੇ ਮਨਜੀਤ ਨੂੰ ਕੰਨਿਆਂ ਪਾਠਸ਼ਾਲਾ ਵਿਚ ਅਧਿਆਪਕਾ ਲਾ ਦਿਤਾ। ਇਕ ਦੋ ਮੈਂਬਰਾਂ ਨੇ ਉਹਦੀ ਥੋੜ੍ਹੀ ਵਿੱਦਿਆ ਤੇ ਇਤਰਾਜ਼ ਕੀਤਾ। ਫਿਰ ਵੀ ਉਹਨੂੰ ਇਕ ਨਿਆਸਰੀ ਸਿੱਖ ਦੇਵੀ ਨੂੰ ਆਸਰਾ ਦੇ ਦਿਤਾ ਗਿਆ। ਤਨਖ਼ਾਹ ਭਾਵੇਂ ਪੰਝੀ ਰੁਪੈ ਮਹੀਨਾ ਨੀਯਤ ਹੋਈ, ਪਰ ਮਨਜੀਤ ਏਨੇ 'ਤੇ ਹੀ ਖ਼ੁਸ਼ ਸੀ, ਕਿ ਉਹਨੂੰ ਸਿਰ ਲੁਕਾਉਣ ਵਾਸਤੇ ਚੰਗਾ ਟਿਕਾਣਾ ਮਿਲ ਗਿਆ ਸੀ।

ਕੁਛ ਦਿਨ ਮਨਜੀਤ ਨੇ ਬਾਬਾ ਸਾਧੂ ਸਿੰਘ ਦੇ ਘਰ ਹੋਰ ਕੱਟੇ। ਫਿਰ ਉਹਨੇ ਸੱਤ ਰੁਪੈ ਮਹੀਨਾ ਕਰਾਏ 'ਤੇ ਇਕ ਵੱਖਰਾ ਮਕਾਨ ਲੈ ਲਿਆ।

ਉਹਨੂੰ ਦੂੱਜੀ ਜਮਾਤ ਪੜ੍ਹਾਉਣ ਵਾਸਤੇ ਲਾਇਆ ਗਿਆ। ਇਹ ਭਾਵੇਂ ਉਹਦੇ ਵਾਸਤੇ ਨਵਾਂ ਤਜਰਬਾ ਸੀ, ਪਰ ਪੰਜ-ਸੱਤ ਦਿਨ ਵਿਚ ਹੀ ਉਹਨੇ ਆਪਣਾ ਕੰਮ ਚੰਗੀ ਤਰ੍ਹਾਂ ਸੰਭਾਲ ਲਿਆ। ਉਹਦੇ ਪਿਆਰ ਭਰੇ ਵਰਤਾਉ ਨੇ ਥੋੜੇ ਸਮੇਂ ਵਿਚ

ਰੀ ਬੱਚੀਆਂ ਨੂੰ ਆਪਣੇ ਨੇੜੇ ਕਰ ਲਿਆ। ਜਿੱਥੇ ਦੂੱਜੀਆਂ ਅਧਿਆਪਕਾਵਾਂ ਵਿਦਿਆਰਥਣਾਂ ਨੂੰ ਝਿੜਕਦੀਆਂ ਮਾਰਦੀਆਂ, ਓਥੇ ਉਹ ਸਦਾ ਪਿਆਰ ਪੁਚਕਾਰ ਕੇ ਕੰਮ ਲੈਂਦੀ। ਦਿਨੋ ਦਿਨ ਉਹਦੀ ਜਮਾਤ ਪੜ੍ਹਾਈ ਵਿਚ ਚੰਗੀ ਹੁੰਦੀ ਜਾਂਦੀ।

ਪੰਝੀ ਰੁਪੈ ਵਿਚ ਗੁਜ਼ਾਰਾ ਕਰਨਾ ਬੜਾ ਔਖਾ ਸੀ। ਉਹਨੇ ਆਮਦਨ ਦਾ ਇਕ ਹੋਰ ਵਸੀਲਾ ਨਾਲ ਬਣਾ ਲਿਆ। ਘਰੋਂ ਉਹ ਕੁਛ ਪੈਸੇ ਲੈ ਕੇ ਆਈ ਸੀ। ਉਹਨੇ ਕਪੜੇ ਸਿਊਣ ਦੀ ਨਵੀਂ ਮਸ਼ੀਨ ਖ਼ਰੀਦ ਲਈ। ਕੰਮ ਉਹਨੂੰ ਮਾਤਾ ਦਇਆ ਕੌਰ ਦੀ ਮਦਦ ਨਾਲ ਬਥੇਰਾ ਮਿਲ ਜਾਂਦਾ ਸੀ। ਦਿਨੇ ਉਹ ਕੰਨਿਆਂ ਪਾਠਸ਼ਾਲਾ ਵਿਚ ਪੜ੍ਹਾਉਂਦੀ ਤੇ ਅੱਧੀ ਰਾਤ ਤਕ ਬਹਿ ਕੇ ਕੱਪੜੇ ਸਿਉਂਦੀ ਰਹਿੰਦੀ।

ਤਿੰਨਾਂ ਮਹੀਨਿਆਂ ਪਿਛੋਂ ਮਨਜੀਤ ਦੀ ਤਨਖ਼ਾਹ ਵਿਚ ਦਸ ਰੁਪੈ ਵਾਧਾ ਕਰਦਿਆਂ ਪਰਧਾਨ ਸਾਹਿਬ ਨੇ ਕਿਹਾ, "ਬੇਟਾ! ਅਸੀਂ ਤੈਨੂੰ ਧਰਮ ਦੀ ਧੀ ਕਹਿ ਚੁੱਕੇ ਆਂ। ਸਾਥੋਂ ਜੋ ਮਦਦ ਹੋਵੇਗੀ, ਕਰਾਂਗੇ। ਪਰ ਤੈਨੂੰ ਆਪ ਵੀ ਕੁਛ ਉਦਮ ਕਰਨਾ ਪਵੇਗਾ।"

"ਦੱਸੋ, ਪਿਤਾ ਜੀ!" ਮਨਜੀਤ ਪਰਧਾਨ ਸਾਹਿਬ ਨੂੰ ਪਿਤਾ ਕਹਿ ਕੇ ਬੁਲਾਇਆ ਕਰਦੀ ਸੀ। "ਮੈਂ ਤੁਹਾਡੀ ਸਹਾਇਤਾ ਨਾਲ ਸਭ ਕੁਛ ਕਰ ਲਵਾਂਗੀ।"

"ਅਸੀਂ ਚਾਹੁੰਦੇ ਆਂ, ਤੂੰ 'ਗਿਆਨੀ' ਪਾਸ ਕਰ ਲਵੇਂ। ਇਸ ਤਰ੍ਹਾਂ ਤੇਰੀ ਤਨਖ਼ਾਹ ਤੇ ਪਦਵੀ—ਦੋਹਾਂ 'ਚ—ਵਾਧਾ ਹੋ ਜਾਏਗਾ।"

"ਮੈਂ ਕਰ ਲਵਾਂਗੀ, ਜੀ! ਤੁਸੀਂ ਮੈਨੂੰ ਕਤਾਬਾਂ ਮੰਗਾ ਦਿਓ।"

"ਕਤਾਬਾਂ ਕੁਛ ਤਾਂ ਲਾਇਬਰੇਰੀ ਵਿਚ ਹਨ ਤੇ ਬਾਕੀ ਮੰਗਾ ਲਵਾਂਗੇ। ਜਿਹੜੇ ਗਿਆਨੀ ਜੀ ਕੁਛ ਦਿਨਾਂ ਤੋਂ ਏਥੇ ਕਥਾ ਕਰ ਰਹੇ ਨੇ, ਸੁਣਿਆਂ ਏ, ਉਹ ਪਿਛੇ ਗੁਜਰਾਂਵਾਲੇ ਗਿਆਨੀ ਪੜ੍ਹਾਉਂਦੇ ਆਏ ਨੇ। ਅੱਜ ਉਹਨਾਂ ਨਾਲ ਵਿਚਾਰ ਕਰਕੇ ਅਸੀਂ ਇਕ ਸਾਲ ਉਹਨਾਂ ਨੂੰ ਅਟਕਾ ਲੈਣਾ ਚਾਹੁੰਦੇ ਆਂ। ਹੋਰ ਵੀ ਕੁਛ ਲੜਕੇ ਲੜਕੀਆਂ ਗਿਆਨੀ ਪਾਸ ਕਰਨਾ ਚਾਹੁੰਦੇ ਨੇ।

"ਤੁਹਾਡੀ ਸਲਾਹ 'ਤੇ ਚੱਲਕੇ ਮੇਰੀ ਜ਼ਿੰਦਗੀ ਚੰਗੀ ਬਣਦੀ ਜਾਏਗੀ। ਮਾਪਿਆਂ ਦੇ ਥਾਂ ਤੁਸੀਂ ਹੀ ਮੇਰੇ ਸਿਰ 'ਤੇ ਓ।" ਮਨਜੀਤ ਨੇ ਧੰਨਵਾਦ ਵਜੋਂ ਸਿਰ ਝੁਕਾ ਦਿਤਾ।

ਹੁਣ ਮਨਜੀਤ ਦੀਆਂ ਜ਼ਿੰਮੇਵਾਰੀਆਂ ਵਿਚ ਇਕ ਹੋਰ ਕੰਮ ਦਾ ਵਾਧਾ ਹੋ ਗਿਆ। ਉਹਨੇ ਗਿਆਨੀ ਦੀ ਪੜ੍ਹਾਈ ਸ਼ੁਰੂ ਕਰ ਦਿਤੀ। ਪਾਠਸ਼ਾਲਾ ਤੋਂ ਆਉਂਦਿਆਂ ਹੀ ਉਹ ਗਿਆਨੀ ਸਰਦੂਲ ਸਿੰਘ ਕੋਲ ਪੜ੍ਹਨ ਚਲੀ ਜਾਂਦੀ। ਪਾਠਸ਼ਾਲਾ ਦੀਆਂ ਦੋ ਅਧਿਆਪਕਾਵਾਂ ਹੋਰ ਵੀ ਉਹਦੇ ਨਾਲ ਪੜ੍ਹਨ ਲੱਗ ਪਈਆਂ

ਸਨ। ਪੰਜ ਲੜਕੀਆਂ ਸ਼ਹਿਰ ਵਿਚੋਂ ਆ ਗਈਆਂ। ਏਸਤਰ੍ਹਾਂ ਗਿਆਨੀ ਪੜ੍ਹਨ ਵਾਲੀਆਂ ਅੱਠ ਵਿਦਿਆਰਥਣਾਂ ਹੋ ਗਈਆਂ।

ਮਨਜੀਤ ਦਾ ਸਮਾਂ ਏਸਤਰ੍ਹਾਂ ਵੰਡਿਆਂ ਗਿਆ : ਛੇ ਘੰਟੇ ਉਹ ਪਾਠਸ਼ਾਲਾ ਵਿਚ ਪੜ੍ਹਾਉਂਦੀ; ਢਾਈ-ਤਿੰਨ ਘੰਟੇ ਉਹ ਮਸ਼ੀਨ ਤੇ ਕੱਪੜੇ ਸਿਉਂਦੀ; ਏਨਾ-ਕੁ ਚਿਰ ਉਹਨੂੰ ਘਰ ਦਾ ਕੰਮ ਕਰਦਿਆ ਲੱਗ ਜਾਂਦਾ: ਬਾਕੀ ਵਕਤ ਵਿਚੋਂ ਉਹਨੂੰ ਗਿਆਨੀ ਦੇ ਇਮਤਿਹਾਨ ਵਾਸਤੇ ਤਿਆਰੀ ਕਰਨੀ ਪੈਂਦੀ। ਸੌਣ ਵਾਸਤੇ ਉਹਨੂੰ ਮਸ੍ਹਾਂ ਪੰਜ ਘੰਟੇ ਸਮਾਂ ਮਿਲਦਾ।

ਤੇ ਕੁਲਵੰਤ ? ਉਹ ਹਰ ਵੇਲੇ ਮਨਜੀਤ ਦੇ ਗਲ ਦਾ ਹਾਰ ਬਣਿਆਂ ਰਹਿੰਦਾ। ਸਵੇਰੇ ਉਹਦੇ ਸੁੱਤਿਆਂ ਹੀ ਮਨਜੀਤ ਨ੍ਹਾ ਧੋ ਕੇ ਸ਼ਾਹ ਵੇਲਾ ਤਿਆਰ ਕਰ ਲੈਂਦੀ। ਫਿਰ ਕੁਲਵੰਤ ਨੂੰ ਉਠਾਂ ਕੇ, ਨੁਹਾ ਕੇ, ਕੱਪੜੇ ਪਾ ਕੇ, ਤੇ ਕੁਛ ਖੁਆ ਕੇ, ਉਹ ਪਾਠਸ਼ਾਲਾ ਨਾਲ ਲੈ ਜਾਂਦੀ। ਉਹ ਕੁੜੀਆਂ ਦੇ ਬਰਾਬਰ ਇਕ ਪਾਸੇ ਮੂਰਤਾਂ ਵਾਲੀ ਕਿਤਾਬ ਲੈ ਕੇ ਬੈਠਾ ਰਹਿੰਦਾ। ਜਮਾਤ ਨੂੰ ਖੇਡਣ ਵਾਸਤੇ ਛੁੱਟੀ ਮਿਲਦੀ, ਤਾਂ ਕੁਲਵੰਤ ਦੇ ਚੁਕਣ ਦੀ ਕੁੜੀਆਂ ਨੂੰ ਵਾਰੀ ਨਾ ਆਉਂਦੀ। ਉਹ ਉਹਦਾ ਮੱਥਾ ਚੁੰਮ ਚੁੰਮ ਕੇ ਲਾਲ ਕਰ ਦੇਂਦੀਆਂ। ਹਸਦੇ ਫੁੱਲ ਨੂੰ ਬੁੱਲ੍ਹਾਂ ਨਾਲ ਲਾਉਣ 'ਤੇ ਕੀਹਦਾ ਜੀ ਨਹੀਂ ਕਰਦਾ ?

ਕੁਲਵੰਤ ਨੂੰ ਸਾਰੇ ਮਨਜੀਤ ਦਾ ਪੁੱਤਰ ਹੀ ਸਮਝਦੇ। ਉਹ ਉਸਨੂੰ 'ਭਾਬੀ' ਕਹਿੰਦਾ ਸੀ। ਭਾਬੀ ਸ਼ਬਦ ਵਿਚ ਵੀ ਤਾਂ ਮਾਂ ਦਾ ਭੁਲੇਖਾ ਪੈਂਦਾ ਹੈ। ਕੋਈ ਗੁਆਂਢਣ ਪੁੱਛ ਬਹਿੰਦੀ, "ਭੈਣ ਜੀ ! ਇਹ ਤੁਹਾਡਾ ਕਾਕਾ ਏ ?" ਤਾਂ ਅੱਗੋਂ ਮਨਜੀਤ ਇਹ ਕਹਿ ਕੇ, "ਮੇਰਾ ਸਭ ਕੁਛ ਏਹਾ ਏ" ਉਸਨੂੰ ਕਲੇਜੇ ਨਾਲ ਘੁੱਟ ਲੈਂਦੀ। ਮਨਜੀਤ ਦੇ ਦਿਨ ਬੜੇ ਸਤਕਾਰ ਨਾਲ ਬੀਤਣ ਲੱਗ ਪਏ। ਉਹ ਕੋਈ ਵਾਰ ਆਪਣੇ ਆਪ ਸੋਚਦੀ ਸੋਚਦੀ ਹੈਰਾਨ ਹੋ ਜਾਂਦੀ, 'ਕੀ ਬਦਕਿਸਮਤੀ ਏਡੀ ਛੇਤੀ ਮੇਰਾ ਪਿੱਛਾ ਛੱਡ ਗਈ ਏ।' ਓਤ ਵੇਲੇ ਪਤੀ ਦੀ ਯਾਦ ਉਹਦੇ ਕਲੇਜੇ ਵਿਚ ਜ਼ਹਿਰ-ਬੁਝੀ ਬਰਛੀ ਖੋਭ ਦੇਂਦੀ। ਉਹ ਉਛਲਦੀਆਂ ਅੱਖਾਂ ਨਾਲ ਹਉਕਾ ਲੈ ਕੇ ਕਹਿੰਦੀ, "ਉਹ ! ਤੱਤੀਏ ਮਨਜੀਤ ! ਜਿਸ ਇਸਤਰੀ ਦਾ ਹਾਣੀ ਕਿਸਮਤ ਨੇ ਖੋਹ ਲਿਆ, ਉਹਦੇ ਨਾਲ ਕਿਹੜਾ ਅਤਿਆਚਾਰ ਕਰਨਾ ਬਾਕੀ ਰਹਿ ਗਿਆ ?" ਤੇ ਬਾਕੀ ਦੀ ਰਾਤ ਉਹਦੀ 'ਸੂਰਤ' ਨਾਲ ਵਿਰ੍ਹਕੇ ਕਰਦਿਆਂ ਬੀਤ ਜਾਂਦੀ।

੮.

ਟੈਕਸਲਾ ਵਾਂਗ ਹੜੱਪਾ ਵੀ ਕਦੇ ਘੁੱਗ ਵਸਦੇ ਸ਼ਹਿਰਾਂ ਵਿਚੋਂ ਸੀ। ਬਦਕਿਸਮਤੀ ਦੇ ਝੱਖੜ ਨਾਲ ਉਹ ਇਕ ਦਿਨ ਢਹਿ ਢੇਰੀ ਹੋਇਆ। ਸਮੇਂ ਨੇ ਸਦੀਆਂ ਦੀਆਂ ਕਈ ਤਹਿਆਂ ਉਪਰ ਜਮਾ ਕੇ ਉਹਨੂੰ ਸ਼ਹਿਰ ਤੋਂ ਟਿੱਬਾ ਬਣਾ ਦਿਤਾ। ਮੁਦਤਾਂ ਪਿਛੋਂ 'ਆਸਾਰਿ ਕਦੀਮਾ' (ਪੁਰਾਣੀਆਂ ਯਾਦਗਾਰਾਂ) ਦੇ ਮਹਿਕਮੇ ਨੇ ਉਸ ਟਿੱਬੇ ਨੂੰ ਫੋਲ ਦੇ ਮਿੱਟੀ ਥੱਲਿਓਂ ਸ਼ਹਿਰ ਦੇ ਖੋਲਿਆਂ ਦੇ ਨਿਸ਼ਾਨ ਕਢ ਲਏ। ਦੋ ਦੋ ਹੱਥ ਨੀਆਂ ਦੇ ਵਲਗਣਾਂ ਤੋਂ ਅੰਦਾਜ਼ਾ ਲਗਾ ਕੇ ਲੋਕ ਕਹਿੰਦੇ, 'ਅਹਿ ਏਥੋਂ ਦੇ ਰਾਜੇ ਦਾ ਮਹਿਲ ਸੀ। ਐਥੇ ਉਹ ਕਚਹਿਰੀ ਕਰਿਆ ਕਰਦਾ ਸੀ। ਐਹ ਖੁੱਲ੍ਹਾ ਹਾਲ ਨਾਟਕ-ਘਰ ਸੀ। ਐਥੇ ਲ਼ਾਇਬਰੇਰੀ ਸੀ।' ਟੁੱਟੀਆਂ ਹੋਈਆਂ ਬੋਤਲਾਂ-ਸ਼ੀਸ਼ੀਆਂ ਵੇਖ ਕੇ ਲੋਕਾਂ ਸਮਝਿਆ, 'ਇਹ ਸਰਕਾਰੀ ਹਸਪਤਾਲ ਸੀ, ਜਿੱਥੇ ਸਭ ਦਾ ਇਲਾਜ ਮੁਫ਼ਤ ਹੁੰਦਾ ਸੀ'। ਜਿੱਥੋਂ ਰੰਗਾਂ ਦੀਆਂ ਲਿਬੜੀਆਂ ਕੁਛ ਪਿਆਲੀਆਂ ਮਿਲੀਆਂ, ਉਹ ਲੋਕਾਂ ਨੇ ਕਿਸੇ ਪਰਸਿਧ ਆਰਟਿਸਟ ਦੀ ਦੁਕਾਨ ਸਮਝ ਲਈ। ਇਕ ਪੱਥਰ ਦੇ ਸਾਫ਼ ਫ਼ਰਸ਼ ਤੋਂ ਚਾਂਦੀ ਦੀਆਂ ਪੰਜੇਬਾਂ ਤੇ ਕੁਛ ਖਿਲਰੀਆਂ ਪਈਆਂ ਘੁੰਗਰੀਆਂ ਮਿਲੀਆਂ, ਤਾਂ ਕਿਸੇ ਰਸੀਏ ਨੇ ਕਿਹਾ, 'ਇਹ ਜਨਤਾ-ਨਾਚ-ਘਰ ਸੀ। ਏਥੇ ਸਾਰੇ ਸ਼ਹਿਰ ਦੀਆਂ ਮੁਟਿਆਰਾਂ ਰਲ ਕੇ ਨੱਚਿਆ ਕਰਦੀਆਂ ਸਨ।' ਭੱਜਿਆਂ ਹੋਇਆਂ ਭਾਂਡਿਆਂ, ਖਿੱਲਰੀਆਂ ਪਈਆਂ ਠੀਕਰੀਆਂ, ਕੱਲਰ ਖਾਧੀਆਂ ਇੱਟਾਂ ਤੇ ਹੱਥ ਹੱਥ, ਗਿਠ ਗਿਠ ਨੀਆਂ ਦੇ ਨਕਸ਼ਿਆਂ ਤੋਂ ਲੋਕ ਸਦੀਆਂ ਪੁਰਾਣੀ ਸੱਭਯਤਾ ਦਾ ਅੰਦਾਜ਼ਾ ਲਾਉਣ ਦਾ ਯਤਨ ਕਰਦੇ।

ਇਸ ਥੇਹ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ 'ਨਾਨਕ ਸਰ' ਗੁਰਦੁਆਰਾ ਸੀ। ਏਥੇ ਹਰ ਸਾਲ ਬੜਾ ਭਾਰਾ ਮੇਲਾ ਲੱਗਿਆ ਕਰਦਾ ਸੀ।

ਪਰਧਾਨ ਸਾਧੂ ਸਿੰਘ ਨੇ 'ਕੰਨਿਆਂ ਪਾਠਸ਼ਾਲਾ' ਦੇ ਮੈਂਬਰਾਂ ਨਾਲ ਇਕ ਦਿਨ ਸਭ ਵਿਦਿਆਰਥਣਾਂ ਨੂੰ 'ਨਾਨਕ ਸਰ' ਤੇ 'ਹੜੱਪਾ' ਵਿਖਾਉਣ ਦੀ ਵਿਚਾਰ ਕੀਤੀ। ਉਹਨੇ ਆਪਣੀ ਤਜਵੀਜ਼ ਦੀ ਪ੍ਰੋੜ੍ਹਤਾ ਲਈ ਕਿਹਾ, 'ਨਾਲੇ ਬੱਚੀਆਂ ਗੁਰਦੁਆਰੇ ਦੇ ਦਰਸ਼ਨ ਕਰ ਆਉਣਗੀਆਂ, ਨਾਲੇ ਹੜੱਪਾ ਦੇ ਖੰਡਰ ਵੇਖ ਕੇ ਉਹਨਾਂ ਦੇ ਗਿਆਨ ਵਿਚ ਵਾਧਾ ਹੋਵੇਗਾ।' ਸਲਾਹ ਮੰਨੀ ਗਈ ਤੇ ਐਤਵਾਰ ਜਾਣ ਦਾ ਫ਼ੈਸਲਾ ਹੋਇਆ।

ਹੜੱਪਾ ਸਟੇਸ਼ਨ ਤੋਂ ਗੁ: ਨਾਨਕ ਸਰ ਤੇ ਥੇਹ (ਹੜਪਾ) ਚਾਰ ਮੀਲ ਹੈ।

ਸੋ ਚੁੱਕਣ ਖੁਣੋਂ ਕੁਲਵੰਤ ਨੂੰ ਮਨਜੀਤ, ਮਿੰਟਗੁਮਰੀ ਮਾੜਾ ਦਇਆ ਕੌਰ ਕੋਲ ਹੀ ਛੱਡ ਗਈ। ਉਹਨੂੰ ਲਾਰਾ ਲਾ ਕੇ, "ਬੱਲੀ ! ਤੂੰ ਮਾਂ ਜੀ ਕੋਲ ਖਿਹੜ, ਮੈਂ ਤੇਰੇ ਵਾਸਤੇ ਬਜ਼ਾਰੋਂ ਚੀਜ਼ੀ ਲੈ ਆਵਾਂ।" ਮਨਜੀਤ ਆਪਣੀ ਜਮਾਤ ਨਾਲ ਚਲੀ ਗਈ।

ਦੋ-ਚਾਰ ਘੜੀਆਂ ਕੁਲਵੰਤ ਨੇ ਮਨਜੀਤ ਦੀ ਚੀਜ਼ੀ ਉਡੀਕੀ। ਅੰਤ ਉਹਨੂੰ ਉਹਦੀ ਚਾਲ ਉੱਤੇ ਸ਼ੁਭਾ ਹੋਣ ਲੱਗ ਪਿਆ। ਉਹ ਜ਼ੋਰ ਦੇ ਕੇ ਦਇਆ ਕੌਰ ਨੂੰ ਪੁਛਣ ਲੱਗਾ, "ਮਾਂ ਜੀ ! ਭਾਬੀ ਕਿੱਥੇ ਗਈ ਏ ?"

"ਹੁਣੇ ਆਉਂਦੀ ਏ, ਤੇਰੇ ਵਾਸਤੇ ਚੀਜ਼ੀ ਲੈ ਕੇ। ਲੈ ਤੂੰ ਓਨਾ ਚਿਰ ਬਰਫ਼ੀ ਖਾਹ।"

"ਮੈਂ ਨਹੀਂ ਖਾਣੀ ਬਰਫ਼ੀ। ਮੇਰੀ ਭਾਬੀ ਕਿੱਥੇ ਆ ?"

"ਆਉਂਦੀ ਪਈ ਏ ਉਹ। ਤੇ ਆਹ ਤੇਰਾ ਘੋੜਾ ਏ ? ਆਹ, ਕਿਆ ਸੋਹਣਾ ਏ ਮੇਰੇ ਕੁਲਵੰਤ ਦਾ ਘੋੜਾ।"

"ਨਹੀਂ, ਮੇਰਾ ਨਹੀਂ ਘੋੜਾ। ਮੈਂ ਭਾਬੀ ਕੋਲ ਜਾਣਾ ਏਂ।"

"ਤੂੰ ਸਾਈਕਲ ਚਲਾ ਲੈਂਦਾ ਏਂ ਨਾ। ਵੇਖੋ, ਮੇਰਾ ਪੁੱਤਰ ਤਿੰਨਾਂ ਪਹੀਆਂ ਵਾਲਾ ਸਾਈਕਲ ਚਲਾਉਂਦਾ। ਕੁੜੀਓ ! ਚਿੜੀਓ ! ਅੱਗੋਂ ਹਟ ਜਾਇਓ।"

"ਊਂ ਊਂ, ਮੈਂ ਭਾਬੀ ਕੋਲ ਜਾਣਾ ਏਂ। ਹਾਏ ਮੇਰੀ ਭਾਬੀ।"

ਮਾਈ ਦਇਆ ਕੌਰ ਨੇ ਵੰਨ-ਸੁਵੰਨੀਆਂ ਬਾਜ਼ੀਆਂ ਤੇ ਖਾਣ ਵਾਲੀਆਂ ਚੀਜ਼ਾਂ ਵੱਢੀ ਵਜੋਂ ਕੁਲਵੰਤ ਅਗੇ ਧਰੀਆਂ, ਪਰ ਉਹ ਕਿਸੇ ਚੀਜ਼ 'ਤੇ ਨਾ ਪਸੀਜਿਆ। ਉਹਦੇ ਨਿੱਕੇ ਜੇਹੇ ਦਿਲ ਨੇ ਏਸ ਧੋਖੇ ਨੂੰ ਸਮਝ ਲਿਆ ਸੀ। ਤੰਗ ਪੈ ਕੇ ਉਹਨੇ 'ਹਾਏ ਭਾਬੀ, ਹਾਏ ਭਾਬੀ', ਕਹਿ ਕੇ ਰੋਣਾ ਸ਼ੁਰੂ ਕਰ ਦਿਤਾ। ਉਹਨੂੰ ਵਰਾਉਣ ਦਾ ਹਰ ਚਾਰਾ ਕੀਤਾ ਗਿਆ, ਪਾਠਸ਼ਾਲਾ ਵਿਚ ਨੌਕਰ ਲੈ ਕੇ ਗਿਆ, ਬਾਜ਼ਾਰ ਵਿਚ ਬਾਜ਼ੀਆਂ ਖ਼ਰੀਦਣ ਵਾਸਤੇ ਲੈ ਗਏ, ਪਰ ਉਹਨੇ ਰੋਣਾ ਬੰਦ ਨਾ ਕੀਤਾ। ਰੋ ਰੋ ਕੇ ਉਹਦੀਆਂ ਘੁੱਗਾਂ ਬਹਿ ਗਈਆਂ। ਸੋਹਲ ਜੇਹਾ ਫੁੱਲ ਵਿਛੋੜੇ ਦੇ ਤੱਤੇ ਬੁੱਲੇ ਨਾਲ ਕੁਮਲਾ ਗਿਆ।

ਸ਼ਾਮ ਨੂੰ ਮਨਜੀਤ ਵਾਪਸ ਮੁੜੀ, ਤਾਂ ਕੁਲਵੰਤ ਨੂੰ ਪੰਜ ਕੜਾਹੇ ਤਾਪ ਚੜ੍ਹਿਆ ਹੋਇਆ ਸੀ। ਉਹ ਪਿਆ ਪਿਆ ਇਕੇਵਾਰ ਬਰੜਾ ਉੱਠਦਾ, "ਭਾਬੀ ! ਤਾਰੂ ਆਇਆ।"

ਮਨਜੀਤ ਨੇ ਉਹਨੂੰ ਗਲ ਨਾਲ ਲਾ ਕੇ ਮੱਥਾ ਚੁੰਮਿਆਂ। ਦਇਆ ਕੌਰ ਨੇ ਮਿੱਠੀ ਜੇਹੀ ਝਿੜਕ ਦੇਂਦਿਆਂ ਕਿਹਾ, "ਪੁੱਤਰ ! ਕੀ ਸੁਖ ਨਿਕਲਿਆ ਤੇਰੇ ਜਾਣ ਦਾ ? ਅੱਵਲ ਤਾਂ ਤੂੰ ਜਾਣਾ ਨਹੀਂ ਸੀ ; ਤੇ ਜੇ ਗਈ ਸੈਂ, ਤਾਂ ਇਹਨੂੰ ਨਾਲ ਲੈ ਕੇ

ਜਾਂਦੀਓਂ । ਵੇਖ, ਇਹਦਾ ਕੀ ਹਾਲ ਹੋ ਗਿਆ ਏ ?"

"ਮਾਂ ਜੀ ! ਭੁੱਲ ਹੋ ਗਈ ।" ਮਨਜੀਤ ਦਾ ਵੀ ਦਿਲ ਏਸ ਭੁੱਲ 'ਤੇ ਪਛਤਾ ਰਿਹਾ ਸੀ ।

ਕਾਕੇ ਨੂੰ ਚੁਕ ਕੇ ਮਨਜੀਤ ਆਪਣੇ ਮਕਾਨ 'ਤੇ ਚਲੀ ਗਈ । ਸਾਰੀ ਰਾਤ ਕੁਲਵੰਤ ਦਾ ਤਾਪ ਨਾ ਲੱਥਾ । ਸਾਰੀ ਰਾਤ ਮਨਜੀਤ ਉਹਨੂੰ ਮੋਢੇ ਲਾ ਕੇ ਤੁਰੀ ਫਿਰੀ । ਉਹ ਤਾਪ ਦੀ ਘੂਕੀ ਵਿਚ ਉੱਚੀ ਉੱਚੀ ਰੋਣ ਲੱਗ ਪੈਂਦਾ, "ਹਾਏ ਭਾਬੀ ਕੋਲ ਜਾਣਾ ਏਂ ।"

ਮਨਜੀਤ ਉਹਨੂੰ ਗਲ ਨਾਲ ਘੁੱਟ ਕੇ ਕਹਿੰਦੀ, "ਬੱਲੀ ! ਵੇਖਾਂ ਮੈਂ ਆ ਗਈ । ਮੈਂ ਤਾਂ ਤੇਰੇ ਵਾਸਤੇ ਚੀਜੀ ਲੈਣ ਗਈ ਸਾਂ । ਤੂੰ ਸਿਆਣਦਾ ਨਹੀਂ ਮੈਨੂੰ ? ਹੋਸ਼ ਕਰ ਖਾਂ ।"

"ਭਾਬੀ !" ਤੇ ਮੀਟੀ ਅੱਖੀਂ ਨਿੱਕੇ ਜੇਹੇ ਹੱਥਾਂ ਨਾਲ ਉਹ ਉਹਦਾ ਮੂੰਹ ਟੋਹਣ ਲੱਗ ਪੈਂਦਾ ।

"ਜੀ ਮੇਰਾ ਲਾਲ ! ਭਾਬੀ ਸਦਕੇ ! ਭਾਬੀ ਵਾਰੀ ! ਹੋਸ਼ ਕਰ ਖਾਂ ਮੇਰਾ ਵੀਰ !"

ਉਹ ਮਿੱਠੀ ਮਿੱਠੀ ਛੁਹ ਮਹਿਸੂਸ ਕਰ ਕੇ ਨਿਕੀਆਂ ਨਿਕੀਆਂ ਬਾਹੀਂ ਉਹਦੇ ਗਲ ਉਦਾਲੇ ਘੁੱਟ ਲੈਂਦਾ । ਕੁਛ ਚਿਰ ਪਿਛੋਂ ਉਹ ਫਿਰ ਇਕੇਵਾਰ ਚੀਕ ਉਠਦਾ, "ਭਾਬੀ ! ਤਾਰੂ ਆਇਆ ।"

ਡਰ ਦੀ ਮਾਰੀ ਮਨਜੀਤ ਉਹਨੂੰ ਕਲੇਜੇ ਨਾਲ ਘੁੱਟ ਲੈਂਦੀ । ਉਹਨੂੰ ਤਾਂ ਉਹ ਹੌਸਲਾ ਦੇਂਦੀ, ਪਰ ਉਹਦਾ ਆਪਣਾ ਦਿਲ ਅੰਦਰੋਂ ਡਰ ਰਿਹਾ ਸੀ । ਰਹਿ ਰਹਿ ਕੇ ਉਹਦੀਆਂ ਅੱਖਾਂ ਅੱਗੇ ਓਹਾ ਨਜ਼ਾਰਾ ਆ ਜਾਂਦਾ, ਜਦ ਉਹ ਤਾਰੂ ਤੋਂ ਡਰਦੀ ਇਸ ਨਿੱਕੀ ਜੇਹੀ ਜਿੰਦ ਨੂੰ ਮੋਢੇ ਨਾਲ ਲਾ ਕੇ ਵਰ੍ਹਦੇ ਮੀਂਹ ਵਿਚ ਅੱਧੀ ਰਾਤੀਂ ਘਰੋਂ ਨਿਕਲੀ ਸੀ । ਇਹ ਰਾਤ ਵੀ ਉਹਦੀ ਏਸੇ ਤਰ੍ਹਾਂ ਗਿਣਤੀਆਂ ਗਿਣਦਿਆਂ ਲੰਘੀ ।

ਅਗਲੇ ਦਿਨ ਡਾਕਟਰ ਨੂੰ ਵਿਖਾਇਆ । ਕੁਛ ਉਸਦੀ ਦਵਾਈ ਦਾ ਅਸਰ ਤੇ ਬਹੁਤਾ ਮਨਜੀਤ ਦੇ ਸਰੀਰ ਦੀ ਛੁਹ ਦਾ । ਤਿੱਜੇ ਦਿਨ ਕੁਲਵੰਦ ਦਾ ਬੁਖ਼ਾਰ ਲਹਿ ਗਿਆ । ਬੀਮਾਰੀ ਤੋਂ ਉਹ ਰਾਜ਼ੀ ਹੋ ਗਿਆ । ਪਰ ਉਹਦੇ ਸੂਹਲ ਦਿਲ ਵਿਚ ਇਕ ਸਹਿਮ ਬਹਿ ਗਿਆ । ਉਹਨੂੰ ਹਰ ਵੇਲੇ ਏਹਾ ਡਰ ਲੱਗਾ ਰਹਿੰਦਾ, ਕਿ ਮਨਜੀਤ ਕਿਤੇ ਉਹਨੂੰ ਛੱਡ ਕੇ ਨਾ ਚਲੀ ਜਾਵੇ । ਕਿਸੇ ਵੇਲੇ ਵੀ ਉਹ ਉਹਦਾ ਵਿਸਾਹ ਨਾ ਕਰਦਾ । ਰਾਤ ਨੂੰ ਉਹਦੇ ਗਲ ਵਿਚ ਬਾਹੀਂ ਪਾ ਕੇ ਉਹ ਉਹਦੀ

ਹਿੱਕ 'ਤੇ ਚੜ੍ਹ ਕੇ ਸੌਂਦਾ। ਉਹ ਇਕ ਪਾਸੇ ਪਈ ਪਈ ਥੱਕ ਜਾਂਦੀ, ਤੇ ਪਾਸਾ ਮੋੜਨ ਵਾਸਤੇ ਕੁਲਵੰਤ ਦੀਆਂ ਬਾਂਹੀਂ ਗਲ ਵਿਚੋਂ ਲਾਹਕੇ ਉਹਨੂੰ ਮੰਜੇ 'ਤੇ ਪਾਉਣ ਦਾ ਯਤਨ ਕਰਦੀ, ਤਾਂ ਉਹ ਇਕੋ ਵੇਰਾਂ 'ਹਾਇ ਭਾਬੀ ! ਹਾਇ ਭਾਬੀ !' ਕਰ ਕੇ ਫੇਰ ਉਹਦੇ ਗਲ ਨੂੰ ਚੰਬੜ ਜਾਂਦਾ।

"ਕੁਲਵੰਤ ! ਮੈਂ ਤੇਰਾ ਕੁਛ ਦੇਣਾ ਏਂ ਪਿਛਲੇ ਜਨਮ ਦਾ।" ਤੇ ਉਹ ਫੇਰ ਉਹਨੂੰ ਹਿੱਕ 'ਤੇ ਪਾ ਕੇ ਥਾਪੜਨ ਲੱਗ ਪੈਂਦੀ।

ਏਸ ਬੀਮਾਰੀ ਨੇ ਕੁਲਵੰਤ ਦੇ ਸੁਭਾਉ ਵਿਚ ਬੜੀ ਤਬਦੀਲੀ ਲੈ ਆਂਦੀ ਸੀ। ਉਹਦੇ ਜੀਵਨ ਵਿਚ ਪੁਰਾਤਨ ਸੰਸਕਾਰਾਂ ਦਾ ਰੰਗ ਉਘੜਦਾ ਆ ਰਿਹਾ ਸੀ। ਆਖ਼ਰ ਉਹਦੇ ਸਰੀਰ ਵਿਚ ਓਸੇ ਪਿਤਾ ਦਾ ਖ਼ੂਨ ਸੀ, ਜੀਹਦੇ ਹੱਥੋਂ ਉਹਦੀ ਮਾਂ ਕਈ ਵਾਰ ਲਹੂ ਲੁਹਾਨ ਹੋਈ ਸੀ। ਓਸੇ ਮਾਂ ਦਾ ਦੁੱਧ ਉਹਦੇ ਖ਼ੂਨ ਵਿਚ ਰਚਿਆ ਹੋਇਆ ਸੀ, ਜੀਹਨੇ ਆਤਮਘਾਤ ਕਰਕੇ ਜੀਵਨ ਦੀ ਸਮਾਪਤੀ ਕੀਤੀ ਸੀ। ਇਹਨਾਂ ਘਟਨਾਵਾਂ ਦਾ ਅਸਰ ਉਹਦੇ ਜੀਵਨ ਵਿਚੋਂ ਕਿਵੇਂ ਮਿਟ ਸਕਦਾ ਸੀ ?

ਕੁਲਵੰਤ ਦਿਨੋ ਦਿਨ ਅਮੋੜ ਹੁੰਦਾ ਜਾ ਰਿਹਾ ਸੀ। ਉਹ ਥੋੜੀ ਥੋੜੀ ਗੱਲ ਤੋਂ ਵਿੱਟਰ ਕੇ ਮਨਜੀਤ ਨਾਲ ਲੜਨ ਲੱਗ ਪੈਂਦਾ। ਉਹ ਉਹਦੇ ਕੱਪੜੇ ਪਾੜ ਘੱਤਦਾ, ਤਿੱਖੇ ਨੌਂਹਾਂ ਨਾਲ ਉਹਦਾ ਮੂੰਹ ਵਲੂੰਧਰ ਸੁਟਦਾ, ਦੰਦੀਆਂ ਵੱਢ ਕੇ ਉਹਦੇ ਪਿੰਡੇ ਵਿਚੋਂ ਲਹੂ ਕਢ ਦੇਂਦਾ ਤੇ ਸੋਟਾ ਲੱਕੜ ਜੋ ਵੀ ਹੱਥ ਵਿਚ ਆਉਂਦਾ ਉਹਨੂੰ ਮਾਰਨੋਂ ਫ਼ਰਕ ਨਾ ਕਰਦਾ। ਤੰਗ ਆ ਕੇ ਮਨਜੀਤ ਵਿਚਾਰੀ ਰੋ ਪੈਂਦੀ। ਕੁਲਵੰਤ ਸਗੋਂ ਧਮਕੀ ਦੇਂਦਾ ਹੋਇਆ ਘੂਰੀ ਵੱਟ ਕੇ ਕਹਿੰਦਾ, "ਚੁੱਪ ਕਰ ਜਾ, ਨਹੀਂ ਤਾਂ ਗਲ ਘੁੱਟ ਕੇ ਮਾਰ ਦੇਊਂਗਾ।"

"ਤੈਥੋਂ ਏਹਾ ਨੇਕੀ ਸਰਨੀ ਏਂ ਕੇ ! ਸਗੋਂ ਮਾਰ ਘੱਤੇਂ, ਤਾਂ ਟੇਂਟਾ ਮੁੱਕ ਜਾਏ।"

"ਮੈਂ ਤੇਰੇ ਟੋਟੇ ਕਰਕੇ ਦਰਿਆ ਵਿਚ ਸੁੱਟ ਆਊਂ।"

"ਫੇਰ ਭਾਬੀ ਕੀਹਨੂੰ ਬਣਾਵੇਂਗਾ ?"

"ਮੈਂ ਨਵੀਂ ਭਾਬੀ ਹੋਰ ਲੈ ਆਊਂ।" ਕੁਲਵੰਤ ਦੇ ਮੂੰਹੋਂ ਇਹ ਮਰਦ ਦੀ ਵਾਸ਼ਨਾ ਬੋਲ ਪੈਂਦੀ, ਜਿਸ ਵਿਚ ਪੁਰਾਣੀ ਦੀ ਥਾਂ ਨਵੀਂ ਇਸਤਰੀ ਹਾਸਲ ਕਰਨ ਦੀ ਭਟਕਣਾ ਹੁੰਦੀ।

੯.

ਬਦਕਿਸਮਤੀ ਪਰਛਾਂਵੇਂ ਵਾਂਗ ਜੀਹਦੇ ਮਗਰ ਲੱਗ ਜਾਏ, ਛੇਤੀ ਪਿੱਛਾ ਨਹੀਂ ਛਡਿਆ ਕਰਦੀ। ਮਨਜੀਤ ਭੁਲੇਖੇ ਵਿਚ ਸੀ, ਜੋ ਸਮਝਦੀ ਸੀ, ਕਿ ਮੇਰੇ ਮਾੜੇ ਦਿਨ ਬੀਤ ਗਏ ਹਨ।

ਸਿੰਘ ਸਭਾ ਦਾ ਪਰਧਾਨ ਬਾਬਾ ਸਾਧੂ ਸਿੰਘ ਜਿੰਨਾ ਚੰਗਾ ਸੀ, ਕੰਨਿਆਂ ਪਾਠਸ਼ਾਲਾ ਦਾ ਮੀਤ ਮੈਨੇਜਰ ਧਰਮ ਸਿੰਘ ਓਨਾ ਹੀ ਦਿਲ ਦਾ ਮਾੜਾ। ਪਹਿਲੀ ਵਾਰ ਮਨਜੀਤ 'ਤੇ ਨਜ਼ਰ ਪੈਂਦਿਆਂ ਹੀ ਉਹਦੇ ਅੰਦਰ ਮੰਦੀਆਂ ਵਾਸ਼ਨਾਂ ਮਚਲਨ ਲੱਗ ਪਈਆਂ ਸਨ। ਹਰ ਵੇਲੇ ਉਹ ਆਪਣੇ ਬੁਰੇ ਇਰਾਦੇ ਵਿਚ ਸਫਲਤਾ ਪਰਾਪਤ ਕਰਨ ਬਾਰੇ ਸੋਚਦਾ ਰਹਿੰਦਾ। ਏਸ ਕੰਮ ਵਿਚ ਉਹਨੇ ਆਪਣੀ ਸਹਾਇਕ 'ਨਿਰਮਲ ਮਹਿਤਾ' ਨੂੰ ਬਣਾਇਆ।

ਨਿਰਮਲ ਮਹਿਤਾ ਰਲੇ ਮਿਲੇ ਹਿੰਦੂ-ਸਿੱਖ ਘਰਾਣੇ ਵਿਚੋਂ ਸੀ। ਆਪਣੇ ਪਤੀ ਨਾਲ ਉਹਦੀ ਬਣਦੀ ਨਹੀਂ ਸੀ। ਇਸਤਰੀ ਪਤੀ ਨੂੰ ਤੇ ਪਤੀ ਇਸਤਰੀ ਨੂੰ ਬਦਚਲਨ ਕਹਿੰਦਾ ਸੀ। ਨਿੱਤ ਦੇ ਕਲ੍ਹੇ-ਕਲੇਸ਼ ਦਾ ਮਾਰਿਆ ਪਤੀ ਘਰ ਛੱਡ ਕੇ ਸਹਾਰਨਪੁਰ ਜਾ ਵੱਸਿਆ ਸੀ। ਉਹਦੇ ਵਿਛੋੜੇ ਦਾ ਨਿਰਮਲ ਨੂੰ ਕੋਈ ਦੁੱਖ ਨਹੀਂ ਸੀ ਹੋਇਆ। ਉਹ ਸਗੋਂ ਹੁਣ ਆਪਣੇ ਆਪ ਨੂੰ ਵਧੇਰੇ ਆਜ਼ਾਦ ਸਮਝਣ ਲੱਗ ਪਈ ਸੀ। ਇਕ ਮੁੰਡਾ ਤੇ ਕੁੜੀ ਉਹਨਾਂ ਦੇ ਘਰ ਹੋਏ ਸਨ। ਮੁੰਡੇ ਨੂੰ ਪਿਉ ਨਾਲ ਲੈ ਗਿਆ ਸੀ ਤੇ ਕੁੜੀ ਮਾਂ ਕੋਲ ਰਹਿੰਦੀ ਸੀ।

ਕੰਨਿਆਂ ਪਾਠਸ਼ਾਲਾ ਵਿਚ ਨਿਰਮਲ, ਮੀਤ ਮੈਨੇਜਰ ਧਰਮ ਸਿੰਘ ਦੇ ਜ਼ੋਰ ਦੇਣ 'ਤੇ ਲਾਈ ਗਈ ਸੀ। ਕਈ ਤਾਂ ਕਹਿੰਦੇ ਸਨ, ਕਿ ਉਹ ਆਪਣੀ ਪਾਰਟੀ ਖੜੀ ਕਰ ਕੇ ਮੀਤ ਮੈਨੇਜਰ ਬਣਿਆਂ ਹੀ ਸਿਰਫ ਨਿਰਮਲ ਨੂੰ ਨੌਕਰੀ ਦੁਆਉਣ ਵਾਸਤੇ ਸੀ। ਉਹਨਾਂ ਦੀ ਮਿੱਤਰਤਾ ਕਿਸੇ ਤੋਂ ਗੁੱਝੀ ਛਿਪੀ ਨਹੀਂ ਸੀ।

ਨਿਰਮਲ ਨੂੰ ਵੀ ਮਨਜੀਤ ਨਾਲ ਈਰਖਾ ਸੀ, ਓਸੇ ਤਰ੍ਹਾਂ, ਜਿਵੇਂ ਕਿਸੇ ਚੰਗੀ ਸ਼ਖਸੀਅਤ ਨਾਲ ਮਾੜੇ ਬੰਦੇ ਨੂੰ ਹੁੰਦੀ ਹੈ। ਉਹਨੂੰ ਹਰਵੇਲੇ ਮਨਜੀਤ ਦੀ ਪਵਿੱਤਰਤਾ ਤੋਂ ਡਰ ਆਉਂਦਾ ਰਹਿੰਦਾ। ਉਹ ਮੂੰਹੋਂ ਤਾਂ ਮਿੱਠੀ ਰਹਿੰਦੀ, ਪਰ ਦਿਲ ਵਿਚ ਸਦਾ ਉਸ ਵਿਚਾਰੀ ਦੇ ਬੁਰੇ ਬਾਰੇ ਸੋਚਦੀ ਰਹਿੰਦੀ। ਕੁਛ ਧਰਮ ਸਿੰਘ ਦੀ ਪ੍ਰੇਰਨਾ ਕਰਕੇ ਤੇ ਕੁਛ ਆਪਣੇ ਮੰਦੇ ਕਰਮਾਂ ਤੋਂ ਡਰਦੀ, ਉਹ ਏਸ ਸਿੱਟੇ 'ਤੇ ਪੁਜੀ, ਕਿ ਜੇ ਉਹ ਮਨਜੀਤ ਨੂੰ ਵੀ ਆਪਣੇ ਵਰਗੀ ਮਾੜੀ ਬਣਾ ਲਵੇ,

ਤਾਂ ਫੇਰ ਉਹਦੀ ਨਿੱਤ ਦੀ ਇਹ ਚਿੰਤਾ ਮੁੱਕ ਜਾਵੇਗੀ।

ਥੋੜੇ ਦਿਨਾਂ ਦੀ ਜਾਣ ਪਛਾਣ ਪਿਛੋਂ ਨਿਰਮਨ ਮਨਜੀਤ ਦੇ ਕੰਨ ਭਰਨ ਲੱਗ ਪਈ। ਉਹ ਹਰਵੇਲੇ ਧਰਮ ਸਿੰਘ ਦੀ ਕਮੇਟੀ ਵਿਚ ਤਾਕਤ ਤੇ ਰਸੀਏ ਸੁਭਾਅ ਦਾ ਜ਼ਿਕਰ ਕਰਦੀ ਰਹਿੰਦੀ। ਕਿਸੇ ਕਿਸੇ ਵੇਲੇ ਨਰਮ ਤੇ ਵਲਾਵੇਂਦਾਰ ਸ਼ਬਦਾਂ ਵਿਚ ਉਹ ਪਰਧਾਨ ਦੀ ਨਿੰਦਿਆ ਵੀ ਕਰਨ ਲੱਗ ਪੈਂਦੀ। ਉਹ ਕਈ ਵਾਰ ਕਹਿੰਦੀ, "ਪਰਧਾਨ ਤਾਂ ਸੱਤਰਿਆ-ਬਹੱਤਰਿਆ ਬਾਬਾ, ਨਿਰਾ ਆਟੇ ਦਾ ਗਣੇਸ਼ ਏ। ਸਾਰੀ ਤਾਕਤ ਤਾਂ ਮੀਤ ਮੈਨੇਜਰ ਸ. ਧਰਮ ਸਿੰਘ ਦੀ ਏ। ਕਮੇਟੀ ਵਿਚ ਇਕ ਓਸੇ ਦੀ ਚਲਦੀ ਏ। ਕਿਸੇ ਨੂੰ ਕਢੇ, ਕਿਸੇ ਨੂੰ ਰਖੇ, ਸਭ ਓਸੇ ਦੇ ਹੱਥ ਵੱਸ ਏ। ਬੰਦਾ ਦਿਲ ਦਾ ਮਾੜਾ ਨਹੀਂ, ਐਵੇਂ ਜ਼ਰਾ ਸੁਭਾਅ ਦਾ ਹੱਸ-ਮੁਖ ਏ। ਆਪ ਵੀ ਅੱਗੋਂ ਹਸਦਿਆਂ ਰਹੀਦਾ ਏ। ਆਹੰਦੇ ਨੇ: ਹਸਦਿਆਂ ਦੇ ਘਰ ਵੱਸਦੇ। ਸੋਚੀਦਾ ਏ, ਚਲੋ ਸਾਡਾ ਏਨੇ ਨਾਲ ਕੀ ਵਿਗੜਦਾ ਏ। ਨਾਲੇ ਭੈਣਾਂ ਦਿਹਾੜੇ ਵੀ ਕਟਣੇ ਹੋਏ। ਮਾਪਿਆਂ ਤਾਂ ਸਹੇੜ ਦਿਤਾ ਮਖੱਟੂ। ਤਿੰਨ ਵਰ੍ਹੇ ਹੋਏ, ਛੱਡ ਕੇ ਸਹਾਰਨਪੁਰ ਜਾ ਬੈਠਾ ਈ। ਤੇ ਜਿਹੜੇ ਦੋ-ਚਾਰ ਵਰ੍ਹੇ ਘਰ ਰਿਹਾ ਵੀ, ਰੰਡੀ-ਰੋਣੇ ਦੇ ਹੀ ਨਿਭੇ। ਹਰਵੇਲੇ ਮਹਾਂ-ਭਾਰਤ ਮੱਚਿਆ ਰਹਿੰਦਾ ਸੀ। ਗੰਗਾ ਨ੍ਹਾਤੇ ਆਂ, ਜਿੱਦਣ ਦਾ ਗਿਆ ਏ। ਵੀਰ-ਭਰਾ ਕਰਕੇ ਸਲਾਹੀਏ, ਭਲਾ ਹੋਵੇ ਵਿਚਾਰੇ ਧਰਮ ਸੂੰਹ ਦਾ, ਜੀਹਨੇ ਇਹ ਰੋਟੀ ਦਾ ਬਹਾਨਾ ਬਣਾ ਦਿਤਾ। ਨਹੀਂ ਤਾਂ ਇਹ ਪਹਾੜ ਜਿੱਡੀ ਉਮਰ ਕਿਵੇਂ ਨਿਭਣੀ ਸੀ? ਤੇ ਜਿਹੜੀਆਂ ਆਹ ਮੀਸਣੀਆਂ ਜੇਹੀਆਂ ਮੂੰਹ ਮਰੋੜ ਮਰੋੜ ਕੇ ਗੱਲਾਂ ਕਰਦੀਆਂ ਨੇ, ਅਸੀਂ ਨਹੀਂ ਜਾਣਦੇ ਇਹਨਾਂ ਨੂੰ? ਅੱਗੋਂ ਪਿਛੋਂ ਬਦਨਾਮੀ ਕਰਨਗੀਆਂ, ਤੇ ਘਰ ਜਾ ਕੇ ਓਸ ਕੁ-ਲਗਦੇ ਦੇ ਪੈਰ ਪਈਆਂ ਧੋਣਗੀਆਂ। ਸਾਨੂੰ ਏਹੋ ਜੇਹੀਆਂ ਮੋਮੋ-ਠਗਾਣੀਆਂ ਨਹੀਂ ਆਉਂਦੀਆਂ। ਸਿਆਣਿਆਂ ਆਖਿਆ ਏ, ਆਪਣਾ ਮਨ ਸਾਫ਼ ਚਾਹੀਦਾ ਏ, ਦੁਨੀਆਂ ਭਾਵੇਂ ਕੁਛ ਬਕਦੀ ਫਿਰੇ। ਉਤਾਂਹ ਮੂੰਹ ਕਰਕੇ ਥੁਕਿਆਂ ਕਿਤੇ ਚੰਦ ਤਕ ਅਪੜ ਚਲਿਆ ਏ? ਐਨਾ ਚਿਰ ਹੋ ਗਿਆ ਏ ਮਿਲਦਿਆਂ ਵਰਤਦਿਆਂ, ਵਿਚਾਰੇ ਨੇ ਕਦੀ ਮੈਲੀ ਅੱਖ ਨਾਲ ਨਹੀਂ ਵੇਖਿਆ। ਉਵ ਇਕ ਮਾੜੀ ਆਦਤ ਏ ਉਹਦੀ। ਜਿਹੜਾ ਉਹਦੇ ਸਾਮ੍ਹਣੇ ਆਕੜ ਰਖੇ, ਉਹ ਆਕੜ ਭੰਨ ਕੇ ਛਡਦਾ ਏ। ਬੱਸ ਰਾਹੂ ਕੇਤੂ ਵਾਂਗ ਵੈਰ ਪੈ ਜਾਂਦਾ ਏ। ਤੇ ਜੀਹਦੇ 'ਤੇ ਖ਼ੁਸ਼ ਹੋਵੇ, ਜਾਨ ਵਾਰਨ ਤਕ ਜਾਂਦਾ ਏ। ਇਕ ਦਿਨ ਕਹਿਣ ਲੱਗਾ, 'ਨਿਰਮਲ! ਮਨਜੀਤ ਕਿਸ ਸੁਭਾਅ ਦੀ ਏ? ਅਸਾਂ ਤਾਂ ਦੁਖੀ ਵੇਖ ਕੇ ਉਹਦੇ 'ਤੇ ਤਰਸ ਕੀਤਾ ਸੀ, ਪਰ ਉਹ ਬੜੀ ਆਕੜ-ਖ਼ੋਰ ਜਾਪਦੀ ਏ। ਮੂੰਹੋਂ ਧੰਨਵਾਦ ਕਰਨਾ ਤਾਂ ਇਕ ਪਾਸੇ ਰਿਹਾ, ਉਹ ਤਾਂ ਅੱਖ-ਲਿਹਾਜ਼ ਵੀ

ਨਹੀਂ ਮੰਨਦੀ।' ਮੈਨੂੰ ਕੁਛ ਉਹ ਰੁੱਸੇ ਰੁੱਸੇ ਭਾਸਦਾ ਸੀ। ਮੇਰੀ ਸਲਾਹ ਮੰਨੇਂ, ਤਾਂ ਪੰਜੀਂ ਦਸੀਂ ਦਿਨੀਂ ਘਰ ਜਾ ਕੇ ਜ਼ਰਾ ਸੁੱਖ ਸਾਂਦ ਪੁਛ ਆਇਆ ਕਰ। ਏਨੇ ਨਾਲ ਅਗਲੇ ਦਾ ਦਿਲ ਰਾਜ਼ੀ ਰਹਿੰਦਾ ਏ। ਅਗੇ ਤੂੰ ਆਪ ਸਿਆਣੀ ਏਂ।"

'ਦੜ ਵੱਟ, ਦਿਹਾੜੇ ਕੱਟ' ਦੇ ਸਿਧਾਂਤ ਨੂੰ ਮੁੱਖ ਰੱਖ ਕੇ ਮਨਜੀਤ ਏਹੋ ਜੇਹੀਆਂ ਵੱਲ-ਸੁਵੱਲੀਆਂ ਸੁਣ ਕੇ ਗੱਲ ਟਾਲ ਛਡਦੀ। ਤੇ ਜਦ ਕਦੇ ਉਹ ਉੱਤਰ ਦੇਣ 'ਤੇ ਮਜਬੂਰ ਹੋ ਜਾਂਦੀ, ਤਾਂ ਮਿਣਵੇਂ ਤੋਲਵੇਂ ਸ਼ਬਦਾਂ ਵਿਚ ਦ੍ਰਿੜ੍ਹ ਕਰਾ ਦੇਂਦੀ, ਕਿ ਸਤੀ ਦਾ ਧਰਮ ਪਰਬਤ ਵਾਂਗ ਅਡੋਲ ਹੁੰਦਾ ਹੈ। ਏਥੇ ਕਿਸੇ ਮਾੜੀ ਵਾਸ਼ਨਾ ਵਾਲੇ ਦੀ ਪਹੁੰਚ ਅਸੰਭਵ ਹੈ।

ਸਹਿਜ ਸਹਿਜ ਧਰਮ ਸਿੰਘ ਦੀਆਂ ਹਰਕਤਾਂ ਕੋਝੀ ਹੱਦ ਤਕ ਪਹੁੰਚ ਰਹੀਆਂ ਸਨ। ਮਨਜੀਤ ਕਈ ਵੇਰਾਂ ਬਾਬਾ ਸਾਧੂ ਸਿੰਘ ਕੋਲ ਧਰਮ ਸਿੰਘ ਦੀ ਸ਼ਕਾਇਤ ਕਰਨ ਵਾਸਤੇ ਸੋਚਦੀ। ਫਿਰ ਇਹ ਵਿਚਾਰ ਕੇ ਉਹ ਚੁੱਪ ਰਹਿ ਜਾਂਦੀ ਕਿ ਖ਼ਬਰੇ ਬਾਬਾ ਜੀ ਇਹਦੇ ਕੀ ਅਰਥ ਸਮਝਣਗੇ? ਉਹਦੇ ਅੰਦਰ ਇਹ ਵਹਿਮ ਪੱਕਾ ਹੁੰਦਾ ਜਾ ਰਿਹਾ ਸੀ, ਕਿ ਮਰਦ ਦੇ ਸਮਾਜ ਵਿਚ ਗੁਨਾਹਗਾਰ ਸਦਾ ਇਸਤਰੀ ਨੂੰ ਹੀ ਥਾਪਿਆ ਜਾਂਦਾ ਹੈ, ਗਲਤੀ ਭਾਵੇਂ ਕਿਸੇ ਦੀ ਹੋਵੇ। ਇਹਨਾਂ ਖਿਆਲਾਂ ਦੇ ਅਸਰ ਥੱਲੇ ਉਹ ਚੋਰ ਦੀ ਮਾਂ ਵਾਂਗ ਚੁੱਪ ਰਹਿ ਜਾਂਦੀ। ਧਰਮ ਸਿੰਘ ਦੀਆਂ ਚੰਗੀਆਂ ਮਾੜੀਆਂ ਸੁਣ ਕੇ ਉਹ ਕਿਸੇ ਕੋਲ ਗਿਲ੍ਹਾ ਨਾ ਕਰਦੀ।

ਇਹਨਾਂ ਦਿਨਾਂ ਵਿਚ ਇਕ ਹੋਰ ਦੁਰਘਟਨਾ ਹੋ ਗਈ। ਇਕ ਲੜਕੀ ਦੇ ਜਨਮ ਦੀ ਤਾਰੀਖ਼ ਵੇਖਣ ਵਾਸਤੇ ਮਨਜੀਤ ਦਫ਼ਤਰ ਵਿਚੋਂ ਰਜਿਸਟਰ ਦਾਖ਼ਲਾ ਲੈਣ ਗਈ। ਉਹ ਆਪਣੇ ਧਿਆਨ ਬੂਹੇ ਵਿਚ ਪਹੁੰਚੀ, ਤਾਂ ਅੱਗੋਂ ਧਰਮ ਸਿੰਘ ਤੇ ਨਿਰਮਲ ਗਲਵੱਕੜੀ ਪਾਈ ਖਲੋ ਸਨ। ਵਿਹੰਦੇ ਸਾਰ ਦੋਹਾਂ ਦੀਆਂ ਬਾਹੀਂ ਢਿੱਲੀਆਂ ਹੋ ਗਈਆਂ। ਮਨਜੀਤ ਦਾ ਸਿਰ ਤਾਂ ਜਿਵੇਂ ਸ਼ਰਮ ਨਾਲ ਧਰਤੀ ਤਕ ਝੁਕ ਗਿਆ। ਗੁਨਾਹ ਕਰਨ ਵਾਲੇ ਨਾਲੋਂ ਕਈ ਵਾਰ ਵੇਖਣ ਵਾਲਾ ਵਧੇਰੇ ਲੱਜਿਆ ਮਹਿਸੂਸ ਕਰਦਾ ਹੈ। ਉਹਨੀ ਪੈਰੀਂ ਪਰਤ ਕੇ ਮਨਜੀਤ ਜਮਾਤ ਵਿਚ ਆ ਬੈਠੀ। ਸਾਰਾ ਦਿਨ ਉਹਦੇ ਦਿਲ ਦੀ ਧੜਕਣ ਅਸਲ ਹਾਲਤ ਵਿਚ ਨਾ ਆਈ। ਰਾਤ ਵੀ ਸਾਰੀ ਉਹਨੇ ਜਾਗਦਿਆਂ ਹੀ ਕੱਟੀ। ਅਣਡਿੱਠੇ ਤੇ ਅਣਵਾਪਰੇ ਭੈ ਨੇ ਉਹਦੀ ਆਤਮਾ ਉਦਾਲੇ ਮੱਕੜੀ ਵਾਂਗ ਜਾਲਾ ਤਣ ਲਿਆ ਸੀ।

ਅਗਲੇ ਦਿਨ ਮਨਜੀਤ ਡਰਦੀ ਡਰਦੀ ਪਾਠਸ਼ਾਲਾ ਪਹੁੰਚੀ। ਨਿਰਮਲ ਨੇ

ਸ਼ਰਮ ਨਾਲ ਨਜ਼ਰ ਨੀਂਵੀ ਕਰਨ ਦੀ ਥਾਂ ਸਗੋਂ ਲਹੂ ਭਰੀਆਂ ਅੱਖਾਂ ਨਾਲ ਘੂਰ ਘੂਰ ਕੇ ਮਨਜੀਤ ਵੱਲ ਤਕਿਆ। ਢੱਠੇ ਹੋਏ ਮਨ ਨਾਲ ਮਨਜੀਤ ਜਮਾਤ ਨੂੰ ਪੜ੍ਹਾਉਂਦੀ ਰਹੀ। ਸਾਰਾ ਦਿਨ ਉਹਨੂੰ ਏਹਾ ਧੁੜਕੂ ਲੱਗਾ ਰਿਹਾ, ਕਿ ਹੁਣ ਵੀ ਦਫ਼ਤਰੋਂ ਸੱਦਾ ਆਇਆ, ਹੁਣ ਵੀ ਵਾਜ ਵੱਜੀ। ਇਕ ਦਿਨ, ਦੋ ਦਿਨ, ਤਿੰਨ ਦਿਨ ਏਸੇ ਤਰ੍ਹਾਂ ਫ਼ਿਕਰਾਂ ਵਿਚ ਲੰਘ ਗਏ। ਚੌਥੇ ਦਿਨ ਮਨਜੀਤ ਤੇ ਨਿਰਮਲ ਦੋਹਾਂ ਨੂੰ ਧਰਮ ਸਿੰਘ ਨੇ ਦਫਤਰ ਵਿਚ ਬੁਲਾਇਆ।

ਮਨਜੀਤ ਤੇ ਨਿਰਮਲ ਦਫਤਰ ਪੁੱਜੀਆਂ। ਧਰਮ ਸਿੰਘ ਕੁਰਸੀ 'ਤੇ ਬੈਠਾ ਕੁਛ ਲਿਖ ਰਿਹਾ ਸੀ। ਸਾਮ੍ਹਣੇ ਮੇਜ਼ ਉਤੇ ਦੋ ਬੰਦ ਲਫਾਫੇ ਪਏ ਸਨ, ਜਿੰਨ੍ਹਾਂ ਉਤੇ ਮਨਜੀਤ ਦਾ ਨਾਂ ਲਿਖਿਆ ਹੋਇਆ ਸੀ। ਮੇਜ਼ ਦੇ ਸਾਮ੍ਹਣੇ ਇਕ ਹੋਰ ਕੁਰਸੀ ਪਈ ਸੀ। ਨਿਰਮਲ ਜਾਂਦੀ ਉਹਦੇ ਉਤੇ ਸਜ ਗਈ। ਮਨਜੀਤ ਨੂੰ ਕੁਛ ਮਿੰਟ ਦੋਸ਼ੀ ਵਾਂਗ ਸਾਮ੍ਹਣੇ ਖਲੋਣਾ ਪਿਆ। ਹੱਥ ਵਾਲਾ ਕਾਗ਼ਜ਼ ਲਿਖਕੇ ਤਹਿ ਕਰਦਿਆਂ ਧਰਮ ਸਿੰਘ ਨੇ ਗੁੱਸੇ ਭਰੀਆਂ ਅੱਖਾਂ ਨਾਲ ਮਨਜੀਤ ਵੱਲੇ ਵੇਖਿਆ। ਏਸ ਤਕਣੀ ਤੋਂ ਮਨਜੀਤ ਸੂਹਦੀ ਸਿਰ ਤੋਂ ਪੈਰਾਂ ਤਕ ਕੰਬ ਉਠੀ। ਉਸ ਵੇਲੇ ਉਹ ਆਪਣੇ ਆਪ ਨੂੰ ਜਮਦੂਤ ਦੇ ਸਾਮ੍ਹਣੇ ਖਲੀ ਅਨਭਵ ਕਰ ਰਹੀ ਸੀ।

"ਹੂਉਂ! ਸ਼ਕਲ ਮੋਮਨਾਂ ਦੀ ਕੈਰ ਕਾਫ਼ਰਾਂ ਦੇ। ਅੰਤ ਲੱਗ ਗਿਆ ਨਾ ਪਤਾ ਤੇਰਾ ਨੇਕ ਪਾਕ ਦਾ। ਆਹ ਪਈਆਂ ਈਂ ਚਿੱਠੀਆਂ ਤੇਰੇ ਮਜਨੂੰ ਦੀਆਂ। ਉਹ ਵੀ ਕਿਵੇਂ ਬਗਲਾ ਭਗਤ ਬਣ ਬਣ ਠਗਦਾ ਏ ਲੋਕਾਂ ਨੂੰ। ਇਹ ਤਾਂ ਭੁਲੇਖੇ ਨਾਲ ਨਿਰਮਲ ਦੇ ਹੱਥ ਆ ਗਈਆਂ, ਨਹੀਂ ਤਾਂ ਸਾਨੂੰ ਅਜੇ ਕੀ ਪਤਾ ਲੱਗਣਾ ਸੀ? ਤੇ ਤੈਨੂੰ ਸਾਰੇ ਸ਼ਹਿਰ ਵਿਚੋਂ ਗਿਆਨੀ ਸਰਦੂਲਾ ਈ ਲਭਾ? ਉਂਞ ਨੱਕ 'ਤੇ ਮੱਖੀ ਨਹੀਂ ਸੀ ਬਹਿਣ ਦੇਂਦੀ. ਤੇ ਕਰਤੂਤ ਵਿਚੋਂ ਆਹ ਨਿਕਲੀ ਏ। ਭਲਕੇ ਕਮੇਟੀ ਵਿਚ ਪੇਸ਼ ਕਰਕੇ ਪੁੱਛਾਂਗਾ ਦੋਹਾਂ ਭਗਤਾਂ ਨੂੰ।"

"ਮੈਥੋਂ ਅਸਤੀਫ਼ਾ ਲੈ ਲੋ ਤੇ ਮੇਰੀ ਝੂਠੀ ਬਦਨਾਮੀ ਨਾ ਕਰੋ। ਮੈਥੋਂ ਰੱਬ ਦੀ ਮਾਰੀ ਤੋਂ ਕੀ ਲੈਣਾ ਜੇ?" ਮਨਜੀਤ ਨੇ ਰੋ ਕੇ ਕਿਹਾ।

"ਤੂੰ ਰੱਬ ਦੀ ਮਾਰੀ? ਤੇਰੀ ਤਾਂ ਲਾਟ ਜਿੰਨੀ ਆਕੜ ਏ। ਤੇ ਮੈਨੂੰ ਵੀ ਮਰਦ ਨਾ ਸੱਦੀਂ, ਜੇ ਮੈਂ ਆਕੜ ਭੰਨ ਕੇ ਨਾ ਛੱਡੀ ਤਾਂ! ਜਾਂ ਤਾਂ ਕਿਸੇ ਦੀ ਹੋ ਕੇ ਰਹੇਂਗੀ, ਤੇ ਜਾਂ ਕਿਸੇ ਨੂੰ ਮੂੰਹ ਵਿਖਾਉਣ ਜੋਗੀ ਨਹੀਂ ਛੱਡਾਂਗਾ।" ਦੋਵੇਂ ਚਿੱਠੀਆਂ ਜੇਬ ਵਿਚ ਪਾ ਕੇ ਧਰਮ ਸਿੰਘ ਬਾਹਰ ਚਲਾ ਗਿਆ।

ਪਿਛੋਂ ਰਹਿ ਗਈਆਂ ਨਿਰਮਲ ਤੇ ਮਨਜੀਤ। ਨਿਰਮਲ ਨੇ ਮਨਜੀਤ ਦਾ ਹੱਥ ਫੜ ਕੇ ਕਿਹਾ, "ਕਮਲੀ ਨਾ ਬਣ। ਬਹੁ ਜੇਰਾ।"

ਮਨਜੀਤ ਨੂੰ ਨਿਰਮਲ ਦੀ ਛੋਹ ਇਉਂ ਪਰਤੀਤ ਹੋਈ, ਜਿਵੇਂ ਭਖਦਾ ਅੰਗਿਆਰ। ਉਹਨੇ ਝਟਕੇ ਨਾਲ ਉਹਦਾ ਹੱਥ ਛਿਣਕ ਦਿਤਾ। ਕਮਰੇ ਦੀ ਹਵਾ ਵਿਚ ਉਹਨੂੰ ਦਮ ਘੁਟਦਾ ਘੁਟਦਾ ਭਾਸਣ ਲੱਗਾ। ਪਲ ਪਹਿਲਾਂ ਹੰਝੂਆਂ ਨਾਲ ਭਰੀਆਂ ਅੱਖਾਂ ਵਿਚੋਂ ਘਿਰਣਾ ਦੀਆਂ ਲਾਟਾਂ ਨਿਕਲਨ ਲੱਗੀਆਂ। 'ਨੀਚ, ਵੇਸਵਾ' ਮਨ ਵਿਚ ਕਹਿੰਦੀ ਹੋਈ ਉਹ ਬਾਹਰ ਨਿਕਲ ਗਈ। ਅਗਲੇ ਪਲ ਉਹ ਕੁਲਵੰਤ ਨੂੰ ਉਂਗਲ ਲਾਈ ਘਰ ਨੂੰ ਜਾ ਰਹੀ ਸੀ।

## ੧੦.

ਦਿਨ ਦਾ ਬਾਕੀ ਹਿੱਸਾ ਮਨਜੀਤ ਨੇ ਰੋਂਦਿਆਂ ਗੁਜ਼ਾਰਿਆ। ਰਾਤ ਨੂੰ ਬਿਨਾਂ ਖਾਧਿਆਂ ਪੀਤਿਆਂ ਉਹ ਮੰਜੇ 'ਤੇ ਲੇਟ ਗਈ। ਛੋਟਾ ਜੇਹਾ ਕੁਲਵੰਤ ਸਦਾ ਉਹਨੂੰ ਗਲਵੱਕੜੀ ਪਾ ਕੇ ਸੌਂਦਾ ਸੀ। ਅੱਜ ਉਹਦੇ ਸਰੀਰ ਦੀ ਛੋਹ ਮਨਜੀਤ ਨੂੰ ਸੁਖਾਵੀਂ ਲੱਗਣ ਦੀ ਥਾਂ ਉਹਦੇ ਅੰਦਰ ਈਰਖਾ ਦੇ ਭਾਂਬੜ ਬਾਲ ਰਹੀ ਸੀ। ਇਸ ਵੇਲੇ ਉਹਦੀ ਨਜ਼ਰ ਵਿਚ ਕੁਲਵੰਤ ਨਾ ਛੋਟਾ ਜਿਹਾ ਦਿਉਰ ਸੀ, ਨਾ ਪਾਲਕ ਬੱਚਾ, ਸਗੋਂ ਇਕ ਮਰਦ ਸੀ, ਨਿਰੋਲ ਮਰਦ। ਤੇ ਮਰਦ ਵਾਸਤੇ ਉਹਦਾ ਸਾਰੇ ਦਾ ਸਾਰਾ ਅੰਦਰ ਮਾਰੂ ਘਿਰਣਾ ਨਾਲ ਭਰਿਆ ਪਿਆ ਸੀ। ਉਹਦੀ ਹੰਢੀ ਵਰਤੀ ਦੁਨੀਆਂ ਵਿਚ ਮਰਦ ਇਕ ਨਿਰਦਈ ਰਾਕਸ਼ ਸੀ। ਮਰਦ ਦੇ ਜਿੰਨੇ ਰੂਪ ਉਹਦੇ ਸਾਮ੍ਹਣੇ ਆਉਂਦੇ, ਸਭ ਭਿਆਨਕ ਤੋਂ ਭਿਆਨਕ। ਉਹਨੂੰ ਮਰਦ ਦੇ ਹੱਥ ਵਿਚਲੀ ਛੁਰੀ ਜਹਿਰ-ਬੁਝੀ, ਤੇ ਫੁੱਲਾਂ ਦਾ ਗੁਲਦਸਤਾ ਕੰਡਿਆਂ ਦੀ ਸੇਜ ਭਾਸ ਰਿਹਾ ਸੀ। ਜ਼ਿੰਦਗੀ ਦੇ ਤਜਰਬੇ ਨਾਲ ਉਹਨੂੰ ਮਰਦ ਦੇ ਮਿੱਠੇ ਸ਼ਬਦਾਂ ਦੇ ਕੌੜੇ ਅਰਥਾਂ ਦਾ ਗਿਆਨ ਹੋ ਗਿਆ ਸੀ। ਉਹ ਪਈ ਪਈ ਸੋਚੀ ਜਾ ਰਹੀ ਸੀ, 'ਕੀ ਇਹ ਸਭ ਕੁਛ ਮੇਰੇ ਕਿਸੇ ਮੰਦੇ ਕਰਮ ਦਾ ਫਲ ਏ, ਜਾਂ ਇਸਤਰੀ ਹੋਣ ਦੇ ਜੁਰਮ ਵਿਚ ਮੈਨੂੰ ਇਹ ਸਜ਼ਾ ਮਿਲ ਰਹੀ ਏ? ਏਸ ਉਲਝਣ ਦਾ ਇਕ ਦਿਨ ਨਿਰਨਾ ਕਰਨਾ ਹੀ ਪਵੇਗਾ। ਮੈਂ ਇਹਨਾਂ ਦੁੱਖਾਂ ਤਕਲੀਫ਼ਾਂ ਨੂੰ ਆਪਣੀਆਂ ਭੁੱਲਾਂ ਦਾ ਨਤੀਜਾ ਸਮਝ ਲੈਂਦੀ, ਜੇ ਸਿਰਫ਼ ਮੇਰੇ ਨਾਲ ਹੀ ਇਹ ਵਾਪਰੀ ਹੁੰਦੀ। ਪਰ ਇਤਿਹਾਸ ਤਾਂ ਦਸਦਾ ਏ, ਕਿ ਜੁੱਗਾਂ ਜੁਗਾਂਤਰਾਂ ਤੋਂ ਮਰਦ ਦੇ ਬਣਾਏ ਸਮਾਜ ਵਿਚ ਇਸਤਰੀ ਨਾਲ ਏਹਾ ਕੁਛ ਹੁੰਦੀ ਆਈ ਏ। ਮੈਨੂੰ ਤਾਂ ਭਲਾ ਮੇਰੀ ਗ਼ਲਤੀ ਬਦਲੇ ਪਿਓ-ਭਰਾ ਨੇ ਤਿਆਗ ਦਿਤਾ, ਤੇ 'ਰਜਨੀ' ਨੂੰ ਕਿਸ ਪਾਪ ਬਦਲੇ ਮਾਪਿਆਂ ਨੇ ਪਿੰਗਲੇ ਨਾਲ ਨਰੜ ਕਰ ਦਿਤਾ ਸੀ? ਮੈਨੂੰ ਤਾਂ ਪਤੀ ਨੇ ਸ਼ਾਇਦ ਏਸ ਗੁਨਾਹ ਦੀ ਸਜ਼ਾ ਦਿਤੀ

ਹੋਵੇ, ਕਿ ਮੈਂ ਜਣਦਿਆਂ ਤੋਂ ਬਾਗ਼ੀ ਹੋ ਕੇ ਉਹਦੀ ਸ਼ਰਨ ਆ ਪਈ ਸਾਂ, ਪਰ ਵਿਚਾਰੀ ਸੀਤਾ ਨੂੰ ਰਾਮ ਜੀ ਨੇ ਕਿਹੜੀ ਗੱਲੋਂ ਘਰੋਂ ਕਢਿਆ ਸੀ ? ਮਰਦ ਤਾਂ ਭਾਵੇਂ ਮਰਯਾਦਾ-ਪਰਸ਼ੋਤਮ ਵੀ ਹੋਵੇ, ਉਹ ਵੀ ਇਸਤਰੀ ਨਾਲ ਇਨਸਾਫ਼ ਨਹੀਂ ਕਰ ਸਕਦਾ। ਗੁਨਾਹ ਮਰਦ ਦਾ ਹੁੰਦਾ ਏ, ਤੇ ਸਜ਼ਾ ਸਦਾ ਇਸਤਰੀ ਨੂੰ ਦਿਤੀ ਜਾਂਦੀ ਏ। ਸ਼ਰਾਰਤ ਸੀ ਸਾਰੀ ਲਛਮਣ ਤੇ ਰਾਵਣ ਦੀ, ਤੇ ਭੁਗਤਣੀ ਪੈ ਗਈ ਸੂਪਨਖਾ ਤੇ ਸੀਤਾ ਨੂੰ। ਸੂਪਨਖਾ ਨਾਲ ਲਛਮਣ ਨੇ ਏਸ ਵਾਸਤੇ ਬੁਰਾ ਸਲੂਕ ਕੀਤਾ, ਕਿ ਉਹ ਉਹਦੀ ਕੁਛ ਨਹੀਂ ਸੀ ਲਗਦੀ। ਸੀਤਾ ਨੂੰ ਰਾਵਣ ਨੇ ਏਸ ਵਾਸਤੇ ਛਲ ਕੇ ਕੈਦ ਰਖਿਆ, ਕਿ ਉਹ ਉਹਦੇ ਵੈਰੀ ਦੀ ਧਰਮ-ਪਤਨੀ ਸੀ। ਪਰ ਰਾਮ ਚੰਦਰ ਜੀ ਨੇ, ਸਾਹੀਂ ਜਿਉਣ ਵਾਲੀ ਸੀਤਾ ਨੂੰ ਘਰੋਂ ਕਿਉਂ ਕੱਢਿਆ ? ਤੇ ਕੱਢਿਆ ਵੀ ਓਸ ਵੇਲੇ, ਜਦ ਉਹ ਥੋੜੇ ਦਿਨਾਂ ਤਕ ਮਾਂ ਬਣਨ ਵਾਲੀ ਸੀ। ਏਸ ਗੱਲ ਦਾ ਜਵਾਬ ਹੈ ਕਿਸੇ ਕੋਲ ? ਸ਼ਾਇਦ ਨੁਕਤਾਚੀਨ ਮਰਦ ਕਹੇਗਾ, ਕਿ ਇਹ ਸਭ ਪੁਆੜਾ ਕੇਕੇਈ ਨੇ ਪਾਇਆ ਸੀ। ਕੇਕੇਈ ਨੂੰ ਸਾਰੇ ਦੋਸ਼ੀ ਕਹਿਣਗੇ। ਮੈਂ ਪੁਛਦੀ ਆਂ, ਮਹਾਰਾਜ ਦਸਰਥ ਨੂੰ ਕਿਉਂ ਨਹੀਂ ਕੋਈ ਕੁਛ ਕਹਿੰਦਾ, ਜਿਨ੍ਹਾਂ ਦੋ ਇਸਤਰੀਆਂ ਘਰ ਹੁੰਦਿਆਂ ਹੋਇਆਂ ਤਿੱਜੀ ਮੁਟਿਆਰ ਕੇਕੇਈ ਵਿਆਹ ਲਈ ਸੀ। ਪਰ ਕਹੇ ਕੌਣ ? ਸਮਾਜ ਦਾ ਬਨਾਉਣਾ ਤੇ ਬਦਲਨਾ, ਧਰਮ ਦੇ ਨਿਯਮ ਕਾਇਮ ਕਰਨੇ ਤੇ ਉਹਨਾਂ ਦੀ ਵਰਤੋਂ, ਰਹੀ ਤਾਂ ਸਦਾ ਮਰਦ ਦੇ ਹੱਥ। ਜਿਸ ਇਨਸਾਫ਼ ਉਤੇ ਇਕ ਸ਼੍ਰੇਣੀ ਦਾ ਸਦੀਵੀ ਕਬਜ਼ਾ ਹੋਵੇ, ਓਥੇ ਨਿਆਂ ਹੋ ਹੀ ਕਿਵੇਂ ਸਕਦਾ ਏ ?

'ਕਿਸੇ ਕਿਹਾ ਸੀ, ਜੱਗ-ਬੀਤੀ ਕਰਦਾ ਏਂ, ਜਾਂ ਹੱਡ-ਬੀਤੀ ? ਸਾਡੀ ਤਾਂ ਹੱਡ-ਬੀਤੀ ਹੀ ਏਨੀ ਭਿਆਨਕ ਹੈ, ਕਿ ਜੱਗ-ਬੀਤੀ ਉਹਦੇ ਸਾਮ੍ਹਣੇ ਅਸਲੋਂ ਤੁੱਛ ਲਗਦੀ ਏ। ਮੇਰੀ ਸੱਸ ਨੇ ਭਲਾ ਕਿਹੜੀ ਗਾਂ ਮਾਰ ਦਿਤੀ ਸੀ, ਜਿਸਦਾ ਫਲ ਉਹਨੂੰ ਜਿਉਂਦੀ ਜਾਨ ਨਰਕਾਂ ਵਿਚ ਸੜਨਾ ਪਿਆ ? ਕਰਜ਼ਾ ਚੜ੍ਹਾਇਆ ਸੀ ਫ਼ੌਜਦਾਰੀਆਂ ਕਰਕੇ ਮਰਦ ਨੇ, ਤੇ ਉਹਦੇ ਬਦਲੇ ਵਿਕਣਾ ਪੈ ਗਿਆ ਨਿਰਦੋਸ਼ ਕੰਨਿਆਂ ਨੂੰ। ਸੋਲ੍ਹਾਂ ਵਰ੍ਹਿਆਂ ਦੀ ਮਾਸੂਮਤਾ ਨੂੰ ਸੱਠਾਂ ਵਰਿਆਂ ਦੇ ਕਪਟੀ ਬੁਢਾਪੇ ਨਾਲ ਵਰ੍ਹਿਆਂ ਬਧੀ ਧੁਖਦੀ ਰਹਿਣ ਵਾਲੀ ਚਿਖਾ 'ਤੇ ਬਿਠਾਉਣ ਲੱਗਿਆਂ ਵੀ ਮਰਦ ਨੇ ਉਹਦੀਆਂ ਕੂਕਾਂ ਦਾ ਹਾਸਾ ਉਡਾਉਣ ਲਈ, ਚਿਖਾ ਨੂੰ ਸਗਨਾਂ ਦਾ ਖਾਰਾ ਕਿਹਾ। ਇਹ ਹੈ ਮਰਦ ਦਾ ਹਮਦਰਦੀ ਭਰਿਆ ਇਨਸਾਫ਼। ਫੇਰ........ ਫੇਰ ? ਪਾਪ ਸੀ ਬਦਮਾਸ਼ ਦੂਲੇ ਦਾ, ਜਿਸ ਬਦਲੇ ਮੈਨੂੰ ਵਿਧਵਾ ਹੋਣਾ ਪਿਆ, ਤੇ ਮੇਰੀ ਸੱਸ ਨੂੰ ਆਤਮ-ਘਾਤ ਕਰਨਾ ਪਿਆ। ਸ਼ੈਤਾਨ ਨੂੰ ਸਭ ਧਰਮਾਂ ਵਾਲੇ ਬੁਰਾ

ਕਹਿੰਦੇ ਨੇ। ਉਹਨੇ ਮਾਈ ਹਵਾ ਨੂੰ ਬਹਿਸ਼ਤਾਂ ਵਿਚੋਂ ਜੁ ਕਢਾ ਦਿਤਾ। ਮਾਈ ਹਵਾ ਦੇ ਸਿਰ 'ਤੇ ਤਾਂ ਫੇਰ ਵੀ ਬਾਬੇ ਆਦਮ ਦਾ ਹੱਥ ਸੀ, ਪਰ ਮੈਨੂੰ ਵਿਧਵਾ ਨੂੰ ਘਰੋਂ ਕੱਢਣ ਵਾਲੇ ਤਾਰੂ ਨੂੰ ਸਮਾਜ ਸ਼ੈਤਾਨ ਸਮਝ ਕੇ ਛੇਕੇਗਾ ? ਨਹੀਂ ਛੇਕੇਗਾ। ਤਾਂ ਕੀ ਸਮਾਜ ਵੀ ਸ਼ੈਤਾਨ ਦਾ ਭਾਈਚਾਰਾ ਨਹੀਂ ਸਮਝਿਆ ਜਾਵੇਗਾ ? ਮੈਂ ਆਹਨੀ ਆਂ, ਇਕ ਦੂਲੇ ਜਾਂ ਤਾਰੂ ਦੀ ਈ ਗੱਲ ਨਹੀਂ, ਮੈਂ ਸੱਜਣ ਸਿੰਘ ਜਾਂ ਸੁਜਾਨ ਸਿੰਘ ਨੂੰ ਕੀ ਸਮਝਾਂ ? ਮੈਂ ਉਹਨਾਂ ਦਾ ਆਸਰਾ ਤਕਿਆ ਸੀ ਤੇ ਉਹਨਾਂ ਮੇਰੇ ਸਤੀ ਧਰਮ 'ਤੇ ਅੱਖ ਰੱਖ ਲਈ। ਤੇ ਏਸ ਧਰਮ ਸਿੰਘ ? ਕਿਸ ਧਰਮ ਦੇ ਠੇਕੇਦਾਰ ਭਾਈ ਜਾਂ ਪੰਡਤ ਨੇ ਇਹਦਾ ਨਾਂ ਧਰਮ ਸਿੰਘ ਰਖਿਆ ਸੀ ? ਤੇ ਇਸ 'ਤੇ ਵਾਧਾ ਇਹ, ਕਿ ਬਦਚਲਨ ਮਰਦ ਨੇਕ ਇਸਤਰੀ ਦੀ ਪਵਿੱਤਰਤਾ ਬਾਰੇ ਉਲ੍ਹਾਮਾ ਦੇਂਦਾ ਏ। ਵਾਹ ਉ, ਇਨਸਾਫ਼ ! ਮੇਰਾ ਤਾਂ ਮਰਦ ਤੋਂ ਭਰੋਸਾ ਈ ਉਠ ਗਿਆ ਏ। ਮਰਦ ਛੱਡਿਆ, ਜੇ ਰੱਬ ਵੀ ਮਰਦ ਹੋਇਆ, ਤਾਂ ਮੈਂ ਉਹਦੇ ਉਤੇ ਵੀ ਇਤਬਾਰ ਨਹੀਂ ਕਰਾਂਗੀ।'

'ਐਨੀ ਨਾਸਤਕ ਨਾ ਬਣ। ਭਗਵਾਨ ਦੇ ਪੁਰਸ਼ਤਵ ਤੋਂ ਨਾਬਰ ਨਾ ਹੋ। ਪੰਜੇ ਉਂਗਲਾਂ ਇਕੋ ਜੇਹੀਆਂ ਨਹੀਂ ਹੁੰਦੀਆਂ। ਤੈਨੂੰ ਲੁਟੇਰਿਆਂ ਦੇ ਜਾਲ ਵਿਚੋਂ ਕਢਣ ਵਾਲਾ ਬਾਬਾ ਸਾਧੂ ਸਿੰਘ ਵੀ ਭਰੋਸੇ ਯੋਗ ਨਹੀਂ ?' ਤਰਕ-ਬੁਧੀ ਨੇ ਅੰਦਰੋਂ ਵਿਰੋਧਤਾ ਕੀਤੀ।

'ਬਾਬਾ ਸਾਧੂ ਸਿੰਘ ?' ਮਨਜੀਤ ਨਵੇਂ ਸਿਰਿਓਂ ਸੋਚਣ ਲੱਗੀ, 'ਏਸ ਉਮਰੇ ਉਹਦੇ 'ਤੇ ਭਰੋਸਾ ਕੀਤਾ ਜਾ ਸਕਦਾ ਏ। ਪਰ ਕੀ ਪਤਾ ਉਹਦੀ ਜਵਾਨੀ ਕਿਸ ਰੰਗ ਵਿਚ ਬੀਤੀ ਹੋਵੇ ? ਉਹ ਅਮੀਰ ਏ। ਅਮੀਰ ਦੇ ਚਾਲ ਚਲਨ ਬਾਰੇ ਨੁਕਤਾਚੀਨੀ ਕਰਨੀ ਔਖੀ ਏ, ਪਰ ਤਸੱਲੀ ਤਾਂ ਨਹੀਂ ਨਾ ਕੀਤੀ ਜਾ ਸਕਦੀ। ਮੇਰੀ ਨਜ਼ਰ ਵਿਚ ਤਾਂ ਹਰ ਮਰਦ ਸ਼ੱਕੀ ਬਣ ਗਿਆ ਏ। ਭੂਆ ਜਵੰਦੀ ਦੀਆਂ ਗੱਲਾਂ ਤੋਂ ਪਤਾ ਲਗਦਾ ਸੀ, ਕਿ ਕੁਆਰੀ ਹੁੰਦੀ ਦੀ ਉਹਦੀ ਮੁਹੱਬਤ ਮੇਰੇ ਪਿਉ ਨਾਲ ਸੀ। ਅਗਲੇ ਘਰ ਮੇਰਾ ਸਹੁਰਾ ਵੀ ਉਹਦੇ ਪ੍ਰੇਮ-ਜਾਦੂ ਤੋਂ ਨਹੀਂ ਸੀ ਬਚ ਸਕਿਆ। ਬਾਕੀ ਸੱਜਣ ਸਿੰਘ, ਧਰਮ ਸਿੰਘ ਵਰਗਿਆਂ ਦੀ ਤਾਂ ਗੱਲ ਈ ਛੱਡੋ ਖਾਂ। ਮਰਦ ਤਾਂ ਦੇਵਤਾ ਵੀ ਹੋਵੇ, ਤਾਂ ਉਹਦੇ 'ਤੇ ਵਿੱਸਣਾ ਵੀ ਪਾਪ ਏ। ਕੁਲਵੰਤ ? ਇਹ ਵੀ ਵੱਡਾ ਹੋ ਕੇ ਓਹੋ ਜੇਹਾ ਹੀ ਨਿਕਲੇਗਾ ਕਿ ! ਤਾਂ ਫੇਰ ਕਿਉਂ ਸੱਪ ਪਾਲਣ ਡਹੀ ਹੋਈ ਏਂ ? ਦੂਰ ਹੋ ਜਾ ਏਸ ਛਲੀਏ ਤੋਂ।'

ਮਨਜੀਤ ਦਾ ਅੰਦਰ ਬਾਹਰ ਘਿਰਣਾ ਨਾਲ ਭਰ ਗਿਆ। ਕੁਲਵੰਤ ਦੀ ਛੋਹ ਉਹਨੂੰ ਸਾੜਵੀਂ ਅਨਭਵ ਹੋਣ ਲੱਗੀ। ਉਹਦੇ ਦਿਲ ਵਿਚ ਆਈ, ਕਿ

ਕੁਲਵੰਤ ਨੂੰ ਛਾਤੀ ਨਾਲੋਂ ਤੋੜ ਕੇ ਦੂਰ ਪਟਕ ਦੇਵੇ। ਉਹ ਸਰਕ ਕੇ ਥੋੜਾ ਜਿਹਾ ਪਰੇ ਹੋ ਗਈ। ਉਹਦੇ ਗਲ ਉਦਾਲੇ ਵਲੀ ਹੋਈ ਕੁਲਵੰਤ ਦੀ ਬਾਂਹ ਬੇ-ਸਹਾਰਾ ਹੋ ਕੇ ਮੰਜੇ 'ਤੇ ਢਹਿ ਪਈ। ਉਸੇ ਵੇਲੇ ਸੁਪਨੇ 'ਚ ਕੁਲਵੰਤ ਡਾਡਾਂ ਮਾਰ ਉਠਿਆ, "ਹਾਏ, ਤਾਰੂ ਆ ਪਿਆ।"

ਕੁਲਵੰਤ ਉਚੀ ਉਚੀ ਚਾਗਰਾਂ ਮਾਰ ਰਿਹਾ ਸੀ। ਉਹਦਾ ਸਾਰਾ ਸਰੀਰ ਭੈ ਨਾਲ ਥਰ ਥਰ ਕੰਬ ਰਿਹਾ ਸੀ। ਮਨਜੀਤ ਨੂੰ ਆਪਣੀਆਂ ਸੋਚਾਂ ਭੁੱਲ ਗਈਆਂ। ਉਹਨੇ ਕੁਲਵੰਤ ਨੂੰ ਫਿਰ ਛਾਤੀ ਨਾਲ ਘੁੱਟ ਲਿਆ। ਕੁਲਵੰਤ ਸਗੋਂ ਚੀਕ ਉਠਿਆ। ਮਨਜੀਤ ਦੇ ਹੱਥ ਉਹਨੂੰ ਤਾਰੂ ਦੇ ਪੰਜੇ ਪਰਤੀਤ ਹੋ ਰਹੇ ਸਨ। ਮਨਜੀਤ ਦੀ ਵਾਜ ਉਹਨੂੰ ਵੈਰੀ ਦੀ ਡਰਾਉਣੀ ਲਲਕਾਰ ਭਾਸ ਰਹੀ ਸੀ। ਘਬਰਾਈ ਹੋਈ ਮਨਜੀਤ ਨੇ ਛੇਤੀ ਨਾਲ ਉਠ ਕੇ ਬੱਤੀ ਜਗਾਈ। ਚਾਨਣ ਵਿਚ ਮਨਜੀਤ ਦਾ ਚਿਹਰਾ ਪਛਾਣ ਕੇ ਕੁਲਵੰਤ ਉਹਦੇ ਗਲ ਨਾਲ ਚੰਬੜ ਗਿਆ। ਦੋਵੇਂ ਦਿਉਰ ਭਰਜਾਈ ਰੋ ਰਹੇ ਸਨ। ਪਤਾ ਨਹੀਂ ਉਹਨਾਂ ਦੀ ਵਾਜ ਉਸ ਵੇਲੇ ਕਿਸੇ ਹੋਰ ਕੰਨ ਤਕ ਪਹੁੰਚ ਵੀ ਰਹੀ ਸੀ, ਜਾਂ ਨਹੀਂ।

ਬਾਕੀ ਰਾਤ ਮਨਜੀਤ ਨੇ ਚਾਨਣੇ ਬੈਠਿਆਂ ਕੱਟੀ। ਕੁਲਵੰਤ ਉਹਦੀ ਗੋਦੀ ਵਿਚ ਸੌਂ ਗਿਆ ਸੀ। ਉਹ ਸੁੱਤਾ ਪਿਆ ਵੀ ਪਲ ਪਲ ਪਿਛੋਂ ਤ੍ਰਭਕ ਉਠਦਾ ਸੀ। ਉਹਨੇ ਬੜਾ ਭਿਆਨਕ ਸੁਪਨਾ ਵੇਖਿਆ ਸੀ।

ਤੇ ਮਨਜੀਤ ? ਉਹ ਬਹੁਤ ਕੁਛ ਸੋਚ ਰਹੀ ਸੀ।

ਅਗਲੇ ਦਿਨ ਮਨਜੀਤ ਪਾਠਸ਼ਾਲਾ ਨਹੀਂ ਗਈ। ਉਹਨੇ ਬੀਮਾਰੀ ਦਾ ਬਹਾਨਾ ਲਾ ਕੇ ਹਫ਼ਤੇ ਦੀ ਛੁੱਟੀ ਲਈ ਦਰਖਾਸਤ ਭੇਜ ਦਿਤੀ।

ਉਹਨੇ ਰੋਟੀ ਪਕਾ ਕੇ ਕੁਲਵੰਤ ਨੂੰ ਖੁਆਈ। ਉਹਦੇ ਆਪਣੇ ਸੰਘੋਂ ਬੁਰਕੀ ਨਹੀਂ ਲੰਘੀ। ਪਲ ਪਲ ਪਿਛੋਂ ਉਹਦੀ ਨਜ਼ਰ ਕੁਲਵੰਤ ਦੇ ਚਿਹਰੇ ਵੱਲੇ ਜਾਂਦੀ। ਉਹਦਾ ਮੁਹਾਂਦਰਾ ਅੱਜ ਉਹਨੂੰ ਓਪਰਾ ਓਪਰਾ ਲੱਗਦਾ, ਕਿਸੇ ਹੋਰ ਹੀ ਤਰ੍ਹਾਂ ਦਾ ਬੜਾ ਡਰਾਉਣਾ ਜੇਹਾ। ਉਹ ਵੇਖ ਵੇਖ ਕੇ ਹੈਰਾਨ ਹੁੰਦੀ ਤੇ ਹੈਰਾਨ ਹੋ ਹੋ ਕੇ ਫਿਰ ਵੇਖਣ ਲੱਗ ਪੈਂਦੀ।

ਮਨਜੀਤ ਦੀਆਂ ਸੋਚਾਂ ਬੜੀਆਂ ਭਿਆਨਕ ਹੋ ਗਈਆਂ ਸਨ, ਅੱਤ ਖ਼ਤਰਨਾਕ। ਕਿਸੇ ਕਿਸੇ ਵੇਲੇ ਉਹਦਾ ਚਿਹਰਾ ਖ਼ੂੰਨੀਆਂ ਵਰਗਾ ਹੋ ਜਾਂਦਾ ਸੀ। ਉਹਦੀ ਆਤਮਘਾਤੀ ਸੱਸ ਦੀ ਰੂਹ ਉਹਦੀਆਂ ਅੱਖਾਂ ਦਾ ਝਾਉਲਾ ਬਣਦੀ ਜਾ ਰਹੀ ਸੀ, ਅਚਨਚੇਤ ਹੀ ਜਿਵੇਂ ਉਹ ਹਾਰੀ ਹੋਈ ਮਨਜੀਤ ਨੂੰ ਕਿਸੇ ਕਰਮ ਵਾਸਤੇ ਪ੍ਰੇਰਨਾ ਕਰ ਰਹੀ ਸੀ। ਇਹਨਾਂ ਮਾਰੂ ਸੋਚਾਂ ਦੀ ਘੁੰਮਣ-ਘੇਰ ਵਿਚ ਕਿਸੇ ਕਿਸੇ

ਫੇਲੋ ਉਹ ਬੇਸੁਧ ਜੇਹੀ ਹੋ ਜਾਂਦੀ। ਤੂਫ਼ਾਨ ਵਿਚ ਘਿਰੀ ਹੋਈ ਉਹ ਪਾਰਲਾ ਕਿਨਾਰਾ ਨਹੀਂ ਸੀ ਵੇਖ ਸਕਦੀ।

"ਮਨਜੀਤ ਬੇਟਾ !" ਪਿਛਲੇ ਪਹਿਰ ਉਹਦਾ ਬੂਹਾ ਖੜਕਿਆ।

ਮਨਜੀਤ ਨੇ ਬੂਹਾ ਖੋਲ੍ਹਿਆ। ਬਾਬਾ ਸਾਧੂ ਸਿੰਘ, ਮਾਈ ਦਇਆ ਕੌਰ ਤੇ ਗਿਆਨੀ ਸਰਦੂਲ ਸਿੰਘ ਅੰਦਰ ਦਾਖ਼ਲ ਹੋਏ। ਉਹ ਵੇਖ ਕੇ ਹੈਰਾਨ ਹੋ ਗਏ। ਮਨਜੀਤ ਦਾ ਸਰੀਰ ਕਿਸੇ ਮਾਨਸਕ ਅਸਰ ਥੱਲੇ ਕੰਬ ਰਿਹਾ ਸੀ। ਉਹਦੇ ਚਿਹਰੇ ਦੀ ਝਲਕ ਏਨੀ ਡਰਾਉਣੀ ਸੀ, ਜਿੰਨੀ ਕਿਸੇ ਖ਼ੂਨ ਕਰ ਚੁੱਕੇ ਜਾਂ ਕਰਨ ਜਾ ਰਹੇ ਦੀ ਹੁੰਦੀ ਹੈ। ਉਹ ਆਉਣ ਵਾਲਿਆਂ ਦੇ ਅੱਗੇ ਲੱਗ ਕੇ ਕਮਰੇ ਨੂੰ ਤੁਰ ਪਈ, ਪਰ ਮੂੰਹੋਂ ਇਕ ਸ਼ਬਦ ਵੀ ਨਹੀਂ ਬੋਲੀ। ਅੰਦਰ ਜਾ ਕੇ ਬਾਬਾ ਤੇ ਗਿਆਨੀ ਇਕ ਮੰਜੇ 'ਤੇ ਬਹਿ ਗਏ ਤੇ ਮਾਈ ਦਇਆ ਕੌਰ ਦੂਜੇ 'ਤੇ। ਮਾਈ ਨੇ ਲਾਗੇ ਖੇਡ ਰਹੇ ਕੁਲਵੰਤ ਨੂੰ ਕੁਛੜ ਚੁੱਕ ਲਿਆ। ਮਨਜੀਤ ਅਜੇ ਤਕ ਖਲੀ ਸਾਰਿਆਂ ਵੱਲੇ ਬੜੀ ਹੈਰਾਨੀ ਨਾਲ ਚੁੱਪ ਚਾਪ ਵੇਖ ਰਹੀ ਸੀ। ਮਾਈ ਨੇ ਬਾਂਹੋਂ ਫੜ ਕੇ ਉਹਨੂੰ ਮੰਜੇ 'ਤੇ ਕੋਲ ਬਿਠਾ ਲਿਆ। ਦੋ ਮਿੰਟ ਸਾਰੇ ਚੁੱਪ ਚਾਪ ਬੈਠੇ ਰਹੇ। ਆਉਣ ਵਾਲੇ ਸੋਚ ਰਹੇ ਸਨ, ਕਿ ਵਿਰੋਧੀਆਂ ਨੇ ਜੋ ਜਾਣੂਆਂ ਵਿਚ ਮਨਜੀਤ ਦੀ ਬਦਨਾਮੀ ਫੈਲਾਈ ਹੈ, ਇਸਨੂੰ ਖ਼ਬਰ ਪਹੁੰਚ ਗਈ ਹੋਵੇਗੀ। ਏਸ ਮਾਨਸਕ ਦੁੱਖ ਨੂੰ ਅਨਭਵ ਕਰਦਿਆਂ ਕਿਸੇ ਨੂੰ ਵੀ ਸੁਝਦੀ ਨਹੀਂ ਸੀ, ਕਿ ਉਹ ਗੱਲ ਬਾਤ ਕਿਥੋਂ ਸ਼ੁਰੂ ਕਰੇ।

"ਪਿਤਾ ਜੀ !"ਅੰਤ ਮਨਜੀਤ ਨੇ ਹੀ ਚੁੱਪ ਤੋੜੀ।

"ਹਾਂ ਬੇਟਾ !" ਸਾਧੂ ਸਿੰਘ ਨੇ ਮਨਜੀਤ ਦੇ ਚਿਹਰੇ ਵੱਲ ਤਕਦਿਆਂ ਕਿਹਾ।

"ਕੀ ਆਤਮ-ਘਾਤ ਕਰਨਾ ਘੋਰ ਪਾਪ ਏ ? ਆਤਮਘਾਤੀ ਕਿਸੇ ਸੂਰਤ ਵਿਚ ਵੀ ਨਹੀਂ ਬਖ਼ਸ਼ਿਆ ਜਾਂਦਾ ? ਭਾਵੇਂ ਉਹਨੇ ਮਜਬੂਰ ਹੋ ਕੇ ਈ ਇਹ ਕੰਮ ਕੀਤਾ ਹੋਵੇ।" ਮਨਜੀਤ ਇਕੋ ਸਾਹੇ ਕਹਿ ਗਈ।

"ਪੁੱਤਰ ਮਨਜੀਤ ! ਤੂੰ ਇਹ ਕੁਛ ਕਿਉਂ ਸੋਚ ਰਹੀ ਏਂ ?" ਬਿਰਧ ਸਾਧੂ ਸਿੰਘ ਦੀਆਂ ਅੱਖਾਂ ਵਿਚ ਪਾਣੀ ਛਲਕ ਆਇਆ।

"ਮੈਂ ? ਮੈਂ ਇਹ ਕੁਛ ਸੋਚਣ ਵਾਸਤੇ ਮਜਬੂਰ ਹੋ ਗਈ ਆਂ।" ਮਨਜੀਤ ਨੇ ਅੱਖਾਂ ਨੀਵੀਆਂ ਕਰ ਲਈਆਂ। ਉਹ ਵੀ ਗ਼ਰੀਬ ਦੀ ਝੋਲੀ ਵਾਂਗ ਹੰਝੂਆਂ ਤੋਂ ਸਖਣੀਆਂ ਸਨ।

"ਬੀਬਾ ਜੀ !" ਗਿਆਨੀ ਸਰਦੂਲ ਸਿੰਘ ਆਪਣੀਆਂ ਸਭ ਵਿਦਿਆਰਥਣਾਂ ਨੂੰ ਏਸੇ ਸ਼ਬਦ ਨਾਲ ਸੰਬੋਧਨ ਕਰਦਾ ਹੁੰਦਾ ਸੀ। 'ਮੌਤ ਲਈ ਮਜਬੂਰ ਹੋਣ ਦੀ ਥਾਂ, ਜ਼ਿੰਦਗੀ ਲਈ ਤਾਂਘਣਾ ਉੱਤਮ ਕਰਮ ਹੈ। ਹੌਸਲਾ ਨਹੀਂ ਹਾਰਨਾ ਚਾਹੀਦਾ।"

''ਇਹ ਸਿਧਾਂਤ ਮਰਦ ਵਾਸਤੇ ਠੀਕ ਹੈ, ਇਸਤਰੀ ਵਾਸਤੇ ਨਹੀਂ । ਇਸਤਰੀ ਅਬਲਾ ਹੈ ।'' ਮਨਜੀਤ ਨੇ ਗਿਆਨੀ ਜੀ ਦੇ ਚਿਹਰੇ ਵੱਲ ਬੜੇ ਧਿਆਨ ਨਾਲ ਵੇਖਦਿਆਂ ਕਿਹਾ ।

''ਕਿੰਨਾ ਭੁਲੇਖਾ ਹੈ ਇਹ ਦੁਨੀਆਂ ਦਾ । ਇਸਤਰੀ ਅਬਲਾ ਨਹੀਂ, ਸਬਲਾ ਹੈ, ਸ਼ਕਤੀ ਹੈ । ਕੀ ਚਾਂਦ ਬੀਬੀ, ਰਾਣੀ ਝਾਂਸੀ, ਬੀਬੀ ਸਾਹਿਬ ਕੌਰ, ਮਾਈ ਭਾਗੋ ਅਬਲਾ ਸਨ ? ਮੈਨੂੰ ਇਸ ਬਾਰੇ ਬਹੁਤ ਕੁਛ ਸਮਝਾਉਣਾ ਪਵੇਗਾ ।''

''ਹੁਣ ਸਮਝਣ ਦੀ ਲੋੜ ਨਹੀਂ ਰਹੀ ।'' ਮਨਜੀਤ ਪੂਰੀ ਤਰ੍ਹਾਂ ਮਾਯੂਸ ਹੋ ਚੁਕੀ ਸੀ ।

''ਲੋੜ ਹੈ ।'' ਗਿਆਨੀ ਨੇ ਜ਼ਰਾ ਦ੍ਰਿੜ੍ਹਤਾ ਨਾਲ ਕਿਹਾ । ''ਇਹ ਮੈਂ ਜਾਣਦਾ ਹਾਂ, ਤੂੰ ਨਹੀਂ । ਮੈਂ ਤੇਰਾ ਵਿੱਦਿਆ-ਗੁਰੂ ਹਾਂ । ਵਿੱਦਿਆ-ਗੁਰੂ ਦਾ ਦਰਜਾ ਪਿਤਾ ਦੇ ਬਰਾਬਰ ਹੁੰਦਾ ਹੈ । ਸੁਚੱਜਾ ਪਿਤਾ ਹੀ ਜਾਣਦਾ ਹੈ, ਕਿ ਔਲਾਦ ਨੂੰ ਕੇਹੋ ਜੇਹੀ ਬਨਾਉਣਾ ਹੈ । ਤੇਰੇ ਅੰਦਰ ਸ਼ਕਤੀ ਸੁੱਤੀ ਪਈ ਹੈ । ਉਸਨੂੰ ਜਗਾਉਣਾ ਪਵੇਗਾ । ਜਦ ਤੇਰੀ ਇਨਕਲਾਬੀ ਰੂਹ ਅੰਗੜਾਈ ਲਵੇਗੀ, ਫਿਰ ਤੂੰ ਜਾਣ ਸਕੇਂਗੀ, ਕਿ ਇਸਤਰੀ ਅਬਲਾ ਹੈ, ਜਾਂ ਦੁਨੀਆਂ ਨੂੰ ਪਲਟ ਦੇਣ ਵਾਲੀ ਸ਼ਕਤੀ ।''

ਮਨਜੀਤ ਨੇ ਫਿਰ ਅੱਖਾਂ ਉਪਰ ਚੁੱਕੀਆਂ, ਪਰ ਬਿਨਾਂ ਇਕ ਸ਼ਬਦ ਵੀ ਮੂੰਹੋਂ ਕਹੇ ਨੀਵੀਂਆਂ ਕਰ ਲਈਆਂ ।

''ਕੀ ਤੈਨੂੰ ਆਪਣੀ ਪਵਿੱਤਰਤਾ 'ਤੇ ਮਾਣ ਨਹੀਂ ?'' ਗਿਆਨੀ ਨੇ ਪਿੜ ਛੱਡਕੇ ਨੱਸ ਰਹੀ ਇਸਤਰੀ-ਰੂਹ ਨੂੰ ਲਲਕਾਰਿਆ ।

''ਮਾਣ ਹੈ ।'' ਮਨਜੀਤ ਨੇ ਅਣਖ ਨਾਲ ਤਮਕ ਕੇ ਉੱਤਰ ਦਿਤਾ ।

''ਤਾਂ ਤੈਨੂੰ ਧਰਮ-ਪੁੱਤਰੀ ਬਣਾ ਕੇ ਮੈਂ ਭੁੱਲ ਨਹੀਂ ਕੀਤੀ । ਤੈਨੂੰ ਇਸ ਪਵਿੱਤਰਤਾ ਦੇ ਸਹਾਰੇ ਜਿਉਣਾ ਪਵੇਗਾ । ਇਕ ਤੇਰੇ ਨਾਲ ਹੀ ਨਹੀਂ, ਏਸ ਸਮਾਜ ਅੰਦਰ ਕਰੋੜਾਂ ਇਸਤਰੀਆਂ ਨਾਲ ਇਸ ਨਾਲੋਂ ਵੀ ਭੈੜਾ ਸਲੂਕ ਹੋ ਰਿਹਾ ਹੈ । ਤੈਨੂੰ ਉਹਨਾਂ ਬਦਲੇ ਜਿਉਣਾ ਪਵੇਗਾ । ਆਪਣੇ ਗਿਆਨ ਵਿਚ ਵਾਧਾ ਕਰਕੇ ਤੈਨੂੰ ਇਕ ਦਿਨ ਉਹਨਾਂ ਕਰੋੜਾਂ ਬਦ-ਨਸੀਬਾਂ ਦੀ ਅਗਵਾਈ ਕਰਨੀ ਪਵੇਗੀ । ਯੂਨੀਵਰਸਟੀ ਦਾ ਇਮਤਿਹਾਨ ਪਾਸ ਕਰਨ ਜੋਗੀ ਸੂਝ ਤੋਂ ਵੱਧ ਤੈਨੂੰ ਹੋਰ ਵੀ ਬਹੁਤ ਕੁਛ ਜਾਨਣਾ ਹੋਵੇਗਾ ।'' ਗਿਆਨੀ ਦੇ ਚਿਹਰੇ 'ਤੇ ਉਸ ਵੇਲੇ ਕਿਸੇ ਵਰ-ਦਾਤਾ ਮਹਾਤਮਾ ਵਾਲੀ ਝਲਕ ਸੀ ।

ਕੁਛ ਚਿਰ ਸਾਰੇ ਚੁੱਪ ਰਹੇ । ਮਨਜੀਤ ਦੇ ਚਿਹਰੇ ਦਾ ਰੰਗ ਪੈਰੋਂ ਪੈਰ ਬਦਲ

ਰਿਹਾ ਸੀ। ਮੌਤ ਦੇ ਪਰਛਾਵੇਂ ਦੀ ਥਾਂ, ਓਥੇ ਜੀਵਨ ਦੇ ਪਹੁ-ਫੁਟਾਲੇ ਦੀ ਲਾਲੀ ਫੈਲ ਰਹੀ ਸੀ। ਮਾਈ ਦਇਆ ਕੌਰ ਨੇ ਪਿਆਰ ਨਾਲ ਉਹਦੇ ਸਿਰ 'ਤੇ ਹਥ ਧਰਿਆ। ਮਨਜੀਤ ਦਾ, ਸਿਰ ਉਲਰਦਾ ਉਲਰਦਾ ਮਾਈ ਦੇ ਮੌਢੇ ਨਾਲ ਆ ਲੱਗਾ। ਉਹਨੂੰ ਧੀਆਂ ਵਾਂਗ ਨਾਲ ਘੁਟਦਿਆਂ ਮਾਈ ਨੇ ਮਾਂ ਵਰਗੀ ਮਮਤਾ ਨਾਲ ਕਿਹਾ, "ਪੁੱਤਰ ! ਕੁੱਤਿਆਂ ਦੇ ਭੌਂਕਣ ਦੀ ਪਰਵਾਹ ਨਹੀਂ ਕਰੀਦੀ। ਮੇਰੀ ਧੀ ਤਾਂ ਰੱਬ ਵਰਗੀ ਪਵਿੱਤਰ ਏ।"

ਮਨਜੀਤ ਦਾ ਤਪ ਰਿਹਾ ਹਿਰਦਾ ਠੰਢਕ ਅਨਭਵ ਕਰ ਰਿਹਾ ਸੀ।

ਬਾਬਾ ਸਾਧੂ ਸਿੰਘ ਨੇ ਉਠਦਿਆਂ ਹੋਇਆਂ ਮਨਜੀਤ ਦੇ ਸਿਰ 'ਤੇ ਹੱਥ ਫੇਰਦਿਆਂ ਪੂਰੇ ਦਾਈਏ ਨਾਲ ਕਿਹਾ, "ਬੇਟਾ ! ਚੇਤਾ ਏ ਨਾਂ ਤੈਨੂੰ, ਤੂੰ ਡੇਹਰਾ ਸਾਹਿਬ ਗੁਰੂ ਮਹਾਰਾਜ ਦੇ ਹਜ਼ੂਰ ਮੈਨੂੰ ਪਿਤਾ ਮੰਨਿਆਂ ਸੀ।"

"ਯਾਦ ਏ, ਪਿਤਾ ਜੀ !"

"ਤਾਂ ਤੈਨੂੰ ਮਾਪਿਆਂ ਦਾ ਹੰਮਾ ਵੀ ਮੰਨਣਾ ਪਵੇਗਾ। ਅਸੀਂ ਹਰ ਵੇਲੇ ਤੇਰੇ ਸਿਰ 'ਤੇ ਆਂ। ਤੇਰੇ ਦਿਲ 'ਤੇ ਬੜੀ ਚੋਟ ਲੱਗੀ ਏ। ਭਲਕੇ ਸੁਰਜੀਤ ਨੂੰ ਬੁਲਾ ਲੈਂਦੇ ਆਂ। ਉਹ ਦੋ ਚਾਰ ਦਿਨ ਤੇਰੇ ਕੋਲ ਰਹੇਗੀ। ਆਪੇ ਤੇਰਾ ਦਿਲ ਟਿਕ ਜਾਵੇਗਾ। ਮਨ 'ਤੇ ਨਹੀਂ ਕੋਈ ਗੱਲ ਲਿਆਉਣੀ।"

"ਪਰ ਹੁਣ ਮੈਂ ਪਾਠਸ਼ਾਲਾ ਪੜ੍ਹਾਉਣ ਨਹੀਂ ਜਾਣਾ।"

"ਅਸਾਂ ਬਿਲਕੁਲ ਨਹੀਂ ਜਾਣ ਦੇਣਾ। ਮੈਂ ਪਰਸੋਂ ਦੀ ਮੀਟਿੰਗ ਵਿਚ ਤੇਰਾ ਅਸਤੀਫ਼ਾ ਦੇ ਕੇ ਮਨਜ਼ੂਰ ਕਰਾ ਦਿਆਂਗਾ। ਪਰ ਤੇਰੇ ਵਿਰੋਧੀ ਦੋਸ਼ੀਆਂ ਨੂੰ ਸ਼ਾਇਦ ਮਾਫ਼ ਨਾ ਕੀਤਾ ਜਾ ਸਕੇ।"

ਧੀਰਜ ਦੇ ਕੇ ਬਾਬਾ ਸਾਧੂ ਸਿੰਘ ਬਾਹਰ ਨੂੰ ਤੁਰ ਪਿਆ। ਮਗਰੇ ਗਿਆਨੀ ਸਰਦੂਲ ਸਿੰਘ ਚਲਾ ਗਿਆ। ਮਾਈ ਦਇਆ ਕੌਰ ਰਾਤ ਓਧਰੇ ਰਹੀ। ਉਹਨੇ ਆਪਣੇ ਨਾਲ ਬਹਾ ਕੇ ਰਾਤੀਂ ਮਨਜੀਤ ਨੂੰ ਰੋਟੀ ਖੁਆਈ।

ਅਗਲੇ ਦਿਨ ਸ਼ਾਮ ਨੂੰ ਸੁਰਜੀਤ ਆ ਗਈ। ਉਹ ਚਾਰ ਦਿਨ ਮਨਜੀਤ ਦੇ ਘਰ ਹੀ ਰਹੀ। ਸਹਿਜ ਸਹਿਜ ਮਨਜੀਤ ਦਿਲ ਧਰ ਆਈ। ਗਿਆਨੀ ਦੀ ਪੜ੍ਹਾਈ ਫੇਰ ਸ਼ੁਰੂ ਹੋ ਗਈ।

ਉਚੇਚੀ ਮੀਟਿੰਗ ਬੁਲਾ ਕੇ ਬਾਬਾ ਸਾਧੂ ਸਿੰਘ ਨੇ ਮਨਜੀਤ ਦਾ ਅਸਤੀਫ਼ਾ ਪੇਸ਼ ਕੀਤਾ। ਕਮੇਟੀ ਦੇ ਸਾਮ੍ਹਣੇ ਸਾਰੀ ਅਸਲੀਅਤ ਆ ਚੁੱਕੀ ਸੀ। ਵਿਚੋਂ ਮੈਂਬਰਾਂ ਬੜਾ ਜ਼ੋਰ ਦਿਤਾ ਅਸਤੀਫ਼ਾ ਵਾਪਸ ਲੈਣ 'ਤੇ, ਪਰ ਸਾਧੂ ਸਿੰਘ ਨਾ ਮੰਨਿਆਂ। ਮਜਬੂਰ ਹੋ ਕੇ ਕਮੇਟੀ ਨੂੰ ਅਸਤੀਫ਼ਾ ਪਰਵਾਨ ਕਰਨਾ ਪਿਆ।

ਨਾਲ ਹੀ ਕਮੇਟੀ ਨੇ ਧਰਮ ਸਿੰਘ ਤੇ ਨਿਰਮਲ ਮਹਿਤਾ ਤੋਂ ਵੀ ਅਸਤੀਫੇ ਲੈ ਕੇ ਕਢ ਦਿਤਾ।

ਏਸ ਦੁੱਖੋਂ ਧਰਮ ਸਿੰਘ ਤੇ ਨਿਰਮਲ ਵਧੇਰੇ ਮਨਜੀਤ ਦੇ ਵੈਰ ਪੈ ਗਏ। ਉਹ ਓਨਾ ਚਿਰ ਉਸ ਵਿਚਾਰੀ ਨੂੰ ਪਰੇਸ਼ਾਨ ਕਰਦੇ ਰਹੇ, ਜਿੰਨਾ ਚਿਰ ਉਹ ਮਿੰਟਗੁਮਰੀ ਛਡ ਨਾ ਗਈ।

## ੧੧.

ਭਾਰਤ ਤਪੱਸਵੀਆਂ ਦਾ ਦੇਸ ਹੈ। ਏਥੋਂ ਦੇ ਭਗਤ ਪੁਰਸ਼ ਇਕ ਪੈਰ 'ਤੇ ਖਲੋ ਕੇ, ਖੂਹਾਂ ਵਿਚ ਪੁੱਠੇ ਲਟਕ ਕੇ, ਬਲਦੀ ਧੂਣੀ ਸਾਮ੍ਹਣੇ ਬਹਿ ਕੇ ਜਾਂ ਬਰਫ ਕੱਜੀਆਂ ਚੋਟੀਆਂ 'ਤੇ ਚੜ੍ਹ ਕੇ, ਤਪ ਕਰਦੇ ਰਹੇ ਹਨ। ਮਨਜੀਤ ਵੀ ਘੋਰ ਤਪੱਸਿਆ ਕਰ ਰਹੀ ਸੀ। ਕਹਿੰਦੇ ਨੇ, ਕਿਸੇ ਨੇ ਕੱਕਰ ਵਾਲੀ ਰਾਤ ਦੂਰ ਜਗਦੇ ਦੀਵੇ ਦੀ ਜੋਤ ਦੇ ਆਸਰੇ ਕਟ ਲਈ ਸੀ। ਓਹਾ ਹਾਲ ਮਨਜੀਤ ਦਾ ਸੀ। ਉਹ ਜਵਾਨੀ ਦੀ ਸਿਖਰ ਦੁਪਹਿਰ ਜੋਬਨ ਦੀ ਪੰਡ ਚੁੱਕੀ ਕੱਚੇ ਧਾਗੇ ਨਾਲੋਂ ਵੀ ਪਤਲੀ ਆਸ ਉਤੇ ਜੀਵਨ-ਸਾਗਰ ਵਿਚ ਠਿੱਲ੍ਹੀ ਜਾ ਰਹੀ ਸੀ। ਉਹਨੇ ਇਹ ਕਦੇ ਨਹੀਂ ਸੀ ਸੋਚਿਆ, ਕਿ ਇਹ ਬੇੜੀ ਕਿਹੜੇ ਕਨਾਰੇ ਲੱਗੇਗੀ। ਫਰੀਦ ਨੇ ਜੰਗਲਾਂ ਵਿਚ ਕੰਦ-ਮੂਲ ਖਾਂਦਿਆਂ ਬਾਰਾਂ ਸਾਲ ਗੁਜ਼ਾਰੇ ਹਨ। ਮਨਜੀਤ ਨੇ ਉਸ ਤੋਂ ਵੀ ਚਾਰ ਸਾਲ ਵੱਧ ਜੋਗ ਕਮਾਇਆ।

ਏਸ ਸਮੇਂ ਵਿਚ ਉਹਨੇ ਸਿਰਫ ਦੋ ਕੰਮਾਂ ਵੱਲੇ ਧਿਆਨ ਦਿਤਾ, ਇਕ ਕੁਲਵੰਤ ਦੀਆਂ ਰੀਝਾਂ ਪੂਰੀਆਂ ਕਰਨ ਵੱਲੇ ਤੇ ਦੂਜਾ ਆਪਣੀ ਵਿੱਦਿਅਕ ਤਰੱਕੀ ਵੱਲੇ। ਕੰਨਿਆ ਪਾਠਸ਼ਾਲਾ ਵਿਚੋਂ ਅਸਤੀਫਾ ਦੇਣ ਪਿਛੋਂ ਗਿਆਨੀ ਪਾਸ ਕਰ ਕੇ ਉਹਨੇ ਆਪ ਗਿਆਨੀ ਕਾਲਜ ਖੋਲ੍ਹ ਲਿਆ। ਗਿਆਨੀ ਸਰਦੂਲ ਸਿੰਘ ਪਹਿਲੀ ਜਮਾਤ ਦਾ ਇਮਤਿਹਾਨ ਮੁਕਦਿਆਂ ਓਥੋਂ ਚਲਾ ਗਿਆ ਸੀ। ਇਸ ਵਾਸਤੇ ਅਗਲੇ ਸਾਲ ਗਿਆਨੀ ਪਾਸ ਕਰਨ ਦੀਆਂ ਚਾਹਵਾਨ ਲੜਕੀਆਂ ਨੂੰ ਮਨਜੀਤ ਦੇ ਕਾਲਜ ਵਿਚ ਆਉਣਾ ਪਿਆ। ਉਹਦੇ ਪੜ੍ਹਾਉਣ ਦੇ ਸੁਚੱਜੇ ਢੰਗ ਤੋਂ ਪ੍ਰੇਰਤ ਹੋ ਕੇ ਦਿਨੋ ਦਿਨ ਵਿਦਿਆਰਥਣਾਂ ਦੀ ਗਿਣਤੀ ਵਧਦੀ ਗਈ। ਕਾਲਜ ਦੇ ਔਖੇ ਫ਼ਰਜ਼ ਨਿਭਾਉਣ ਦੇ ਨਾਲ ਨਾਲ ਉਹਨੇ ਆਪ ਵੀ ਸਖਤ ਮਿਹਨਤ ਕੀਤੀ। ਰਾਤ ਦਿਨੇ ਮਸ਼ੀਨ ਦੇ ਪੁਰਜ਼ੇ ਵਾਂਗ ਉਹ ਕਿਸੇ ਨਾ ਕਿਸੇ ਆਹਰੇ ਲੱਗੀ ਰਹਿੰਦੀ। ਏਸਤਰ੍ਹਾਂ ਉਹਦੇ ਅੰਦਰ ਮਾਰੂ ਜਾਂਦਾ ਘੱਟ ਬਗ਼ਾਵਤ ਕਰਦੀਆਂ। ਗਿਆਨੀ ਸਰਦੂਲ ਸਿੰਘ ਦੇ ਉਪਦੇਸ਼

ਨਾਲ ਸਹਿਜ ਸਹਿਜ ਉਹਨੇ ਮੈਟਰਿਕ, ਐਫ, ਏ. ਤੇ ਅੰਤ ਬੀ. ਏ. (ਅੰਗਰੇਜ਼ੀ) ਪਾਸ ਕਰ ਲਿਆ। ਕਾਬਲੀਅਤ ਦੇ ਨਾਲ ਉਹਦੀ ਆਮਦਣ ਵਿਚ ਵੀ ਵਾਧਾ ਹੋ ਗਿਆ। ਹੁਣ ਉਹ ਕੱਪੜੇ ਨਹੀਂ ਸੀ ਸਿਉਂਦੀ, ਸਗੋਂ ਭਲੇ ਘਰਾਂ ਦੀਆਂ ਲੜਕੀਆਂ ਨੂੰ ਪੜ੍ਹਾਉਂਦੀ ਸੀ। ਏਸਤਰ੍ਹਾਂ ਉਹਨੇ ਖ਼ਰਚ ਨਾਲੋਂ ਆਪਣੀ ਆਮਦਣ ਵਧਾ ਲਈ ਸੀ। ਇਸ ਵੇਲੇ ਉਹ ਲੋਕਾਂ ਦੀ ਨਜ਼ਰ ਵਿਚ ਸਤਕਾਰ ਦੀ ਜ਼ਿੰਦਗੀ ਬਿਤਾ ਰਹੀ ਸੀ।

ਉਹਨੇ ਕੁਲਵੰਤ ਨੂੰ ਚਾਰ ਜਮਾਤਾਂ ਤਕ ਆਪਣੇ ਕੋਲ ਹੀ ਪੜ੍ਹਾਇਆ ਸੀ। ਉਹ ਅੱਠ ਸਾਲ ਦਾ ਸੀ, ਜਦ ਪੰਜਵੀਂ ਜਮਾਤੇ ਹਾਈ ਸਕੂਲ ਵਿਚ ਦਾਖ਼ਲ ਹੋਇਆ। ਲਿਖਣ ਪੜ੍ਹਨ ਵਿਚ ਉਹ ਬੜਾ ਚੁਸਤ ਸੀ। ਸਕੂਲ ਅੰਦਰ ਉਹ ਹੁਸ਼ਿਆਰ ਵਿਦਿਆਰਥੀਆਂ ਵਿਚੋਂ ਗਿਣਿਆਂ ਜਾਂਦਾ ਸੀ। ਫ਼ਸਟ ਡਵੀਜਨ ਵਿਚ ਮੈਟਰਿਕ ਕਰ ਕੇ ਉਹ ਕਾਲਜ ਵਿਚ ਦਾਖ਼ਲ ਹੋ ਗਿਆ। ਅਜੇ ਵੀ ਕਿਸੇ ਕਿਸੇ ਵੇਲੇ ਉਹਦਾ ਦਿਲ ਮੱਛਰ ਪੈਂਦਾ, ਤਾਂ ਉਹ ਮਨਜੀਤ ਨਾਲ ਬੱਚਿਆਂ ਵਾਂਗ ਜ਼ਿਦਾਂ ਕਰਨ ਲੱਗ ਪੈਂਦਾ। ਕਿਸੇ ਵੇਲੇ ਮਨਜੀਤ ਨੇ ਛਿੱਥੀ ਪੈ ਕੇ ਕਹਿਣਾ "ਕੁਲਵੰਤ! ਹੁਣ ਤੂੰ ਛੋਟਾ ਏਂ ? ਸੁੱਖ ਨਾਲ ਦਾਹੜੀ ਤੇਰੇ ਮੂੰਹ 'ਤੇ ਆਉਣ ਲੱਗੀ ਏ, ਤੇ ਤੂੰ ਦੁੱਧ-ਚੁੰਘਦਿਆਂ ਬਾਲਾਂ ਵਾਂਗ ਮੱਛਰਦਾ ਏਂ।"

"ਮੱਛਰਾਂ ਨਾ ? ਤੂੰ ਮੇਰੀ ਦੋਸਾਕੀ ਜੁ ਹੋਈਓਂ।" ਕੁਲਵੰਤ ਨੇ ਲਾਡ ਨਾਲ ਉਹਦੇ ਗਲ ਬਾਹੀਂ ਪਾ ਕੇ ਕਹਿਣਾ।

"ਦੋਸਾਕੀ ਕਿਵੇਂ ?"

"ਇਕ ਭਰਜਾਈ ਤੇ ਦੂਜੀ ਮਾਂ।"

ਮਨਜੀਤ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਹੰਝੂ ਆ ਜਾਣੇ। ਉਹਨੇ ਪੱਲੇ ਨਾਲ ਅੱਖਾਂ ਪੂੰਝ ਕੇ ਆਖਣਾ, "ਕੁਲਵੰਤ! ਮੈਂ ਚਾਹੁਨੀ ਆਂ, ਸਮਾਂ ਏਥੇ ਈ ਖਲੋ ਜਾਏ। ਹੋਰ ਮੈਂ ਰੱਬ ਤੋਂ ਕੁਛ ਨਹੀਂ ਮੰਗਦੀ।"

"ਚੰਗਾ ਫਿਰ, ਚੁੰਮ ਮੇਰਾ ਮੱਥਾ ਤੇ ਕਢ ਸਵਾ ਰੁਪਇਆ ਖੇਲ ਵਾਸਤੇ।" ਕੁਲਵੰਤ ਨੇ ਉਹਦੀਆਂ ਜੇਬਾਂ ਫੋਲਣ ਲੱਗ ਪੈਣਾ।

ਕੁਝ ਸਮਾਂ ਏਸੇ ਤਰ੍ਹਾਂ ਹੋਰ ਲੰਘ ਗਿਆ। ਸਾਂਵੀਂ ਪਧਰੀ ਚਾਲੇ ਤੁਰੇ ਜਾਂਦਿਆਂ ਜੀਵਨ-ਬੀਤਦੇ ਦਾ ਪਤਾ ਨਹੀਂ ਲੱਗਦਾ। ਦਿਲਚਸਪੀ ਓਦੋਂ ਪੈਦਾ ਹੁੰਦੀ ਹੈ, ਜਦੋਂ ਜੀਵਨ-ਤੰਦਾਂ ਵਿਚ ਕੋਈ ਉਲਝਣ ਪੈਦਾ ਹੋ ਜਾਵੇ। ਗੁੰਝਲ ਜ਼ਿੰਦਗੀ ਦਾ ਚਮਕਦਾ ਪਾਸਾ ਹੈ, ਭਾਵੇਂ ਉਹ ਸੁਖਾਵੀਂ ਹੋਵੇ, ਭਾਵੇਂ ਦੁਖਾਵੀਂ।

ਮਨਜੀਤ ਦਾ ਜੀਵਨ-ਰਥ ਵੀ ਬਿਨਾਂ ਹਚਕੋਲੇ ਦਿੱਤਿਆਂ ਪਧਰਾ ਤੁਰਿਆ

ਜਾ ਰਿਹਾ ਸੀ । ਏਸ ਸਾਲ ਉਹਦੇ ਕੁਲਵੰਤ ਨੇ ਬੀ. ਏ. ਪਾਸ ਕਰ ਜਾਣਾ ਸੀ। ਹੁਣ ਉਹ ਅਠਾਰਾਂ ਸਾਲ ਦਾ ਹੋ ਗਿਆ ਸੀ। ਉਹਨਾਂ ਦੀ ਜ਼ਮੀਨ ਦੇ ਠੇਕੇ ਦੀ ਮਿਆਦ ਵੀ ਸਾਲ-ਕੁ ਬਾਕੀ ਰਹਿ ਗਈ ਸੀ। ਅਗਲੇ ਸਾਲ ਉਹ ਕੁਲਵੰਤ ਨੂੰ ਨਾਲ ਲੈ ਕੇ ਆਪਣੇ ਪਿੰਡ ਚਲੀ ਜਾਏਗੀ। ਏਸ ਮਤਲਬ ਦੀ ਉਹਨੇ ਇਕ ਦਿਨ ਨੰਬਰਦਾਰ ਨੂੰ ਚਿੱਠੀ ਵੀ ਲਿਖ ਦਿਤੀ ਸੀ।

ਇਕ ਦਿਨ ਕੁਲਵੰਤ ਨਾਲ ਉਹਦੇ ਦੋ ਹੋਰ ਜਮਾਤੀ ਉਹਨਾਂ ਦੇ ਘਰ ਆਏ। ਉਹਨਾਂ ਵਿਚੋਂ ਇਕ ਨੇ ਬੜਾ ਕੀਮਤੀ ਸੂਟ ਪਾਇਆ ਹੋਇਆ ਸੀ। ਮਨਜੀਤ ਨੂੰ ਉਹ ਬੜਾ ਪਸੰਦ ਆਇਆ। ਅਗਲੇ ਦਿਨ ਉਹਨੇ ਓਸ ਨਾਲ ਦਾ ਕਪੜਾ ਲੈ ਕੇ ਕੁਲਵੰਤ ਦਾ ਸੂਟ ਸਿਊਣਾ ਦੇ ਦਿਤਾ। ਕਾਲਜ ਜਾਣ ਲੱਗੇ ਕੁਲਵੰਤ ਨੇ ਸੂਟ ਪਾ ਕੇ ਪੁਛਿਆ, "ਭਾਬੀ ਜੀ ! ਕੇਹੋ ਜਿਹਾ ਲੱਗਦਾ ਏ ਤੁਹਾਨੂੰ ?" ਹੁਣ ਉਹ ਉਹਨੂੰ 'ਭਾਬੀ ਜੀ' ਕਹਿਕੇ ਬਹੁ ਵਚਨ ਸੰਬੋਧਨ ਕਰਦਾ ਹੁੰਦਾ ਸੀ। ਪਰ ਜਦੋਂ ਬਚਪਨ ਦੇ ਲਾਡਾਂ ਵਿਚ ਹੋਵੇ, ਓਦੋਂ ਅਜੇ ਵੀ ਨਿਰਾ 'ਭਾਬੀ' ਹੀ ਕਿਹਾ ਕਰਦਾ ਸੀ।

"ਬਹੁਤ ਸੋਹਣਾ।" ਮਨਜੀਤ ਦੇ ਅੰਗ ਅੰਗ ਵਿਚੋਂ ਖ਼ੁਸ਼ੀ ਫੁਟ ਰਹੀ ਸੀ। ਅੱਜ ਉਹਨੂੰ ਪਹਿਲੀ ਵਾਰ ਕੁਲਵੰਤ ਦੇ ਚਿਹਰੇ ਵਿਚੋਂ ਕਿਸੇ ਹੋਰ ਦਾ ਭੁਲੇਖਾ ਪਿਆ।

"ਤਾਂ ਮੈਂ ਨਹੀਂ ਪਾਉਣਾ।" ਉਹਨੇ ਕੋਟ ਲਾਹ ਕੇ ਮਨਜੀਤ ਦੇ ਪੈਰਾਂ ਵਿਚ ਰੱਖ ਦਿਤਾ।

"ਕਿਉਂ ?" ਮਨਜੀਤ ਨੇ ਛੇਤੀ ਨਾਲ ਕੋਟ ਚੁਕਦਿਆਂ ਕਿਹਾ। ਉਹਦੇ ਚਿਹਰੇ ਉਤੇ ਥੋੜੀ ਜੇਹੀ ਉਦਾਸੀ ਆ ਗਈ।

"ਤੂੰ ਆਪ ਕਿਉਂ ਨਹੀਂ ਏਹੋ ਜੇਹੇ ਪਾਉਂਦੀ ? ਲਾਡਲੇ ਵਾਸਤੇ ਵਧੀਆ ਤੋਂ ਵਧੀਆ, ਤੇ ਆਪਣੇ ਕੱਪੜਿਆਂ ਵੱਲ ਵੇਖੋ ਖਾਂ ?"

"ਬੱਲੇ ! ਮੈਂ ਵਧੀਆ ਕਿਵੇਂ ਪਾ ਸਕਦੀ ਆਂ ?"

ਹਜ਼ਾਰਾਂ ਮਜਬੂਰੀਆਂ ਲੁਕੀਆਂ ਪਈਆਂ ਸਨ, ਮਨਜੀਤ ਦੇ ਇਸ ਛੋਟੇ ਜੇਹੇ ਵਾਕ ਵਿਚ। ਕੁਲਵੰਤ ਨੇ ਤ੍ਰਭਕ ਕੇ ਉਹਦੇ ਵੱਲ ਵੇਖਿਆ। ਉਹਦੀਆਂ ਪਵਿੱਤਰ ਅੱਖਾਂ ਵਿਚ ਡਲ੍ਹਕਦੇ ਹੰਝੂ ਕਹਿ ਰਹੇ ਸਨ, "ਭਾਰਤ ਦੀ ਵਿਧਵਾ ਇਸਤਰੀ ਤੋਂ ਚੰਗਾ ਕੱਪੜਾ ਪਹਿਨਣ ਦਾ ਹੱਕ ਖੋਹ ਲਿਆ ਗਿਆ ਏ।' ਕੁਲਵੰਤ ਦੀ ਨਿਰਛਲ ਜਵਾਨੀ ਜੋਸ਼ ਵਿਚ ਕੰਬ ਉਠੀ। ਉਹਨੇ ਰੋਹ ਵਿਚ ਭਵਾਂ ਚੜ੍ਹਾ ਕੇ ਕਿਹਾ, "ਭਾਬੀ ਜੀ ! ਹੁਣ ਇਹ ਵਿਤਕਰਾ ਹੋਰ ਨਹੀਂ ਨਿਭ ਸਕੇਗਾ। ਜਾਂ ਤਾਂ ਤੁਸੀਂ ਵੀ ਚੰਗੇ ਕੱਪੜੇ ਪਾਇਆ ਕਰੋਗੇ, ਤੇ ਜਾਂ ਮੈਂ ਵੀ ਨਹੀਂ ਪਾਵਾਂਗਾ।"

ਕੁਲਵੰਤ ਦਾ ਇਹ ਗੁੱਸਾ ਮਨਜੀਤ ਨੂੰ ਜ਼ਿੰਦਗੀ ਭਰ ਦੇ ਲਾਡਾਂ ਨਾਲੋਂ ਚੰਗਾ ਲੱਗਾ । ਉਹਨੇ ਕੋਟ ਉਹਦੇ ਮੋਢੇ 'ਤੇ ਪਾਉਂਦਿਆਂ ਕਿਹਾ, "ਹੋਰ ਦੌਂਹ ਚੌਂਹ ਮਹੀਨਿਆਂ ਨੂੰ ਤੇਰਾ ਵਿਆਹ ਹੋ ਜਾਵੇਗਾ, ਤਾਂ ਤੇਰੀ ਵਹੁਟੀ ਦਾ ਵਧੀਆ ਉਤਾਰ ਮੈਂ ਪਾ ਲਿਆ ਕਰਾਂਗੀ।"

"ਤੁਸੀ ਉਹਦਾ ਉਤਾਰ ਪਾਉਗੇ ? ਕਿਉਂ ਨਹੀਂ ? ਉਹ ਤੁਹਾਡਾ ਉਤਾਰ ਪਾਵੇਗੀ । ਭਾਬੀ ਜੀ ! ਮੈਂ ਹੁਣ ਅੰਞਾਣਾ ਨਹੀਂ । ਰੱਬ ਨਾਲੋਂ ਬਹੁਤੀ ਕਦਰ ਏ ਤੁਹਾਡੀ ਮੇਰੇ ਦਿਲ ਵਿਚ । ਮਾਂ ਵੀ ਪੁੱਤਰ ਵਾਸਤੇ ਏਨੀ ਕੁਰਬਾਨੀ ਨਹੀਂ ਕਰ ਸਕਦੀ, ਜਿੰਨੀ ਤੁਸਾਂ ਮੇਰੇ ਵਾਸਤੇ ਕੀਤੀ ਏ।"

"ਹੱਛਾ, ਬਹੁਤਾ ਬੋਲੀਦਾ ਨਹੀਂ । ਕੋਟ ਪਾ ਲੈ ਤੇ ਜਾਹ ਪੜ੍ਹਨ ।" ਮਨਜੀਤ ਨੇ ਆਪ ਉਹਦੇ ਗਲ ਕੋਟ ਪਾ ਦਿਤਾ ।

ਕੁਲਵੰਤ ਦਾ ਗੁੱਸਾ ਅਜੇ ਮੱਠਾ ਨਹੀਂ ਸੀ ਹੋਇਆ । ਤੁਰਨ ਤੋਂ ਪਹਿਲਾਂ ਉਹਨੇ ਮਿੱਠੀ ਜੇਹੀ ਘੂਰੀ ਵੱਟ ਕੇ ਕਿਹਾ, "ਮੇਰੇ ਆਉਣ ਤਕ ਵਧੀਆ ਸੂਟ ਨਾ ਪਾਇਆ ਹੋਇਆ, ਤਾਂ ਏਸ ਕੋਟ ਦੀ ਵੀ ਖ਼ੈਰ ਨਾ ਸਮਝਿਓ ।"

"ਹੱਛਾ, ਝਗੜਾ ਛਡ, ਬਾਬਾ ! ਜਾਹ ਤੂੰ ਪੜ੍ਹਨ ਹੁਣ ।"

ਕੁਲਵੰਤ ਕਾਲਜ ਨੂੰ ਤੁਰ ਗਿਆ ਤੇ ਮਨਜੀਤ ਨੂੰ ਨਵੀਂਆਂ ਸੋਚਾਂ ਵਿਚ ਧੱਕਾ ਦੇ ਗਿਆ ।

## ੧੨.

ਮਨੁੱਖੀ-ਮਨ ਦੀ ਅਵਸਥਾ ਨੂੰ ਸਮਝਣਾ ਬੜਾ ਔਖਾ ਹੈ । ਕਦੇ ਜਿਹੜਾ ਝੱਖੜਾਂ-ਤੂਫ਼ਾਨਾਂ ਵਿਚ ਨਹੀਂ ਡੋਲਦਾ, ਕੇਈ ਵੇਰਾਂ ਮਾਮੂਲੀ ਜੇਹੇ ਝੋਂਕੇ ਨਾਲ ਥਰ ਥਰ ਕੰਬਣ ਲੱਗ ਪੈਂਦਾ ਹੈ । ਸਾਧਾਰਨ ਤੋਂ ਸਾਧਾਰਨ ਘਟਨਾ ਕਦੇ ਕਦੇ ਇਸ ਸ਼ਾਂਤ ਸਾਗਰ ਵਿਚ ਤੂਫ਼ਾਨ ਲੈ ਆਉਂਦੀ ਹੈ । ਕੋਈ ਫਿੱਕਾ ਜੇਹਾ ਝਾਉਲਾ ਵੀ ਇਹਦੀ ਨਿਗ੍ਹਾ ਦੇ ਪਰਦੇ ਉਤੇ ਜਿੰਦਾ ਪਾਤਰ ਬਣ ਕੇ ਨਾਚ ਕਰਨ ਲੱਗ ਪੈਂਦਾ ਹੈ । ਕਿਸੇ ਨਿੱਕੇ ਜੇਹੇ ਇਸ਼ਾਰੇ ਤੋਂ ਇਹ ਜੀਵਨ ਦੀਆਂ ਸੇਧਾਂ ਬਦਲ ਲੈਂਦਾ ਹੈ ।

ਨਿੱਕੇ ਜਿਹੇ ਕੁਲਵੰਤ ਨੂੰ ਵੇਖਣ ਵਾਲੇ ਕਹਿੰਦੇ ਸਨ, ਇਹਦਾ ਮੁਹਾਂਦਰਾ ਮਾਂ ਨਾਲ ਮਿਲਦਾ ਹੈ । ਮਨਜੀਤ ਵੀ ਕੱਲ੍ਹ ਤਕ ਏਹਾ ਸਮਝਦੀ ਆਈ ਸੀ । ਅੱਜ ਅਚਾਨਕ ਹੀ ਉਹਨੂੰ ਕੁਲਵੰਤ ਦੇ ਮੁਹਾਂਦਰੇ ਵਿਚ ਕਿਸੇ ਹੋਰ ਦਾ ਝਾਉਲਾ ਪਿਆ । ਖ਼ਿਆਲ ਆਉਂਦਿਆਂ ਸਾਰ ਉਹਦੀ ਆਤਮਾ, ਉਹਦਾ ਸਰੀਰ, ਉਹਦਾ ਰੋਮ ਰੋਮ

ਕਿਸੇ ਮਿੱਠੀ ਜੇਹੀ ਪੀੜ ਨਾਲ ਕੰਬ ਉਠਿਆ। ਪੁਰਾਣੀਆਂ ਹੌਂਕੀਆਂ ਯਾਦਾਂ ਨਵੇਂ ਸਿਰਿਓਂ ਸੁਰਜੀਤ ਹੋ ਕੇ ਸਾਮ੍ਹਣੇ ਨੱਚਣ ਲੱਗ ਪਈਆਂ। ਮਨਜੀਤ ਦਾ ਸਿਰ ਚਕਰਾ ਗਿਆ। ਕੁਲਵੰਤ ਜਾ ਚੁਕਾ ਸੀ, ਪਰ ਮਨਜੀਤ ਦੀ ਨਿਗ੍ਹਾ ਖ਼ਾਲੀ ਪੁਲਾੜ ਵਿਚ ਓਥੇ ਹੀ ਟਿਕੀ ਹੋਈ ਸੀ, ਜਿੱਥੇ ਕੁਲਵੰਤ ਦਾ ਚਿਹਰਾ ਸੀ। ਮਨਜੀਤ ਦੀ ਆਤਮਾ ਅਜੇ ਵੀ ਉਹਨੂੰ ਓਥੇ ਘੂਰੀ ਪਾਈ ਖਲੋ ਨੂੰ ਵੇਖ ਰਹੀ ਸੀ। ਪਲ ਪਲ ਪਿਛੋਂ ਉਹ ਰੂਪ ਬਦਲ ਰਿਹਾ ਸੀ, ਕਦੇ ਕੁਲਵੰਤ, ਕਦੇ ਕੋਈ ਹੋਰ, ਕਦੇ ਕੁਲਵੰਤ, ਕਦੇ ਕੋਈ ਹੋਰ।

ਮਨਜੀਤ ਘਬਰਾ ਕੇ ਦੂਜੇ ਅੰਦਰ ਜਾ ਵੜੀ। ਅੱਗੋਂ ਕੰਧ ਨਾਲ ਟੰਗੀ ਕੁਲਵੰਤ ਦੀ ਫ਼ੋਟੋ ਮੁਸਕਰਾ ਰਹੀ ਸੀ। ਓਹਾ ਲੁਕਣ-ਮੀਟੀ ਏਥੇ ਸੀ। ਇਕ ਵਾਰ ਤਕਣ ਨਾਲ ਉਹਨੂੰ ਫ਼ੋਟੋ ਵਿਚ ਕੁਲਵੰਤ ਦਿਸਦਾ, ਤਾਂ ਅੱਖ ਚਮਕਣ ਨਾਲ ਉਹਦੀ ਥਾਂ ਕੋਈ ਹੋਰ ਮੁਸਕਰਾ ਰਿਹਾ ਜਾਪਦਾ। ਖਿਝ ਕੇ ਮਨਜੀਤ ਨੇ ਫ਼ੋਟੋ ਵੱਲ ਕੰਡ ਕਰ ਲਈ। ਪਰ ਉਹ ਜਾਦੂ ਦੀ ਖਿਹਡ ਓਵੇਂ ਉਹਦੀਆਂ ਅੱਖਾਂ ਸਾਹਮਣੇ ਜਾਰੀ ਰਹੀ। ਸਾਹਮਣੇ ਪਏ ਭਾਂਡਿਆਂ ਵਿਚੋਂ, ਕਿੱਲੀ 'ਤੇ ਟੰਗੇ ਕਪੜਿਆਂ ਵਿਚੋਂ, ਕੰਧ ਨਾਲ ਲਟਕਦੇ ਕੈਲੰਡਰ ਵਿਚੋਂ, ਮੁਕਦੀ ਗੱਲ, ਹਰ ਦਿਸਦੀ ਚੀਜ਼ ਵਿਚੋਂ ਉਹਨੂੰ ਕੁਲਵੰਤ ਦਾ ਚਿਹਰਾ ਦੀਹਦਾ ਸੀ। ਪਰ ਜਿਉਂ ਹੀ ਉਹ ਅੱਖ ਭਰ ਕੇ ਉਹਦੇ ਵੱਲ ਵੇਖਣ ਦਾ ਹੌਸਲਾ ਕਰਦੀ, ਉਹ ਛਲੀਆ ਝੱਟ-ਪੱਟ ਕਿਸੇ ਹੋਰ ਦੀ ਸ਼ਕਲ ਧਾਰਨ ਕਰ ਲੈਂਦਾ। ਉਹ ਅੰਦਰੋਂ ਬਾਹਰ ਨੂੰ ਭੱਜ ਜਾਣਾ ਚਾਹੁੰਦੀ ਸੀ, ਪਰ ਭੱਜਣ ਦੀ ਥਾਂ ਕਿਸੇ ਅੰਦਰਲੀ ਭੁੱਖ ਨੇ ਉਹਦਾ ਮੂੰਹ ਮੋੜ ਕੇ ਫੇਰ ਫ਼ੋਟੋ ਵੱਲ ਕਰ ਦਿਤਾ। ਓਹਾ ਝਾਕੀ ਫੇਰ। ਉਹ ਅੱਖਾਂ ਮਲ ਕੇ ਫ਼ੋਟੋ ਵੱਲ ਧਿਆਨ ਨਾਲ ਵੇਖਦੀ, ਤਾਂ ਉਹ ਕੁਲਵੰਤ ਹੁੰਦਾ। ਪਲ-ਕੁ ਤਕਣ ਪਿਛੋਂ ਉਹਦੀ ਨਿਗ੍ਹਾ ਸਾਮ੍ਹਣੇ ਫ਼ੋਟੋ ਭੌਣ ਲੱਗ ਪੈਂਦੀ ਤੇ ਉਹਦੀ ਥਾਂ ਤੇ ਕੋਈ ਹੋਰ ਗਭਰੂ ਖਲਾ ਮੁਸਕਰਾਉਂਦਾ ਨਜ਼ਰੀਂ ਆਉਂਦਾ। ਇਕਵਾਰ ਤਾਂ ਉਹਨੂੰ ਇਉਂ ਭਾਸਿਆ, ਜਿਵੇਂ ਉਹ ਗਭਰੂ ਅਗ੍ਹਾਂ ਵਧ ਕੇ ਉਹਨੂੰ ਬਾਂਹੀਂ ਵਿਚ ਨਪੀੜ ਲੈਣਾ ਚਾਹੁੰਦਾ ਹੈ।

ਆਪਣੇ ਖ਼ਿਆਲਾਂ ਤੋਂ ਭੈ-ਭੀਤ ਹੋਈ ਉਹ ਭੱਜ ਕੇ ਬਾਹਰ ਨਿਕਲ ਆਈ। ਜ਼ਿੰਮੇਵਾਰੀ ਨੇ ਅੰਦਰੋਂ ਪੁਕਾਰਿਆ, 'ਓਧਰ ਕਾਲਜ ਦਾ ਵਕਤ ਹੋ ਗਿਆ ਏ।' ਅੱਜ ਬਿਨਾਂ ਕੁਛ ਖਾਧੇ ਪੀਤੇ ਹੀ ਉਹ ਪੜ੍ਹਾਉਣ ਵਾਲੇ ਕਮਰੇ ਵਿਚ ਜਾ ਬੈਠੀ।

ਜਮਾਤ ਵਿਚ ਵੀ ਉਹ ਗੁਆਚੀ ਗੁਆਚੀ ਅਨਭਵ ਕਰ ਰਹੀ ਸੀ। ਸਾਮ੍ਹਣੇ ਬੈਠੀਆਂ ਕੁੜੀਆਂ ਦੇ ਚਿੱਤਰ ਵੀ ਉਹਨੂੰ ਭੌਂਦੇ ਪਰਤੀਤ ਹੋ ਰਹੇ ਸਨ। ਇਕ ਵਿਦਿਆਰਥਣ ਨੇ ਪੁਛਿਆ, "ਭੈਣ-ਜੀ! ਸਗੋਂ ਤਬੀਅਤ ਕੁਛ ਖ਼ਰਾਬ ਦੇ? ਤੁਸੀਂ ਕਿਵੇਂ ਜੇਹੇ

ਜਾਪਦੇ ਓ ?"

"ਹਾਂ, ਦਿਲ ਕੁਛ ਉਦਾਸ ਏ ।"

"ਮੇਰਾ ਵੀ ਅੱਜ ਜੀਅ ਨਹੀਂ ਲੱਗਦਾ ।"

ਮਨਜੀਤ ਨੇ ਉਹਦੇ ਚਿਹਰੇ ਵੱਲ ਵੇਖਿਆ, ਜਿਵੇਂ ਉਹਨੂੰ ਪੁੱਛਣਾ ਚਾਹੁੰਦੀ ਹੋਵੇ, 'ਤੈਨੂੰ ਕਾਹਦੀ ਥੋੜ ਏ ? ਤੇਰਾ ਜੀਅ ਕਿਉਂ ਨਹੀਂ ਲੱਗਦਾ ?'

"ਅੱਜ ਚੇਤ ਦੀ ਮੱਸਿਆ ਏ । ਮੈਂ ਵੀਰ ਜੀ ਨਾਲ ਤਰਨ ਤਾਰਨ ਜਾਣ ਲਈ ਕਿਹਾ ਸੀ, ਪਰ ਪਿਤਾ ਜੀ ਨਹੀਂ ਮੰਨੇ ।" ਵਿਦਿਆਰਥਣ ਨੇ ਉੱਤਰ ਦਿਤਾ। ਸ਼ਾਇਦ ਉਹਨੇ ਮਨਜੀਤ ਦੀਆਂ ਅੱਖਾਂ ਵਿਚੋਂ ਉਹਦਾ ਪ੍ਰਸ਼ਨ ਪੜ੍ਹ ਲਿਆ ਸੀ ।

'ਹੱਛਾ, ਅੱਜ ਚੇਤ ਦੀ ਮੱਸਿਆ ਏ ।' ਮਨਜੀਤ ਦੇ ਅੰਦਰ ਕੋਈ ਸੁੱਤੀ ਹੋਈ ਪੁਰਾਣੀ ਯਾਦ ਪੁਕਾਰ ਉਠੀ । 'ਚੇਤਾ ਏ ਨਾਂ ਤੈਨੂੰ ? ਅੱਜ ਏ ਮਾੜੀ ਦਾ ਮੇਲਾ । ਜਵੰਦੀ ਦਾ ਸੁਨੇਹਾ ਯਾਦ ਈ ਨਾਂ । ਅੱਜ ਉਹ ਮਾੜੀ ਦੇ ਮੇਲੇ ਆਉਣਗੇ, ਮੇਲਾ ਵੇਖਣ ਵਾਸਤੇ ਨਹੀਂ, ਤੇਰੇ ਵਾਸਤੇ । ਜਿੱਥੇ ਮੁਨਿਆਰੀ ਵਾਲੇ ਤੇ ਚੂੜ-ਗਰਨੀਆਂ ਬਹਿੰਦੀਆਂ ਨੇ । ਓਸੇ ਨੁੱਕਰ 'ਤੇ । ਤੂੰ ਪਛਾਣ ਲਵੇਂਗੀ ? ਮੁੰਡਿਆਂ ਵਰਗੇ ਮੁੰਡੇ । ਜੇ ਭੁਲੇਖਾ ਖਾ ਗਈਓਂ ਤਾਂ ! ਉਹਨਾਂ ਦੇ ਹੱਥ ਵਿਚ ਤੇਰਾ ਰੁਮਾਲ, ਉਹ ਵੀ ਨਾ ਪਛਾਣੇਂਗੀ ? ਰੁਮਾਲਾਂ ਵਰਗੇ ਵੀ ਤਾਂ ਹੋਰ ਰੁਮਾਲ ਹੁੰਦੇ ਨੇ । ਜੇ... ...। ਕਿਉਂ ਡੁੱਬਦੀ ਏਂ, ਭੂਆ ਜਵੰਦੀ-ਜੁ ਨਾਲ ਹੋਵੇਗੀ । ਫਿਰ ਛੇਤੀ ਕਰ ਨਾ ! ਵੇਖ, ਉਤੋਂ ਦੁਪਹਿਰ ਆ ਗਈ ਏ । ਉਹ ਭਾਵੇਂ ਉਡੀਕ ਉਡੀਕ ਕੇ ਮੁੜ ਜਾਣ । ਹੂੰਹ । ਮੁੜ ਜਾਣ, ਮੈਥੋਂ ਬਿਨਾਂ ਈ । ਉਹ ਤਾਂ ਉਮਰ ਭਰ ਓਥੇ ਬੈਠੇ ਮੈਨੂੰ ਉਡੀਕਦੇ ਰਹਿਣਗੇ । ਪਰ ਤੂੰ ਜ਼ਰੂਰ ਦੇਰ ਕਰਨੀ ਏਂ ? ਜੇ ਤੇਰੀ ਚਾਲ ਦਾ ਕਿਸੇ ਨੂੰ ਪਤਾ ਲੱਗ ਗਿਆ ਤਾਂ ! ਜੇ ਮਾਂ ਨੂੰ ਈਂ ਸ਼ੱਕ ਪੈ ਗਿਆ ਤਾਂ ! ਜੇ ਵੀਰ ਜੀ ਬਾਹਰੋਂ ਆ ਗਏ ਤਾਂ ! ਜੇ ਪਿਤਾ ਜੀ ਨੇ ਕਹਿ ਦਿਤਾ—ਜਵਾਨ ਧੀਆਂ ਮੇਲੇ ਨਹੀਂ ਜਾਂਦੀਆਂ—ਤਾਂ ! ਫਿਰ ਛੇਤੀ ਉਠ ਨਾਂ !' ਆਪਣੇ ਖਿਆਲਾਂ ਵਿਚ ਹੀ ਮਗਨ ਮਨਜੀਤ ਕੁਰਸੀ ਤੋਂ ਉੱਠ ਬੈਠੀ ।

"ਕਿਉਂ ? ਉਠ ਬੈਠੇ ਓ ?" ਉਹਦਾ ਉਡਿਆ ਹੋਇਆ ਰੰਗ ਵੇਖ ਕੇ ਦੂਜੀ ਵਿਦਿਆਰਥਣ ਨੇ ਪੁੱਛਿਆ ।

"ਮੇਰੇ ਜੀ ਨੂੰ ਕੁਛ ਹੋ ਰਿਹਾ ਏ । ਦਿਲ ਘਟਦਾ ਏ, ਤੇ ਸਿਰ ਨੂੰ ਚੱਕਰ ਆ ਰਹੇ ਨੇ ।"

"ਫਿਰ ਅਜ ਛੁਟੀ ਕਰ ਦਿਓ । ਭਲਕੇ ਵਧੇਰੇ ਚਿਰ ਪੜ੍ਹ ਲਵਾਂਗੀਆਂ ।" ਸਭ ਤੋਂ ਵੱਡੀ ਉਮਰ ਦੀ ਵਿਦਿਆਰਥਣ ਨੇ ਹਮਦਰਦੀ ਨਾਲ ਕਿਹਾ ।

ਮਨਜੀਤ ਉਠ ਕੇ ਘਰ ਨੂੰ ਤੁਰ ਪਈ। ਦਿਲ ਵਿਚ ਉਹ ਇਉਂ ਮਹਿਸੂਸ ਕਰ ਰਹੀ ਸੀ, ਜਿਵੇਂ ਉਹ ਮਾਪਿਆਂ ਦੇ ਘਰੋਂ ਮਾੜੀ ਦੇ ਮੋਲੇ ਨੂੰ ਜਾ ਰਹੀ ਹੋਵੇ। ਉਹਨੂੰ ਪਤਾ ਨਾ ਲੱਗਾ, ਕਿ ਉਹ ਕਿਹੜੇ ਵੇਲੇ ਘਰ ਜਾ ਪਹੁੰਚੀ। ਅੱਜ ਉਹਨੂੰ ਘਰ ਵੀ ਵਟਿਆ ਵਟਿਆ ਮਾਲੂਮ ਹੋ ਰਿਹਾ ਸੀ। ਕਿੰਨਾ ਚਿਰ ਉਹ ਅਧ-ਬੇਹੋਸ਼ ਜੇਹੀ ਅੰਦਰ ਬਾਹਰ ਫਿਰਦੀ ਰਹੀ। ਉਹ ਕੁਛ ਕਰਨਾ ਚਾਹੁੰਦੀ ਸੀ, ਪਰ ਸਮਝ ਨਹੀਂ ਸੀ ਪੈਂਦੀ, ਕਿ ਕਰੇ ਕੀ? ਬਿਨਾਂ ਸੋਚੇ ਸਮਝੇ ਹੀ ਉਹ ਕਪੜਿਆਂ ਵਾਲਾ ਟਰੰਕ ਫੋਲਣ ਲਗ ਪਈ। ਇਕ ਇਕ ਸੂਟ ਉਲਟਾ ਕੇ ਵੇਖ ਕੇ ਉਹ ਪਾਸੇ ਰੱਖੀ ਜਾਂਦੀ। ਹੇਠੋਂ ਇਕ ਰੇਸ਼ਮੀ ਸੂਟ ਨਿਕਲਿਆ। ਉਹ ਕਿੰਨਾ ਚਿਰ ਉਸ ਉਤੇ ਨੀਝ ਟਿਕਾਈ ਵੇਖਦੀ ਰਹੀ। ਉਹਦੀਆਂ ਅੱਖਾਂ ਵਿਚ ਹੰਝੂ ਤਰਨ ਲੱਗ ਪਏ। ਇਹ ਉਹਦੇ 'ਸੂਰਤ' ਦੀ ਨਸ਼ਾਨੀ ਸੀ। ਅਖ਼ਰੇ ਉਹ ਕਿਨੀਆਂ ਰੀਝਾਂ ਨਾਲ ਇਹ ਸੂਟ ਆਪਣੀ ਲਾੜੀ ਵਾਸਤੇ ਬਣਵਾ ਕੇ ਲਿਆਇਆ ਸੀ? ਇਹ ਮਨਜੀਤ ਨੇ ਪਹਿਨਿਆਂ ਸੀ, ਤਾਂ ਸੂਰਤ ਨੇ ਇਹਦਾ ਪੱਲਾ ਫੜ ਕੇ ਆਖਿਆ ਸੀ, "ਮੈਨੂੰ ਡਰ ਲਗਦਾ ਏ, ਤੂੰ ਕਿਤੇ ਉੱਡ ਨਾ ਜਾਏਂ। ਇਹ ਸੂਟ ਪਾ ਕੇ ਤੂੰ ਪਰੀਆਂ ਵਰਗੀ ਲੱਗਦੀ ਏਂ।" ਅੱਜ ਫੇਰ ਇਹ ਵਾਕ ਸਜਰੇ ਬਣ ਕੇ ਮਨਜੀਤ ਦੇ ਕੰਨਾਂ ਵਿਚ ਗੂੰਜ ਉਠੇ। ਠੰਢਾ ਸਾਹ ਭਰ ਕੇ ਪੱਲੇ ਨਾਲ ਅੱਖਾਂ ਪੂੰਝ ਕੇ ਉਹਨੇ ਇਹ ਸੂਟ ਵੀ ਪਾਸੇ ਰੱਖ ਦਿਤਾ। ਹੇਠੋਂ ਇਕ ਹੋਰ ਵਧੀਆ ਸੂਟ ਨਿਕਲਿਆ। ਏਹਾ ਸੂਟ ਪਾ ਕੇ ਉਹ ਸਦਾ ਵਾਸਤੇ ਮਾਪਿਆਂ ਦੇ ਘਰੋਂ ਨਿਕਲੀ ਸੀ। ਮਾਂ-ਪਿਉ ਦੇ ਰਾਜ-ਭਾਗ ਵਿਚੋਂ ਉਹਨੂੰ ਏਹਾ ਕੁਛ ਦਾਜ ਮਿਲਿਆ ਸੀ। ਕਿੰਨਾ ਚਿਰ ਉਹ ਓਸ ਸੂਟ ਨੂੰ ਹਿੱਕ ਨਾਲ ਘੁੱਟ ਕੇ ਬੈਠੀ ਰਹੀ।

ਸੁਚੇਤ ਮਨ ਨੂੰ ਕੋਈ ਪਤਾ ਨਹੀਂ, ਕਿ ਉਹ ਕਿਹੜੇ ਵੇਲੇ ਸ਼ੀਸ਼ੇ ਦੇ ਸਾਹਮਣੇ ਜਾ ਖਲੀ। ਇਹ ਸਭ ਕੁਛ ਉਸ ਤੋਂ ਕੋਈ ਅਚੇਤ ਸ਼ਕਤੀ ਕਰਾ ਰਹੀ ਸੀ। ਮੁੱਦਤਾਂ ਪਿਛੋਂ ਉਹਨੇ ਰੀਝ ਨਾਲ ਵਾਲ ਵਾਹੇ। ਗੁੱਤ ਕਰਕੇ ਉਹਨੇ ਮੋਢੇ ਉਤਦੀ ਪਿਛਾਂਹ ਸੁਟੀ, ਤਾਂ ਉਹਦੀ ਵਲ ਖਾਂਦੀ ਛਾਂ ਤੋਂ ਉਹ ਆਪ ਹੀ ਡਰ ਗਈ। ਠੀਕ ਕਹਿੰਦੇ ਨੇ, ਕੋਈ ਵਾਰ ਸਪੇਰੇ ਵੀ ਸੱਪਾਂ ਤੋਂ ਡਰ ਜਾਂਦੇ ਨੇ। ਉਹਨੇ ਸੂਟ ਪਹਿਨ ਕੇ ਬਟਨ ਬੰਦ ਕੀਤੇ, ਤਾਂ ਉਹਦੇ ਅੰਦਰੋਂ ਵਾਜ ਆਈ, 'ਮਨਜੀਤ! ਕੁਆਰੀਆਂ ਧੀਆਂ ਐਹੋ ਜੇਹੇ ਭੜਕੀਲੇ ਕਪੜੇ ਪਾ ਕੇ ਬਾਹਰ ਜਾਂਦੀਆਂ ਚੰਗੀਆਂ ਨਹੀਂ ਲੱਗਦੀਆਂ।'

"ਮਾਂ ਜੀ! ਮਾਪਿਆਂ ਦੇ ਰਾਜ ਵਿਚ ਰੀਝਾਂ ਨਾ ਲੱਥੀਆਂ, ਤਾਂ ਫੇਰ ਕਦੋਂ ਲਹਿਣਗੀਆਂ? ਸਾਰੀਆਂ ਕੁੜੀਆਂ ਨਵੇਂ ਪਾ ਕੇ ਚੱਲੀਆਂ ਨੇ। ਬੱਸ, ਆਹਾ ਮੇਲਾ ਵੇਖਣਾ ਏਂ, ਫੇਰ ਕਦੇ ਨਹੀਂ ਜਾਂਦੀ।' ਮਨਜੀਤ ਦੀਆਂ ਅੱਖਾਂ ਸਾਮ੍ਹਣੇ ਉਹਦੀ

ਬਿਰਧ ਮਾਂ ਖਲੀ ਸੀ । ਪਰ ਨਵੇਂ ਚਾਅ ਵਿਚ ਧੀ ਨੂੰ ਮਾਂ ਦੀਆਂ ਰੋ ਰੋ ਕੇ ਸੁੱਜੀਆਂ ਹੋਈਆਂ ਅੱਖਾਂ ਨਹੀਂ ਸਨ ਦੀਹਦੀਆਂ ।

ਇਹ ਸੂਟ ਪਾ ਕੇ ਮਨਜੀਤ ਆਪਣੇ ਆਪ ਨੂੰ ਪੰਦਰਾਂ-ਸੋਲਾਂ ਸਾਲ ਦੀ ਕੁੜੀ ਅਨੁਭਵ ਕਰ ਰਹੀ ਸੀ । ਯਾਦਾਂ ਨੇ ਸਮੇਂ ਦੀ ਘੜੀ ਦੀ ਸੂਈ ਫੇਰ ਕੇ ਉਸ ਨੂੰ ਅੱਜ ਤੋਂ ਅਠਾਰਾਂ ਸਾਲ ਪਿਛੇ ਕਰ ਦਿਤਾ ਸੀ । ਮਾੜੀ ਦੇ ਗਹਿਮਾ ਗਹਿਮ ਭਰੇ ਹੋਏ ਮੇਲੇ ਵਿਚ ਵੀ ਉਹਨੂੰ ਇਕ ਦੋ ਵਾਜਾਂ ਹੀ ਸੁਣੀਆਂ ਜਾ ਰਹੀਆਂ ਸਨ । ਉਹ ਦੀ ਵੀਣੀ ਆਪਣੇ ਆਪ ਉਠ ਕੇ ਕਿਸੇ ਦੇ ਹੱਥ ਵਿਚ ਘੁੱਟੀ ਜਾਣ ਵਾਸਤੇ ਲੋਚ ਰਹੀ ਸੀ । ਉਹਨੇ ਕਿਸੇ ਕਰੜੇ ਹੱਥ ਦੀ ਕੱਸ ਆਪਣੀ ਸੂਹਲ ਵੀਣੀ ਤੇ ਮਹਿਸੂਸ ਕੀਤੀ । ਨਾਲ ਹੀ ਉਹਦੇ ਕੰਨਾਂ ਵਿਚ ਵਾਜ ਪਈ, 'ਲੈ ਸੂਰਤ ! ਮਰਦਾਂ ਵਾਲੀ ਕਰੀਂ । ਬਾਂਹ ਫੜੀ ਦੀ ਲਾਜ ਨਿਭਾਵੀਂ । ਤੇਰੇ ਪਿਛੇ ਇਹਨੇ ਮਾਂ-ਪਿਉ, ਭੈਣ-ਭਰਾ, ਸਾਕ-ਸਬੰਧੀ, ਸਾਰੇ ਛੱਡੇ ਨੇ, ਤੇ ਤੂੰ ਹੁਣ ਇਹਨੂੰ ਜਿਉਂਦੇ ਜੀ ਪਿੱਛਾ ਨਾ ਦੇਈਂ ।'

"ਮੈਂ ਸਿਰ ਦੇ ਦਿਆਂਗਾ, ਪਰ ਇਹਦੀ ਬਾਂਹ ਨਹੀਂ ਛਡਾਂਗਾ ।" ਕਿਸੇ ਗਭਰੂ ਦੀ ਵਾਜ ਨੇ ਕੁਆਰੀ ਕੰਜਕ ਨੂੰ ਛਲ ਲਿਆ ।

ਮਨਜੀਤ ਦੀ ਆਤਮਾ ਨੂੰ ਇੱਕੋ ਵਾਰ ਝਟਕਾ ਵੱਜਾ, ਜਿਵੇਂ ਚਲਦੀ ਕਾਰ ਕਿਸੇ ਰੁੱਖ ਨਾਲ ਟਕਰਾ ਗਈ ਹੋਵੇ । ਉਹ ਪਰਤ ਕੇ ਕੁਲਵੰਤ ਦੀ ਫੋਟੋ ਵੱਲ ਵੇਖਣ ਲਗ ਪਈ । ਵਿਆਹ ਵਾਲੇ ਦਰਵਾਜ਼ੇ ਉਤੇ ਜਿਵੇਂ ਬਿਜਲੀ ਦੇ ਹਰੇ-ਲਾਲ ਬਲਬ ਵਾਰੀ ਵਾਰੀ ਜਗਦੇ ਬੁਝਦੇ ਹਨ, ਓਸੇ ਤਰ੍ਹਾਂ ਸੂਰਤ ਤੇ ਕੁਲਵੰਤ ਉਹਦੀ ਨਿਗ੍ਹਾ ਦੇ ਸਾਹਮਣੇ ਨਾਚ ਕਰ ਰਹੇ ਸਨ । ਨੇੜੇ ਹੁੰਦੇ ਹੁੰਦੇ ਅੰਤ ਉਹ ਇਕ ਹੋ ਗਏ । ਸੂਰਤ ਤੇ ਕੁਲਵੰਤ ਦਾ ਭੇਦ ਮੁਕ ਗਿਆ । ਸਾਲਾਂ ਬੱਧੀ ਕਠਨ ਤਪ ਕਰਨ ਵਾਲੀ ਤਪੱਸਵਣੀ ਵਿਚ ਇਸਤਰੀ ਦੀ ਰੂਹ ਪੁਕਾਰ ਉਠੀ, 'ਵਿਹੰਦਾ ਕੀ ਏਂ ? ਲੈ ਫੜ ਮੇਰੀ ਬਾਂਹ, ਮੈਂ ਤੇਰੀ ਆਂ ।' ਅਭੋਲ ਹੀ ਮਨਜੀਤ ਨੇ ਬਾਂਹ ਅਗ੍ਹਾਂ ਵਧਾ ਦਿਤੀ ।

ਨਾਮ ਦੇਵ ਦੀ ਦੁੱਧ ਦੀ ਕਟੋਰੀ ਫੜਨ ਵਾਸਤੇ ਜਿਵੇਂ ਭਗਵਾਨ ਨੇ ਪੱਥਰ ਦੀ ਮੂਰਤੀ ਵਿਚੋਂ ਬਾਂਹ ਕਢ ਲਈ ਸੀ, ਏਸੇ ਤਰ੍ਹਾਂ 'ਕੁਲਵੰਤ' ਨੇ ਵੀ ਫੋਟੋ ਵਿਚੋਂ ਬਾਂਹ ਵਧਾ ਦਿਤੀ । ਮਨਜੀਤ ਨੂੰ ਤਾਂ ਹੀ ਪਤਾ ਲਗਾ, ਜਾਂ ਉਹਦੀ ਵੀਣੀ ਕਿਸੇ ਘੁੱਟ ਕੇ ਫੜ ਲਈ ਸੀ ।

"ਕੁਲਵੰਤ ! ਇਹ ਕੀ ਕਰਨ ਲਗਾ ਏਂ ?" ਮਨਜੀਤ ਜਿਵੇਂ ਸੁੱਤੀ ਪਈ ਬਰੜਾ ਉਠੀ । ਉਹਨੇ ਆਪਣੀ ਵੀਣੀ ਟੋਹ ਕੇ ਵੇਖੀ, ਜਿਥੇ ਕਿਸੇ ਮਰਦਾਵੇਂ

ਹੱਥ ਦਾ ਸਪਰਸ਼ ਮਹਿਸੂਸ ਹੋ ਰਿਹਾ ਸੀ। ਉਹਨੇ ਅੱਖੀਂ ਮਲ ਕੇ ਅੰਦਰ ਬਾਹਰ ਝਾਤੀ ਮਾਰੀ, ਪਰ ਓਥੇ ਕੁਲਵੰਤ ਕਿਥੇ ਸੀ। ਉਹ ਤਾਂ ਉਹਦੀ ਫੋਟੋ ਸੀ, ਜੋ ਮਨਜੀਤ ਦੀਆਂ ਝੱਲ ਵਲੱਲੀਆਂ ਹਰਕਤਾਂ ਵੇਖ ਕੇ ਮੁਸਕਰਾ ਰਹੀ ਸੀ।

ਮਨਜੀਤ ਨੂੰ ਆਪਣੀ ਅਸਲ ਅਵਸਥਾ ਦੀ ਸੋਝੀ ਪਈ, ਤਾਂ ਸ਼ਰਮ ਨਾਲ ਉਹਦਾ ਸਿਰ ਝੁਕ ਗਿਆ। ਉਹ ਸੋਚਣ ਲੱਗੀ, 'ਇਹ ਸੂਟ ਹੀ ਪੁਆੜੇ ਦੀ ਜੜ੍ਹ ਏ। ਇਹਨੂੰ ਲਾਹ ਕੇ ਏਨੀਆਂ ਤਹਿਆਂ ਥੱਲੇ ਲੁਕਾਵਾਂਗੀ, ਜਿੱਥੋਂ ਇਹਦੀ ਝਾਤੀ ਵੀ ਨਾ ਪਵੇ।'

'ਮੇਰੇ ਆਉਣ ਤਕ ਵਧੀਆ ਸੂਟ ਨਾ ਪਾਇਆ ਹੋਇਆ, ਤਾਂ ਏਸ ਕੋਟ ਦੀ ਵੀ ਖ਼ੈਰ ਨਾ ਸਮਝਿਉ।' ਕੁਲਵੰਤ ਦੀ ਧਮਕੀ ਯਾਦ ਆ ਗਈ ਤੇ ਮਨਜੀਤ ਦੇ ਹੱਥ ਓਥੇ ਹੀ ਰੁਕ ਗਏ। ਉਹਦੇ ਵਿਚ ਸੂਟ ਲਾਹੁਣ ਦੀ ਤਾਕਤ ਨਾ ਰਹੀ। ਉਹ ਨਸ਼ਈਆਂ ਵਾਂਗ ਟਹਿਲਣ ਲਗ ਪਈ। ਉਹਦਾ ਅੰਦਰ ਇਉਂ ਖੁੱਸ ਰਿਹਾ ਸੀ, ਜਿਵੇਂ ਕਿਸੇ ਅੱਤ ਨਿਗਦੇ ਦੀ ਉਡੀਕ ਵਿਚ। ਉਹ ਮਨ ਨੂੰ ਕਰੜਾ ਕਰਕੇ ਬੋਲੀ, "ਕੁਲਵੰਤ! ਭਾਵੇਂ ਕੁਛ ਹੋਵੇ, ਮੈਂ ਤੇਰਾ ਜੀਵਨ ਬਰਬਾਦ ਨਹੀਂ ਕਰਾਂਗੀ। ਮੈਂ ਤੈਥੋਂ ਕੀਤੀ ਦਾ ਮੁੱਲ ਨਹੀਂ ਲੈਣਾ ਚਾਹੁੰਦੀ। ਮੇਰਾ ਢਲ ਚੁੱਕਾ ਜੋਬਨ ਤੇਰੀਆਂ ਜਵਾਨੀ ਦੀਆਂ ਸਧਰਾਂ ਨੂੰ ਸ਼ਾਂਤ ਨਹੀਂ ਕਰ ਸਕੇਗਾ।"

## ੧੩.

ਕੁਲਵੰਤ ਅਠਾਰਾਂ ਵਰ੍ਹਿਆਂ ਦਾ ਜਵਾਨ ਹੋ ਗਿਆ ਸੀ। ਜੋਬਨ ਉਹਦੇ ਮੱਥੇ ਤੋਂ ਡੁਲ੍ਹ ਡੁਲ੍ਹ ਪੈਂਦਾ ਸੀ। ਲਹੂ ਵਿਚ ਕਿਸੇ ਕਿਸੇ ਵੇਲੇ ਜੋਸ਼ ਨਾਲ ਚੰਗਿਆੜੀਆਂ ਫੁੱਟਣ ਲਗ ਪੈਂਦੀਆਂ ਸਨ। ਕਿਸੇ ਮੁਟਿਆਰ ਦੀ ਚੁੰਨੀ ਦਾ ਉਡਦਾ ਪੱਲਾ ਵੇਖ ਕੇ ਉਹਦਾ ਮਨ ਉਡਣ ਲਗ ਪੈਂਦਾ ਸੀ। ਉਹਦੀ ਨਜ਼ਰ ਬਾਜ਼ਾਰ ਵਿਚੋਂ ਲੰਘਦੀਆਂ ਕੁੜੀਆਂ ਦਾ ਪਿੱਛਾ ਕਰਨੋਂ ਨਹੀਂ ਸੀ ਟਲਦੀ। ਉਡਦੀਆਂ ਪਤੰਗਾਂ ਵੇਖ ਕੇ ਉਹਨੂੰ ਸਾੜ੍ਹੀਆਂ ਦੇ ਭਾਉਲੇ ਪੈਣ ਲੱਗ ਪਏ ਸਨ। ਉਹਦੀ ਆਤਮਾ ਕਿਸੇ ਹਾਣ ਪਰਵਾਣ ਸਾਥ ਦੀ ਲੋੜ ਮਹਿਸੂਸ ਕਰਨ ਲਗ ਪਈ ਸੀ। ਉਹਨੂੰ ਆਪਣੇ ਜਵਾਨ ਹੋਣ ਦਾ ਯਕੀਨ ਹੋ ਗਿਆ ਸੀ।

ਏਸ ਉਮਰੇ ਹਰ ਗਭਰੂ ਦੀਆਂ ਰੀਝਾਂ ਕਿਸੇ ਮੁਟਿਆਰ ਦੇ ਪਿਆਰ ਵਿਚ ਉਲਝਣਾ ਲੋਚਦੀਆਂ ਹਨ। ਕੁਲਵੰਤ ਦੀਆਂ ਜੀਵਨ-ਤੰਦਾਂ ਵੀ ਇਕ ਥਾਂ ਉਲਝ ਗਈਆਂ। ਦਰਸ਼ਨ ਨੇ ਥੋੜੇ ਦਿਨਾਂ ਅੰਦਰ ਹੀ ਕੁਲਵੰਤ ਦੇ ਕੁਆਰੇ ਚਾਵਾਂ 'ਤੇ

ਕਬਜ਼ਾ ਕਰ ਲਿਆ।

ਸ: ਪਿਆਰਾ ਸਿੰਘ ਰਾਮਗੜ੍ਹੀਆ ਇਕ ਪਰਸਿਧ ਠੇਕੇਦਾਰ ਸੀ। ਈਸ਼ਵਰ ਨੇ ਉਹਨੂੰ ਬੜੀ ਸੰਕੋਚਵੀਂ ਔਲਾਦ ਦਿਤੀ ਸੀ। ਇਕ ਲੜਕਾ ਗੁਰਸ਼ਰਨ ਸਿੰਘ ਤੇ ਇਕ ਲੜਕੀ ਦਰਸ਼ਨ ਕੌਰ। ਮਿੰਟਗੁਮਰੀ ਵਿਚ ਪਿਆਰਾ ਸਿੰਘ ਦੀ ਆਪਣੀ ਕੋਠੀ ਸੀ। ਕੋਠੀ ਉਸਰੀ ਨੂੰ ਭਾਵੇਂ ਅੱਠ ਵਰ੍ਹੇ ਹੋ ਗਏ ਸਨ, ਪਰ ਮਾਲਕਾਂ ਨੇ ਉਹਦੇ ਵਿਚ ਵਸੇਂ ਏਸੇ ਸਾਲ ਕੀਤੀ ਸੀ। ਠੇਕੇਦਾਰੀ ਦੇ ਸਿਲਸਿਲੇ ਵਿਚ ਪਿਆਰਾ ਸਿੰਘ ਨੂੰ ਬਾਰਾਂ ਵਰ੍ਹੇ ਆਸਾਮ ਕੱਟਣੇ ਪਏ ਸਨ। ਏਨੇ ਸਮੇਂ ਵਿਚ ਉਹ ਸਿਰਫ਼ ਦੋ ਵਾਰ ਪੰਜਾਬ ਆਇਆ ਸੀ: ਇਕ ਵਾਰ ਸਾਲੇ ਦਾ ਵਿਆਹ ਕਰਨ ਤੇ ਇਕ ਵਾਰ ਪੁਰਾਣਾ ਮਕਾਨ ਢਾਹ ਕੇ ਇਹ ਕੋਠੀ ਉਸਾਰਨ। ਹੁਣ ਦਸ ਮਹੀਨੇ ਤੋਂ ਉਹ ਸਦਾ ਵਾਸਤੇ ਆਸਾਮ ਨੂੰ ਛੱਡ ਆਇਆ ਸੀ। ਕਈ ਮਹੀਨੇ ਸਿਹਤ ਖ਼ਰਾਬ ਰਹਿਣ ਪਿਛੋਂ ਉਹਨੂੰ ਡਾਕਟਰਾਂ ਦੀ ਇਹ ਸਲਾਹ ਮੰਨਣੀ ਪਈ, ਕਿ ਉਹ ਆਸਾਮ ਛੱਡ ਕੇ ਪੰਜਾਬ ਚਲਾ ਜਾਏ। ਸੋ ਮਜਬੂਰਨ ਉਹ ਚਾਲੂ ਕੰਮਾਂ ਦੀ ਸੌਂਪਣਾ ਆਪਣੇ ਸਾਲੇ ਨੂੰ ਕਰਕੇ ਮਿੰਟਗੁਮਰੀ ਆ ਵੱਸਿਆ।

ਦਰਸ਼ਨ ਓਥੋਂ ਦਸ ਜਮਾਤਾਂ ਪਾਸ ਕਰ ਕੇ ਆਈ ਸੀ। ਅਗ੍ਹਾਂ ਪੜ੍ਹਾਈ ਜਾਰੀ ਰੱਖਣ ਦੀ ਉਹਦੀ ਦਿਲੀ ਚਾਹ ਸੀ, ਪਰ ਮਿੰਟਗੁਮਰੀ ਵਿਚ ਲੜਕੀਆਂ ਦਾ ਕਾਲਜ ਨਾ ਹੋਣ ਕਰਕੇ ਉਹਦੀ ਇਹ ਰੀਝ ਪੂਰੀ ਨਾ ਹੋਈ।

ਗੁਰਸ਼ਰਨ ਆਉਂਦਾ ਹੀ ਚੌਧਵੀਂ {ਫੋਰਥ ਯੀਅਰ} ਵਿਚ ਦਾਖ਼ਲ ਹੋ ਗਿਆ। ਨਵੇਂ ਵਾਤਾਵਰਣ ਵਿਚ ਉਹ ਕੁਛ ਓਪਰਾ ਓਪਰਾ ਮਹਿਸੂਸ ਕਰ ਰਿਹਾ ਸੀ। ਕੁਲਵੰਤ ਨੇ ਉਹਦੇ ਕੋਲ ਬਹਿ ਕੇ ਬੜੀ ਹਲੀਮੀ ਨਾਲ ਪੁੱਛਿਆ, "ਕੀ ਗੱਲ ਏ? ਤੁਸੀਂ ਕੁਛ ਗੁਆਚੇ ਗੁਆਚੇ ਭਾਸਦੇ ਓ?"

"ਕੋਈ ਖ਼ਾਸ ਗੱਲ ਨਹੀਂ। ਸਾਲਾਂ ਦੇ ਬਣਾਏ ਹੋਏ ਮਿੱਤਰਾਂ ਵਿਚੋਂ ਨਿਖੜ ਕੇ ਨਵੇਂ ਥਾਂ ਜਾਣ ਨਾਲ ਐਸਾ ਹੋ ਹੀ ਜਾਂਦਾ ਏ।" ਗੁਰਸ਼ਰਨ ਨੇ ਨਿੰਮ੍ਹਾ ਜਿਹਾ ਮੁਸਕਰਾਉਂਦਿਆਂ ਉੱਤਰ ਦਿਤਾ।

"ਉਦਾਸ ਨਾ ਹੋਵੋ। ਜਿਹੜਾ ਮਿੱਤਰਾਂ ਵਿਚ ਰਹਿਣ ਦਾ ਚਾਹਵਾਨ ਹੋਵੇ; ਉਹਨੂੰ ਹਰ ਥਾਂ ਮਿੱਤਰ ਮਿਲ ਜਾਂਦੇ ਨੇ। ਆਪਾਂ ਨੇੜੇ ਹੋ ਵੇਖੀਏ। ਸ਼ਾਇਦ ਮੈਂ ਤੁਹਾਡੀ ਇਹ ਘਾਟ ਪੂਰੀ ਕਰ ਸਕਾਂ।" ਕੁਲਵੰਤ ਨੇ ਉਹਦਾ ਪਿਆਰ ਨਾਲ ਹੱਥ ਘੁਟਦਿਆਂ ਕਿਹਾ।

"ਗੁਰੂ ਕਰੇ, ਅਸੀਂ ਚੰਗੇ ਮਿੱਤਰ ਬਣਕੇ ਜੀਵਨ ਮਾਣ ਸਕੀਏ।" ਕਹਿੰਦਿਆਂ ਹੋਇਆਂ ਗੁਰਸ਼ਰਨ ਨੇ ਕੁਲਵੰਤ ਨੂੰ ਜੱਫੀ ਵਿਚ ਘੁੱਟ ਲਿਆ।

ਜਮਾਤੀ ਤਾਂ ਉਹ ਕਾਨੂੰਨੀ ਤੌਰ 'ਤੇ ਬਣ ਚੁਕੇ ਸਨ, ਤੇ ਮਿੱਤਰ ਉਹਨਾਂ ਨੂੰ ਦਿਲਾਂ ਦੀ ਸਾਂਝੀ ਧੜਕਣ ਨੇ ਬਣਾ ਦਿਤਾ। ਥੋੜੇ ਦਿਨਾਂ ਵਿਚ ਹੀ ਉਹ ਇਕ ਦੂਜੇ ਦੇ ਕਾਫ਼ੀ ਨੇੜੇ ਹੋ ਗਏ। ਵਧਦੀ ਸਾਂਝ ਦਾ ਸਦਕਾ ਕੁਲਵੰਤ ਗੁਰਸ਼ਰਨ ਕੇ ਘਰ ਆਉਣ ਜਾਣ ਲੱਗ ਪਿਆ। ਉਹਦਾ ਆਉਣਾ ਸਾਰੇ ਪਰਵਾਰ ਨੂੰ ਚੰਗਾ ਚੰਗਾ ਲੱਗਾ। ਦਰਸ਼ਨ ਦੇ ਮਨ ਨੂੰ ਤਾਂ ਉਹ ਕਾਹਨ ਵਾਂਗ ਭਾ ਗਿਆ।

ਕੁਲਵੰਤ ਦੀ ਥਾਂ ਥਾਂ ਭਟਕਦੀ ਨਜ਼ਰ ਇਕ ਥਾਂ ਟਿਕ ਗਈ। ਦਰਸ਼ਨ ਉਹਦੀ ਪਿਆਸੀ ਨਿਗ੍ਹਾ ਦੀ ਕੇਂਦਰ ਬਣ ਗਈ। ਚਾਰੇ ਅੱਖਾਂ ਉਲਝ ਗਈਆਂ ਤੇ ਉਹ ਇਕ ਦੂਜੇ ਨੂੰ ਵੇਖਣ ਦੇ ਬਹਾਨੇ ਟੋਲਣ ਲੱਗ ਪਏ।

ਦਰਸ਼ਨ ਦੀ ਮਾਂ ਏਸ ਮੇਲ ਮਿਲਾਪ 'ਤੇ ਦਿਲੋਂ ਬੜੀ ਖ਼ੁਸ਼ ਸੀ। ਉਹਨੇ ਪੱਜ ਬਹਾਨੇ ਕੁਲਵੰਤ ਨੂੰ ਇਹ ਗੱਲ ਸੁਝਾਅ ਵੀ ਦਿਤੀ।

ਏਨੀ ਸ਼ਹਿ ਮਿਲਨ 'ਤੇ ਦਰਸ਼ਨ ਤੇ ਕੁਲਵੰਤ ਦਾ ਮਿਲਾਪ ਪ੍ਰੇਮ ਵਿਚ ਬਦਲ ਗਿਆ। ਏਥੋਂ ਤਕ, ਕਿ ਦੋਹਾਂ ਵਿਚ ਜੀਵਨ-ਭਰ ਇਕ ਦੂਜੇ ਦੇ ਹੋ ਕੇ ਰਹਿਣ ਦੇ ਪ੍ਰਣ ਹੋ ਗਏ। ਨੇੜੇ ਹੁੰਦੇ ਹੁੰਦੇ ਉਹ ਇਕ ਦੂਜੇ ਦੇ ਸੁਪਨਿਆਂ ਵਿਚ ਸਮਾਂ ਗਏ।

## ੧੪

ਕੁਲਵੰਤ ਭਾਵੇਂ ਜਵਾਨ ਹੋ ਗਿਆ ਸੀ, ਪਰ ਜਿਸ ਵੇਲੇ ਮਨਜੀਤ ਦੇ ਸਾਮ੍ਹਣੇ ਆਉਂਦਾ, ਉਹਦੀ ਅਵਸਥਾ ਬਦਲ ਜਾਂਦੀ। ਉਹ ਆਪਣੇ ਆਪ ਨੂੰ ਪੰਜ ਸੱਤ ਸਾਲ ਦਾ ਬੱਚਾ ਅਨੁਭਵ ਕਰਨ ਲੱਗ ਪੈਂਦਾ। ਇਹ ਜਾਣਦਿਆਂ ਹੋਇਆਂ ਵੀ, ਕਿ ਮਨਜੀਤ ਉਹਦੀ ਭਰਜਾਈ ਹੈ, ਉਹਨੂੰ ਉਹ ਭਰਜਾਈ ਮਹਿਸੂਸ ਨਹੀਂ ਸੀ ਹੁੰਦੀ। ਉਹ ਉਹਨੂੰ ਮਾਂ ਨਾਲੋਂ ਵੀ ਮਿੱਠੀ ਚੀਜ਼ ਭਾਸਦੀ ਸੀ। ਉਹਦੇ ਕੋਲ ਆ ਕੇ ਉਹ ਬਾਲਾਂ ਵਾਂਗ ਮੱਛਰਨ ਲੱਗ ਪੈਂਦਾ। ਉਹ ਉਹਦੇ ਨਾਲ ਘੁਲਦਾ, ਉਹਦੀ ਛਾਤੀ 'ਤੇ ਲੇਟਦਾ, ਉਹਦੀਆਂ ਜੇਬਾਂ ਫੋਲਦਾ, ਤੇ ਜਦ ਬਹੁਤੇ ਹੀ ਲਾਡ ਵਿਚ ਹੁੰਦਾ, ਤਾਂ ਕਹਿੰਦਾ, 'ਚੁੰਮ ਮੇਰਾ ਮੱਥਾ।' ਉਹ ਓਨੀ ਦੇਰ ਤਕ ਉਹਦਾ ਖਹਿੜਾ ਨਾ ਛੱਡਦਾ, ਜਦ ਤਕ ਉਹ ਮੱਥਾ ਚੁੰਮ ਨਾ ਲੈਂਦੀ।। ਉਹਨੂੰ ਅੰਮ੍ਰਿਤ ਨਾਲੋਂ ਵੀ ਵੱਧ ਸੁਆਦ ਆਉਂਦਾ ਮਨਜੀਤ ਦੇ ਬੁੱਲ੍ਹਾਂ 'ਚੋਂ।

ਕਦੇ ਕਦੇ ਉਹਦੀਆਂ ਅੱਖੜ-ਖਾਂਦੀਆਂ ਤੋਂ ਕਾਹਲੀ ਪੈ ਕੇ ਮਨਜੀਤ ਕਹਿੰਦੀ, "ਭਲਕੇ ਵਹੁਟੀ ਘਰ ਆ ਜਾਇਗੀ, ਤਾਂ ਉਹਦੇ ਕੋਲ ਬੈਠਿਆਂ ਵੀ

ਆਖਿਆ ਕਰੀਂ, 'ਲੈ ਚੁੰਮ ਮੇਰਾ ਮੱਥਾ' । ਫੇਰ ਚੰਗੀ ਰਹਿ ਆਵੇਗੀ ।"

"ਕਿਉਂ ? ਫੇਰ ਕੀ ਹੋ ਜਾਊ ? ਓਦੋਂ ਸਗੋਂ ਤੁਹਾਡਾ ਕੰਮ ਵਧ ਜਾਏਗਾ, ਇਕ ਦੇ ਥਾਂ ਤੁਹਾਨੂੰ ਦੋ ਮੱਥੇ ਚੁੰਮਣੇ ਪਿਆ ਕਰਨਗੇ ।"

ਮਨਜੀਤ ਦੇ ਅੰਦਰੋਂ ਮੱਧਮ ਜੇਹਾ ਹਉਕਾ ਉਠਦਾ, 'ਕੀ ਉਹ ਵੀ ਮੇਰਾ ਏਨਾ ਮਾਣ ਕਰਿਆ ਕਰੇਗੀ ?' ਪਰ ਇਹ ਗੱਲ ਉਹ ਮੂੰਹੋਂ ਕਦੇ ਨਾ ਕਢਦੀ ।

ਅੱਜ ਜਦ ਕੁਲਵੰਤ ਘਰ ਪੁੱਜਾ, ਮਨਜੀਤ ਓਹਾ ਸੂਟ ਪਾਈ ਦਲ੍ਹੀਜਾਂ 'ਚ ਖਲੀ ਉਡੀਕ ਰਹੀ ਸੀ । ਕੁਲਵੰਤ ਖ਼ੁਸ਼ੀ ਵਿਚ ਉਛਲ ਪਿਆ । ਉਹਨੇ ਕਿਤਾਬਾਂ ਭੋਇੰ 'ਤੇ ਪਟਕ ਦਿਤੀਆਂ । "ਭਈ ਬਹੁਤ ਖ਼ੂਬ ! ਅਜ ਤਾਂ ਪੰਜ ਵਾਰ ਮੱਥਾ ਚੁੰਮੋਂਗੇ, ਤਾਂ ਛੱਡਾਂਗਾ ।" ਤੇ ਉਹ ਬਾਲਾਂ ਵਾਂਗ ਮਨਜੀਤ ਦੇ ਗਲ ਨੂੰ ਚੰਬੜ ਗਿਆ ।

ਅੱਜ ਪਹਿਲੇ ਦਿਨ ਮਨਜੀਤ ਨੂੰ ਕੁਲਵੰਤ ਦੀ ਛੁਹ ਓਪਰੀ ਓਪਰੀ ਮਹਿਸੂਸ ਹੋਈ । ਉਹਦੇ ਸਾਰੇ ਸਰੀਰ ਵਿਚ ਜਿਵੇਂ ਬਿਜਲੀ ਦੀ ਕਰੰਟ ਫਿਰ ਗਈ । ਕੰਬ ਉਠੀ ਉਹ ਸਿਰ ਤੋਂ ਪੈਰਾਂ ਤਕ । ਉਹਦੀ ਰੂਹ ਨੇ ਇਉਂ ਅਨੁਭਵ ਕੀਤਾ, ਜਿਵੇਂ ਸੂਰਤ ਦੀ ਪਹਿਲੀ ਛੁਹ ਤੋਂ ਮਹਿਸੂਸ ਹੋਇਆ ਸੀ । ਉਹ ਗਲ ਨਾਲੋਂ ਕੁਲਵੰਤ ਦੀਆਂ ਬਾਹੀਂ ਛੁਡਾਉਣ ਦਾ ਯਤਨ ਕਰਦੀ ਹੋਈ ਬੋਲੀ, "ਛੱਡ ਅੜਿਆ ! ਅੱਜ ਮੇਰਾ ਜੀ ਨਹੀਂ ਠੀਕ ।"

"ਜੀ ਕਾਹਦੇ ਨਾਲ ਠੀਕ ਹੋਵੇ ? ਮੱਥਾ ਚੁੰਮੋਂਗੇ, ਤਾਂ ਹੋਵੇਗਾ ਨਾਂ ।" ਕੁਲਵੰਤ ਨੇ ਮੱਲੋ ਮੱਲੀ ਮੱਥਾ ਉਹਦੇ ਬੁਲ੍ਹਾਂ ਨਾਲ ਲਾ ਦਿਤਾ ।

ਮੱਥੇ ਨਾਲ ਪਿਆਸੇ ਬੁੱਲ੍ਹ ਛੁਹੰਦਿਆਂ ਹੀ ਮਨਜੀਤ ਦੀਆਂ ਅੱਖਾਂ ਮਿਟ ਗਈਆਂ, ਜਿਵੇਂ ਪਹਿਲੀ ਵਾਰ ਨਸ਼ਾ ਪੀਣ ਨਾਲ ਹੁੰਦਾ ਹੈ ।

"ਇਕ, ਦੋ, ਤਿੰਨ, ਹਾਂ ਹਾਂ, ਛੇਤੀ ਕਰੋ, ਚਾਰ, ਬੱਸ ਇਕ ਵਾਰ ਹੋਰ, ਪੰਜ । ਸ਼ਾਬਾਸ਼ ! ਲਿਆਓ, ਦਿਹੋ ਇਨਾਮ ।"

"ਇਨਾਮ ?" ਮਨਜੀਤ ਆਪਣੇ ਮੱਥੇ 'ਤੇ ਹੱਥ ਫੇਰ ਰਹੀ ਸੀ । ਉਹਦੇ ਅੰਦਰ ਸਾਲਾਂ ਦੀ ਪਿਆਸੀ ਆਤਮਾ ਹਉਕੇ ਭਰ ਰਹੀ ਸੀ । 'ਕੁਲਵੰਤ ! ਮੇਰੀ ਹਾਲਤ ਵੱਲ ਵੀ ਵੇਖ । ਕਈਆਂ ਸਾਲਾਂ ਤੋਂ ਮੇਰਾ ਅਭਾਗਾ ਮੱਥਾ ਤਪ ਰਿਹਾ ਏ । ਜ਼ਰਾ ਪਿਆਰ ਵਾਲੇ ਬੁੱਲ੍ਹ ਛੁਹਾ ਕੇ ਇਹਨੂੰ ਵੀ ਠੰਢਾ ਕਰਦੇ ।' ਪਰ ਉਹਦੇ ਸਬਰ ਸੰਤੋਖ ਨੇ ਉਹਦੇ ਮੂੰਹੋਂ ਇਹ ਵਾਕ ਨਾ ਨਿਕਲਨ ਦਿਤੇ ।

ਮਨਜੀਤ ਦੇ ਜੀ ਨੂੰ ਕੁਛ ਹੋਇਆ । ਉਹ ਛੇਤੀ ਛੇਤੀ ਰਸੋਈ ਵੱਲ ਚਲੀ ਗਈ । ਮਗਰੇ ਕੁਲਵੰਤ ਵੀ ਚਲਿਆ ਗਿਆ । ਮਨਜੀਤ ਦੇ ਦੋਵੇਂ ਡੌਲੇ ਫੜ ਕੇ

ਉਹਨੇ ਸਾਮ੍ਹਣੇ ਖਲੋ ਕੇ ਕਿਹਾ, "ਭਾਬੀ ਜੀ ! ਸੱਚੀਂ ! ਬੜਾ ਸੋਹਣਾ ਫਬਦਾ ਏ । ਇਹ ਸੂਟ ਲਾਹਿਓ ਨਾ । ਹੁਣ ਮੈਂ ਆਪ ਤੁਹਾਡੇ ਵਾਸਤੇ ਕਪੜਾ ਖਰੀਦ ਕੇ ਲਿਆਇਆ ਕਰਾਂਗਾ ।"

"ਕੁਲਵੰਤ ! ਨਹੀਂ ਚੰਗਾ ਲਗਦਾ ਮੈਨੂੰ ।" ਮਨਜੀਤ ਦੀਆਂ ਅੱਖਾਂ ਵਿਚ ਬੇਮਲੂਮਾ ਜੇਹਾ ਪਾਣੀ ਤਰ ਆਇਆ, ਪਰ ਉਹਨੇ ਪਰਗਟ ਨਾ ਹੋਣ ਦਿਤਾ ।

"ਹੱਛਾ, ਮੈਨੂੰ ਤਾਂ ਚੰਗਾ ਲੱਗਦਾ ਏ ਨਾ ! ਮੇਰੇ ਵਾਸਤੇ ਸਹੀ । ਮੇਰੀ ਚੰਗੀ ਭਾਬੀ । ਨਾਲੇ ਅੱਜ ਕੜਾਹ ਤੇ ਖੀਰ ਬਣਾਓ । ਮੈਂ ਦੁੱਧ ਲਿਆਉਂਦਾ ।" ਕੁਲਵੰਤ ਬਾਲਟੀ ਫੜ ਕੇ ਦੁਧ ਲੈਣ ਚਲਾ ਗਿਆ ।

ਮਨਜੀਤ ਵਿਚ ਹਿੰਮਤ ਨਹੀਂ ਸੀ ਕੁਲਵੰਤ ਦੀ ਰੀਝ ਟਾਲਣ ਦੀ । ਉਹ ਕੜਾਹ ਬਣਾਉਂਦੀ ਸੋਚ ਰਹੀ ਸੀ, 'ਸਾਰੇ ਢੋ ਓਹਾ ਢੁਕਦੇ ਜਾਂਦੇ ਨੇ । ਖ਼ਬਰੇ ਅਜੇ ਕਿਸਮਤ ਨੇ ਮੈਨੂੰ ਕਿੱਥੇ ਪੁਚਾਉਣਾ ਏ ? ਅੱਜ ਦੇ ਦਿਨ ਮੇਰੀ ਸੁਹਾਗ ਰਾਤ ਸੀ । ਪਹਿਲੇ ਡੰਗ ਸੱਸ ਨੇ ਕੜਾਹ ਤੇ ਖੀਰ ਬਣਾਈ ਸੀ । ਕੁਲਵੰਤ ਨੂੰ ਮੇਰੇ ਦਿਲ ਵਿਚ ਉਠ ਰਹੇ ਤੂਫ਼ਾਨਾਂ ਦਾ ਪਤਾ ਲੱਗ ਜਾਵੇ, ਤਾਂ ਉਹ ਮੈਨੂੰ ਕਿੰਨੀ ਮਾੜੀ ਸਮਝੇ ? ਤੇ ਗੱਲ ਵੀ ਤਾਂ ਮਾੜੀ ਈ ਏ ਨਾ । ਜੀਹਨੂੰ ਮੈਂ ਪੁੱਤਰਾਂ ਵਾਂਗ ਪਾਲਿਆ ਏ, ਮਨ ਪਾਪੀ ਓਸੇ 'ਤੇ ਭਰਮ ਪਿਆ ਏ । ਮੈਂ ਸੂਰਤ ਦੀ ਅਮਾਨਤ ਆਂ । ਅੱਜ ਸੋਲਾਂ ਵਰ੍ਹੇ ਹੋ ਗਏ ਨੇ ਘਰੋਂ ਸੁਹਾਗ ਤੁਰੇ ਨੂੰ । ਕਿਸੇ ਨਾਲ ਵੀ ਉਹਨਾਂ ਦਾ ਮੁਹਾਂਦਰਾ ਨਹੀਂ ਸੀ ਮਿਲਦਾ । ਕੋਈ ਵੀ ਉਹਨਾਂ ਵਰਗਾ ਅੱਜ ਤਕ ਨਹੀਂ ਦਿਸਿਆ । ਪਰ ਕੁਲਵੰਤ ਦਾ ਮੁਹਾਂਦਰਾ ਉਹਨਾਂ ਨਾਲ ਕਿਉਂ ਮਿਲਦਾ ਏ ? ਦੋਵੇਂ ਭਰਾ-ਜੁ ਹੋਏ । ਅੱਛਰੋ ਦਾ ਭਰਾ ਮਰ ਗਿਆ ਸੀ । ਉਹਦੀ ਵਹੁਟੀ ਉਹਨਾਂ ਦਿਉਰ ਦੇ ਘਰ ਬਹਾ ਦਿਤੀ ਸੀ । ਕਿੰਨੀ ਚੰਗੀ ਜ਼ਿੰਦਗੀ ਨਿਭੀ ਸੀ ਉਹਨਾਂ ਦੀ ? ਦਿਉਰ ਭਰਜਾਈ ਦਾ ਸਾਕ ਜੁ ਅਜੇਹਾ ਹੀ ਹੋਇਆ । ਸਿਆਣੇ ਆਹੰਦੇ ਨੇ, ਸਾਕ ਓਸ ਘਰ ਕਰੀਏ, ਜਿੱਥੇ ਤਿੰਨ ਚਾਰ ਭਰਾ ਹੋਣ । ਏਸੇ ਵਾਸਤੇ ਈ ਕੇ ! ਇਕ ਅੱਧਾ ਦਿਉਰ ਹੋਵੇ, ਤਾਂ ਔਖੀ ਵੇਲੇ ਸਹਾਰਾ ਹੁੰਦਾ ਏ । ਕੁਲਵੰਤ ਵੀ ਮੇਰਾ ਦਿਉਰ...। ਹਾਏ-ਹਾਏ, ਅੱਜ ਮੈਨੂੰ ਕੀ ਹੋ ਗਿਆ ਏ ? ਮੇਰੇ ਖਿਆਲ ਕਿਧਰ ਭਟਕ ਰਹੇ ਨੇ ? ਕੁਲਵੰਤ ਮੈਥੋਂ ਕਿੰਨਾ ਛੋਟਾ ਏ ? ਨਿੱਕੇ ਹੁੰਦੇ ਖ਼ਬਰੇ ਉਹ ਵੀ ਏਹੋ ਜੇਹੇ ਹੀ ਹੋਣ । ਜਦੋਂ ਮੈਂ ਵੇਖਿਆ ਸੀ, ਓਦੋਂ ਉਹ ਏਸੇ ਵਰਗੇ ਸਨ, ਬਿਲਕੁਲ ਏਹੋ ਜੇਹੇ । ਏਡਾ ਕੱਦ, ਏਹਾ ਉਮਰ, ਏਹੋ ਮੁਹਾਂਦਰਾ, ਏਸੇ ਤਰ੍ਹਾਂ ਦੀ ਵਾਜ । ਮੈਨੂੰ ਤਾਂ ਇਉਂ ਭੁਲੇਖਾ ਪੈਂਦਾ ਏ, ਜਿਵੇਂ ਮੈਨੂੰ ਛਲਨ ਵਾਸਤੇ ਓਹਾ ਫੇਰ ਆ ਗਏ ਨੇ । ਇਹ ਓਹਾ ਨੇ, ਓਹਾ, ਮੇਰੇ ਸੂਰਤ ।...ਹਾਇ ਮੈਂ ਮਰ ਜਾਣੀ ! ਵੇ ਕੁਲਵੰਤ ! ਡਾਢਿਆ, ਕੀ ਲੈਣਾ ਈਂ ਸੂਰਤ ਬਣ ਕੇ ? ਤੂੰ

ਮੇਰਾ ਕੁਲਵੰਤ ਈ ਬਣਿਆ ਰਹੇ । ਸੂਰਤ ਬਣ ਕੇ ਆਪ ਵੀ ਔਖਾ ਹੋਵੇਗਾ ਤੇ ਮੈਂ ਵੀ ਕਿਸੇ ਥਾਂ ਜੋਗੀ ਨਹੀਂ ਰਹਾਂਗੀ ।'

ਮਨਜੀਤ ਤੋਂ ਆਪਣਾ ਆਪ ਕਾਬੂ ਨਾ ਰਿਹਾ । ਉਹ ਗੋਡੇ ਉਤੇ ਸਿਰ ਰੱਖ ਕੇ ਰੋਣ ਲਗ ਪਈ । ਉਹਨੂੰ ਲਕੜਾਂ ਅਗ੍ਹਾਂ ਕਰਨ ਦਾ ਵੀ ਚੇਤਾ ਨਾ ਰਿਹਾ । ਚੁੱਲ੍ਹੇ ਵਿਚੋਂ ਅੱਗ ਬੁਝ ਗਈ । ਐਨ ਉਸੇ ਵੇਲੇ ਕੁਲਵੰਤ ਬਾਹਰੋਂ ਆ ਗਿਆ । "ਭਾਬੀ ਜੀ । ਕੀ ਗੱਲ ਏ ?" ਉਹਨੇ ਹੈਰਾਨ ਹੋ ਕੇ ਪੁੱਛਿਆ ।

ਚੋਰ ਸੰਨ੍ਹ ਤੋਂ ਫੜਿਆ ਗਿਆ । ਓਹਾ ਗੱਲ ਹੋਈ, ਜਿਸ ਤੋਂ ਮਨਜੀਤ ਡਰਦੀ ਸੀ । ਅੰਦਰ ਦੀ ਅੱਗ ਉਹਦੀ ਲੁਕਾਈ ਕੀ ਕਰੇਗੀ, ਜੇ ਹੰਝੂ ਪਰਦਾ ਨਾ ਰਹਿਣ ਦੇਣਗੇ । ਕਿਸੇ ਵੱਡੇ ਗੁਨਾਹਗਾਰ ਵਾਂਗ ਕੰਬ ਉਠੀ ਉਹ । ਅੱਖਾਂ ਪੂੰਝਦੀ ਹੋਈ ਉਹ ਸੰਭਲ ਕੇ ਬੋਲੀ, "ਧੂੰਆਂ ਪੈ ਗਿਆ ਏ ਅੱਖਾਂ ਵਿਚ ।"

"ਤੇ ਅੱਗ ਨਹੀਂ ਬਾਲੀ ਦੀ ? ਤੁਹਾਡਾ ਧਿਆਨ ਅੱਜ ਖ਼ਬਰੇ ਕਿੱਥੇ ਆ ?" ਦੁੱਧ ਦੀ ਬਾਲਟੀ ਪਾਸੇ ਰੱਖ ਕੇ ਕੁਲਵੰਤ ਆਪ ਅੱਗ ਬਾਲਣ ਬਹਿ ਗਿਆ । ਲਕੜਾਂ ਅਗ੍ਹਾਂ ਕਰ ਕੇ ਉਤੇ ਮਿੱਟੀ ਦੇ ਤੇਲ ਦਾ ਛੱਟਾ ਮਾਰ ਕੇ ਉਹਨੇ ਅੱਗ ਬਾਲ ਦਿੱਤੀ ।

'ਮੇਰਾ ਧਿਆਨ ? ਕੁਲਵੰਤ, ਤੂੰ ਵੀ ਮੈਥੋਂ ਪੁੱਛਦਾ ਏਂ ?' ਮਨਜੀਤ ਨੇ ਦਿਲ ਵਿਚ ਕਿਹਾ ।

ਕੁਲਵੰਤ ਨੇ ਇਕ ਵਾਰ ਫਿਰ ਨਿਗ੍ਹਾ ਭਰ ਕੇ ਮਨਜੀਤ ਦੇ ਚਿਹਰੇ ਵੱਲੇ ਤਕਿਆ । "ਭਾਬੀ ਜੀ ! ਕੀ ਗੱਲ ਏ ਤਾਂ ਵੀ ? ਤੁਹਾਡਾ ਰੰਗ ਕੇਹੋ ਜੇਹਾ ਹੋਇਆ ਹੋਇਆ ਏ ?"

"ਐਵੇਂ ਸਿਰ ਪੀੜ ਹੋ ਰਹੀ ਏ ।"

"ਤਾਂ ਤੁਸਾਂ ਇਹ ਖਲਾਰਾ ਨਹੀਂ ਸੀ ਖਲਾਰਨਾ ।"

"ਤੇਰੀ ਰੀਝ ਮੈਂ ਕਿਵੇਂ ਟਾਲ ਸਕਦੀ ਸਾਂ ?"

"ਤੁਹਾਨੂੰ ਤਕਲੀਫ ਜੂ ਸੀ । ਤੁਸੀਂ ਮੈਨੂੰ ਕਹਿ ਦੇਂਦੇ । ਹੱਛਾ ਉਠੋ ਤੁਸੀਂ । ਮੈਂ ਬਣਾਉਂਦਾ ਹਾਂ ।"

"ਕੋਈ ਨਹੀਂ, ਬਹਿ ਜਾ ਤੂੰ ।"

"ਉਠੋ ਨਾ ਤੁਸੀਂ । ਐਥੇ ਬਹਿ ਕੇ ਚੌਂਸੀ ਜਾਓ ।" ਬਾਹੋਂ ਫੜ ਕੇ ਕੁਲਵੰਤ ਨੇ ਮਨਜੀਤ ਨੂੰ ਪਾਸੇ ਪੀੜੀ ਤੇ ਬਿਠਾ ਦਿਤਾ ਤੇ ਆਪ ਮਸੌਦ ਹਿਲਾਉਣ ਲੱਗ ਪਿਆ ।

ਦੋਹਾਂ ਜਣਿਆਂ ਰਲ ਕੇ ਰੋਟੀ ਤਿਆਰ ਕੀਤੀ । ਥਾਲ ਪਰੋਸ ਕੇ ਮਨਜੀਤ ਨੇ

ਕੁਲਵੰਤ ਅੱਗੇ ਧਰਿਆ, ਤਾਂ ਉਹਨੇ ਮਨਜੀਤ ਦਾ ਹੱਥ ਫੜ ਕੇ ਬੜੀ ਨਮਰਤਾ ਨਾਲ ਕਿਹਾ, "ਭਾਬੀ ਜੀ ! ਪਿਆਰੀ ਭਾਬੀ, ਬਹੋ, ਮਿੰਤ ਨਾਲ । ਆਓ ਬਹਿ ਜੋ । ਕਿੰਨਾ ਚਿਰ ਹੋ ਗਿਆ ਏ ਕੱਠਿਆਂ ਬਹਿ ਕੇ ਖਾਧਿਆਂ । ਮੈਨੂੰ ਬੜੀ ਰੀਝ ਰਹਿੰਦੀ ਏ ।"

"ਕਿੰਨਾ ਕੁ ਚਿਰ ਹੋ ਗਿਆ ਏ ? ਅਜੇ ਤਾਂ ਐਤਵਾਰ ਕੱਠਿਆਂ ਖਾਧਾ ਸੀ ।"

"ਐਤਵਾਰ ਵੀ ਕੋਈ ਦਿਨਾਂ 'ਚ ਗਿਣੀਦਾ ਏ ? ਬਹਿ ਜੋ ।"

"ਕੁਲਵੰਤ ! ਬੜਾ ਤੰਗ ਕਰਦਾ ਏਂ ਤੂੰ ।" ਤੇ ਉਹ ਨਾਲ ਬਹਿ ਕੇ ਖਾਣ ਲੱਗ ਪਈ !

ਦੋ-ਕੁ ਚਮਚੇ ਮੂੰਹ 'ਚ ਪਾ ਕੇ ਕੁਲਵੰਤ ਨੇ ਗੰਭੀਰ ਹੋ ਕੇ ਕਿਹਾ, "ਸੱਚ ਦੱਸਾਂ, ਭਾਬੀ ਜੀ ! ਮੇਰੇ ਅੰਦਰ ਜਨਮ ਭਰ ਦੀ ਭੁੱਖ ਏ; ਮਾਂ ਪਿਆਰ ਦੀ ਭੁੱਖ । ਤੁਹਾਡੇ ਨਾਲ ਲਾਡ ਕਰਦਿਆਂ ਮੇਰੀ ਉਹ ਭੁੱਖ ਸ਼ਾਂਤ ਹੁੰਦੀ ਏ । ਮੈਂ ਭਾਵੇਂ ਪੁੱਤਾਂ ਪੋਤਰਿਆਂ ਵਾਲਾ ਵੀ ਹੋ ਜਾਵਾਂ, ਤੁਹਾਡੀ ਗੋਦੀ ਵਿਚ ਛੋਟਾ ਜਿਹਾ ਬਾਲ ਬਣ ਕੇ ਖੇਡਿਆ ਕਰਾਂਗਾ । ਭਗਤ ਨੂੰ ਰੱਬ ਨਾਲ ਮਿਲ ਕੇ ਸ਼ਾਇਦ ਓਨਾ ਆਨੰਦ ਨਾ ਆਉਂਦਾ ਹੋਵੇ, ਜਿੰਨਾ ਮੈਨੂੰ ਤੁਹਾਡੇ ਗਲ ਵਿਚ ਬਾਹੀਂ ਪਾ ਕੇ ।"

ਮਨਜੀਤ ਦੇ ਅੰਦਰੋਂ ਹਉਕਾ ਨਿਕਲ ਚਲਿਆ ਸੀ, ਪਰ ਉਹਨੇ ਮੱਲੋ ਜ਼ੋਰੀ ਰੋਕ ਲਿਆ । ਉਹਦੀ ਆਤਮਾ ਪੁਕਾਰ ਰਹੀ ਸੀ, 'ਕੁਲਵੰਤ ! ਆਪਣੀ ਭੁੱਖ ਦਾ ਤੈਨੂੰ ਪਤਾ ਏ, ਪਰ ਮੈਂ ਆਪਣੀ ਭੁੱਖ ਕੀਹਦੇ ਅੱਗੇ ਪਰਗਟ ਕਰਾਂ ?' ਖੰਘੂਰਾ ਮਾਰ ਕੇ ਉਹਨੇ ਕਿਹਾ, "ਤੇਰੀ ਵਹੁਟੀ ਰਾਣੀ ਵੀ ਏਨਾ ਆਦਰ ਕਰੇਗੀ, ਤਾਂ......।"

"ਏਹਾ ਡਰ ਮੈਨੂੰ ਏਂ । ਭਾਬੀ ! ਜੇ ਉਹਨੇ ਤੁਹਾਨੂੰ ਨਾ ਸਮਝਿਆ, ਤਾਂ ਮੇਰਾ ਜੀਵਨ ਨਰਕ ਬਰਾਬਰ ਹੋ ਜਾਏਗਾ । ਮੈਂ ਤਾਂ ਏਸ ਡਰੋਂ ਕੋਈ ਵਾਰ ਸੋਚਦਾਂ, ਕਿ ਵਿਆਹ ਕਰਾਵਾਂ ਈ ਨਾਂ ।"

"ਹੱਛਾ, ਛੱਡ ਇਹ ਗੱਲਾਂ । ਛੇਤੀ ਖਾਹ ਰੋਟੀ, ਮੈਂ ਅੱਜ ਤਕੜੀ ਨਹੀਂ ।" ਤੇ ਉਹ ਵਿਚੋਂ ਛੱਡ ਕੇ ਉਠ ਬੈਠੀ ।

ਮਨਜੀਤ ਦੀ ਬੜੀ ਰੀਝ ਸੀ, ਕਿ ਕੋਈ ਉਹਨੂੰ ਫੇਰ ਬਾਂਹੋਂ ਫੜ ਕੇ ਬਹਾ ਲੈਂਦਾ । ਕੁਲਵੰਤ ਨਾਲ ਨਹੀਂ, ਉਹ ਸੂਰਤ ਨਾਲ ਰੋਟੀ ਖਾਣ ਬੈਠੀ ਸੀ । ਪੁਰਾਣੀ ਯਾਦ ਉਹਦੇ ਅੰਦਰ ਮਚਲ ਰਹੀ ਸੀ । ਪਹਿਲੇ ਦਿਨ ਉਹਨੇ ਤੇ ਸੂਰਤ ਨੇ ਕੱਠੀ ਰੋਟੀ ਖਾਧੀ ਸੀ । ਮਾਂ ਉਹਨਾਂ ਦੇ ਅੰਦਰ ਰੋਟੀ ਰਖ ਕੇ ਬੂਹਾ ਢੋ ਕੇ ਚਲੀ ਗਈ ਸੀ । ਮਨਜੀਤ ਦੋ ਕੁ ਬੁਰਕੀਆਂ ਪਾ ਕੇ ਹਟ ਜਾਂਦੀ ਸੀ ਤੇ ਸੂਰਤ ਫੇਰ ਉਹਦੀ

ਬਾਂਹ ਫੜ ਕੇ ਨਾਲ ਲਾ ਲੈਂਦਾ ਸੀ। ਮਨਜੀਤ ਦੇ ਅੰਦਰ ਉਹ ਪੁਰਾਣੀ ਗੀਝ ਸਿਸਕ ਰਹੀ ਸੀ, ਕਿ ਨਾਲ ਖਾਣ ਵਾਲੇ ਨੇ ਉਹਨੂੰ ਫੇਰ ਫੜ ਕੇ ਕਿਉਂ ਨਹੀਂ ਬਿਠਾਇਆ। ਬੁਧੀ ਸਮਝਾ ਰਹੀ ਸੀ, 'ਨਾ ਕਲਪ ਵੈਰਨੇ! ਉਹ ਸੂਰਤ ਸੀ, ਤੇ ਇਹ ਕੁਲਵੰਤ।' ਇਸਤਰੀ ਰੂਹ ਫੇਰ ਜ਼ਿਦ ਕਰਦੀ, 'ਮੈਂ ਨਹੀਂ ਮੰਨਦੀ। ਹੁਣ ਕੁਲਵੰਤ ਹੀ ਮੇਰਾ ਸੂਰਤ ਏ।' ਬੁਧੀ ਨੇ ਜ਼ਰਾ ਝਿੜਕ ਕੇ ਕਿਹਾ, 'ਤੂੰ ਆਪੇ ਤਾਂ ਉਹਨੂੰ ਕਿਹਾ ਸੀ, ਕਿ ਮੈਂ ਤਕੜੀ ਨਹੀਂ। ਤੇਰੇ ਕਹੇ 'ਤੇ ਉਹਨੇ ਇਤਬਾਰ ਕਰ ਲਿਆ। ਹੁਣ ਕੇਹਾ ਬੁਸਕਣਾ? ਚੁੱਪ! ਏਸ ਭੇਤ ਨੂੰ ਏਥੇ ਈ ਠੱਪ ਦਿਹ।'

ਕੁਲਵੰਤ ਪੜ੍ਹਨ ਬਹਿ ਗਿਆ। ਮਨਜੀਤ ਭਾਂਡੇ ਸੰਭਾਲ ਕੇ ਆਪਣੇ ਅੰਦਰ ਜਾ ਲੰਮੀ ਪਈ। ਉਹ ਅੱਖਾਂ ਮੀਟ ਮੀਟ ਕੇ ਬੜਾ ਯਤਨ ਕਰਦੀ ਸੌਣ ਦਾ, ਪਰ ਨੀਂਦ ਕਿੱਥੇ? ਉਹਦਾ ਅੰਦਰ ਅੱਜ ਅਖਾੜਾ ਬਣਿਆ ਹੋਇਆ ਸੀ। ਮਨ, ਬੁੱਧੀ ਦਾ ਦੰਗਲ ਹੋ ਰਿਹਾ ਸੀ। ਬੁੱਧੀ ਬਥੇਰੀਆਂ ਮਸਾਲਾਂ ਦੇ ਦੇ ਸਮਝਾਉਣ ਦਾ ਯਤਨ ਕਰਦੀ, ਪਰ ਮਨ ਅਮੰਞ ਬਾਲਕ ਵਾਂਗ ਕੋਈ ਦਲੀਲ ਨਹੀਂ ਸੀ ਮੰਨਦਾ। ਉਹ ਇਕੋ ਹੀ ਰਟ ਲਾਈ ਜਾ ਰਿਹਾ ਸੀ, 'ਏਹਾ ਮੇਰਾ ਸੂਰਤ ਏ। ਇਹਦੇ ਬਿਨਾਂ ਮੈਥੋਂ ਨਹੀਂ ਰਿਹਾ ਜਾਂਦਾ।' ਬੁੱਧੀ ਝਿੜਕ ਕੇ ਕਹਿੰਦੀ, 'ਸੂਰਤ ਨਹੀਂ, ਇਹ ਕੁਲਵੰਤ ਏ, ਜ਼ਰਾ ਅੱਖਾਂ ਖੋਲ੍ਹ ਕੇ ਵੇਖ।' ਕੋਈ ਵੀ ਤਰਕ ਦਿਲ ਨਾ ਮੰਨਿਆਂ, ਤਾਂ ਬੁਧੀ ਨੇ ਆਖ਼ਰੀ ਵਾਰ ਕੀਤਾ 'ਕੀ ਤੂੰ ਇਸ ਨੂੰ ਏਸੇ ਵਾਸਤੇ ਪਾਲਿਆ ਸੀ, ਕਿ ਅੰਤ ਇਹਨੂੰ ਆਪਣੀਆਂ ਖ਼ਾਹਸ਼ਾਂ ਦਾ ਸ਼ਿਕਾਰ ਬਣਾਵੇਂ? ਆਪਣੀ ਕੁਰਬਾਨੀ ਦਾ ਮੁੱਲ ਵਸੂਲਣਾ ਚਾਹੁੰਦੀ ਏਂ? ਉਹਦੀ ਉਮਰ ਤੇ ਆਪਣੀ ਉਮਰ ਵੱਲ ਤਾਂ ਵੇਖ। ਉਹਦੀ ਜਵਾਨੀ ਉਤੇ ਤਰਸ ਕਰ। ਕੀ ਇਹ ਬੁਢਾਪਾ ਉਹਦੀ ਜਵਾਨੀ ਨੂੰ ਖ਼ੁਸ਼ ਕਰ ਸਕੇਗਾ? ਤੇ ਜੇ ਤੂੰ ਉਹਦੀ ਜ਼ਿੰਦਗੀ ਤਬਾਹ ਕਰਨ 'ਤੇ ਤੁਲੀ ਹੋਈ ਏਂ, ਤਾਂ ਫੇਰ ਮੈਂ ਨਹੀਂ ਕਹਿੰਦੀ।"

ਮਨਜੀਤ ਤੜਪ ਉਠੀ। ਉਹਨੂੰ ਆਪਣੇ ਆਪ ਤੋਂ ਘਿਰਣਾ ਹੋ ਰਹੀ ਸੀ। ਉਹਨੇ ਦੋਹਾਂ ਹੱਥਾਂ ਨਾਲ ਮੂੰਹ ਕੱਜ ਲਿਆ। ਰਿਸਦੇ ਨਾਸੂਰ 'ਤੇ ਉਹਨੇ ਸਬਰ ਤੇ ਤਿਆਗ ਦੇ ਪੱਥਰ ਧਰ ਦਿਤੇ। ਕਦੇ ਕਦੇ ਉਹਦੇ ਅੰਦਰੋਂ ਮਧਮ ਜਿਹੀ ਸਿਸਕੀ ਨਿਕਲਦੀ, 'ਅੱਜ ਮੇਰੀ ਸੁਹਾਗ ਰਾਤ ਏ।'

੧੫.

ਕੁਲਵੰਤ ਪੜ੍ਹਦਾ ਪੜ੍ਹਦਾ ਇਕ ਵਜੇ ਸੌਂ ਗਿਆ। ਪਰ ਮਨਜੀਤ ਨੂੰ ਸਾਰੀ ਰਾਤ ਨੀਂਦ ਨਾ ਆਈ। ਅੱਜ ਉਹਦੀ ਸੁਹਾਗ ਰਾਤ ਜੁ ਸੀ। ਏਸ ਰਾਤ ਵੀ ਕਦੇ ਕਿਸੇ ਨੂੰ ਨੀਂਦ ਆਈ ਹੈ। ਉਹਦੇ ਅੰਦਰ ਵਰ੍ਹਿਆਂ ਦੀ ਰੋਕੀ ਹੋਈ ਕੁਦਰਤੀ ਭੁੱਖ ਬਗ਼ਾਵਤ ਕਰਨ ਤੇ ਤੁੱਲੀ ਹੋਈ ਸੀ। ਉਹਦੇ ਸਰੀਰ ਤੇ ਆਤਮਾ: ਦੋਹਾਂ ਵਿਚ ਕੋਈ ਅਥਾਹ ਜਲਨ ਸੀ, ਜਿਸਨੂੰ ਬਰਦਾਸ਼ਤ ਕਰਨਾ ਨਰਕਾਂ ਦੀ ਅੱਗ ਨਾਲੋਂ ਵੀ ਔਖਾ ਪ੍ਰਤੀਤ ਹੋ ਰਿਹਾ ਸੀ। ਲੰਮੀ ਪਈ ਪਈ ਉਹ ਉਠ ਕੇ ਮੰਜੇ 'ਤੇ ਬਹਿ ਗਈ। ਉਹ ਆਪ ਵੀ ਨਹੀਂ ਸੀ ਦੱਸ ਸਕਦੀ, ਕਿ ਏਸ ਹਾਲਤ ਵਿਚ ਉਹ ਕਿੰਨਾ ਚਿਰ ਬੈਠੀ ਰਹੀ। ਉਹਨੂੰ ਤਦ ਸੋਝੀ ਪਈ, ਜਾਂ ਉਹਨੇ ਆਪਣੇ ਆਪ ਨੂੰ ਕੁਲਵੰਤ ਦੇ ਬੂਹੇ 'ਚ ਖੜ੍ਹੀ ਵੇਖਿਆ। 'ਖਲੋ ਕਿਉਂ ਗਈ ਏਂ? ਹੁਣ ਲੰਘ ਜਾ ਅੰਦਰ।' ਬੁੱਧੀ ਨੇ ਤਿੱਖੇ ਵਿਅੰਗ ਨਾਲ ਕਿਹਾ। 'ਤੇਰੇ ਦਿਲ ਵਿਚ ਏਨੀ ਵੀ ਨਹੀਂ ਆਉਂਦੀ, ਕਿ ਉਹਦਾ ਇਮਤਿਹਾਨ ਸਿਰ 'ਤੇ ਆ। ਤੇਰੇ ਇਸ ਮਾਇਆ ਜਾਲ ਵਿਚ ਫਸਕੇ ਉਹਦਾ ਮਨ ਫੇਰ ਪੜ੍ਹਾਈ ਵਿਚ ਲਗੇਗਾ? ਕੀ ਤੂੰ ਇਹ ਗਿਣਤੀ ਦੇ ਦਿਨ ਸਬਰ ਨਹੀਂ ਕਰ ਸਕਦੀ? ਜਾਹ ਮੁੜ ਜਾਹ। ਹਠ ਕਰਕੇ ਉਸ ਵਿਚਾਰੇ ਦੀ ਜ਼ਿੰਦਗੀ ਤਬਾਹ ਨਾ ਕਰ। ਉਹ ਕਿਤੇ ਚਲਿਆ ਨਹੀਂ ਚਲਿਆ।'

ਇਹ ਝਿੜਕਾਂ ਖਾ ਕੇ ਮਨਜੀਤ ਫੇਰ ਆਪਣੇ ਮੰਜੇ 'ਤੇ ਜਾ ਪਈ। ਬਾਕੀ ਰਾਤ ਉਹਨੇ ਰੋਂਦਿਆਂ ਤੜਪਦਿਆਂ ਕੱਟੀ।

ਦਿਨ ਚੜ੍ਹਿਆ। ਮਨਜੀਤ ਦੀ ਹਾਲਤ ਵੇਖ ਕੇ ਕੁਲਵੰਤ ਤੜਪ ਉਠਿਆ। "ਭਾਬੀ ਜੀ! ਤੁਹਾਡਾ ਹਾਲ ਕੀ ਹੋਇਆ ਪਿਆ ਏ? ਤੁਹਾਡਾ ਚਿਹਰਾ, ਤੁਹਾਡੀਆਂ ਅੱਖਾਂ।"

ਉਹਨੇ ਅੱਗੇ ਵਧ ਕੇ ਮਨਜੀਤ ਦੇ ਮੱਥੇ 'ਤੇ ਹੱਥ ਧਰਿਆ। ਉਹ ਉਹਨੂੰ ਤਪਦਾ ਮਾਲੂਮ ਹੋਇਆ। ਉਹਨੇ ਵੀਣੀ ਟੋਹ ਕੇ ਵੇਖੀ। ਉਹ ਵੀ ਕੁਛ ਗਰਮ ਗਰਮ ਭਾਸੀ। "ਤੁਹਾਨੂੰ ਤਾਂ ਬੁਖ਼ਾਰ ਏ।"

"ਐਵੇਂ ਰਾਤ ਹੱਡ-ਭੰਨਣੀ ਜਿਹੀ ਹੋ ਗਈ ਸੀ।" ਮਨਜੀਤ ਨੇ ਗੱਲ ਟਾਲਣ ਵਾਸਤੇ ਕਿਹਾ।

"ਤੁਸਾਂ ਮੈਨੂੰ ਕਿਉਂ ਨਾ ਵਾਜ ਮਾਰੀ? ਮੈਂ ਨੱਪ ਘੁੱਟ ਦੇਂਦਾ।" ਕੁਲਵੰਤ ਮੰਜੇ ਦੀ ਬਾਹੀ 'ਤੇ ਬਹਿ ਕੇ ਉਹਦਾ ਪਿੰਡਾ ਨੱਪਣ ਲੱਗ ਪਿਆ।

ਕੁਲਵੰਤ ਦੀ ਛੁਹ ਮਨਜੀਤ ਨੂੰ ਮਿੱਠੀ ਮਿੱਠੀ ਵੀ ਲਗਦੀ ਸੀ, ਤੇ ਉਹਦਾ ਦਿਲ ਕਾਹਲਾ ਵੀ ਪੈ ਰਿਹਾ ਸੀ। ਅੰਦਰੋਂ ਰੀਝਾਂ ਉਠਦੀਆਂ ਸਨ, 'ਵੇਖੀਂ', ਇਹਨੂੰ ਮੁੱਠੀਆਂ ਭਰਨੋਂ ਹਟਾਵੀਂ ਨਾ।' 'ਤੇ ਇਹਦਾ ਇਮਤਿਹਾਨ'। ਦੋਵੇਂ ਪਾਸੇ ਸੋਚ ਕੇ ਮਨਜੀਤ ਨੇ ਕਿਵੇਂ ਨਾ ਕਿਵੇਂ ਸਿਸਕਦੀ ਰੂਹ ਨੂੰ ਏਸ ਸਮਝੌਤੇ 'ਤੇ ਰਾਜ਼ੀ ਕਰ ਲਿਆ, 'ਹੱਛਾ, ਇਹਨੂੰ ਇਮਤਿਹਾਨ ਦੇ ਲੈਣ ਦਿਹ।'

"ਕੁਲਵੰਤ! ਮੈਂ ਰਾਜ਼ੀ ਆਂ। ਤੂੰ ਤਿਆਰ ਹੋ ਕੇ ਪੜ੍ਹਨ ਜਾਹ"। ਛਾਤੀ 'ਤੇ ਪੱਥਰ ਧਰ ਕੇ ਮਨਜੀਤ ਨੇ ਮੂੰਹੋਂ ਇਹ ਸ਼ਬਦ ਕਢੇ।

"ਬੜੇ ਰਾਜ਼ੀ ਜੇ ਤੁਸੀਂ।" ਤੇ ਉਹ ਆਪਣੇ ਧਿਆਨ ਮੁੱਠੀਆਂ ਭਰਦਾ ਰਿਹਾ।

ਅੱਧਾ ਘੰਟਾ ਏਸ ਤਰ੍ਹਾਂ ਬੀਤ ਗਿਆ। ਮਨਜੀਤ ਨੇ ਕੁਲਵੰਤ ਦਾ ਹੱਥ ਫੜ ਕੇ ਕਿਹਾ, "ਚਲ, ਬਸ ਕਰ ਹੁਣ। ਤੂੰ ਪੜ੍ਹਾਈ ਦਾ ਖ਼ਿਆਲ ਰਖਿਆ ਕਰ।" ਤੇ ਉਹ ਉਠ ਕੇ ਬਹਿ ਗਈ।

ਕੁਲਵੰਤ ਵੀ ਉਠ ਕੇ ਦੂੱਜੇ ਅੰਦਰ ਚਲਾ ਗਿਆ। ਛੇਤੀ ਹੀ ਉਹ ਤਿਆਰ ਹੋ ਕੇ ਆ ਗਿਆ। ਮਨਜੀਤ ਅਜੇ ਉਠਣ ਦੀਆਂ ਸਲਾਹੀਂ ਕਰ ਰਹੀ ਸੀ। ਬੂਹੇ 'ਚ ਖਲੋ ਕੇ ਕੁਲਵੰਤ ਨੇ ਕਿਹਾ, "ਤੁਸਾਂ ਅੱਜ ਪੜ੍ਹਾਉਣਾ ਨਹੀਂ। ਤਕੜੇ ਹੋ ਕੇ ਵਧੇਰੇ ਵਕਤ ਦੇ ਦੇਉ ਵਿਦਿਆਰਥਣਾਂ ਨੂੰ।"

"ਤੂੰ ਤਾਂ ਐਵੇਂ ਭਰਮੀ ਏਂ। ਕੀ ਹੋਇਆ ਏ ਮੈਨੂੰ?"

"ਹੱਛਾ, ਮੈਂ ਭਰਮੀ ਈਂ ਸਹੀ। ਪਰ ਤੁਸਾਂ ਅੱਜ ਪੜ੍ਹਾਉਣਾ ਨਹੀਂ।" ਕੁਲਵੰਤ ਨੇ ਜ਼ਰਾ ਸਖ਼ਤੀ ਨਾਲ ਕਿਹਾ। ਬਿਨਾਂ ਉੱਤਰ ਉਡੀਕੇ ਉਹ ਬਾਹਰ ਨੂੰ ਚਲਾ ਗਿਆ।

ਮਨਜੀਤ ਓਸੇ ਤਰ੍ਹਾਂ ਲੱਤਾਂ ਲਮਕਾਈ ਮੰਜੇ 'ਤੇ ਬੈਠੀ ਸੋਚਦੀ ਰਹੀ। ਵੀਹਾਂ-ਪੰਝੀਆਂ ਮਿੰਟਾਂ ਪਿੱਛੋਂ ਕੁਲਵੰਤ ਫੇਰ ਘਰ ਪਰਤਿਆ। ਉਹਦੇ ਹੱਥ ਵਿਚ ਦਵਾਈ ਦੀ ਸ਼ੀਸ਼ੀ ਸੀ। ਲਾਗੇ ਮੇਜ਼ 'ਤੇ ਸ਼ੀਸ਼ੀ ਰਖਦਿਆਂ ਉਹਨੇ ਕਿਹਾ, "ਘੰਟੇ ਘੰਟੇ ਪਿਛੋਂ ਇਹ ਚਾਰੇ ਪੀ ਲੈਣੀਆਂ। ਮੈਂ ਅੱਜ ਸਵਖਤੇ ਆ ਜਾਵਾਂਗਾ।"

ਕੁਲਵੰਤ ਕਿਤਾਬਾਂ ਲੈ ਕੇ ਚਲਾ ਗਿਆ ਤੇ ਮਨਜੀਤ ਦੀ ਨਜ਼ਰ ਬੂਹੇ ਉਤੇ ਟਿਕੀ ਰਹੀ।

ਬੜਾ ਕਰੜਾ ਜੇਰਾ ਕਰਕੇ ਮਨਜੀਤ ਉਸ ਸਮਝੌਤੇ ਜੀ ਪਾਲਣਾ ਕਰਦੀ ਰਹੀ, ਜਿਹੜਾ ਉਹਦੇ ਦਿਲ ਤੇ ਬੁੱਧੀ ਵਿਚ ਹੋਇਆ ਸੀ। ਭੋਲੇ-ਭਾਅ ਹੀ ਉਹ ਇਮਤਿਹਾਨ ਦੇ ਦਿਨ ਗਿਣਦੀ ਰਹਿੰਦੀ। ਜਦ ਬਾਹਰੋਂ ਆ ਕੇ ਕੁਲਵੰਤ ਨਿੱਤ

ਵਾਂਗ ਉਹਦੇ ਗੱਲ ਵਿਚ ਬਾਂਹੀ ਪਾ ਕੇ ਮੱਥਾ ਚੁੰਮਣ ਵਾਸਤੇ ਕਹਿੰਦਾ, ਮਨਜੀਤ ਦੇ ਲੂੰ ਲੂੰ ਵਿਚ ਝਰਨਾਟ ਛਿੜ ਜਾਂਦੀ। ਉਹਦਾ ਦਿਲ ਕਰਦਾ ਓਨੇ ਦਿਨ ਕਿਤੇ ਦੂਰ ਨਿਕਲ ਜਾਣ ਨੂੰ, ਜਿੰਨਾ ਚਿਰ ਕੁਲਵੰਤ ਦਾ ਇਮਤਿਹਾਨ ਨਹੀਂ ਹੋ ਜਾਂਦਾ, ਪਰ ਉਹ ਜਾਂਦੀ ਕਿਥੇ ?

ਆਖ਼ਰ ਕਿਵੇਂ ਨਾ ਕਿਵੇਂ ਉਹ ਗਿਣਵੇਂ ਦਿਨ ਨਿਭ ਗਏ। ਇਮਤਿਹਾਨ ਸ਼ੁਰੂ ਹੋ ਕੇ ਮੁੱਕ ਗਿਆ। 'ਅੱਜ ਕੁਲਵੰਤ ਦਾ ਆਖ਼ਰੀ ਪਰਚਾ ਏ।' ਮਜਬੂਰੀ ਦੀਆਂ ਜ਼ੰਜੀਰਾਂ ਵਿਚ ਜਕੜੀਆਂ ਹੋਈਆਂ ਰੀਝਾਂ ਨੇ ਮਨਜੀਤ ਦੇ ਕੰਨ ਵਿਚ ਕਿਹਾ।

ਮਨਜੀਤ ਦੇ ਪੈਰ ਧਰਤੀ ਨਾਲ ਨਹੀਂ ਸਨ ਲਗਦੇ। ਅੱਜ ਉਹਨੇ ਫੇਰ ਓਹਾ ਸੂਟ ਪਾਇਆ। ਇਮਤਿਹਾਨ ਤੋਂ ਆ ਕੇ ਕੁਲਵੰਤ ਨੇ ਉਹਨੂੰ ਰੱਜ ਕੇ ਪਿਆਰ ਕੀਤਾ। ਉਹਨੇ ਖ਼ੁਸ਼ੀ ਵਿਚ ਉਛਲ ਕੇ ਦੱਸਿਆ, ਕਿ ਉਹਦੇ ਸਾਰੇ ਪਰਚੇ ਬੜੇ ਚੰਗੇ ਹੋ ਗਏ ਹਨ। ਰਾਤ ਨੂੰ ਫਿਰ ਦੋਹਾਂ ਕੱਠਿਆਂ ਰੋਟੀ ਖਾਧੀ। ਮਨਜੀਤ ਦਾ ਦਿਲ ਕਰਦਾ ਸੀ, ਨਿਕੀਆਂ ਨਿਕੀਆਂ ਗੱਲਾਂ ਕਰਨ ਨੂੰ, ਪਰ ਉਹਨੂੰ ਅਹੁੜਦੀ ਕੋਈ ਨਹੀਂ ਸੀ।

ਕੁਲਵੰਤ ਨੇ ਬੜਾ ਜ਼ੋਰ ਲਾਇਆ, ਕਿ ਮਨਜੀਤ ਉਹਦੇ ਨਾਲ ਫ਼ਿਲਮ ਵੇਖਣ ਜਾਏ, ਪਰ ਮਨਜੀਤ ਮੰਨੀ ਨਾ। ਉਹ ਨਾ ਗਈ, ਏਸ ਵਾਸਤੇ ਕੁਲਵੰਤ ਵੀ ਨਾ ਗਿਆ।

"ਚਲੋ, ਅੱਜ ਇਮਤਿਹਾਨ ਦਾ ਉਨੀਂਦਰਾ ਲਾਹੁੰਦੇ ਆਂ!" ਇਹ ਕਹਿੰਦਾ ਹੋਇਆ ਕੁਲਵੰਤ ਸਵਖਤੇ ਹੀ ਸੌਂ ਗਿਆ।

ਮਨਜੀਤ ਵੀ ਕੰਮ ਧੰਦੇ ਤੋਂ ਵਿਹਲੀ ਹੋ ਕੇ ਲੰਮੀ ਪੈ ਗਈ। ਉਹਦੇ ਅੰਦਰ ਦੋਂਹ ਤਾਕਤਾਂ ਦਾ ਫੇਰ ਓਹਾ ਘੋਲ ਸ਼ੁਰੂ ਹੋ ਗਿਆ। ਉਹ ਪਹਾੜ ਦੀ ਚੋਟੀ 'ਤੇ ਖਲੀ ਸੀ। ਉਸਦੀ ਇਕ ਢਲਵਾਨ ਉਤੇ ਕੱਲ੍ਹਾ ਕੁਲਵੰਤ ਖਲਾ ਸੀ ਤੇ ਦੂਸਰੀ ਢਲਵਾਨ ਤੇ ਸਾਰੀ ਦੁਨੀਆਂ। ਮਨਜੀਤ ਬਿਨਾਂ ਸੋਚੇ ਸਮਝੇ ਕੁਲਵੰਤ ਵੱਲੇ ਰਿੜ੍ਹਦੀ ਚਲੀ ਜਾ ਰਹੀ ਸੀ। ਉਹਨੂੰ ਆਪਣੇ ਆਪ ਉਤੇ ਕਾਬੂ ਨਹੀਂ ਸੀ ਰਿਹਾ। ਕੁਦਰਤੀ ਖ਼ਾਹਸ਼ਾਂ ਉਹਨੂੰ ਮੱਲੋ ਮੱਲੀ ਧੂਹੀ ਜਾ ਰਹੀਆਂ ਸਨ।

ਉਹ ਕੁਲਵੰਤ ਦੇ ਪੱਖ ਵਲੋਂ ਸੋਚਦੀ, ਤਾਂ ਇਹ ਸਭ ਕੁਛ ਉਸਨੂੰ ਧੱਕਾ, ਬੇਇਨਸਾਫ਼ੀ ਤੇ ਆਪਣੀ ਖ਼ੁਦ-ਗ਼ਰਜ਼ੀ ਮਾਲੂਮ ਹੁੰਦੀ। ਕਈ ਵੇਰ ਤਾਂ ਉਹਦੇ ਜੀ ਵਿਚ ਆਉਂਦੀ, 'ਮਨਜੀਤ! ਤੂੰ ਏਥੋਂ ਤਕ ਗਿਰ ਗਈ ਏਂ ? ਆਪਣੀ ਗ਼ਰਜ਼ ਬਦਲੇ ਤੂੰ ਉਸ ਮਾਸੂਮ ਦਾ ਭਵਿੱਖ ਖ਼ਰਾਬ ਕਰਦੀ ਏਂ ? ਜਿਨ੍ਹਾਂ ਖ਼ਾਹਸ਼ਾਂ ਨੂੰ ਸੋਲਾਂ ਵਰ੍ਹੇ ਦਬਾਈ ਰੱਖਿਆ ਈ, ਉਹਨਾਂ ਨੂੰ ਇਕ ਵਾਰ ਹੋਰ ਦਬਾ ਦੇ। ਥੋੜ੍ਹਾ ਜਿਹਾ

ਤਿਆਗ ਹੋਰ ਕਰ ਦੇ। ਕੁਲਵੰਤ ਦੇ ਵਿਆਹ ਤਕ ਹੀ ਇਹ ਰੌਲਾ ਪਾਉਂਦੀਆਂ ਨੇ, ਫੇਰ ਆਪੇ ਰੋ ਧੋ ਕੇ ਚੁੱਪ ਕਰ ਜਾਣਗੀਆਂ।

'ਕੁਲਵੰਤ ਦਾ ਵਿਆਹ ਕਿਸੇ ਹੋਰ ਇਸਤਰੀ ਨਾਲ ? ਮੈਂ ਨਹੀਂ ਸਹਿ ਸਕਾਂਗੀ।' ਮਨਜੀਤ ਦੀ ਇਸਤਰੀ-ਰੂਹ ਨੇ ਰੋ ਕੇ ਕਿਹਾ।

ਏਸੇ ਖਿੱਚੋ ਤਾਣ ਵਿਚ ਅੱਧੀਓਂ ਬਹੁਤੀ ਰਾਤ ਬੀਤ ਗਈ। ਮਨਜੀਤ ਦੇ ਅੰਦਰ ਕੋਈ ਅਸਹਿ ਪੀੜ ਉਠੀ, ਵਰੋਲਾ ਬਣ ਕੇ ਸਿਰ ਨੂੰ ਚੜ੍ਹ ਗਈ ਤੇ ਉਹ ਉਠ ਕੇ ਟਹਿਲਣ ਲੱਗ ਪਈ। ਹੋਸ਼-ਹਵਾਸ ਉਹਦਾ ਸਾਥ ਛੱਡੀ ਜਾ ਰਹੇ ਸਨ। ਉਹਦੇ ਮਨ, ਬੁੱਧੀ ਉੱਤੇ ਇਕ ਪਾਗਲਪਨ ਛਾਇਆ ਜਾ ਰਿਹਾ ਸੀ। ਉਹਨੂੰ ਪਤਾ ਨਹੀਂ, ਉਹ ਕਿਹੜੇ ਵੇਲੇ ਸੁੱਤੇ ਪਏ ਕੁਲਵੰਤ ਦੇ ਸਰ੍ਹਾਣੇ ਜਾ ਖਲੀ। ਅੰਦਰ ਮਧਮ ਜੇਹੀ ਚਾਲ ਵਿਚ ਪੱਖਾ ਚੱਲ ਰਿਹਾ ਸੀ। ਦੁਧੀਏ ਬਲਬ (ਮੂਨ ਲਾਈਟ) ਦਾ ਚੰਦ ਵਰਗਾ ਚਾਨਣ ਕੁਲਵੰਤ ਦੇ ਚਿਹਰੇ 'ਤੇ ਪੈ ਰਿਹਾ ਸੀ। ਮਨਜੀਤ ਉਹਦੇ ਸਰ੍ਹਾਣੇ ਵੱਲ ਭੋਇੰ 'ਤੇ ਬਹਿ ਗਈ। ਉਹਦੇ ਸਾਲਾਂ ਦੇ ਪਿਆਸੇ ਬੁੱਲ੍ਹ ਆਪ ਮੁਹਾਰੇ ਕੁਲਵੰਤ ਦੇ ਮੱਥੇ ਨਾਲ ਜਾ ਲੱਗੇ। ਤਪੱਸਵਣੀ ਦੀ ਕਠਨ ਸਾਧਨਾ ਕੁਦਰਤੀ ਖ਼ਾਹਸ਼ਾਂ ਦੇ ਸਾਮ੍ਹਣੇ ਹਾਰ ਗਈ।

ਕੰਬਦੇ ਬੁੱਲ੍ਹਾਂ ਦੀ ਛੁਹ ਮਹਿਸੂਸ ਹੁੰਦਿਆਂ, ਕੁਲਵੰਤ ਤ੍ਰਭਕ ਕੇ ਉਠ ਬੈਠਾ। "ਭਾਬੀ ਜੀ! ਤੁਸੀਂ ?" ਬੜੀ ਹੈਰਾਨੀ ਨਾਲ ਉਹਦੇ ਮੂੰਹੋਂ ਨਿਕਲਿਆ।

"ਨਹੀਂ ਨਹੀਂ, ਕੁਲਵੰਤ! ਮੇਰੇ ਅੰਦਰ ਕੋਈ ਬੁਰੀ ਵਾਸ਼ਨਾ ਤੇ ਨਹੀਂ। ਮੈਂ ਤਾਂ......ਮੈਂ ਤੈਨੂੰ ਵੇਖਣ ਆਈ ਸਾਂ।" ਮਨਜੀਤ ਡਰ ਕੇ ਉਠ ਬੈਠੀ। ਉਹਦੀ ਜ਼ਬਾਨ ਥਿੜਕ ਰਹੀ ਸੀ। ਉਹਦਾ ਸਾਰਾ ਸਰੀਰ ਸਹਿਮ ਨਾਲ ਕੰਬ ਰਿਹਾ ਸੀ। ਉਹਦੇ ਦਮਾਗ਼ ਨੂੰ ਚੱਕਰ ਆ ਗਿਆ। ਅਧ-ਬੇਹੋਸ਼ੀ ਦੀ ਹਾਲਤ ਵਿਚ ਉਹ ਧਰਤੀ 'ਤੇ ਡਿੱਗਣ ਹੀ ਲੱਗੀ ਸੀ, ਜਾਂ ਕੁਲਵੰਤ ਨੇ ਉਹਨੂੰ ਜਵਾਨ ਬਾਂਹੀਂ 'ਚ ਸੰਭਾਲ ਲਿਆ। ਉਹਨੂੰ ਮੰਜੇ 'ਤੇ ਲਿਟਾ ਕੇ ਕੁਲਵੰਤ ਨੇ ਪੱਖਾ ਤੇਜ਼ ਕਰ ਦਿੱਤਾ। ਫਿਰ ਮੰਜੇ ਦੀ ਬਾਹੀ 'ਤੇ ਬਹਿ ਕੇ ਉਹ ਮਨਜੀਤ ਦੇ ਮੋਢੇ ਤੇ ਬਾਂਹੀਂ ਨੱਪਣ ਲੱਗ ਪਿਆ। ਮਨਜੀਤ ਦੇ ਮੱਥੇ 'ਤੇ ਤਰੇਲੀ ਆ ਗਈ। ਕੁਲਵੰਤ ਨੇ ਪੱਲੇ ਨਾਲ ਮੁੜ੍ਹਕਾ ਸਾਫ਼ ਕਰਕੇ ਪੁੱਛਿਆ, "ਭਾਬੀ ਜੀ! ਕੀ ਹੋਇਐ ਤੁਹਾਡੇ ਜੀਅ ਨੂੰ ? ਹੋਸ਼ ਕਰੋ ਖਾਂ!"

ਇਕੇਵਾਰ ਤ੍ਰਭਕ ਕੇ ਮਨਜੀਤ ਨੇ ਅੱਖਾਂ ਖੋਲ੍ਹੀਆਂ। ਕੁਲਵੰਤ ਨੂੰ ਵੇਖ ਕੇ ਉਹਦਾ ਰੰਗ ਉਡ ਗਿਆ। "ਨਹੀਂ, ਨਹੀਂ। ਤੂੰ......ਤੂੰ ਮੇਰਾ ਕੁਲਵੰਤ ਈ ਬਣਿਆਂ ਰਹੁ। ਮੈਂ ਤੈਨੂੰ ਸੂਰਤ ਨਹੀਂ ਬਣਾਵਾਂਗੀ।" ਘਬਰਾਹਟ ਵਿਚ ਮਨਜੀਤ

ਦੇ ਮੂੰਹੋਂ ਉਹ ਭੇਤ ਨਿਕਲ ਗਿਆ, ਜੋ ਹੋਸ਼-ਹਵਾਸ ਹੁੰਦਿਆਂ ਉਹ ਮੂੰਹ ਪਾੜ ਕੇ ਕਦੇ ਵੀ ਨਾ ਦਸਦੀ।

ਇਹਨਾਂ ਦੋ ਵਾਕਾਂ ਵਿਚ ਸਪਸ਼ਟ ਭਾਵੇਂ ਕੁਛ ਨਹੀਂ ਸੀ, ਪਰ ਲੁਕਿਆ ਹੋਇਆ ਬਹੁਤ ਕੁਛ ਸੀ। ਸੁਣ ਕੇ ਕੁਲਵੰਤ ਦਾ ਦਿਲ ਧੜਕਣ ਲੱਗ ਪਿਆ। ਮਨਜੀਤ ਦਾ ਕੁਮਲਾਇਆ ਹੋਇਆ ਚਿਹਰਾ ਉਹਦੀ ਨਿਗ੍ਹਾ ਅੱਗੇ ਘੁੰਮਣ ਲੱਗ ਪਿਆ। ਉਸ ਵਿਚੋਂ ਕਿਸੇ ਮੁਟਿਆਰ ਦੀਆਂ ਦੋ ਸ਼ੋਖ਼ ਅੱਖਾਂ ਉਹਨੂੰ ਆਪਣੇ ਵੱਲ ਝਾਕਦੀਆਂ ਦਿੱਸੀਆਂ। ਉਹ ਸਿਰ ਤੋਂ ਪੈਰਾਂ ਤਕ ਕੰਬ ਉਠਿਆ।

ਏਨੇ ਨੂੰ ਮਨਜੀਤ ਇਉਂ ਉਭੜਵਾਹੀ ਉਠੀ, ਜਿਵੇਂ ਕੁਲਵੰਤ ਦੇ ਹੱਥ ਤੋੜ ਕੇ ਕਿਧਰੇ ਦੂਰ ਨੱਸ ਜਾਣਾ ਚਾਹੁੰਦੀ ਹੋਵੇ। ਕੁਲਵੰਤ ਨੇ ਉਹਨੂੰ ਫੇਰ ਫੜ ਕੇ ਲਿਟਾ ਦਿਤਾ। ਉਹ ਬਾਹੀ ਵੱਲੋਂ ਹਟ ਕੇ ਉਹਦਾ ਸਿਰ ਨੱਪਣ ਲੱਗ ਪਿਆ। ਮਨਜੀਤ ਕਾਹਲੇ ਸਾਹ ਲੈ ਰਹੀ ਸੀ। ਪਰ ਕੁਲਵੰਤ ਦਾ ਸਾਹ ਆਉਂਦਾ ਪਰਤੀਤ ਨਹੀਂ ਸੀ ਹੁੰਦਾ। ਮਨਜੀਤ ਦੇ ਦੋ ਸ਼ਬਦਾਂ ਨੇ ਉਹਨੂੰ ਡੂੰਘੀ ਸੋਚ ਵਿਚ ਸੁੱਟ ਦਿਤਾ ਸੀ।। ਕਿੰਨਾ ਚਿਰ ਉਹ ਬਿਨਾਂ ਬੁੱਲ੍ਹ ਫਰਕੇ ਮਨਜੀਤ ਦਾ ਸਿਰ ਨੱਪਦਾ ਰਿਹਾ। ਉਹਨੇ ਬੀਤੀ ਜ਼ਿੰਦਗੀ 'ਤੇ ਝਾਤੀ ਮਾਰੀ, ਜਿੰਨੀ ਦੀ ਉਹਨੂੰ ਸੰਭਾਲ ਸੀ। ਉਹਨੇ ਵਰਤਮਾਨ ਅਵਸਥਾ 'ਤੇ ਵੀ ਧਿਆਨ ਮਾਰਿਆ। ਆਪਣੇ ਆਪ ਵਿਚ ਉਹਨੂੰ ਕੁਛ ਵੀ ਨਾ ਲੱਭਾ, ਜਿਹੜਾ ਮਨਜੀਤ ਦਾ ਬਖ਼ਸ਼ਿਆ ਹੋਇਆ ਨਾ ਹੋਵੇ। ਏਸ ਵਿਚਾਰ ਨੇ ਉਹਨੂੰ ਮਨਜੀਤ ਦੀਆਂ ਖ਼ਾਹਸ਼ਾਂ ਦੇ ਸਾਮ੍ਹਣੇ ਝੁਕ ਜਾਣ ਦੀ ਪਰੇਰਨਾ ਕੀਤੀ। ਉਹ ਮਨਜੀਤ ਦੀ ਛਾਤੀ 'ਤੇ ਸਿਰ ਸੁੱਟ ਕੇ ਲੇਟ ਗਿਆ।

"ਨਹੀਂ ਨਹੀਂ ਕੁਲਵੰਤ! ਮੇਰੇ ਦਿਲ ਵਿਚ ਕੁਛ ਨਹੀਂ। ਮੈਨੂੰ ਜਾਣ ਦੇ।" ਮਨਜੀਤ ਕੁਲਵੰਤ ਦਾ ਸਿਰ ਪਾਸੇ ਕਰ ਕੇ ਉਠ ਬੈਠੀ।

ਕੁਲਵੰਤ ਉਹਦੇ ਸਾਮ੍ਹਣੇ ਹੋ ਬੈਠਾ। ਉਹਨੇ ਮਨਜੀਤ ਦਾ ਹੱਥ ਫੜ ਨੇ ਬੜੇ ਤਰਲੇ ਨਾਲ ਕਿਹਾ, "ਤੁਹਾਡੇ ਦਿਲ ਵਿਚ ਕੁਛ ਨਾ ਹੋਵੇ, ਤਾਂ ਤੁਸੀਂ ਵਾਰ ਵਾਰ ਇਉਂ ਕਿਉਂ ਕਹੋ ? ਹੁਣ ਲੁਕਾਓ ਨਾ। ਜੋ ਵੀ ਮਨ ਵਿਚ ਹੈ, ਸਾਫ਼ ਸਾਫ਼ ਕਹਿ ਦਿਓ।"

'ਤੇ ਜੇ ਇਹਨੇ ਸਾਫ਼ ਸਾਫ਼ ਕਹਿ ਦਿਤਾ, ਤਾਂ ਫਿਰ ਮੰਨ ਲਵੇਂਗਾ ?' ਕੁਲਵੰਤ ਦੇ ਅੰਦਰੋਂ ਕੋਈ ਜਾਣੀ ਪਛਾਣੀ ਸੂਰਤ ਉਘੜ ਕੇ ਕਹਿ ਰਹੀ ਸੀ।

"ਕੋਈ ਖ਼ਾਸ ਗੱਲ ਨਹੀਂ, ਕੁਲਵੰਤ!" ਮਨਜੀਤ ਦੇ ਚਿਹਰੇ 'ਤੇ ਤਰਲਾ ਝਲਕ ਰਿਹਾ ਸੀ।

"ਹੱਛਾ, ਜੋ ਵੀ ਖ਼ਾਸ, ਜਾਂ ਆਮ ਹੈ, ਦੱਸ ਦਿਉ।"

"ਕੁਛ ਵੀ ਨਹੀਂ ਡਾਢਿਆ ! ਮੈਂ ਜਨਮ ਭਰ ਦੀ ਦੁਖੀ ਆਂ । ਕਿਸੇ ਕਿਸੇ ਵੇਲੇ ਮੇਰਾ ਦਿਲ ਵੱਸ ਵਿਚ ਨਹੀਂ ਰਹਿੰਦਾ । ਤੂੰ ਜ਼ਰਾ-ਕੁ ਅੱਖਾਂ ਤੋਂ ਉਹਲੇ ਹੋਵੇਂ, ਤਾਂ ਮੇਰੇ ਜੀ ਨੂੰ ਹੌਲ ਪੈਣ ਲੱਗ ਪੈਂਦੇ ਨੇ । ਮੈਂ ਸੁਪਨੇ 'ਚ ਡਰ ਗਈ ਸਾਂ । ਸੋ, ਤੈਨੂੰ ਵੇਖਣ ਆ ਗਈ ।"

'ਵੇਖੀਂ, ਹੁਣ ਹੋਰ ਗੱਲ ਨਾ ਵਧਾਵੀਂ ।' ਕੁਲਵੰਤ ਦੇ ਅੰਦਰੋਂ ਦਰਸ਼ਨ ਦੀ ਮੁਹੱਬਤ ਬੋਲ ਉਠੀ । 'ਚੰਗਾ ਹੋਇਆ,ਉਹ ਆਪ ਈ ਗੱਲ ਵਲਾਅ ਗਈ ਏ । ਤੈਨੂੰ ਆਪਣੇ ਮੂੰਹੋਂ ਨਾਂਹ ਨਹੀਂ ਕਰਨੀ ਪਈ । ਬਹੁਤੀ ਪੁੱਛ-ਗਿੱਛ ਕੀਤਿਆਂ ਮਤਾਂ ਉਹ ਮਨ ਦੀ ਸਾਫ਼ ਕਹਿ ਦੇਵੇ, ਤਾਂ ਫੇਰ ਕੀ ਕਰੇਂਗਾ ? ਕੋਈ ਫ਼ੈਸਲਾ ਕਰਨ ਤੋਂ ਪਹਿਲਾਂ ਜ਼ਰਾ ਮੇਰੇ ਵੱਲ ਵੀ ਵੇਖ ਲਈਂ । ਸਾਡੇ ਦੋਹਾਂ ਵਿਚ ਬੜਾ ਵੱਡਾ ਫ਼ਰਕ ਈ ।' ਕੁਲਵੰਤ ਦੇ ਸਾਮ੍ਹਣੇ ਦੋ ਦਿਸਤਰੀਆਂ ਖਲੀਆਂ ਸਨ, ਇਕ ਉਹਦੇ ਹਾਣਦੀ ਤੇ ਇਕ ਉਸ ਤੋਂ ਦੂਣੀ ਵਡੇਰੀ ।

ਕੁਲਵੰਤ ਨੇ ਠੰਢਾ ਸਾਹ ਭਰਿਆ । ਉਹਦੇ ਅੰਦਰੋਂ ਇਕ ਹੋਰ ਖ਼ਿਆਲ ਜਾਗਿਆ । 'ਠੀਕ ਈ ਤੁਹਾਡੇ ਦੋਹਾਂ ਵਿਚ ਬੜਾ ਵੱਡਾ ਫ਼ਰਕ ਏ । ਤੈਨੂੰ ਮੈਂ ਪਿਆਰਾ ਲੱਗਦਾ ਹਾਂ, ਪਰ ਉਹਦੀ ਮੈਂ ਜ਼ਿੰਦਗੀ ਹਾਂ । ਮੈਂ ਉਹਦਾ ਦੁੱਖ ਫੋਲੇ ਬਿਨਾਂ ਚੁੱਪ ਨਹੀਂ ਰਹਿ ਸੱਕਦਾ ।'

ਕੁਛ ਚਿਰ ਦੀ, ਦੋ-ਪਾਸੀਂ ਚੁੱਪ ਛਾਈ ਹੋਈ ਸੀ । ਅੰਤ ਕੁਲਵੰਤ ਨੇ ਫਿਰ ਗੱਲ ਤੋਰੀ । ਉਹਨੇ ਮਨਜੀਤ ਦੇ ਦੋਵੇਂ ਹੱਥ ਫੜ ਕੇ, ਉਹਦੀਆਂ ਅੱਖਾਂ ਵਿਚ ਤਕਦਿਆਂ ਕਿਹਾ, "ਭਾਬੀ ਜੀ ! ਸਾਰੇ ਜੀਵਨ ਦੀ ਪੂੰਜੀ ਤੁਹਾਡੇ ਕੋਲ ਮੈਂ ਹੀ ਹਾਂ । ਤੁਹਾਨੂੰ ਮੇਰੀ ਸੌਂਹ ਜੇ, ਜੇ ਰਤਾ ਵੀ ਭੇਤ ਲੁਕਾਓ ਤਾਂ ।"

"ਇਉਂ ਨਾ ਕਹੋ, ਦੁਸ਼ਮਣਾ ! ਮੈਂ ਰੱਬ ਦੀ ਸੌਂਹ ਖਾ ਸੱਕਦੀ ਹਾਂ, ਪਰ ਤੇਰੀ ਨਹੀਂ । ਵਾਸਤਾ ਈ, ਜੋ ਮੇਰੇ ਦਿਲ ਵਿਚ ਏ, ਦਿਲ ਵਿਚ ਈ ਰਹਿਣ ਦੇ ।"

"ਤੁਹਾਡੇ ਖ਼ਿਆਲ ਵਿਚ ਮੈਂ ਅਜੇ ਬੱਚਾ ਹੋਵਾਂਗਾ, ਜੋ ਸਮਝ ਨਹੀਂ ਸਕਦਾ । ਬਹੁਤ ਕੁਛ ਤੁਸਾਂ ਬੇਹੋਸ਼ੀ ਵਿਚ ਪਰਗਟ ਕਰ ਦਿਤਾ ਏ, ਤੇ ਹੁਣ ਬਾਕੀ ਕਿਉਂ ਲੁਕਾਉਂਦੇ ਓ ?"

"ਹਾਇ ਰੱਬਾ । ਮੈਂ ਬੇਹੋਸ਼ੀ ਵਿਚ ਕੁਛ ਬਕ ਗਈ ਆਂ ?"

"ਬਹੁਤ ਕੁਛ ।"

ਮਨਜੀਤ ਨੇ ਨੀਂਵੀਂ ਪਾ ਲਈ । ਉਹਦੀਆਂ ਅੱਖਾਂ ਵਿਚੋਂ ਸ਼ਰਮਿੰਦਗੀ ਦੇ ਮੋਤੀ ਕਿਰਨ ਲੱਗ ਪਏ । ਕੁਲਵੰਤ ਨੇ ਉਹਦੀ ਧੌਣ ਉਦਾਲੇ ਬਾਂਹ ਵਲ ਕੇ ਦੂਜੇ ਹੱਥ

ਨਾਲ ਹੰਝੂ ਪੂੰਝਦਿਆਂ ਕਿਹਾ, "ਜਿੰਨਾਂ ਚਿਰ ਅੰਦਰ ਦੀ ਹਵਾੜ੍ਹ ਨਹੀਂ ਕਢੋਗੇ, ਤੁਹਾਡਾ ਦਿਲ ਹੌਲਾ ਨਹੀਂ ਹੋਣਾ। ਭੇਦ ਸਾਂਝੇ ਕੀਤਿਆਂ ਈਂ ਇਹਨਾਂ ਦਾ ਭਾਰ ਹੌਲਾ ਹੁੰਦਾ ਏ।"

ਕੁਲਵੰਤ ਦੇ ਗੰਭੀਰ ਚਿਹਰੇ ਵੱਲ ਵੇਖ ਕੇ ਮਨਜੀਤ ਭੁੱਬੀਂ ਭੁੱਬੀਂ ਰੋ ਪਈ। ਉਹ ਓਸੇ ਤਰ੍ਹਾਂ ਉਹਦੀਆਂ ਬਾਂਹੀਂ ਵਿਚ ਉੱਲਰ ਪਈ। ਕੁਲਵੰਤ ਨੇ ਸੰਭਾਲ ਕੇ ਉਹਨੂੰ ਨਾਲ ਲਾ ਲਿਆ। ਜ਼ਰਾ ਮਨ ਹੌਲਾ ਹੋਇਆ, ਤਾਂ ਮਨਜੀਤ ਤਰਲਾ ਲੈ ਕੇ ਬੋਲੀ, "ਸਾਰੀ ਗੱਲ ਸੁਣ ਕੇ ਮੈਨੂੰ ਘਿਰਣਾ ਤਾਂ ਨਹੀਂ ਕਰੇਂਗਾ ? ਮੈਨੂੰ ਬੁਰੀ ਤਾਂ ਨਹੀਂ ਸਮਝੇਂਗਾ ?"

"ਦੁਨੀਆਂ ਦੇ ਧਰਮ ਜਿਸ ਨੂੰ ਵੱਡੇ ਤੋਂ ਵੱਡਾ ਪਾਪ ਸਮਝਦੇ ਨੇ, ਤੁਹਾਥੋਂ ਉਹ ਵੀ ਹੋ ਜਾਏ, ਤਾਂ ਮੇਰੇ ਵਾਸਤੇ ਤੁਸੀਂ ਫਿਰ ਵੀ ਪੂਜਣ ਯੋਗ ਓ। ਤੁਸੀਂ ਮੇਰੀ ਸੌਂਹ ਨਹੀਂ ਤੋੜ ਸਕਦੇ। ਸੋ ਸਭ ਕੁਛ ਦੱਸਣਾ ਪਵੇਗਾ।"

"ਦੱਸਣਾ ਈਂ ਪਵੇਗਾ।" ਮਨਜੀਤ ਆਪਣੇ ਭਾਰ ਸਿਰ ਬਹਿ ਕੇ ਬੋਲੀ, "ਕੁਲਵੰਤ ! ਮੇਰਾ ਗੁਨਾਹ ਭਾਵੇਂ ਮਾਫ਼ ਕਰੀਂ, ਭਾਵੇਂ ਨਾ, ਪਰ ਮੈਥੋਂ ਮੂੰਹ ਨਾ ਫੇਰ ਲਈਂ।..... ਬੜੀ ਮਾਮੂਲੀ ਜਿਹੀ ਗੱਲ ਏ। ਆਹ ਸੂਟ ਈ ਸਾਰੇ ਪੁਆੜੇ ਦੀ ਜੜ੍ਹ ਈ। ਜਿਦਣ ਮੈਂ ਮਾਪਿਆਂ ਦਾ ਘਰ ਸਦਾ ਵਾਸਤੇ ਛੱਡ ਕੇ ਤੁਰੀ ਸਾਂ, ਮੇਰੇ ਗਲ ਏਹਾ ਸੂਟ ਸੀ। ਅਜੇ ਤਕ ਇਹਦੇ ਸੱਜੇ ਕਫ਼ ਉਤੇ ਤੇਰੇ ਭਰਾ ਦੇ ਹੱਥ ਦੀ ਛੋਹ ਮੈਨੂੰ ਮਹਿਸੂਸ ਹੋ ਰਹੀ ਏ। ਪੀਰਾਂ ਬਜ਼ੁਰਗਾਂ ਨੂੰ ਜ਼ਾਮਨ ਲੈ ਕੇ ਉਹਨਾਂ ਮੇਰੀ ਬਾਂਹ ਫੜੀ ਸੀ। ਚੰਦਰੀ ਮੌਤ ਨੇ ਸਾਡੀਆਂ ਕੱਚੀਆਂ ਸੱਧਰਾਂ ਪੈਰਾਂ ਥੱਲੇ ਮਿੱਧ ਘੱਤੀਆਂ।......ਓਦਣ ਤੇਰੀ ਜ਼ਿਦ ਪਿਛੇ ਮੈਂ ਇਹ ਸੂਟ ਪਾ ਬੈਠੀ। ਓਹਾ ਦਿਨ ਮੇਰੀ ਸੁਹਾਗ ਰਾਤ ਦਾ ਸੀ। ਬੱਸ, ਏਨੋਂ-ਕੁ ਮੌਕਾ-ਮੇਲ ਤੋਂ ਕੁਦਰਤੀ ਖ਼ਾਹਸ਼ਾਂ ਨੇ ਬਗ਼ਾਵਤ ਕਰ ਦਿਤੀ।...ਇਸ ਉਤੇ ਹਨੇਰ ਇਹ, ਕਿ ਉਸ ਦਿਨ ਤੇਰਾ ਮੁਹਾਂਦਰਾਂ ਮੈਨੂੰ ਬਿਲਕੁਲ ਉਹਨਾਂ ਨਾਲ ਮਿਲਦਾ ਦਿੱਸਿਆ। ਤੂੰਹੇਂ ਦੱਸ, ਇਹ ਅਨਹੋਣੀ ਨਹੀਂ ? ਕਦੇ ਗਏ ਵੀ ਪਰਤੇ ਨੇ ?"

"ਪਰਤ ਸਕਦੇ ਨੇ।" ਕੁਲਵੰਤ ਨੇ ਕਾਹਲੇ ਪੈ ਰਹੇ ਜੋਸ਼ ਵਿਚ ਉੱਤਰ ਦਿਤਾ।

"ਇਹ ਤੂੰ ਕੀ ਆਖ ਰਿਹਾ ਏਂ ? ਮੇਰਾ ਇਹ ਭਾਵ ਬਿਲਕੁਲ ਨਹੀਂ। ਆਦਮੀ ਦਾ ਮਨ ਪਲ ਪਲ ਅੰਦਰ ਡੋਲਦਾ ਰਹਿੰਦਾ ਏ। ਏਸ ਦੀਆਂ ਰਿਹਾੜਾਂ ਮਗਰ ਜਾਈਏ, ਤਾਂ ਜੁੱਗਾਂ ਦੇ ਬਣੇ ਸਮਾਜ ਦਾ ਢਾਂਚਾ ਇਕ ਦਿਨ ਵਿਚ ਈ ਉਖੜ ਕੇ ਖਿੱਲਰ ਪੁੱਲਰ ਜਾਏ। ਤੂੰ ਮੇਰਾ ਕੁਲਵੰਤ ਈ ਰਹੇਂਗਾ। ਕਦੇ ਵੀ ਮੈਂ ਤੈਨੂੰ

ਆਪਣਾ ਸੂਰਤ ਨਹੀਂ ਬਣਾਵਾਂਗੀ। ਛੇਤੀ ਹੀ ਮੈਂ ਤੇਰਾ ਵਿਆਹ ਕਰ ਦਿਆਂਗੀ। ਫਿਰ ਆਪੇ ਸਾਰੇ ਝਗੜੇ ਮੁੱਕ ਜਾਣਗੇ।"

ਹੁਣ ਕੁਲਵੰਤ ਦੇ ਸੋਚਣ ਦੀ ਵਾਰੀ ਸੀ। ਸੋਲਾਂ ਸਾਲ ਦੀ ਰੂਪਵਤੀ ਦਰਸ਼ਨ ਉਹਦੇ ਸਾਮ੍ਹਣੇ ਖਲੀ ਸੀ। ਉਹ ਉਹਦੇ ਸਾਮ੍ਹਣੇ ਪਾਕ-ਮੁਹਬਤ ਦਾ ਵਾਸਤਾ ਪਾ ਰਹੀ ਸੀ, ਕੀਤੇ ਹੋਏ ਪ੍ਰਣ ਯਾਦ ਕਰਾ ਰਹੀ ਸੀ। ਉਹਦਾ ਚਿਹਰਾ ਉਦਾਸਿਆ ਹੋਇਆ ਸੀ, ਉਹਦੀਆਂ ਅੱਖਾਂ ਵਿਚ ਮੋਤੀ ਤਰ ਰਹੇ ਸਨ। ਕਦੇ ਕਦੇ ਉਹ ਵਿਅੰਗ ਭਰੇ ਨਿਹੋਰੇ ਨਾਲ ਆਪਣੇ ਕੁਆਰੇ ਜੋਬਨ ਤੇ ਮਨਜੀਤ ਦੇ ਹੰਢੇ ਹੋਏ ਬੁਢਾਪੇ ਵੱਲ ਇਸ਼ਾਰਾ ਵੀ ਕਰ ਰਹੀ ਸੀ।

ਇਹ ਸਮਾਂ ਕੁਲਵੰਤ ਵਾਸਤੇ ਬੜਾ ਔਖਾ ਸੀ। ਉਹਦਾ ਦਿਲ ਦੋ ਵਿਚਾਰਾਂ ਦਾ ਅਖਾੜਾ ਬਣਿਆਂ ਹੋਇਆ ਸੀ। ਇਕ ਪਾਸੇ ਦਰਸ਼ਨ ਦੀ ਮੁਹੱਬਤ ਤੇ ਇਕ ਪਾਸੇ ਮਨਜੀਤ ਦੀ ਕੁਰਬਾਨੀ ਖਲੀ ਸੀ। ਕੁਲਵੰਤ ਨੇ ਜ਼ਿੰਦਗੀ ਦੀ ਸਭ ਤੋਂ ਵੱਡੀ ਸਮੱਸਿਆ ਦਾ ਫ਼ੈਸਲਾ ਕਰਨਾ ਸੀ। ਪਰ ਅਫ਼ਸੋਸ ਉਸ ਬਾਰੇ ਸੋਚਣ ਵਿਚਾਰਨ ਵਾਸਤੇ ਉਹਦੇ ਕੋਲ ਸਮਾਂ ਨਹੀਂ ਸੀ। ਅੰਤ ਉਹਨੇ ਹੋਸ਼ ਨੂੰ ਪਛਾੜ ਕੇ ਜੋਸ਼ ਦਾ ਪੱਲਾ ਫੜਿਆ ਤੇ ਇਕ ਫ਼ੈਸਲੇ 'ਤੇ ਪਹੁੰਚ ਗਿਆ। ਉਹਦਾ ਚਿਹਰਾ ਵਧੇਰੇ ਗੰਭੀਰ ਹੋ ਗਿਆ। ਉਹਨੇ ਨਿਗ੍ਹਾ ਉਠਾ ਕੇ ਮਨਜੀਤ ਵੱਲ ਤਕਿਆ।

"ਕੀ ਕਹਿਣਾ ਚਾਹੁੰਦਾ ਏਂ ?" ਮਨਜੀਤ ਦਾ ਦਿਲ ਧੜਕ ਰਿਹਾ ਸੀ।

"ਮੇਰਾ ਵਿਆਹ ਹੋ ਚੁੱਕਾ ਏ।" ਕੁਲਵੰਤ ਨੇ ਦ੍ਰਿੜ੍ਹ ਇਰਾਦੇ ਨਾਲ ਕਿਹਾ।

"ਹੈਂ ?" ਮਨਜੀਤ ਦੀ ਆਤਮਾ ਤ੍ਰਭਕ ਉਠੀ। 'ਏਸ ਉਤੇ ਮਾਣ ਕਰਦੀ ਸੈਂ', ਜੀਹਨੇ ਜੀਵਨ ਦੇ ਸਭ ਤੋਂ ਵੱਡੇ ਮਸਲੇ ਦਾ ਫ਼ੈਸਲਾ ਕਰਨ ਲੱਗਿਆਂ ਤੈਥੋਂ ਪੁੱਛਿਆ ਤਕ ਨਹੀਂ ?' ਦਿਲ ਨੇ ਅੰਦਰੋ ਅੰਦਰ ਹਉਕਾ ਭਰਿਆ।

"ਹਾਂ। ਦੋ ਦਿਲਾਂ ਨੇ ਫ਼ੈਸਲਾ ਕਰ ਲਿਆ ਏ। ਹੁਣ ਸਿਰਫ਼, ਤੁਹਾਡੀ ਪਰਵਾਨਗੀ ਦੀ ਲੋੜ ਏ। ਤੇ ਸਰੀਰਕ ਵਿਆਹ ਤੁਹਾਡੀ ਮਨਜ਼ੂਰੀ ਦੇ ਬਿਨਾਂ ਨਹੀਂ ਹੋ ਸਕਦਾ।"

"ਮੈਨੂੰ ਸਭ ਮਨਜ਼ੂਰ ਏ। ਤੇਰੀ ਖ਼ੁਸ਼ੀ ਈ, ਕੁਲਵੰਤ ! ਮੇਰੀ ਖ਼ੁਸ਼ੀ ਏ। ਜਾਹ, ਤੂੰ ਉਹਦੇ ਨਾਲ ਫ਼ੈਸਲਾ ਕਰ ਆ।" ਤਿਆਗ ਦੀ ਮੂਰਤੀ ਮਨਜੀਤ ਨੇ ਫ਼ੈਸਲਾ ਦੇ ਦਿਤਾ।

"ਨਹੀਂ, ਤੁਹਾਨੂੰ ਨਾਲ ਚਲਣਾ ਪਵੇਗਾ। ਉਹਦਾ ਮੇਰਾ ਅੱਜ ਤੜਕੇ ਮਿਲਨ ਦਾ ਇਕਰਾਰ ਏ। ਤੇ ਤੁਹਾਡੇ ਗਿਆਂ ਬਿਨਾਂ ਫ਼ੈਸਲਾ ਨਹੀਂ ਹੋਣਾ।"

"ਨਹੀਂ, ਅੜਿਆ ! ਮੈਂ ਜਾਣ ਜੋਗੀ ਨਹੀਂ। ਤੂੰ ਮੇਰੇ ਵੱਲੋਂ ਉਹਨੂੰ ਹਰ

ਤਰ੍ਹਾਂ ਦਾ ਭਰੋਸਾ ਦੁਆਵੀਂ ।"

"ਤਾਂ ਇਹ ਗੱਲ ਸਿਰਫ ਜ਼ਬਾਨੀ ਸੀ, ਕਿ ਤੇਰੀ ਖ਼ੁਸ਼ੀ ਈ, ਮੇਰੀ ਖ਼ੁਸ਼ੀ ਏ ?"

"ਮੈਨੂੰ ਜਾਣਾ ਈ ਪਵੇਗਾ । ਮਾਲੂਮ ਹੁੰਦਾ ਏ, ਤੈਨੂੰ ਮੇਰੇ 'ਤੇ ਵਿਸ਼ਵਾਸ ਨਹੀਂ ਰਿਹਾ ।"

ਕੁਲਵੰਤ ਨੇ ਅੱਗੋਂ ਕੋਈ ਉੱਤਰ ਨਾ ਦਿਤਾ । ਥੋੜੇ ਚਿਰ ਪਿਛੋਂ ਦੋਵੇਂ ਗੁਰਦੁਆਰੇ ਨੂੰ ਜਾ ਰਹੇ ਸਨ । ਦੋਵੇਂ ਕਦਮ ਮਿਲਾ ਕੇ ਚਲ ਰਹੇ ਸਨ, ਪਰ ਦੋਹਾਂ ਦੇ ਅੰਦਰ ਸੋਚਾਂ ਵਖਰੀਆਂ ਵਖਰੀਆਂ ਸਨ । ਮਨਜੀਤ ਦੇ ਕੰਨ ਵਿਚ ਬੁੱਧੀ ਕਹਿ ਰਹੀ ਸੀ, 'ਦੱਸ, ਕੀ ਖੱਟਿਆ ਈ ਮੂੰਹੋਂ ਗੱਲ ਕਢ ਕੇ ? ਐਵੇਂ ਆਪਣੇ ਆਪ ਤੋਂ ਵੀ ਹੌਲੀ ਪਈਓਂ ਨਾ ? ਹੁਣ ਕੁਲਵੰਤ ਦੀ ਨਜ਼ਰ ਵਿਚ ਤੇਰੀ ਉਹ ਇੱਜ਼ਤ ਰਹਿ ਗਈ ਏ ? ਏਸ ਇਕ ਗ਼ਲਤੀ ਬਦਲੇ ਤੈਨੂੰ ਉਮਰ ਭਰ ਪਛਤਾਉਣਾ ਪਵੇਗਾ.....'

ਤੇ ਕੁਲਵੰਤ ਦੇ ਖ਼ਿਆਲਾਂ ਵਿਚ ? ਦਰਸ਼ਨ ਦੀ ਅਣਪੁੱਜੀ ਮੁਹੱਬਤ ਕੁਰਲਾ ਰਹੀ ਸੀ । ਉਹ ਵਾਸਤੇ ਪਾ ਰਹੀ ਸੀ, 'ਅਜੇ ਵੀ ਮੇਰਾ ਨਾਂ ਲੈ ਦੇ । ਮਨਜੀਤ ਬੜੇ ਖੁੱਲ੍ਹੇ ਦਿਲ ਵਾਲੀ ਏ । ਉਹ ਸਾਡੀਆਂ ਰੀਝਾਂ ਦਾ ਖ਼ੂਨ ਨਹੀਂ ਕਰੇਗੀ । ਉਹ ਤੇਰੀ ਆਖੀ ਮੰਨ ਲਵੇਗੀ । ਤੂੰ ਉਹਦੀ ਚਿੰਤਾ ਨਾ ਕਰ । ਜਿਵੇਂ ਉਹਨੇ ਅੱਧੀ ਉਮਰ ਕੱਟ ਲਈ ਏ, ਉਹ ਬਾਕੀ ਦੀ ਉਮਰ ਵੀ ਸਬਰ ਨਾਲ ਕੱਟ ਲਵੇਗੀ । ਤੂੰ ਮੂੰਹੋਂ ਕਢ ਤਾਂ ਸਹੀ । ਇਕਵਾਰ ਉਹਦੇ ਕੰਨਾਂ ਤਕ ਵਾਜ ਪੁਚਾ ਦੇ, ਕਿ ਮੈਂ ਦਰਸ਼ਨ ਨੂੰ ਪਿਆਰ ਕਰਦਾ ਹਾਂ । ਫਿਰ ਸਭ ਠੀਕ ਹੋ ਜਾਏਗਾ ।'

ਦੋਵੇਂ ਮਨਾਂ ਦੀਆਂ ਸੁਣਦੇ ਸੁਣਾਉਂਦੇ ਗੁਰਦੁਆਰੇ ਜਾ ਪੁੱਜੇ । ਬਾਹਰਲਾ ਫਾਟਕ ਖੁੱਲ੍ਹਾ ਸੀ । ਦੋਵੇਂ ਅੰਦਰ ਲੰਘ ਗਏ । ਗ੍ਰੰਥੀ ਸਾਹਿਬ ਸਾਢੇ ਤਿੰਨ ਵਜੇ ਉਠ ਕੇ ਪਰਕਾਸ਼ ਕਰਿਆ ਕਰਦੇ ਸਨ । ਕੁਲਵੰਤ ਨੇ ਵੇਖਿਆ, ਅਜੇ ਤਿੰਨ ਵਜੇ ਸਨ । ਉਹਨੇ ਗ੍ਰੰਥੀ ਹੋਰਾਂ ਨੂੰ ਵਾਜ ਮਾਰੀ ।

"ਕੌਣ ? ਕੁਲਵੰਤ ਸਿੰਘ ਏ ? ਅੱਜ ਸਰੀਰ ਕੁਛ ਢਿੱਲਾ ਜਿਹਾ ਸੀ । ਇਸ ਵਾਸਤੇ ਕੁਵੇਲਾ ਹੋ ਗਿਆ ।"

"ਕੁਵੇਲਾ ਨਹੀਂ, ਅੱਜ ਮੈਂ ਈ ਸਵਖਤੇ ਆ ਗਿਆਂ । ਇਮਤਿਹਾਨ ਖ਼ਤਮ ਹੋ ਗਏ ਨੇ ਨਾਂ ! ਸਰੀਰ ਢਿੱਲਾ ਏ, ਤਾਂ ਤੁਸੀਂ ਆਰਾਮ ਕਰ ਲਵੋ, ਮੈਂ ਪਰਕਾਸ਼ ਕਰਦਾਂ ।"

"ਮਿਹਰਬਾਨੀ ! ਮੈਂ ਫਿਰ ਘੰਟਾ-ਕੁ ਹੋਰ ਲੇਟ ਲੈਂਦਾ ।" ਗ੍ਰੰਥੀ ਨੇ ਚਾਬੀ ਫੜਾਉਂਦਿਆਂ ਕਿਹਾ ।

ਕੁਲਵੰਤ ਨੇ ਬੂਹਾ ਖੋਲ੍ਹ ਕੇ, ਪੰਜ-ਇਸ਼ਨਾਨਾ ਕਰ ਕੇ ਗੁਰੂ ਗ੍ਰੰਥ ਸਾਹਿਬ ਦਾ

ਪ੍ਰਕਾਸ਼ ਕੀਤਾ। ਵਾਕ ਲੈ ਕੇ ਉਹ ਸਾਮ੍ਹਣੇ ਆ ਖਲਾ। "ਆਉ, ਮੈਂ ਤੁਹਾਨੂੰ ਆਪਣੀ ਸਾਥਣ ਵਿਖਾਵਾਂ।"

ਮਨਜੀਤ ਚੁਫੇਰੇ ਨਿਗ੍ਹਾ ਦੁੜਾਉਂਦੀ ਕੰਬਦੀ ਕੰਬਦੀ ਉੱਠੀ। ਕੁਲਵੰਤ ਨੇ ਉਹਦੀ ਬਾਂਹ ਫੜ ਕੇ ਕਿਹਾ, "ਆਓ, ਪਵਿੱਤਰ ਹਜ਼ੂਰੀ ਵਿਚ ਅਰਦਾਸ ਕਰੀਏ।" ਉਹਦੇ ਚਿਹਰੇ ਉਤੇ ਕੁਰਬਾਨੀ ਦੇ ਨਸ਼ੇ ਦੀ ਲਾਲੀ ਚਮਕ ਰਹੀ ਸੀ। ਮਨਜੀਤ ਦੀ ਕੀਤੀ ਦਾ ਬਦਲਾ ਦੇਣ ਲਈ ਉਹਨੇ ਪੱਕਾ ਮਨ ਬਣਾ ਲਿਆ ਸੀ।

"ਕੁਲਵੰਤ!" ਸਿਰ ਤੋਂ ਪੈਰਾਂ ਤਕ ਕੰਬਦੀ ਮਨਜੀਤ ਨੇ ਹਾੜ੍ਹਾ ਕਢਿਆ, "ਮੈਂ ਇਹ ਨਹੀਂ ਕਰ ਸਕਦੀ। ਮੈਂ ਤੇਰੀ ਜਵਾਨੀ ਨਹੀਂ ਡੋਬਣਾ ਚਾਹੁੰਦੀ। ਆਪਣੀ ਤੇ ਮੇਰੀ ਉਮਰ ਵੱਲ ਵੇਖ। ਮੈਂ ਤੈਨੂੰ ਖ਼ੁਸ਼ ਨਹੀਂ ਰੱਖ ਸਕਾਂਗੀ। ਵਾਸਤਾ ਮੰਨ, ਮੈਂ ਤੇਰਾ, ਜਿੱਥੇ ਕਹੇਂਗਾ, ਵਿਆਹ ਕਰਾਂਗੀ। ਤੁਹਾਨੂੰ ਹਸਦਿਆਂ ਨੂੰ ਵੇਖ ਕੇ ਈ ਮੇਰਾ ਦਿਲ ਸ਼ਾਂਤ ਹੋ ਜਾਏਗਾ। ਕੁਲਵੰਤ! ਮੈਂ ਇਤਨੀ ਖ਼ੁਦਗਰਜ਼ ਨਹੀਂ, ਜਿੰਨੀ ਤੂੰ ਸਮਝ ਬੈਠਾ ਏਂ।"

"ਤੁਸਾਂ ਵੀ ਮੈਨੂੰ ਗ਼ਲਤ ਸਮਝਿਆ ਏ। ਮੈਂ ਤੁਹਾਡੇ ਸਿਰ ਅਹਿਸਾਨ ਚਾੜ੍ਹਨ ਲਈ ਤੁਹਾਡੇ ਨਾਲ ਵਿਆਹ ਨਹੀਂ ਕਰਾਉਣ ਲੱਗਾ, ਸਗੋਂ ਇਹ ਮੇਰੀ ਖ਼ੁਸ਼ੀ ਏ। ਉਮਰਾਂ ਦੀਆਂ ਵਿੱਥਾਂ ਮਿਲ ਜਾਂਦੀਆਂ ਨੇ, ਜਿੱਥੇ ਦਿਲ ਮਿਲ ਜਾਣ। ਤੁਹਾਡੇ ਨਾਲੋਂ ਸੋਹਣੇ ਦਿਲ ਵਾਲੀ ਇਸਤਰੀ ਮੈਨੂੰ ਹੋਰ ਨਹੀਂ ਮਿਲ ਸਕਦੀ।" ਕੁਲਵੰਤ ਦੀ ਗੱਲ ਵਿਚ ਅਸਲੀਅਤ ਨਾਲੋਂ ਜੋਸ਼ ਵਧੇਰੇ ਸੀ।

"ਪਰ ਦੁਨੀਆਂ ਕੀ ਕਹੇਗੀ?"

"ਕੁਛ ਕਹੇ ਦੁਨੀਆਂ। ਮੈਂ ਆਪਣੀਆਂ ਰੀਝਾਂ ਅਧੂਰੀਆਂ ਰੱਖਣ ਵਾਸਤੇ ਤਿਆਰ ਨਹੀਂ। ਅੱਜ ਤੱਕ ਮੈਂ ਪੁੱਤਰ ਬਣ ਕੇ ਤੁਹਾਡੀ ਗੋਦੀ ਵਿਚ ਖਿਹਡਿਆ ਹਾਂ, ਹੁਣ ਪਤੀ ਬਣ ਕੇ ਇਹ ਸੁਹਾਗ ਮਾਨਣ ਚਾਹੁੰਦਾ ਹਾਂ। ਤੁਹਾਨੂੰ ਸਿਰਫ਼ ਦੋ ਸ਼ਰਤਾਂ ਮੰਨਣੀਆਂ ਪੈਣਗੀਆਂ: ਇਕ ਤਾਂ ਮੇਰਾ ਨਾਂ ਤੇ ਉਹ ਸਿਰਫ਼ 'ਕੁਲਵੰਤ' ਸੱਦਣਾ ਪਵੇਗਾ ਤੇ ਦੂਜਾ ਮੇਰਾ ਮੱਥਾ ਰੋਜ਼ ਚੁੰਮਣਾ ਹੋਵੇਗਾ।"

"ਕੁਲਵੰਤ! ਤੂੰ ਹਠ ਕਰ ਰਿਹਾ ਏਂ?'

"ਭਾਬੀ ਜੀ! ਜੇ ਤੁਸਾਂ ਹੁਣ ਇਕਵਾਰ ਵੀ ਮੇਰੀ ਖ਼ੁਸ਼ੀ ਦੀ ਉਲੰਘਣਾ ਕੀਤੀ, ਤਾਂ ਮੈਂ ਆਤਮ-ਘਾ......"

"ਬੱਸ, ਬੱਸ।" ਮਨਜੀਤ ਨੇ ਉਹਦੇ ਮੂੰਹ ਅੱਗੇ ਹੱਥ ਦੇ ਲਿਆ। "ਮੈਂ ਤੁਹਾਡੀ ਆਂ, ਸਦਾ ਤੁਹਾਡੀ। ਤੁਸੀਂ ਹੀ ਮੇਰੇ ਸੂਰਤ ਓ। ਜਿਵੇਂ ਤੁਹਾਡੀ ਰਜ਼ਾ।"

ਦੋਹਾਂ ਨੇ ਇਕ ਦੂੱਜੇ ਦਾ ਹੱਥ ਫੜ ਕੇ ਅਰਦਾਸ ਕੀਤੀ। ਫਿਰ ਅੱਗੇ ਅੱਗੇ

ਕੁਲਵੰਤ ਸੁੰਦਰ ਗੁਟਕੇ ਤੋਂ ਲਾਵਾਂ ਪੜ੍ਹਦਾ ਜਾ ਰਿਹਾ ਸੀ; ਤੇ ਮਗਰ ਮਗਰ ਉਹਦਾ ਲੜ ਫੜੀ ਮਨਜੀਤ। ਫੇਰ 'ਅਨੰਦ' ਦਾ ਪਾਠ ਕਰਕੇ ਦੋਹਾਂ ਅਰਦਾਸ ਕੀਤੀ, ਤੇ ਵਾਕ ਲਿਆ। ਇਹ ਕੁਛ ਕੁਲਵੰਤ ਨੇ ਮਨਜੀਤ ਦੇ ਧਾਰਮਕ ਝੁਕਾਵਾਂ ਨੂੰ ਮੁੱਖ ਰੱਖ ਕੇ ਕੀਤਾ, ਬੂਹਾ ਢੋ ਕੇ ਦੋਵੇਂ ਘਰ ਨੂੰ ਤੁਰ ਪਏ। ਮਨਜੀਤ ਇਉਂ ਅਨਭਵ ਕਰ ਰਹੀ ਸੀ, ਜਿਵੇਂ ਉਹ ਮਾੜੀ ਦੇ ਮੇਲੇ 'ਚੋਂ ਸੂਰਤ ਦੇ ਮਗਰ ਮਗਰ ਜਾ ਰਹੀ ਹੋਵੇ। ਕੁਲਵੰਤ ਨੂੰ ਇਉਂ ਭਾਸ ਰਿਹਾ ਸੀ, ਜਿਵੇਂ ਉਹਨੂੰ ਧਰਤੀ ਉਤੇ ਕੋਈ ਸੁਰਗ ਮਿਲ ਗਿਆ ਹੋਵੇ।

ਘਰ ਵੜਦਿਆਂ ਮਨਜੀਤ ਨੇ ਏਨੀ ਗੱਲ ਕਹੀ, "ਹੁਣ ਆਪਾਂ ਏਥੇ ਨਹੀਂ ਰਹਿਣਾ। ਮੈਨੂੰ ਸੰਗਾ ਆਉਂਦੀ ਏ।"

"ਠੀਕ ਏ, ਵਿਆਹ ਪਿਛੋਂ ਇਸਤਰੀ ਨੂੰ ਘਰ ਬਦਲਨਾ ਈਂ ਪੈਂਦਾ ਏ।" ਕਹਿੰਦਾ ਹੋਇਆ ਕੁਲਵੰਤ ਮੁਸਕਰਾ ਪਿਆ। "ਪਰ ਗਿਆਨੀ ਦੇ ਇਮਤਿਹਾਨ ਤਕ ਤਾਂ ਜ਼ਰੂਰ ਰਹਿਣਾ ਪਵੇਗਾ।"

# ਭਾਗ ਦੂਜਾ

## ੧.

ਮਨਜੀਤ ਦੇ ਜੀਵਨ ਵਿਚ ਇਕ ਵਾਰ ਫਿਰ ਸੁਹਾਗ-ਰਾਤ ਆਈ, ਪਰ ਉਸ ਵਿਚ ਪਹਿਲਾਂ ਵਰਗੀਆਂ ਅਣ-ਮਾਣੀਆਂ ਰੀਝਾਂ ਤੇ ਸੰਜਰਾ ਉਤਸ਼ਾਹ ਨਹੀਂ ਸੀ।

ਇਸ ਵੇਲੇ ਦੋ ਵੱਡੀਆਂ ਸੋਚਾਂ ਮਨਜੀਤ ਨੂੰ ਪਰੇਸ਼ਾਨ ਕਰ ਰਹੀਆਂ ਸਨ। 'ਕੀ ਮੇਰੀ ਢਲੀ ਹੋਈ ਜਵਾਨੀ ਕੁਲਵੰਤ ਨੂੰ ਸੰਤੁਸ਼ਟ ਕਰ ਸਕੇਗੀ? ਕੁਲਵੰਤ ਨੇ ਜੋ ਕੁਛ ਕੀਤਾ ਹੈ, ਮੇਰੇ ਅਹਿਸਾਨ ਦੇ ਅਸਰ ਥੱਲੇ ਕੁਰਬਾਨੀ ਸਮਝ ਕੇ ਕੀਤਾ ਹੈ। ਇਸ ਵੇਲੇ ਉਹ ਇਸ ਅਦੁੱਤੀ ਕੁਰਬਾਨੀ ਦੇ ਨਸ਼ੇ ਵਿਚ ਚੂਰ ਏ। ਜਦੋਂ ਇਹ ਨਸ਼ਾ ਜ਼ਰਾ ਘੱਟ ਹੋਵੇਗਾ, ਓਦੋਂ? ਦੁਨੀਆਂ ਦਾ ਕੋਈ ਵੀ ਨਸ਼ਾ ਸਦਾ ਇਕੋ ਜੇਹਾ ਨਹੀਂ ਰਹਿੰਦਾ। ਮੈਂ ਸਗੋਂ ਗ਼ਲਤੀ ਤਾਂ ਨਹੀਂ ਕਰ ਬੈਠੀ? ਮੇਰੀਆਂ ਸਾਲਾਂ ਦੀਆਂ ਭੁੱਖੀਆਂ ਸਧਰਾਂ ਨੇ ਕੁਲਵੰਤ ਨਾਲ ਧੱਕਾ ਤਾਂ ਨਹੀਂ ਕੀਤਾ? ਕਦੇ ਕਦੇ ਅਸੀਂ ਕਿਸੇ ਦਾ ਧੱਕਾ ਵੀ ਪਿਆਰ ਸਮਝ ਕੇ ਪਰਵਾਨ ਕਰ ਲੈਂਦੇ ਆਂ। ਫਿਰ ਵੀ ਧੱਕਾ ਅੰਤ ਧੱਕਾ ਹੀ ਏ। ਮੰਨਿਆਂ, ਕੁਲਵੰਤ ਮੈਨੂੰ ਪਿਆਰ ਕਰਦਾ ਏ। ਪਰ ਉਹਦੇ ਪਿਆਰ ਦਾ ਇਹ ਅਰਥ ਤਾਂ ਕਦੇ ਵੀ ਨਹੀਂ ਸੀ ਹੋਇਆ। ਫਿਰ ਵੀ ਇਹ ਕੀ ਹੋ ਗਿਆ? ਕਿਉਂ ਹੋ ਗਿਆ? ਮੈਨੂੰ ਇਹ ਨਹੀਂ ਸੀ ਕਰਨਾ ਚਾਹੀਦਾ। ਮੇਰਾ ਮਨ ਡੋਲ ਗਿਆ ਸੀ, ਤਾਂ ਕੁਲਵੰਤ ਹੀ ਇਨਕਾਰ ਕਰ ਦੇਂਦਾ। ਅੱਗੇ ਉਹਨੇ ਮੇਰੀ ਗੱਲ ਕਦੇ ਨਹੀਂ ਸੀ ਮੋੜੀ? ਕੇਈ ਵੇਰਾਂ। ਪਰ ਉਹ ਬੜੀਆਂ ਸਾਧਾਰਨ ਗੱਲਾਂ ਹੁੰਦੀਆਂ ਸਨ। ਉਹਨਾਂ ਦੇ ਮੰਨਣ ਤੋਂ ਵਿਹਰ ਜਾਣਾ ਮਾਮੂਲੀ ਗੱਲ ਸੀ। ਤੇ ਇਹ ਤਾਂ ਜ਼ਿੰਦਗੀ ਦਾ ਫ਼ੈਸਲਾ ਸੀ। ਉਹ ਇਸ ਤੋਂ ਇਨਕਾਰ ਕਰਦਾ, ਤਾਂ ਮੇਰਾ ਦਿਲ ਨਾ ਟੁੱਟ ਜਾਂਦਾ? ਮੇਰਾ ਹੰਮਾ ਉਹ ਕਿਵੇਂ ਢਾਹ ਸਕਦਾ ਸੀ। ਉਹ ਮੈਨੂੰ ਪਿਆਰ ਕਰਦਾ ਏ। ਉਹ ਆਦਮੀ ਨਹੀਂ, ਦੇਵਤਾ ਏ। ਕੁਲਵੰਤ! ਤੂੰ ਤਾਂ ਮੇਰਾ ਨਜ਼ਰੀਆ ਹੀ ਬਦਲ ਦਿਤਾ ਏ। ਮੈਂ ਮਰਦ ਨੂੰ ਜ਼ਾਲਮ ਤੇ ਬੇ-ਵਫ਼ਾ ਸਮਝਦੀ ਸਾਂ। ਮਰਦ ਜਾਤੀ ਤੋਂ ਮੇਰਾ ਭਰੋਸਾ ਹੀ ਉਠ ਗਿਆ ਸੀ। ਤੂੰ ਉਹ ਟੁੱਟਾ ਹੋਇਆ ਇਤਬਾਰ ਫਿਰ ਕਾਇਮ ਕਰ ਦਿਤਾ ਏ। ਤੂੰ ਮੇਰੇ ਜੀਵਨ ਦੀਆਂ ਸੇਧਾਂ ਬਦਲ ਦਿਤੀਆਂ ਨੇ।'

ਠੀਕ ਹੀ ਮਨਜੀਤ ਦੇ ਜੀਵਨ ਦੀਆਂ ਸੇਧਾਂ ਬਦਲ ਗਈਆਂ ਸਨ। ਉਹਦੇ ਵਿਚਾਰਾਂ ਵਿਚ ਬੜਾ ਭਾਰਾ ਪਲਟਾ ਆ ਗਿਆ ਸੀ। ਅੱਗੇ ਉਹ

ਵਿਦਿਆਰਥਣਾਂ ਨੂੰ ਪੜ੍ਹਾਉਂਦੀ ਸੀ, "ਮਰਦ ਜੁੱਗਾਂ ਤੋਂ ਇਸਤਰੀ ਨਾਲ ਧੱਕਾ ਕਰਦਾ ਆਇਆ ਏ। ਮਰਦ ਲਹੂ-ਪੀਣਾ ਜ਼ਾਲਮ ਤੇ ਬੇ-ਵਫ਼ਾ ਏ। ਮਰਦ ਦੇ ਬਣਾਏ ਸਮਾਜ ਵਿਚ ਇਸਤਰੀ ਵਾਸਤੇ ਕਿਤੇ ਇਨਸਾਫ਼ ਨਹੀਂ। ਸਾਨੂੰ ਹਿੰਮਤ ਕਰਕੇ ਇਸ ਸਮਾਜਕ ਕੈਦਖਾਨੇ ਦੀਆਂ ਕੰਧਾਂ ਢਾਹੁਣੀਆਂ ਪੈਣਗੀਆਂ। ਇਹ ਲੋਹੇ ਦੀਆਂ ਜ਼ੰਜੀਰਾਂ ਤੋੜਨੀਆਂ ਪੈਣਗੀਆਂ, ਜੀਹਨਾਂ ਵਿਚ ਜਕੜੇ ਇਸਤਰੀ ਜਾਤੀ ਦੇ ਜਜ਼ਬੇ ਦਮ ਤੋੜ ਰਹੇ ਨੇ। ਜ਼ਿੰਦਗੀ ਵਿਚ ਧੋਖੇ ਤੋਂ ਬਚਣ ਵਾਸਤੇ ਇਕ ਗੱਲ ਯਾਦ ਰੱਖੋ। ਦੋ ਸਿਆਸਤਦਾਨਾਂ ਵਾਂਗ ਮਰਦ ਨਾਲ ਸਮਝੌਤਾ ਬੇਸ਼ੱਕ ਕਰ ਲਵੋ, ਪਰ ਅੰਧ-ਵਿਸ਼ਵਾਸ ਵਿਚ ਆ ਕੇ ਇਤਬਾਰ ਕਦੇ ਨਾ ਕਰੋ।"

ਤੇ ਹੁਣ ਉਹ ਵਿਚਾਰ ਪਰਗਟ ਕਰਦੀ, "ਮਰਦ ਜਿੱਥੇ ਰਾਕਸ਼ ਏ, ਓਥੇ ਦੇਵਤਾ ਵੀ ਹੈ। ਉਹ ਬੇ ਵਫ਼ਾ ਹੈ, ਤਾਂ ਪਿਆਰ ਦਾ ਪੁਤਲਾ ਵੀ ਹੈ। ਉਹ ਧੱਕੇਖੋਰ ਹੈ, ਤਾਂ ਕੁਰਬਾਨੀ ਦਾ ਪੁੰਜ ਵੀ ਹੈ। ਮਰਦ ਤੇ ਇਸਤਰੀ ਮਨੁੱਖਤਾ ਦੇ ਦੋ ਅੰਗ ਹਨ। ਆਪੋ ਆਪਣੇ ਥਾਂ ਦੋਵੇਂ ਭਾਵੇਂ ਕਿੰਨੇ ਵੀ ਸੁਨੱਖੇ ਹੋਣ, ਉਹ ਸੰਪੂਰਣ ਨਹੀਂ ਕਹੇ ਜਾ ਸਕਦੇ। ਇਸਤਰੀ ਪੁਰਸ਼ ਦਾ ਸੰਬੰਧ ਸਦੀਵੀ ਹੈ। 'ਏਕ ਜੋਤਿ ਦੋਇ ਮੂਰਤੀ' ਦਾ ਸਿਧਾਂਤ ਗ੍ਰਿਸਤੀ ਜੀਵਨ ਦਾ ਚਾਨਣਾ ਪੱਖ ਹੈ। ਸਾਡਾ ਸਮਾਜ ਪੁਰਾਣਾ ਹੋਣ ਕਰਕੇ ਭਾਵੇਂ ਕੁਛ ਜਰਜਰਾ ਹੋ ਗਿਆ ਹੈ, ਪਰ ਪੱਛਮੀ ਦੁਨੀਆਂ ਨਾਲੋਂ ਅਜੇ ਵੀ ਉਚੇਰਾ ਹੈ। ਸਾਡਾ ਕੰਮ ਏਸ ਸਮਾਜਕ ਢਾਂਚੇ ਨੂੰ ਤੋੜਨਾ ਨਹੀਂ, ਸਗੋਂ ਸਮੇਂ ਦੀ ਲੋੜ ਮੁਤਾਬਕ ਇਸਦਾ ਸੁਧਾਰ ਕਰਨਾ ਹੈ। ਪਹਿਲੇ ਉਸਰੱਈਆਂ ਤੋਂ ਜਿੱਥੇ ਕੋਈ ਨੁਕਸ ਰਹਿ ਗਿਆ ਹੈ, ਜਾਂ ਪੁਰਾਣਾ ਹੋਣ ਕਰਕੇ ਮੰਦਰ ਦੀਆਂ ਕੰਧਾਂ ਵਿਚ ਜਿੱਥੇ ਤੇੜਾਂ ਪੈ ਗਈਆਂ ਨੇ, ਉਹਨਾਂ ਨੂੰ ਨਵੇਂ ਸੁਲਝੇ ਹੋਏ ਵਿਚਾਰਾਂ ਦਾ ਚੂਨਾ ਥੱਪ ਕੇ ਪੂਰਨ ਕਰਨਾ ਸਾਡਾ ਨਸ਼ਾਨਾ ਹੋਣਾ ਚਾਹੀਦਾ ਹੈ। ਪਿਆਰ ਦੇ ਮਿਲਵਰਤਨ ਦੇ ਪਾਲਸ਼ ਨਾਲ ਇਸ ਨੂੰ ਏਨਾ ਲਿਸ਼ਕਾ ਦੇਣਾ ਚਾਹੀਦਾ ਹੈ, ਜਿਸ ਵਿਚੋਂ ਹਰ ਪਾਸੇ ਆਪਣਾ ਹੀ ਰੂਪ ਪਿਆ ਦਿੱਸੇ। ਵਿਆਹ ਸੌਦਾ ਜਾਂ ਸਮਝੌਤਾ ਨਹੀਂ, ਸਗੋਂ ਪਵਿੱਤਰ-ਬੰਧਨ ਹੈ, ਜਿਨਸੀ ਪਿਆਰ ਦਾ ਸਿਖਰ ਹੈ। ਤੇ ਪਿਆਰ ? ਪਿਆਰ ਨਾ ਕਬਜ਼ਾ ਹੈ, ਨਾ ਪਹਿਚਾਨ। ਪਿਆਰ ਦੋ ਜ਼ਿੰਦਗੀਆਂ ਦਾ ਅਟੁੱਟ-ਨੇੜ ਹੈ, ਜਿਸ ਵਿਚ ਰੁਸੇਵਾਂ ਮਨੇਵਾਂ—ਦੋਵੇਂ—ਸੰਭਵ, ਸਗੋਂ ਸੁਭਾਵਕ ਹਨ। ਕਬਜ਼ੇ ਵਿਚ ਰੁਸੇਵੇਂ ਵਾਸਤੇ ਕੋਈ ਥਾਂ ਨਹੀਂ। ਜਿੱਥੇ ਇਕ ਧਿਰ ਮਾਲਕ ਤੇ ਦੂਸਰੀ ਗ਼ੁਲਾਮ ਹੋਵੇ, ਓਥੇ ਰੁਸੇਵੇਂ ਦਾ ਸਵਾਲ ਹੀ ਕਦੋਂ ਪੈਦਾ ਹੁੰਦਾ ਹੈ ? ਸੋ ਪਿਆਰ ਕਬਜ਼ਾ ਨਹੀਂ। ਤੇ ਨਾ ਹੀ ਪ੍ਰੀਤ ਪਹਿਚਾਨ ਹੈ। ਪਹਿਚਾਨ ਵਿਚ ਰੁਸੇਵੇਂ ਪਿਛੋਂ ਮਨੇਵੇਂ ਲਈ ਤੜਪ ਨਹੀਂ ਹੁੰਦੀ। ਪਹਿਚਾਨ ਤਾਂ ਓਸ ਬਿਜਲੀ ਦੀ ਚਮਕ ਵਾਂਗ ਹੈ, ਜੋ ਕਿਸੇ ਛੋਟੀ ਜੇਹੀ

ਬਦਲੀ ਵਿਚੋਂ ਦਿਨੇ ਚਮਕ ਕੇ ਲੋਪ ਹੋ ਜਾਂਦੀ ਏ। ਉਹਦੇ ਦੁਬਾਰਾ ਚਮਕਣ ਵਾਸਤੇ ਸਾਡਾ ਮਨ ਕਲਪਦਾ ਨਹੀਂ। ਸੋ ਪਿਆਰ ਨੂੰ ਅਟੁੱਟ-ਨੇੜ ਹੀ ਮੰਨਣਾ ਪਵੇਗਾ, ਜਿਸ ਵਿਚ ਰੁਸੇਵੇਂ ਮਨੇਵੇਂ ਦੀਆਂ ਦੋਵੇਂ ਝਾਕੀਆਂ ਮਨ-ਮੋਹਕ ਹਨ। ਅਜੇਹੇ ਅਟੁੱਟ ਪ੍ਰੇਮ ਨੂੰ ਹੀ ਅਸੀਂ ਰੱਬ ਦਾ ਦਰਜਾ ਦੇਂਦੇ ਆਂ। ਲੋਕ ਗੀਤਾਂ ਵਿਚ ਤੁਸਾਂ ਪੜ੍ਹਿਆ ਹੈ ਨਾਂ :—

'ਮੇਰੀ ਰੁੱਸ ਗਈ ਝਾਂਜਰਾਂ ਵਾਲੀ,
ਮੇਰੇ ਭੌਂ ਦਾ ਰੱਬ ਰੁੱਸਿਆ।'
ਤੇ
'ਮੇਰੀ ਮੰਨ ਪਈ ਝਾਂਜਰਾਂ ਵਾਲੀ,
ਮੇਰੇ ਭੌਂ ਦਾ ਰੱਬ ਮੰਨਿਆਂ।'

"ਸੋ ਪਿਆਰ ਓਹੀ ਹੈ, ਜਿਸ ਵਿਚ ਪਿਆਰੇ ਦੇ ਰੁੱਸਣ ਨਾਲ ਰੱਬ ਰੁੱਸ ਪੈਂਦਾ ਏ, ਤੇ ਪਿਆਰੇ ਦੇ ਮੰਨਣ ਨਾਲ ਰੱਬ ਦਾ ਮਿਲਾਪ ਹੋ ਜਾਂਦਾ ਹੈ। ਏਹਾ ਪਿਆਰ ਹੈ ਭਾਰਤੀ ਵਿਆਹ ਦਾ ਬੰਧਨ।" ਜਦ ਉਹ ਇਹ ਲੈਕਚਰ ਦੇ ਰਹੀ ਹੁੰਦੀ, ਕੁਲਵੰਤ ਉਹਦੇ ਹਰ ਸਾਹ ਵਿਚ ਹਰ ਖਿਆਲ ਵਿਚ ਤੇ ਹਰ ਲਹੂ ਦੇ ਕਤਰੇ ਵਿਚ ਰਚਿਆ ਹੁੰਦਾ।

ਤੇ ਕੁਲਵੰਤ। ਉਹ ਮਾਣ ਨਾਲ ਛਾਤੀ ਫੁਲਾ ਕੇ ਸੋਚਦਾ, 'ਮੈਂ ਉਹ ਕੁਛ ਕੀਤਾ ਏ, ਜੋ ਦੁਨੀਆਂ ਦੇ ਇਤਿਹਾਸ ਵਿਚ ਅੱਗੇ ਕਦੇ ਨਹੀਂ ਹੋਇਆ। ਅਧਖੜ ਦੁਹਾਜੂਆਂ ਨਾਲ ਲੱਖਾਂ ਕੁਆਰੀਆਂ ਕੰਜਕਾਂ ਵਿਆਹੀਆਂ ਗਈਆਂ ਹੋਣਗੀਆਂ, ਪਰ ਹੰਢੇ ਹੋਏ ਪਤੀਆਂ ਨੂੰ ਖ਼ੁਸ਼ੀ ਨਾਲ ਕਦੇ ਕਿਸੇ ਪਰਵਾਨ ਨਹੀਂ ਕੀਤਾ। ਸਮਾਜਕ ਦਬਾਉ ਤੇ ਹਾਲਾਤ ਦੀਆਂ ਔਕੜਾਂ ਮੁਟਿਆਰਾਂ ਨੂੰ ਇਹ ਕੁਛ ਮੰਨਣ ਵਾਸਤੇ ਮਜਬੂਰ ਕਰਦੀਆਂ ਰਹੀਆਂ ਹਨ। ਮਗਰ ਮੇਰੇ ਸਾਮ੍ਹਣੇ ਤਾਂ ਕੋਈ ਅਜੇਹੀ ਔਕੜ ਨਹੀਂ ਸੀ। ਮੈਂ ਅੱਧੀ ਜ਼ਬਾਨ ਨਾਲ ਨਾਂਹ ਕਰਦਾ, ਤਾਂ ਮਨਜੀਤ ਏਸ ਕੰਮ ਵਾਸਤੇ ਹਠ ਨਾ ਕਰਦੀ। ਪਰ ਮੈਂ ਨਾਂਹ ਕਰ ਕਿਵੇਂ ਸਕਦਾ ਸੀ? ਏਸ ਤਰ੍ਹਾਂ ਮਨਜੀਤ ਦੇ ਦਿਲ ਤੇ ਕੀ ਗੁਜ਼ਰਦੀ? ਉਹ ਮੈਨੂੰ ਸਵਾਰਥੀ ਤੇ ਬੇ-ਵਫ਼ਾ ਸਮਝਦੀ। ਉਹਦੀ ਕੁਰਬਾਨੀ ਇਸਤਰੀ ਜਾਤੀ ਦੇ ਉੱਦੇਸ਼ ਦਾ ਸਿਖਰ ਹੈ। ਸ਼ਾਇਦ ਅੱਗੇ ਕੋਈ ਵੀ ਨਾ ਹੋਈ ਹੋਵੇ, ਜਿਨ੍ਹੇ ਮਨਜੀਤ ਵਾਲੀ ਕਰਨੀ ਕੀਤੀ ਹੋਵੇ। ਮਾਂ ਪੁੱਤਰ ਲਈ ਕੁਰਬਾਨੀ ਕਰਦੀ ਏ। ਭੈਣ ਭਰਾ ਲਈ ਦੁੱਖ ਸਹਾਰਦੀ ਹੈ। ਇਸਤਰੀ ਪਤੀ ਲਈ ਜੀਵਨ ਅਰਪਣ ਕਰਦੀ ਏ। ਪਰ ਮੈਂ ਮਨਜੀਤ ਦਾ ਕੀ ਲਗਦਾ ਸਾਂ? ਇਕ ਸ਼ਰੀਕ। ਉਹ ਮਸਾਂ ਸਤਾਰਾਂ-ਅਠਾਰਾਂ ਸਾਲ ਦੀ ਹੋਵੇਗੀ, ਜਦ ਵਿਧਵਾ ਹੋਈ ਸੀ। ਉਹ ਪੇਕੇ ਘਰ ਜਾ

ਸਕਦੀ ਸੀ । ਉਹ ਪੁਨਰ-ਵਿਆਹ ਕਰਕੇ ਨਵਾਂ ਘਰ ਵਸਾ ਸਕਦੀ ਸੀ । ਉਹਨੇ ਇਹ ਕੁਛ ਨਾ ਕਰਕੇ ਜ਼ਮਾਨੇ ਭਰ ਦੇ ਦੁੱਖ ਸਹਾਰੇ, ਕੀਹਦੇ ਬਦਲੇ ? ਸਿਰਫ਼ ਮੇਰੇ ਬਦਲੇ । ਉਹਦੀ ਕੁਰਬਾਨੀ ਬੇ-ਮਿਸਾਲ ਹੈ । ਪਰ ਘੱਟ ਮੈਂ ਵੀ ਨਹੀਂ ਕੀਤੀ । ਉਹਦੀ ਕੀਤੀ ਦਾ ਮੈਂ ਪੂਰਾ ਮੁੱਲ ਉਹਨੂੰ ਅਦਾ ਕੀਤਾ ਏ । ਉਹਨੇ ਮੇਰੇ ਬਦਲੇ ਜੁਆਨੀ ਗਾਲੀ ਏ, ਤਾਂ ਮੈਂ ਉਹਨੂੰ ਉਹਦਾ ਸੁਹਾਗ ਮੋੜਿਆ ਏ । ਅੱਜ ਮੈਂ ਛਾਤੀ ਤਾਣ ਕੇ ਕਹਿ ਸਕਦਾ ਹਾਂ, ਕਿ ਮਰਦ ਵੀ ਇਸਤਰੀ ਦੇ ਬਰਾਬਰ ਕੁਰਬਾਨੀ ਕਰ ਸਕਦਾ ਏ । ਮੈਂ ਖ਼ੁਸ਼ੀ ਨਾਲ ਮਨਜੀਤ ਨੂੰ ਅਪਣਾਇਆ ਏ । ਮੈਂ ਮਨਜੀਤ ਨੂੰ ਪਿਆਰ ਕਰਦਾ ਹਾਂ । ਪਿਆਰ ? ਹਾਂ, ਹਾਂ, ਮੈਂ ਸੱਚੇ ਦਿਲੋਂ ਤੈਨੂੰ ਪਿਆਰ ਕਰਦਾ ਹਾਂ ਮੇਰਾ ਪਿਆਰ ਆਮ ਕਾਲਜ ਦੇ ਮੁੰਡਿਆਂ ਵਾਂਗ ਫ਼ਿਲਮੀ ਪਿਆਰ ਨਹੀਂ, ਸਗੋਂ ਸੱਚਾ ਤੇ ਸਦੀਵੀ ਹੈ । ਠੀਕ ਹੈ, ਹਾਣ ਨੂੰ ਹਾਣ ਪਿਆਰ ਦੀ ਪ੍ਰੇਰਨਾ ਕਰਦਾ ਏ; ਪਰ ਜਿੱਥੇ ਦਿਲਾਂ ਦਾ ਸੌਦਾ ਹੋ ਜਾਵੇ; ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਏ । ਸਾਡੀ ਜੋੜੀ ਵੱਲ ਵੇਖ ਕੇ ਲੋਕੀਂ ਰੀਸ ਕਰਨ ਲਈ ਸੋਚਿਆ ਕਰਨਗੇ । ਬੀ. ਏ. ਦੇ ਇਮਤਿਹਾਨ ਪਿਛੋਂ ਛੇਤੀ ਹੀ ਅਸੀਂ ਵਿਆਹ ਦੇ ਪਵਿੱਤਰ ਬੰਧਨ ਦੁਆਰਾ ਇਕ ਹੋ ਜਾਵਾਂਗੇ । ਜੇ ਤੇਰੇ ਮਾਪੇ ਇਸ ਸੰਜੋਗ 'ਤੇ ਰਾਜ਼ੀ ਹਨ, ਤਾਂ ਮੇਰੇ ਕੀਹਨੇ ਨਾਰਾਜ਼ ਹੋਣਾ ਹੈ ? ਇਕੋ ਇਕ ਭਰਜਾਈ......। ਹੈਂ ? ਮੈਂ ਕੀ ਸੋਚ ਰਿਹਾ ਹਾਂ ? ਕੀਹਦੇ ਬਾਰੇ ਸੋਚ ਰਿਹਾ ਹਾਂ? ਇਹ ਮੇਰੇ ਫੁਰਨਿਆਂ ਵਿਚ ਕਿਉਂ ਆ ਗਈ ? ਦਰਸ਼ਨ ! ਹੁਣ ਮੇਰਾ ਖ਼ਿਆਲ ਛੱਡ ਦਿਹ । ਮੈਂ ਕਿਸੇ ਦਾ ਹੋ ਚੁੱਕਾ ਹਾਂ । ਤੇਰੇ ਵੱਲੋਂ ਮੈਂ ਠੀਕ ਝੂਠਾ ਪਿਆ ਹਾਂ । ਪਰ ਮੈਂ ਮਜਬੂਰ ਸਾਂ । ਮੈਂ ਮਨਜੀਤ ਦਾ ਬਹੁਤ ਕੁਛ ਦੇਣਾ ਸੀ ਏਨਾ ਕੁਛ, ਕਿ ਕਈ ਜਨਮ ਧਾਰ ਕੇ ਵੀ ਮੈਂ ਉਹਦਾ ਕਰਜ਼ਾ ਨਹੀਂ ਸਾਂ ਉਤਾਰ ਸਕਦਾ । ਉਸ ਸਭ ਕਾਸੇ ਬਦਲੇ ਮੈਂ ਆਪਣਾ ਆਪ ਉਹਦੀ ਭੇਟ ਕਰ ਦਿਤਾ ਹੈ । ਉਹਨੇ ਮਜਬੂਰ ਨਹੀਂ ਸੀ ਕੀਤਾ, ਪਰ ਮੇਰੀ ਆਤਮਾ ਨੇ ਉਹਦੀਆਂ ਪਵਿੱਤਰ ਖ਼ਾਹਸ਼ਾਂ ਸਾਮ੍ਹਣੇ ਝੁਕਣ ਲਈ ਮੈਨੂੰ ਮਜਬੂਰ ਕਰ ਦਿਤਾ । ਉਹ ਦੇਵੀ ਹੈ । ਮੈਂ ਉਸਦਾ ਪੁਜਾਰੀ ਬਣ ਗਿਆ ਹਾਂ । ਮੈਂ ਉਸ ਨੂੰ ਪਿਆਰ ਕਰਦਾ ਹਾਂ । ਦਰਸ਼ਨ ! ਮੈਨੂੰ ਮਾਫ਼ ਕਰ ਦਿਹ ।'

ਏਥੇ ਪਹੁੰਚ ਕੇ ਕੁਲਵੰਤ ਗੰਭੀਰ ਹੋ ਜਾਂਦਾ । ਦਰਸ਼ਨ ਦੀ ਯਾਦ ਉਹਨੂੰ ਉਦਾਸ ਕਰ ਦੇਂਦੀ । ਜਿਉਂ ਜਿਉਂ ਦਿਨ ਬੀਤਦੇ ਗਏ, ਜੋਸ਼ ਵਿਚ ਆ ਕੇ ਕੀਤੀ ਹੋਈ ਕੁਰਬਾਨੀ ਦਾ ਨਸ਼ਾ ਘਟਦਾ ਗਿਆ ਤੇ ਗੰਭੀਰਤਾ ਵਧਦੀ ਗਈ ।

੨,

ਕੁਲਵੰਤ ਘਰੋਂ ਬਾਹਰ ਘਟ ਵੱਧ ਹੀ ਜਾਂਦਾ ਸੀ। ਉਹ ਆਪਣੇ ਆਪ ਨੂੰ ਮਨਜੀਤ ਦੇ ਪਿਆਰ ਵਿਚ ਡੋਬ ਕੇ ਬਾਕੀ ਸਭ ਕੁਛ ਭੁੱਲ ਜਾਣਾ ਚਾਹੁੰਦਾ ਸੀ। ਜਿੰਨਾਂ ਚਿਰ ਮਨਜੀਤ ਘਰ ਹੁੰਦੀ, ਕੁਲਵੰਤ ਮਿਠੀਆਂ ਮਿਠੀਆਂ ਗੱਲਾਂ ਕਰਕੇ ਉਹਦਾ ਮਨ ਪਰਚਾਉਣ ਦਾ ਯਤਨ ਕਰਦਾ ਰਹਿੰਦਾ। ਜਦ ਮਨਜੀਤ ਪੜ੍ਹਾਉਣ ਚਲੀ ਜਾਂਦੀ, ਉਹ ਅੰਦਰ ਲੰਮਾ ਪਿਆ ਕੋਈ ਨਾਵਲ ਪੜ੍ਹਦਾ ਰਹਿੰਦਾ।

ਇਕ ਦਿਨ ਕੁਲਵੰਤ ਦਾ ਫ਼ਿਲਮ ਵੇਖਣ ਨੂੰ ਦਿਲ ਕੀਤਾ। ਉਹਨੇ ਮਨਜੀਤ ਨੂੰ ਨਾਲ ਚੱਲਣ ਵਾਸਤੇ ਕਿਹਾ। ਮਨਜੀਤ ਨੇ ਥੋੜਾ ਮੁਸਕਰਾ ਕੇ ਕਿਹਾ, "ਲੜਕੀਆਂ ਦੇ ਇਮਤਿਹਾਨ ਸਿਰ 'ਤੇ ਨੇ। ਇਹਨਾਂ ਦਿਨਾਂ ਵਿਚ ਮੈਨੂੰ ਵਕਤ ਮਿਲਣਾ ਔਖਾ ਏ। ਤੁਸੀਂ ਵੇਖ ਆਉ। ਇਮਤਿਹਾਨ ਪਿਛੋਂ—ਆਖੋਗੇ ਤਾਂ—ਰੋਜ਼ ਚੱਲ ਫਿਰਿਆ ਕਰਾਂਗੀ।"

ਮਨਜੀਤ ਪੜ੍ਹਾਉਣ ਚਲੀ ਗਈ। ਥੋੜੇ ਚਿਰ ਪਿਛੋਂ ਕੁਲਵੰਤ ਵੀ ਤਿਆਰ ਹੋ ਕੇ ਚਲਾ ਗਿਆ। ਉਹ ਫਿਰਦਾ ਤੁਰਦਾ ਸਿਨੇਮਾ ਹਾਲ ਕੋਲ ਪਹੁੰਚਿਆ। ਅਗੇ ਦਰਸ਼ਨ ਤੇ ਗੁਰਸ਼ਰਨ—ਦੋਵੇਂ ਭੈਣ ਭਰਾ—ਖਲੋ ਦਿੱਸੇ। ਉਹਨਾਂ ਨੂੰ ਵੇਖਦੇ ਸਾਰ ਕੁਲਵੰਤ ਦਾ ਕਲੇਜਾ ਧੜਕਣ ਲੱਗ ਪਿਆ। ਉਹਨੇ ਨਜ਼ਰ ਬਚਾ ਕੇ ਉਥੋਂ ਖਿਸਕ ਜਾਣ ਦਾ ਚਾਰਾ ਕੀਤਾ, ਪਰ ਕਾਮਯਾਬ ਨਾ ਹੋਇਆ। ਗੁਰਸ਼ਰਨ ਨੇ ਵੇਖ ਕੇ ਵਾਜ ਮਾਰ ਲਈ। ਫਿਰ ਕੁਲਵੰਤ ਕੀ ਕਰਦਾ। ਮਜਬੂਰਨ ਉਹਨੂੰ ਪੇਸ਼ ਹੋਣਾ ਪਿਆ। ਉਹ ਕੰਬਦੇ ਦਿਲ ਨੂੰ ਸੰਭਾਲਦਾ ਹੋਇਆ ਨੇੜੇ ਪੁੱਜਾ। ਮੱਲੋ ਮੱਲੀ ਮੁਸਕਰਾਉਣ ਦਾ ਯਤਨ ਕਰਦਿਆਂ ਉਹਨੇ ਗੁਰਸ਼ਰਨ ਨੂੰ ਜੱਫੀ ਪਾਈ। ਦੋਵੇਂ ਜਮਾਤੀ ਘੁੱਟ ਕੇ ਮਿਲੇ।

"ਤੂੰ ਤਾਂ ਯਾਰ! ਸੁਪਨਾ ਹੋ ਗਿਆ ਏਂ। ਅਸਲੋਂ ਮੱਥੇ ਲੱਗਣੋਂ ਈ ਗਿਉਂ।" ਗੁਰਸ਼ਰਨ ਨੇ ਗਲਵਕੜੀ ਛਡਦਿਆਂ ਕਿਹਾ।

"ਵੀਰ ਜੀ! ਇਹਨਾਂ ਦਾ ਅਜੇ ਇਮਤਿਹਾਨ ਨਹੀਂ ਨਾ ਮੁੱਕਾ। ਵਿਹਲੇ ਹੋ ਕੇ ਮਿਲਿਆ ਕਰਨਗੇ।" ਦਰਸ਼ਨ ਨੇ ਕੋਲੋਂ ਵਿਅੰਗ ਨਾਲ ਕਿਹਾ।

"ਨਹੀਂ ਨਹੀਂ, ਮੈਂ ਇਕ ਹੋਰ ਉਲਝਣ ਵਿਚ ਫਸਿਆ ਰਿਹਾ ਹਾਂ। ਏਸ ਵਾਸਤੇ ਕਿਸੇ ਨੂੰ ਵੀ ਨਹੀਂ ਮਿਲ ਸਕਿਆ।" ਕੁਲਵੰਤ ਨੇ ਉਜ਼ਰ ਪੇਸ਼ ਕੀਤਾ।

"ਜੀ ਹਾਂ। ਮੈਂ ਸਭ ਜਾਣਦੀ ਆਂ, ਜਿੰਨ੍ਹਾਂ ਉਲਝਣਾ ਵਿਚ ਤੁਸੀਂ ਅੱਜ ਕੱਲ

ਉਲਝੇ ਹੋਏ ਹੋ । ਮੈਥੋਂ ਕੋਈ ਭੁੱਲ ਏ ?" ਦਰਸ਼ਨ ਨੇ ਥੋੜਾ ਜਿਹਾ ਪਾਸਾ ਵੱਟ ਕੇ ਨਿਹੋਰੇ ਨਾਲ ਕਿਹਾ ।

'ਹੈਂ ? ਇਹਨੂੰ ਪਤਾ ਲੱਗ ਗਿਆ ਹੋਵੇ ? ਕੀਹਨੇ ਦੱਸਿਆ ਹੋਵੇ ਇਹਨੂੰ ? ਸਗੋਂ ਮਨਜੀਤ ਨੇ ਕਿਸੇ ਅੱਗੇ ਗੱਲ ਕਰ ਦਿਤੀ ਹੋਵੇ ? ਫਿਰ ਮੈਂ ਕੀ ਉੱਤਰ ਦਿਆਂ ? ਇਹਨੂੰ ਪਤਾ ਨਹੀਂ ਸੀ ਲਗਣਾ ਚਾਹੀਦਾ । ਸਾਨੂੰ ਅਗਲੇ ਦਿਨ ਈ ਏਥੋਂ ਚਲੇ ਜਾਣਾ ਚਾਹੀਦਾ ਸੀ । ਅਸੀਂ ਦੋਵੇਂ ਤਿਆਰ ਸਾਂ, ਪਰ ਗਿਆਨੀ ਦੇ ਇਮਤਿਹਾਨਾਂ ਨੇ ਪੁਆੜਾ ਪਾਇਆ । ਹੁਣ ਕਿਵੇਂ ਬਣੇ ?......' ਸੋਚਦਿਆਂ ਸੋਚਦਿਆਂ ਕੁਲਵੰਤ ਦਾ ਰੰਗ ਉਡ ਗਿਆ ।

"ਸਗੋਂ ਚੋਰੀ ਫੜੀ ਗਈ ? ਬੋਲਦੇ ਨਹੀਂ ਜੇ ।" ਦਰਸ਼ਨ ਨੇ ਗਿਲ੍ਹੇ ਭਰੀਆਂ ਅੱਖਾਂ ਨਾਲ ਕੁਲਵੰਤ ਵੱਲੇ ਤਕਦਿਆਂ ਫਿਰ ਚੋਟ ਕੀਤੀ ।

ਕੁਲਵੰਤ ਦਾ ਦਿਲ ਵਧੇਰੇ ਧੜਕਣ ਲੱਗ ਪਿਆ । ਦਰਸ਼ਨ ਨੂੰ ਉਹਨਾਂ ਦੇ ਵਿਆਹ ਦਾ ਕੋਈ ਪਤਾ ਨਹੀਂ ਸੀ । ਉਹਨੇ ਸੁਭਾਵਕ ਹੀ ਰੁਅਬ ਪਾਉਣ ਵਾਸਤੇ ਕਿਹਾ ਸੀ । ਪਰ ਕੁਲਵੰਤ ਸਮਝ ਰਿਹਾ ਸੀ, ਕਿ ਦਰਸ਼ਨ ਨੂੰ ਪਤਾ ਲੱਗ ਗਿਆ ਹੈ । ਉਹਦਾ ਹੌਸਲਾ ਨਹੀਂ ਸੀ ਪੈਂਦਾ ਉਤਾਂਹ ਅੱਖਾਂ ਚੁਕ ਕੇ ਵੇਖਣ ਦਾ । ਨਾਂ ਉਹਨੂੰ ਕੋਈ ਉੱਤਰ ਅਹੁੜਦਾ ਸੀ, ਤੇ ਨਾ ਚੁੱਪ ਰਿਹਾਂ ਹੀ ਸਰਦਾ ਸੀ । ਉਹ ਥਿੜਕਦੀ ਸੁਰ ਵਿਚ ਬੋਲਿਆ, "ਮੇਰਾ, ਮੇਰਾ ਦਿਲ ਠੀਕ ਨਹੀਂ ਸੀ ਕੁਝ ਦਿਨਾਂ ਤੋਂ ।"

"ਕਿਉਂ ?" ਗੁਰਸ਼ਰਨ ਨੇ ਹੈਰਾਨੀ ਨਾਲ ਪੁਛਿਆ ।

"ਕਿਸੇ ਪੁਰਾਣੀ ਯਾਦ ਨੇ—ਕੁਛ ਕਾਰਨ ਪੈਦਾ ਹੋ ਜਾਣ ਕਰਕੇ—ਬੜਾ ਮਾਰੂ ਅਸਰ ਕੀਤਾ ਏ । ਨਾਲੇ ਸਰੀਰ ਵੀ ਕੁਛ ਢਿੱਲਾ ਜਿਹਾ ਰਿਹਾ ਏ ।" ਕੁਲਵੰਤ ਨੇ ਬਹਾਨਾ ਸੋਚ ਲਿਆ ਸੀ ।

"ਤੁਸਾਂ ਸਾਨੂੰ ਖ਼ਬਰ ਕਿਉਂ ਨਾ ਕੀਤੀ ?" ਗੁਰਸ਼ਰਨ ਦੀ ਵਾਜ ਵਿਚ ਦੋਸਤਾਂ ਵਰਗਾ ਉਲ੍ਹਾਮਾ ਸੀ ।

"ਅਸੀਂ ਇਹਨਾਂ ਦੇ ਕੀ ਲਗਦੇ ਸਾਂ, ਇਹ ਸਾਨੂੰ ਖ਼ਬਰ ਭੇਜਦੇ ।" ਦਰਸ਼ਨ ਦੀ ਗੱਲ ਵਿਚ ਹਜ਼ਾਰਾਂ ਗਿਲ੍ਹੇ ਭਰੇ ਹੋਏ ਸਨ ।

"ਨਹੀਂ, ਕੋਈ ਐਸੀ ਗੱਲ ਨਹੀਂ ਸੀ । ਐਵੇਂ ਜ਼ਰਾ...।" ਕੁਲਵੰਤ ਵਾਕ ਪੂਰਾ ਨਾ ਕਰ ਸਕਿਆ ।

"ਬੇ ਜੀ ਤੈਨੂੰ ਰੋਜ਼ ਯਾਦ ਕਰਦੇ ਰਹਿੰਦੇ ਨੇ । ਅੱਜ ਵੀ ਉਹ ਆਹੰਦੇ ਸਨ, ਖ਼ਬਰੇ ਕੀ ਗੱਲ ਏ, ਕੁਲਵੰਤ ਕਈਆਂ ਦਿਨਾਂ ਦਾ ਆਇਆ ਨਹੀਂ ।" ਗੁਰਸ਼ਰਨ

ਨੇ ਆਪਣੀ ਮਾਂ ਵੱਲੋਂ ਸ਼ਕਾਇਤ ਕੀਤੀ।

"ਜੇ ਮੈਂ ਨਹੀਂ ਆ ਸੱਕਿਆ, ਤਾਂ ਤੂੰ ਵੀ ਕਿਹੜਾ ਆਇਆ ਏਂ ?" ਕੁਲਵੰਤ ਨੇ ਹੌਸਲਾ ਕਰਕੇ ਸਾਂਵਾਂ ਉਲ੍ਹਾਮਾਂ ਦਿਤਾ।

"ਮੈਂ ਤਾਂ ਓਸੇ ਦਿਨ ਦਾ ਬਾਹਰ ਗਿਆ ਹੋਇਆ ਸਾਂ। ਅਚਨਚੇਤ ਈ ਇਕ ਖ਼ਾਸ ਕੰਮ ਲਈ ਦਿੱਲੀ ਜਾਣਾ ਪੈ ਗਿਆ ਸੀ ਮੈਨੂੰ। ਹੱਛਾ, ਤੁਸੀਂ ਗੱਲਾਂ ਕਰੋ ਦੋ ਮਿੰਟ ਤੇ ਮੈਂ ਟਿਕਟਾਂ ਲੈ ਆਵਾਂ।" ਗੁਰਸ਼ਰਨ ਨੇ ਟਿਕਟਾਂ ਵਾਲੀ ਬਾਰੀ ਵੱਲ ਇਸ਼ਾਰਾ ਕਰਕੇ ਕਿਹਾ।

"ਦੋ ਟਿਕਟਾ ਈ ਲਿਆਉਣੀਆਂ। ਮੈਂ ਇਕ ਜ਼ਰੂਰੀ ਕੰਮ ਜਾ ਰਿਹਾ ਹਾਂ।" ਕੁਲਵੰਤ ਨੇ ਮਜਬੂਰੀ ਜ਼ਾਹਰ ਕੀਤੀ।

ਗੁਰਸ਼ਰਨ ਟਿਕਟਾਂ ਲੈਣ ਚਲਾ ਗਿਆ। ਦਰਸ਼ਨ ਨੇ ਦੁਪੱਟੇ ਦੀ ਕੰਨੀ ਖੱਬੇ ਹੱਥ ਦੀ ਉਂਗਲ 'ਤੇ ਵਲ੍ਹੇਟਦਿਆਂ ਹੌਲੀ ਜੇਹੀ ਕਿਹਾ, "ਸਗੋਂ ਮੈਥੋਂ ਡਰ ਕੇ ਤਾਂ ਨਹੀਂ ਜੇ ਨੱਸਦੇ ? ਮੈਂ ਘਰ ਨੂੰ ਮੁੜ ਜਾਂਦੀ ਆਂ, ਤੁਸੀਂ ਦੋਵੇਂ ਵੇਖ ਆਉ।"

"ਤੁਸਾਂ ਏਨੀਆਂ ਗੱਲਾਂ ਕਿੱਥੋਂ ਸਿੱਖ ਲਈਆਂ ਨੇ ?"

"ਤੁਹਾਥੋਂ।" ਇਕ ਮੁਸਕਰਾਵੀਂ ਜੇਹੀ ਝਾਤ ਪਾ ਕੇ ਦਰਸ਼ਨ ਨੇ ਫਿਰ ਅੱਖਾਂ ਨੀਂਵੀਆਂ ਕਰ ਲਈਆਂ।

"ਮੈਥੋਂ ? ਮੈਨੂੰ ਤਾਂ ਤੁਹਾਡੇ ਸਾਮ੍ਹਣੇ ਆ ਕੇ ਸਾਰੀਆਂ ਗੱਲਾਂ ਭੁੱਲ ਜਾਂਦੀਆਂ ਨੇ।"

"ਜੀ, ਹਾਂ ! ਮੈਥੋਂ ਡਰਦੇ ਈ ਤੁਸੀਂ ਐਨੇ ਦਿਨ ਘਰ ਨਹੀਂ ਨਾ ਆਏ। ਭਲਾਂ ਮੈਂ ਤੁਹਾਡੀ ਕੁਛ ਨਹੀਂ ਲਗਦੀ, ਤੇ ਤੁਸਾਂ ਬੇ ਜੀ ਨੂੰ ਵੀ ਮਿਲਨ ਨਹੀਂ ਸੀ ਆਉਣਾ।"

"ਜੇ ਤੁਸੀਂ ਕੁਛ ਨਹੀਂ ਲਗਦੇ, ਤਾਂ ਹੋਰ ਕੌਣ ਲੱਗਦਾ ਹੋਇਆ ?"

"ਫਿਰ ਤੁਸੀਂ ਆਏ ਕਿਉਂ ਨਹੀਂ ? ਬੜੀਆਂ ਗੱਲਾਂ ਕਰਨ ਨੂੰ ਜੀ ਕਰਦਾ ਸੀ ਤੁਹਾਡੇ ਨਾਲ। ਰਾਤੀਂ ਬੇ ਜੀ ਪਿਤਾ ਜੀ ਨੂੰ ਕਹਿ ਰਹੇ ਸੀ।" ਕੁਆਰੀ ਸ਼ਰਮ ਨੇ ਦਰਸ਼ਨ ਦੀ ਗੱਲ ਮੂੰਹ ਦੇ ਵਿਚੇ ਹੀ ਰੋਕ ਲਈ।

"ਕੀ ਕਹਿ ਰਹੇ ਸੀ ?" ਕੁਲਵੰਤ ਨੇ ਉਹਦਾ ਦਿਲ ਰੱਖਣ ਵਾਸਤੇ ਪੁੱਛਿਆ। ਉਹਦਾ ਆਪਣਾ ਦਿਲ ਭਾਵੇਂ ਡਰ ਨਾਲ ਕੰਬ ਰਿਹਾ ਸੀ।

"ਸਾਨੂੰ ਕੀ ਪਤਾ ? ਭਲਕੇ ਆਉਗੇ, ਤਾਂ ਆਪੇ ਪਤਾ ਲੱਗ ਜਾਏਗਾ। ਨਹੀਂ ਤਾਂ ਪਰਸੋਂ ਬੇ ਜੀ ਆਂਹਦੇ ਸੀ, ਮੈਂ ਆਪ ਜਾਵਾਂਗੀ। ਉਹ ਤੁਹਾਡੀ ਭਰਜਾਈ ਨੂੰ ਮਿਲਨਾ ਚਾਹੁੰਦੇ ਨੇ।"

"ਨਹੀਂ ਨਹੀਂ, ਮੈਂ ਆਪ ਈ ਉਹਨਾਂ ਨੂੰ ਮਿਲਾਂਗਾ।" ਕੁਲਵੰਤ ਦੇ ਚਿਹਰੇ 'ਤੇ ਪਿਲੱਤਣ ਛਾ ਗਈ।

"ਤੁਹਾਡੀ ਭਰਜਾਈ ਨੂੰ ਮਿਲਣ ਤੋਂ ਤੁਹਾਨੂੰ ਕੋਈ ਇਤਰਾਜ਼ ਏ ?" ਦਰਸ਼ਨ ਨੇ ਜ਼ਰਾ ਹੈਰਾਨ ਹੋ ਕੇ ਪੁਛਿਆ।

"ਇਤਰਾਜ਼ ਕਿਸ ਗੱਲ ਦਾ ? ਪਰ ਕੀ ਤੁਹਾਨੂੰ ਮੇਰੇ 'ਤੇ ਇਤਬਾਰ ਨਹੀਂ ?"

"ਤੁਹਾਡੇ 'ਤੇ ਇਤਬਾਰ ਨਹੀਂ, ਤਾਂ ਹੋਰ ਕਿਸ ਉੱਤੇ ਕਰਾਂਗੀ ? ਇਸਤਰੀ ਸਾਰੀ ਉਮਰ ਵਿਚ ਇਕੋ ਮਰਦ ਉਤੇ ਇਤਬਾਰ ਕਰਦੀ ਏ। ਉਹ ਅੱਗੋਂ ਭਾਵੇਂ ਨਿਭਾਵੇ ਭਾਵੇਂ ਤੋੜ ਜਾਵੇ।" ਦਰਸ਼ਨ ਦੀ ਨਿਗ੍ਹਾ ਉਸ ਵੇਲੇ ਭਾਰਤੀ ਇਸਤਰੀ ਦੀ ਕਿਸਮਤ ਉਤੇ ਸੀ, ਜਿਸ ਦੀ ਡੋਰ ਰੱਬ ਦੇ ਥਾਂ ਮਰਦ ਦੇ ਹੱਥ ਵਿਚ ਹੈ।

"ਦਰਸ਼ਨ ਜੀ ! ਮਿਲਿਆਂ ਹੋਇਆਂ ਦਿਲਾਂ ਨੂੰ ਤਕਦੀਰ ਵੀ ਨਹੀਂ ਨਖੇੜ ਸਕਦੀ। ਇਹ ਬੰਦਾ ਜਿਸਦਾ ਹੋ ਚੁਕਾ ਏ, ਓਸੇ ਦਾ ਰਹੇਗਾ।" ਕੁਲਵੰਤ ਨੇ ਗੋਲ ਮੋਲ ਸ਼ਬਦਾਂ ਵਿਚ ਭੋਲੀ ਭਾਲੀ ਇਸਤਰੀ ਨੂੰ ਧੋਖਾ ਦੇ ਕੇ ਪਰਚਾ ਲਿਆ।

ਏਨੇ ਨੂੰ ਗੁਰਸ਼ਰਨ ਟਿਕਟਾਂ ਲੈ ਕੇ ਆ ਗਿਆ। ਕੁਲਵੰਤ ਨੇ ਪੱਲਾ ਛੁਡਾਉਣ ਲਈ ਕਾਹਲੇ ਪੈ ਕੇ ਉਹਦੇ ਵੱਲੋਂ ਹੱਥ ਵਧਾਉਂਦਿਆਂ ਕਿਹਾ, "ਚੰਗਾ ਮੈਂ ਫਿਰ ਚਲਦਾਂ। ਭਲਕੇ ਮਿਲਾਂਗੇ।"

"ਜੇ ਭਲਕੇ ਵੀ ਨਾ ਆਏ, ਤਾਂ......।"

"ਤਾਂ ਇਹਨਾਂ ਦਾ ਨਾਂ ਝੂਠਿਆਂ ਵਿਚ ਲਿਖ ਛੱਡਾਂਗੇ।" ਦਰਸ਼ਨ ਦਾ ਛਡਿਆ ਹੋਇਆ ਅਧੂਰਾ ਵਾਕ ਗੁਰਸ਼ਰਨ ਨੇ ਪੂਰਾ ਕਰ ਦਿਤਾ।

"ਜ਼ਰੂਰ, ਜ਼ਰੂਰ।" ਹੱਥ ਮਿਲਾ ਕੇ ਕੁਲਵੰਤ ਨੇ ਓਥੋਂ ਖਿਸਕਣ ਦੀ ਕੀਤੀ।

ਕੁਲਵੰਤ ਨੀਂਵੀਂ ਪਾਈ ਘਰ ਨੂੰ ਤੁਰਿਆ ਜਾ ਰਿਹਾ ਸੀ। ਗੁਰਸ਼ਰਨ ਦੇ ਆਖ਼ਰੀ ਸ਼ਬਦ ਉਹਦੇ ਕੰਨਾਂ ਵਿਚ ਗੂੰਜ ਰਹੇ ਸਨ। ਉਹ ਆਪਣੇ ਮਨ ਵਿਚ ਆਪ ਹੀ ਦੁਹਰਾ ਰਿਹਾ ਸੀ, 'ਇਹਦਾ ਨਾਂ ਝੂਠਿਆਂ ਵਿਚ ਲਿਖ ਛਡਾਂਗੇ।' ਠੀਕ ਈ ਲਿਖ ਦੇਣਾ ਚਾਹੀਦਾ ਹੈ। ਦਰਸ਼ਨ ! ਮੈਂ ਤੇਰੇ ਵੱਲੋਂ ਝੂਠਾ ਪੈ ਗਿਆ ਹਾਂ। ਤੂੰ ਮੈਨੂੰ ਕਿੰਨਾ ਬੇਇਤਬਾਰਾ ਸਮਝੇਂਗੀ ? ਪਰ ਅਫ਼ਸੋਸ, ਤੂੰ ਮੇਰੀਆਂ ਮਜਬੂਰੀਆਂ ਤੋਂ ਜਾਣੂ ਨਹੀਂ। ਤੇਰੇ ਨਾਲ ਦਗ਼ਾ ਹੋਇਆ ਹੈ। ਮੈਂ ਤੇਰਾ ਮੁਜਰਮ ਹਾਂ। ਪਰ ਮੇਰਾ ਗੁਨਾਹ ਮਾਫ਼ੀ ਯੋਗ ਜ਼ਰੂਰ ਹੈ। ਜਦ ਤੈਨੂੰ ਸਾਰੀ ਗੱਲ ਦਾ ਪਤਾ ਲਗੇਗਾ, ਤੇਰੇ ਮਨ ਉਤੇ ਕੀ ਗੁਜ਼ਰੇਗੀ ? ਤੇਰੇ ਮਾਤਾ ਪਿਤਾ ਦੇ ਦਿਲ 'ਤੇ ਕਿੰਨੀ ਸੱਟ ਵੱਜੇਗੀ ? ਉਹ

ਇਸ ਰਿਸ਼ਤੇ ਨੂੰ ਪੱਕਾ ਸਮਝੀ ਬੈਠੇ ਨੇ। ਉਸ ਦਿਨ ਬੇ ਜੀ ਨੇ ਸਾਫ਼ ਕਹਿ ਦਿਤਾ ਸੀ, ਕਿ ਗੁਰਸ਼ਰਨ ਦੇ ਇਮਤਿਹਾਨ ਪਿਛੋਂ ਉਹ ਦਰਸ਼ਨ ਦਾ ਵਿਆਹ ਕਰ ਦੇਣਾ ਚਾਹੁੰਦੇ ਨੇ। ਗੁਰਸ਼ਰਨ ਦੇ ਇਮਤਿਹਾਨ ਦਾ ਅਰਥ ਮੇਰਾ ਇਮਤਿਹਾਨ ਹੀ ਸੀ। ਇਕ ਦਿਨ ਉਹਨਾਂ ਇਹ ਵੀ ਕਿਹਾ ਸੀ, ਕੁਲਵੰਤ ! ਮੈਂ ਤਾਂ ਤੈਨੂੰ ਆਪਣਾ ਪੁੱਤਰ ਬਣਾ ਲੈਣਾ ਚਾਹੁੰਦੀਆਂ, ਅੱਗੋ ਦਰਸ਼ਨ ਦੇ ਪਿਤਾ ਜੀ ਦੇ ਵੱਸ ਏ। ਮੇਰੇ ਵੱਲੋਂ ਵੀ ਉਹਨਾਂ ਨੂੰ ਪੂਰਾ ਭਰੋਸਾ ਸੀ। ਦਰਸ਼ਨ ਤੇ ਮੈਂ ਆਪਸ ਵਿਚ ਕੌਲ ਕਰਾਰ ਵੀ ਕਰ ਚੁੱਕੇ ਸਾਂ। ਸਾਡੇ ਰਾਹ ਵਿਚ ਕੋਈ ਰੁਕਾਵਟ ਪਵੇਗੀ, ਅਸਾਂ ਕਦੇ ਨਹੀਂ ਸੀ ਸੋਚਿਆ। ਪਰ ਤਕਦੀਰ ਸਾਡੇ ਵੱਲੇ ਵੇਖ ਕੇ ਹੱਸ ਰਹੀ ਸੀ। ਅਚਨਚੇਤ ਹੀ ਜ਼ਿੰਦਗੀ ਵਿਚ ਇਕ ਅਜੇਹਾ ਦੁਰਾਹਾ ਆਇਆ, ਕਿ ਜੀਵਨ ਦੀ ਸੇਧ ਬਦਲ ਗਈ। ਮਨਜੀਤ ਦੇ ਅਹਿਸਾਨਾਂ ਦੇ ਅਸਰ ਥੱਲੇ ਮੈਂ ਨਾਂਹ ਨਾ ਕਰ ਸਕਿਆ। ਉਹਦਾ ਇਸ ਵਿਚ ਕੋਈ ਦੋਸ਼ ਨਹੀਂ। ਉਹਦੀ ਭੁੱਖੀ ਜੁਆਨੀ ਵਿਚ ਅਜੇਹੀ ਖ਼ਾਹਸ਼ ਦਾ ਪੈਦਾ ਹੋਣਾ ਸੁਭਾਵਕ ਸੀ। ਇਸ ਕਾਰਨ ਮੈਂ ਉਸਨੂੰ ਲਾਲਚੀ ਨਹੀਂ ਕਹਿ ਸਕਦਾ। ਮੈਂ ਦਰਸ਼ਨ ਦੀ ਮੁਹੱਬਤ ਬਾਰੇ ਉਹਦੇ ਕੋਲ ਕਦੇ ਥੋੜਾ ਬਹੁਤਾ ਵੀ ਜ਼ਿਕਰ ਕੀਤਾ ਹੁੰਦਾ, ਤਾਂ ਉਹ ਕਦੇ ਇਸ ਕੰਮ ਲਈ ਨਾ ਸੋਚਦੀ। ਉਹ ਧਰਤੀ ਦੇ ਵਾਸੀਆਂ ਤੋਂ ਬਹੁਤ ਉਚੇਰੀ ਹੈ। ਉਹ ਮੈਨੂੰ ਸੱਚੇ ਦਿਲੋਂ ਪਿਆਰ ਕਰਦੀ ਏ। ਮੈਂ ਜੋ ਕੁਛ ਕੀਤਾ ਏ, ਠੀਕ ਕੀਤਾ ਏ। ਮੈਨੂੰ ਆਪਣੀ ਕਰਨੀ ਉਤੇ ਪਛਤਾਵਾ ਨਹੀਂ, ਮਾਣ ਹੈ। ਸਿਰਫ਼ ਦਰਸ਼ਨ ਵੱਲੋਂ ਝੂਠਾ ਪੈਣ ਦਾ ਉਲਾਮ੍ਹਾ ਹੈ। ਬੱਸ, ਉਹਦੇ ਰੂ-ਬ-ਰੂ ਹੋਣ ਤੋਂ ਬਚਣ ਲਈ ਕੋਈ ਢੰਗ ਸੋਚਣਾ ਚਾਹੀਦਾ ਏ।

ਅਜੇਹੀਆਂ ਸੋਚਾਂ ਵਿਚ ਘਿਰਿਆ ਹੋਇਆ ਕੁਲਵੰਤ ਘਰ ਪਹੁੰਚਿਆ। ਮਨਜੀਤ ਅਜੇ ਕਾਲਜੋਂ ਆਈ ਨਹੀਂ ਸੀ। ਕੁਲਵੰਤ ਮੰਜੇ 'ਤੇ ਲੇਟ ਗਿਆ। ਉਲਟ ਪੁਲਟ ਵਿਚਾਰਾਂ ਤੋਂ ਬਚਣ ਲਈ ਉਹਨੇ ਚਾਦਰ ਵਿਚ ਮੂੰਹ ਸਿਰ ਵਲ੍ਹੇਟ ਲਿਆ। ਪਰ ਉਹ ਆਪਣੇ ਯਤਨ ਵਿਚ ਸਫਲ ਨਾ ਹੋ ਸਕਿਆ। ਬੇਹੱਦ ਚਾਰਾ ਕਰਨ 'ਤੇ ਵੀ ਉਹ ਦਰਸ਼ਨ ਦੇ ਖ਼ਿਆਲਾਂ ਤੋਂ ਪੱਲਾ ਨਾ ਛੁੜਾ ਸੱਕਿਆ। ਸਮੇਂ ਸਮੇਂ ਦਰਸ਼ਨ ਨਾਲ ਕੀਤੀਆਂ ਮੁਲਾਕਾਤਾਂ ਦੇ ਦ੍ਰਿਸ਼ ਉਹਦੀਆਂ ਮੀਟੀਆਂ ਹੋਈਆਂ ਅੱਖਾਂ ਦੇ ਸਾਮ੍ਹਣੇ ਘੁੰਮ ਰਹੇ ਸਨ। ਦਰਸ਼ਨ ਦੇ ਨਿੱਖਰੇ ਹੋਏ ਚਿਹਰੇ 'ਤੇ ਉਹਦੀ ਨਜ਼ਰ ਟਿਕੀ ਹੋਈ ਸੀ। ਦਰਸ਼ਨ ਦੇ ਕੋਮਲ ਬੁੱਲ੍ਹਾਂ ਤੇ ਮੁਸਕਰਾਹਟ ਤੇ ਅਧ-ਖੁੱਲ੍ਹੀਆਂ ਅੱਖਾਂ ਵਿਚ ਹੰਝੂ ਉਹਨੂੰ ਸਾਫ਼ ਦਿਸ ਰਹੇ ਸਨ। ਏਸ ਨਜ਼ਾਰੇ ਤੋਂ ਉਹ ਘਬਰਾ ਗਿਆ। ਉਹ ਉਦਾਸ ਹੋ ਗਿਆ।

ਮਨਜੀਤ ਨਿੱਤ ਨਾਲੋਂ ਜ਼ਰਾ ਦੇਰ ਨਾਲ ਪਰਤੀ। ਕੁਲਵੰਤ ਦੇ ਕਮਰੇ ਦਾ

ਥੋੜਾ ਜਿਹਾ ਬੂਹਾ ਖੁੱਲ੍ਹਾ ਸੀ। ਅੰਦਰ ਹਨ੍ਹੇਰਾ ਸੀ। ਮਨਜੀਤ ਨੇ ਚਾਨਣ ਕਰਕੇ ਵੇਖਿਆ, ਕੁਲਵੰਤ ਚਾਦਰ ਤਾਣ ਕੇ ਲੰਮਾ ਪਿਆ ਹੋਇਆ ਸੀ।

"ਖੇਲ ਵੇਖਣ ਨਹੀਂ ਗਏ? ਕਿਵੇਂ ਪਏ ਓ?" ਮਨਜੀਤ ਨੇ ਅੱਗੇ ਵਧਦਿਆਂ ਪੁਛਿਆ।

ਕੁਲਵੰਤ ਘੰਘੂਰਾ ਮਾਰ ਕੇ ਮੂੰਹ ਤੋਂ ਕੱਪੜਾ ਲਾਹੁੰਦਾ ਹੋਇਆ ਬੋਲਿਆ, "ਐਵੇਂ ਜ਼ਰਾ ਸਿਰ ਚਕਰਾ ਰਿਹਾ ਸੀ।"

"ਕਿਉਂ? ਕੀ ਗੱਲ ਹੋ ਗਈ।" ਮਨਜੀਤ ਮੰਜੇ 'ਤੇ ਬਹਿ ਕੇ ਉਹਦਾ ਸਿਰ ਨੱਪਣ ਲੱਗ ਪਈ।

ਕੁਲਵੰਤ ਦਾ ਚਿਹਰਾ ਉਤਰਿਆ ਹੋਇਆ ਸੀ। ਕਿਸੇ ਗੁੱਝੀ ਪੀੜ ਦੇ ਉਦਾਸ ਪਰਛਾਵੇਂ ਉਹਦੀ ਨੁਹਾਰ ਉਤੇ ਛਾਏ ਹੋਏ ਸਨ। ਉਹ ਚੁੱਪ ਸੀ।

"ਕੁਲਵੰਤ!" ਮਨਜੀਤ ਨੇ ਝੁਕ ਕੇ ਉਹਦੀਆਂ ਅੱਖਾਂ ਵਿਚ ਤਕਦਿਆਂ ਲਾਡ ਨਾਲ ਬੁਲਾਇਆ।

"ਜੀ ਸਰਕਾਰ!" ਕੁਲਵੰਤ ਨੇ ਮੁਸਕਰਾਉਣ ਦਾ ਸਾਂਗ ਭਰਦਿਆਂ ਕਿਹਾ। ਪਰ ਏਨਾ ਉਚੇਚ ਕਰਕੇ ਵੀ ਉਹ ਚਿਹਰੇ ਤੋਂ ਉਦਾਸੀ ਦੇ ਚਿੰਨ੍ਹ ਨਾ ਲੁਕਾ ਸਕਿਆ।

"ਕੋਈ ਖ਼ਾਸ ਘਟਨਾ ਹੋਈ ਏ ਸਗੋਂ ਅੱਜ?"

"ਨਹੀਂ।" ਕੁਲਵੰਤ ਉਠ ਕੇ ਬਹਿ ਗਿਆ।

"ਫਿਰ ਐਨੇ ਉਦਾਸ ਕਿਉਂ ਹੋ?"

"ਅਸਲ ਵਿਚ ਮੇਰਾ ਜੀ ਏਥੇ ਕਾਹਲਾ ਪੈ ਰਿਹਾ ਏ। ਤੁਸੀਂ ਆਖੋ, ਤਾਂ ਮੈਂ ਭਲਕੇ ਪਿੰਡੋਂ ਹੋ ਆਵਾਂ?"

"ਜਿਵੇਂ ਤੁਹਾਡੀ ਮਰਜ਼ੀ।"

ਮਨਜੀਤ ਬੜੇ ਧਿਆਨ ਨਾਲ ਕੁਲਵੰਤ ਦੇ ਚਿਹਰੇ ਵੱਲ ਵੇਖ ਰਹੀ ਸੀ। ਉਹ ਕੁਲਵੰਤ ਦੀ ਉਦਾਸੀ ਦਾ ਕਾਰਨ ਪੂਰੇ ਵੇਰਵੇ ਨਾਲ ਪੁਛਣਾ ਚਾਹੁੰਦੀ ਸੀ, ਪਰ ਕੁਛ ਸੋਚ ਕੇ ਉਹ ਪੁੱਛ ਨਾ ਸੱਕੀ। ਉਹਦੇ ਦਿਲ ਵਿਚ ਆਈ, 'ਸਗੋਂ ਕੁਲਵੰਤ ਆਪਣੀ ਕੀਤੀ ਉਤੇ ਪਛਤਾ ਤਾਂ ਨਹੀਂ ਰਿਹਾ? ਓਦੋਂ ਉਹ ਜੋਸ਼ ਵਿਚ ਆ ਕੇ ਮੇਰਾ ਮਨ ਰੱਖਣ ਵਾਸਤੇ ਸਭ ਕੁਛ ਕਰ ਬੈਠਾ ਹੋਵੇ, ਤੇ ਹੁਣ ਆਪਣੀ ਕਾਹਲੀ ਉਤੇ ਝੂਰਦਾ ਹੋਵੇ। ਆਖ਼ਰ ਮੇਰਾ ਹੰਢਿਆ ਹੋਇਆ ਜੋਬਨ ਉਹਦੀ ਚੜ੍ਹਦੀ ਜੁਆਨੀ ਦੀਆਂ ਖ਼ਾਹਸ਼ਾਂ ਨੂੰ ਸੰਤੁਸ਼ਟ ਤਾਂ ਨਹੀਂ ਨਾ ਕਰ ਸਕਦਾ। ਫਿਰ ਹੁਣ ਕੀ ਕੀਤਾ ਜਾਵੇ? ਕਿਤੇ ਮੇਰੇ ਪੱਲੇ ਉਮਰ ਭਰ ਦਾ ਝੋਰਾ ਈ ਨਾ ਰਹਿ ਜਾਵੇ। ਨਹੀਂ ਨਹੀਂ। ਮੈਂ

ਅਜੇਹਾ ਨਹੀਂ ਹੋਣ ਦਿਆਂਗੀ। ਕੁਲਵੰਤ ਨੂੰ ਖ਼ੁਸ਼ ਕਰਨ ਬਦਲੇ ਭਾਵੇਂ ਕਿੰਨਾ ਵੀ ਉਚੇਚ ਕਰਨਾ ਪਵੇ, ਮੈਂ ਕਰਾਂਗੀ।'

ਮਨਜੀਤ ਨੇ ਰੋਮਾਂਟਿਕ ਨਾਵਲ ਦੀ ਨਾਇਕਾ ਵਾਂਗ ਅੱਖਾਂ ਵਿਚ ਅੱਖਾਂ ਪਾ ਕੇ ਇਕ ਲੋਕ-ਗੀਤ ਦੁਹਰਾਇਆ,

"ਕੰਤ ਅੰਞਾਣੇ ਨੂੰ,
ਮੈਂ ਕਿਸ ਪੱਜ ਨਾਲ ਵਰਾਵਾਂ ?"

ਕਹਿੰਦਿਆਂ ਕਹਿੰਦਿਆਂ ਉਹਨੇ ਕੁਲਵੰਤ ਦਾ ਮੱਥਾ ਚੁੰਮ ਲਿਆ।

ਦੋਵੇਂ ਮੁਸਕਰਾ ਪਏ, ਪਰ ਦੋਹਾਂ ਦੀ ਮੁਸਕਰਾਹਟ ਉਦਾਸੀ ਦੇ ਪਰਦਿਆਂ ਓਹਲਿਓਂ ਝਾਕ ਰਹੀ ਸੀ।

## ੩.

ਬਨੇਰੇ ਤੋਂ ਕਾਂ ਉਡਾਉਂਦੀ ਦਰਸ਼ਨ ਨੂੰ ਸ਼ਾਮਾਂ ਪੈ ਗਈਆਂ, ਪਰ ਕੁਲਵੰਤ ਨਾ ਆਇਆ। ਅਗਲਾ ਦਿਨ ਲੰਘ ਗਿਆ, ਅਗਲੇਰਾ ਵੀ ਬੀਤ ਗਿਆ। ਪਰ ਕੁਲਵੰਤ ਨਾ ਆਇਆ। ਏਸੇ ਤਰ੍ਹਾਂ ਦਸ ਦਿਨ ਗੁਜ਼ਰ ਗਏ। ਦਰਸ਼ਨ ਦਾ ਜੀ ਘਟ ਰਿਹਾ ਸੀ। ਇਹ ਦਸ ਰਾਤਾਂ ਉਹਨੇ ਥੋੜੀਆਂ ਸੌਂ ਕੇ ਤੇ ਬਹੁਤੀਆਂ ਜਾਗ ਕੇ ਕੱਟੀਆਂ ਸਨ। ਮਾੜੇ ਚੰਦਰੇ ਖ਼ਿਆਲਾਂ ਨੇ ਉਹਦੇ ਦਿਲ ਵਿਚ ਹਲਚਲ ਮਚਾਈ ਹੋਈ ਸੀ। ਪਿਛਲੀ ਰਾਤ ਦੇ ਮਾੜੂ ਸੁਪਨੇ ਨੇ ਤਾਂ ਉਹਨੂੰ ਅਸਲੋਂ ਹੀ ਝੰਜੋੜ ਸੁਟਿਆ ਸੀ। ਉਹ ਭਿਆਨਕ ਨਜ਼ਾਰਾ ਕਿਸੇ ਵੇਲੇ ਵੀ ਨਜ਼ਰ ਤੋਂ ਉਹਲੇ ਨਹੀਂ ਸੀ ਹੁੰਦਾ। ਅੱਜ ਦੀ ਰਾਤ ਵੀ ਉਹ ਸੌਂ ਨਹੀਂ ਸੀ ਸੱਕੀ। ਉਹ ਅੱਖਾਂ ਮੀਟਦੀ ਸੀ, ਤਾਂ ਓਹਾ ਸੁਪਨੇ ਦਾ ਦ੍ਰਿਸ਼ ਸਾਮ੍ਹਣੇ ਆ ਜਾਂਦਾ ਸੀ। ਅਜੇ ਵੀ ਓਹੀ ਡਰਾਉਣੇ ਝਾਉਲੇ ਉਹਦੀਆਂ ਉਨੀਂਦੀਆਂ ਅੱਖਾਂ ਵਿਚ ਘੁਲੇ ਹੋਏ ਸਨ।

ਉਹਦੀ ਮਾਂ ਵੀ ਚਿੰਤਾ ਵਿਚ ਡੁੱਬੀ ਹੋਈ ਸੀ। ਅੱਠ ਦਿਨਾਂ ਦਾ ਬਾਹਰ ਗਿਆ ਹੋਇਆ ਗੁਰਸ਼ਰਨ ਅਜੇ ਪਰਤਿਆ ਨਹੀਂ ਸੀ। ਦਰਸ਼ਨ ਮਾਂ ਦੇ ਕੋਲ ਬੈਠੀ ਰੁਮਾਲ ਕਢ ਰਹੀ ਸੀ। ਮਾਂ ਨੇ ਇਕ ਦੋ ਵਾਰ ਧੀ ਦੇ ਉਦਾਸ ਚਿਹਰੇ ਵੱਲ ਨਿਗ੍ਹਾ ਭਰ ਕੇ ਤਕਿਆ। ਦਰਸ਼ਨ ਮਾਂ ਦੀ ਭਾਵ ਪੂਰਤ ਤੱਕਣੀ ਤੋਂ ਘਬਰਾ ਗਈ। ਉਹਨੇ ਮਾਂ ਦਾ ਧਿਆਨ ਹੋਰ ਪਾਸੇ ਲਾਉਣ ਦੇ ਖ਼ਿਆਲ ਨਾਲ ਕਿਹਾ, "ਵੀਰ ਜੀ ਅਜੇ ਆਏ ਨਹੀਂ।"

"ਸੁੱਖ ਹੋਵੇ।" ਮਾਂ ਨੇ ਪੁੱਤਰ ਦਾ ਭਲਾ ਚਿਤਵਦਿਆਂ ਕਿਹਾ। "ਗੁਰਸ਼ਰਨ

ਘਰ ਨਹੀਂ, ਤਾਂ ਕੁਲਵੰਤ ਵੀ ਕਦੇ ਨਹੀਂ ਆਇਆ। ਮੈਂ ਚਾਹੁੰਦੀ ਸਾਂ, ਨਵੀਂ ਨਰੋਈ ਇਹ ਭਾਰ ਸਿਰੋਂ ਲਾਹ ਛਡਦੀ। ਏਸ ਉਮਰ ਦਾ ਕੋਈ ਭਰੋਸਾ ਤਾਂ ਨਹੀਂ ਨਾ ਹੁੰਦਾ।" ਉਹਦੇ ਖਿਆਲਾਂ ਉੱਤੇ ਮਾਰੂ ਬੁਢਾਪਾ ਛਾਇਆ ਹੋਇਆ ਸੀ।

ਸੁਣ ਕੇ ਦਰਸ਼ਨ ਦਾ ਦਿਲ ਕਾਹਲਾ ਪੈਣ ਲੱਗ ਪਿਆ। ਮੱਛਰਦੀਆਂ ਰੀਝਾਂ ਨੂੰ ਉਹਨੇ ਅੰਦਰੇ ਦਬਾ ਲਿਆ। ਮਾਂ ਦੀ ਗੱਲ ਵਿਚ ਉਹਨੇ ਹੁੰਗਾਰਾ ਕੋਈ ਨਾ ਭਰਿਆ। ਉਹਦੇ ਚਿਹਰੇ 'ਤੇ ਉਦਾਸੀ ਦੇ ਪਰਛਾਵੇਂ ਵਧੇਰੇ ਸੰਘਣੇ ਹੋ ਗਏ। ਮਾਂ ਕਿੰਨਾ ਚਿਰ ਨੀਝ ਲਾ ਕੇ ਧੀ ਵੱਲੇ ਵੇਖਦੀ ਰਹੀ। ਦਰਸ਼ਨ ਉਸ ਭਾਵ-ਪੂਰਤ ਨਿਗ੍ਹਾ ਸਾਮ੍ਹਣੇ ਸੁੰਗੜਦੀ ਜਾ ਰਹੀ ਸੀ।

"ਦਰਸ਼ਨ!" ਮਾਂ ਨੇ ਸੋਚਾਂ ਵਿਚ ਡੁੱਬੀ ਧੀ ਨੂੰ ਬੁਲਾਇਆ।

"ਹਾਂ ਜੀ।" ਦਰਸ਼ਨ ਦੀ ਨਜ਼ਰ ਰੁਮਾਲ ਉੱਤੇ ਟਿਕੀ ਹੋਈ ਸੀ।

"ਕੁਲਵੰਤ ਆਇਆ ਕਿਉਂ ਨਹੀਂ ਕਈਆਂ ਦਿਨਾਂ ਦਾ?"

ਦਰਸ਼ਨ ਕੋਲ ਦਿਸਦਾ ਕੋਈ ਉੱਤਰ ਨਹੀਂ ਸੀ।

"ਗੁਰਸ਼ਰਨ ਦਸਦਾ ਸੀ, ਉਸ ਦਿਨ ਉਹ ਤੁਹਾਨੂੰ ਸਿਨੇਮਾ ਕੋਲ ਮਿਲਿਆ ਸੀ।"

"ਹਾਂ ਜੀ।"

"ਤੇਰੇ ਨਾਲ ਵੀ ਕੋਈ ਗੱਲ ਹੋਈ ਸੀ?"

"ਕੋਈ ਖ਼ਾਸ ਨਹੀਂ।"

"ਫਿਰ ਉਹ ਇਕਰਾਰ ਕਰਕੇ ਆਇਆ ਕਿਉਂ ਨਾ?"

ਜਵਾਬ ਵਿਚ ਦਰਸ਼ਨ ਫਿਰ ਵੀ ਚੁੱਪ ਰਹੀ। ਉਹਦੀਆਂ ਨਿੰਮੋਝੂਣੀਆਂ ਅੱਖਾਂ ਉਸੇ ਤਰ੍ਹਾਂ ਕਸੀਦੇ 'ਤੇ ਗੱਡੀਆਂ ਹੋਈਆਂ ਸਨ।

"ਕੁੜੀਆਂ ਵਾਲਿਆਂ ਨੂੰ ਮੁੰਡਿਆਂ ਦੇ ਕਿੰਨੇ ਨਾਜ਼-ਨਖ਼ਰੇ ਝੱਲਣੇ ਪੈਂਦੇ ਨੇ?" ਮਾਂ ਦੀਆਂ ਨਜ਼ਰਾਂ ਵਿਚ ਮੁਟਿਆਰ ਧੀ ਦੀਆਂ ਜ਼ਿੰਮੇਵਾਰੀਆਂ ਝਲਕ ਰਹੀਆਂ ਸਨ। "ਗੁਰਸ਼ਰਨ ਆਉਂਦਾ ਏ, ਤਾਂ ਮੈਂ ਗੱਲ ਕਿਸੇ ਸਿਰੇ ਲਾਉਣਾ ਚਾਹੁੰਦੀ ਆਂ। ਜੇ ਅਗਲਿਆਂ ਦੀ ਚਾਹ ਈ ਨਾ ਹੋਵੇ, ਤਾਂ ਅਸੀਂ ਐਵੇਂ ਝੂਠੇ ਲਾਰੇ 'ਤੇ ਕਿਉਂ ਬੈਠੇ ਰਹੀਏ? ਅੱਜ ਕੱਲ ਦੇ ਮੁੰਡਿਆਂ ਦੀ ਮਜਾਜ ਚੁੱਕੀ ਜਾਂਦੀ ਏ ਕਿਤੇ? ਕਿੰਨੇ ਦਿਨ ਹੋ ਗਏ ਨੇ, ਉਹ ਆਖ ਕੇ ਵੀ ਨਹੀਂ ਆਇਆ। ਚਿੰਤਾ ਤਾਂ ਸਾਰੀ ਧੀਆਂ ਵਾਲਿਆਂ ਨੂੰ ਏ, ਜਿਨ੍ਹਾਂ ਨੂੰ ਰਾਤ ਭਰ ਨੀਂਦ ਨਹੀਂ ਆਉਂਦੀ। ਅਖੇ: ਦੇਣਾ ਭਲਾ ਨਾ ਬਾਪ ਦਾ, ਬੇਟੀ ਭਲੀ ਨਾ ਏਕ।" ਭਾਰਤੀ ਮਾਂ ਦੀਆਂ ਜਨਮ-ਜਨਮਾਂਤਰਾਂ ਦੀਆਂ ਔਕੜਾਂ ਏਸ ਅਖਾਣ ਵਿਚ ਲੁਕੀਆਂ ਹੋਈਆਂ ਸਨ।

ਦਰਸ਼ਨ ਦੇ ਜੀ ਨੂੰ ਕੁਛ ਹੋਇਆ। ਮਾਂ ਦੀ ਚਿੰਤਾ ਉਹਦੇ ਵਾਸਤੇ ਅਸਹਿ ਹੋ ਗਈ। ਉਹ ਰੁਮਾਲ ਤੇ ਧਾਗਿਆਂ ਵਾਲਾ ਛਿੱਕੂ ਲੈ ਕੇ ਅੰਦਰ ਚਲੀ ਗਈ। ਮਾਂ ਦੀਆਂ ਅੱਖਾਂ ਤੋਂ ਉਹਲੇ ਹੋ ਕੇ ਉਹਨੇ ਦਿਲ 'ਤੇ ਹੱਥ ਧਰ ਕੇ ਵੇਖਿਆ। ਘਾਇਲ ਪੰਛੀ ਵਾਂਗ ਉਹ ਜ਼ੋਰ ਜ਼ੋਰ ਨਾਲ ਤੜਪ ਰਿਹਾ ਸੀ। ਅੰਗੀਠੀ 'ਤੇ ਪਏ ਸ਼ੀਸ਼ੇ ਵਿਚ ਦਰਸ਼ਨ ਨੇ ਚਿਹਰਾ ਵੇਖਿਆ। ਗੰਦਲ ਤੋਂ ਟੁੱਟੇ ਹੋਏ ਸਰ੍ਹੋਂ ਦੇ ਫੁੱਲ ਵਾਂਗ ਰੰਗ ਕੁਮਲਾਇਆ ਹੋਇਆ ਸੀ। ਉਹਦਾ ਜੀ ਮੱਲੋ ਮੱਲੀ ਰੋਣ ਨੂੰ ਕਰ ਰਿਹਾ ਸੀ। ਸਿਰ ਵਾਲੀ ਚੁੰਨੀ ਨਾਲ ਅੱਖਾਂ ਪੂੰਝ ਕੇ ਉਹ ਬਾਹਰ ਨਿਕਲੀ।

"ਬੇ ਜੀ! ਮੈਂ ਹਰਿੰਦਰ ਨੂੰ ਮਿਲ ਆਵਾਂ।" ਦਰਸ਼ਨ ਨੇ ਸਹੇਲੀ ਦੇ ਨਾਂ ਦਾ ਪੱਜ ਲਾਇਆ।

ਮਾਂ ਨੇ ਉਦਾਸ ਅੱਖਾਂ ਨਾਲ ਧੀ ਵੱਲੇ ਤਕਿਆ, ਪਰ ਮੂੰਹੋਂ ਕੁਛ ਨਹੀਂ ਕਿਹਾ।

ਦਰਸ਼ਨ ਨੀਂਵੀਂ ਪਾਈ ਚਲੀ ਜਾ ਰਹੀ ਸੀ। ਉਹਦੇ ਦਿਲ ਦੀ ਧੜਕਣ ਪੈਰੋ ਪੈਰ ਤੇਜ਼ ਹੁੰਦੀ ਜਾ ਰਹੀ ਸੀ। ਹਜ਼ਾਰਾਂ ਸ਼ੰਕਾਵਾਂ ਨੇ ਉਹਦੀ ਰੂਹ ਉਦਾਲੇ ਘੇਰਾ ਘੱਤਿਆ ਹੋਇਆ ਸੀ। ਉਹ ਸੋਚਦੀ ਜਾ ਰਹੀ ਸੀ, "ਖ਼ਬਰੇ ਉਹ ਏਨੇ ਦਿਨਾਂ ਦੇ ਆਏ ਕਿਉਂ ਨਹੀਂ? ਰੱਬ ਕਰੇ, ਸੁੱਖ ਹੋਵੇ ਸਹੀ। ਕਿਹੜੀ ਐਡੀ ਖੁਭਣ ਵਿਚ ਉਹ ਖੁਭੇ ਹੋਣ, ਜੋ ਘਰ ਤਕ ਆਉਣ ਦਾ ਦਸ ਮਿੰਟ ਵਿਹਲ ਨਹੀਂ ਮਿਲਿਆ। ਦਸਵਾਂ ਰੋਜ਼ ਹੋ ਗਿਆ ਏ ਸਿਨੇਮਾ ਅੱਗੇ ਮਿਲਿਆਂ ਨੂੰ। ਅਗਲੇ ਦਿਨ ਜ਼ਰੂਰ ਆਉਣ ਵਾਸਤੇ ਮੰਨਿਆਂ ਸਾਨੇ। ਅਜੇ ਉਹਨਾਂ ਦਾ ਅਗਲਾ ਦਿਨ ਈ ਨਹੀਂ ਆਇਆ? ਫੇਰ ਕਾਰਨ ਕੀ ਹੋਵੇ? ਸਗੋਂ ਮੇਰੇ ਵੱਲੋਂ ਕਿਤੇ ਉਦਾਸ ਤਾਂ ਨਹੀਂ ਹੋ ਗਏ? ਨਹੀਂ, ਇਹ ਕਿਵੇਂ ਹੋ ਸਕਦਾ ਏ? ਸਾਡੀ ਮੁਹੱਬਤ ਸੱਚੀ ਏ। ਉਹ ਸੱਚੇ ਦਿਲੋਂ ਮੈਨੂੰ ਪਿਆਰ ਕਰਦੇ ਨੇ। ਬਨਾਉਟੀ ਪ੍ਰੇਮ ਹੋਰ ਦੀ ਹੁੰਦੇ ਨੇ। ਓਦਣ ਮੇਰਾ ਹੱਥ ਫੜ ਕੇ ਉਹਨਾਂ ਕਿੰਨੀ ਸਾਦਗੀ ਨਾਲ ਕਿਹਾ ਸੀ, 'ਦਰਸ਼ਨ ਜੀ! ਮੇਰੇ ਪਿਆਰ ਦਾ ਅਰਥ ਏ ਵਿਆਹ-ਬੰਧਨ ਵਿਚ ਬੱਝ ਕੇ ਇਕ ਜੋਤ ਹੋਣਾ। ਚਾਰ ਦਿਨ ਦੇ ਅੱਖਾਂ ਗਰਮ ਕਰਨ ਵਾਲੇ ਨਾਟਕੀ ਪ੍ਰੇਮ ਦਾ ਮੇਰੀ ਨਜ਼ਰ ਵਿਚ ਕੋਈ ਮੁੱਲ ਨਹੀਂ। ਜਿਸਨੂੰ ਮੈਂ ਜੀਵਨ-ਸਾਥਣ ਦੇ ਰੂਪ ਵਿਚ ਪਰਾਪਤ ਕਰਨਾ ਚਾਹੁੰਦਾ ਹਾਂ ਉਹਦੇ ਪਿਆਰ ਨੂੰ ਰੱਬ ਵਰਗਾ ਪਵਿੱਤਰ ਰੱਖਣ ਦੇ ਹੱਕ ਵਿਚ ਹਾਂ।' ਇਹ ਵਾਕ ਜਿੰਨੇ ਸਾਧਾਰਨ ਨੇ, ਓਨੇ ਹੀ ਗਹਿਰੇ ਇਹਨਾਂ ਦੇ ਅਰਥ ਹਨ। ਕਿੰਨਾ ਉੱਚਾ ਆਦਰਸ਼ ਹੈ? ਰੱਬ ਨੇ ਮੈਨੂੰ ਕਿੰਨਾ ਚੰਗਾ ਪਿਆਰਾ ਬਖ਼ਸ਼ਿਆ ਏ? ਉਹ ਦੇਵਤਾ ਹੈ। ਮੈਂ ਉਸਦੀ ਪੁਜਾਰਨ ਹਾਂ। ਪਰ ਉਹ ਆਏ ਕਿਉਂ ਨਹੀਂ? ਮੈਂ ਉਸ ਦਿਨ ਕਿਹਾ ਸੀ, ਕਿ ਬੇ ਜੀ

ਤੁਹਾਡੀ ਭਰਜਾਈ ਨੂੰ ਮਿਲਨਾ ਚਾਹੁੰਦੇ ਨੇ, ਤਾਂ ਕਿੰਨੀ ਕਾਹਲੀ ਨਾਲ ਉਹਨਾਂ ਗੱਲ ਟੋਕੀ ਸੀ ? ਕੀ ਉਹ ਨਹੀਂ ਚਾਹੁੰਦੇ. ਕਿ ਬੇ ਜੀ ਉਹਨਾਂ ਦੀ ਭਰਜਾਈ ਨੂੰ ਮਿਲਨ ? ਤਾਂ ਇਸਦਾ ਕੀ ਭਾਵ ਹੋਵੇ ? ਸਗੋਂ ਉਹਨਾਂ ਦੀ ਭਰਜਾਈ ਸਾਡੇ ਰਿਸ਼ਤੇ 'ਤੇ ਖ਼ੁਸ਼ ਨਹੀਂ ? ਪਰ ਕਿਉਂ ? ਉਹ ਤਾਂ ਉਹਦੀ ਬੜੀ ਸੋਭਾ ਕਰਦੇ ਰਹਿੰਦੇ ਨੇ। ਕਹਿੰਦੇ ਨੇ, ਉਹ ਬੜੇ ਚੰਗੇ ਦਿਲ ਵਾਲੀ ਏ। ਉਹ ਉਹਨਾਂ ਨੂੰ ਪਿਆਰ ਵੀ ਪੁੱਤਰਾਂ ਵਾਂਗ ਕਰਦੀ ਏ। ਛੋਟੇ ਜੇਹੇ ਹੱਥੀਂ ਜੁ ਪਾਲੇ ਹੋਏ। ਪਰ ਸਾਡੇ ਪਿਆਰ ਵਿਚ ਉਹ ਕਿਉਂ ਰੋਕ ਬਣਦੀ ਹੋਵੇ ? ਸਗੋਂ ਉਹ ਕਿਸੇ ਹੋਰ ਥਾਂ ਉਹਨਾਂ ਦੇ ਰਿਸ਼ਤੇ ਦਾ ਪੱਕ ਤਾਂ ਨਹੀਂ ਕਰ ਬੈਠੀ ? ਪਰ ਏਡੀ ਵੱਡੀ ਗੱਲ ਉਹਨਾਂ ਦੀ ਮਰਜ਼ੀ ਤੋਂ ਬਿਨਾਂ ਕਿਵੇਂ ਹੋ ਸਕਦੀ ਏ ? ਉਹ ਕੋਈ ਅਨਪੜ੍ਹ ਜਾਂ ਅੰਞਾਣੇ ਤਾਂ ਨਹੀਂ ਨਾਂ, ਪਈ ਜਿੱਥੇ ਘਰਦਿਆਂ ਦਾ ਦਿਲ ਕਰੇ ਮੰਗ ਵਿਆਹ ਦੇਣ। ਉਹ ਬੀ, ਏ. ਪਾਸ ਨੇ। ਅਜਕੱਲ੍ਹ ਤਾਂ ਪੜ੍ਹੀਆਂ ਲਿਖੀਆਂ ਕੁੜੀਆਂ ਦੀ ਮੰਗਣੀ ਵੀ ਉਹਨਾਂ ਦੀ ਸਲਾਹ ਤੋਂ ਬਿਨਾਂ ਨਹੀਂ ਹੋ ਸਕਦੀ। ਫਿਰ ਕੀ ਕਾਰਨ ਹੋਵੇ ? ਹੋ ਸਕਦਾ ਏ, ਉਹਨਾਂ ਦੀ ਭਰਜਾਈ ਕਿਤੇ ਹੋਰਥੇ ਰਿਸ਼ਤਾ ਪੱਕਾ ਕਰਨਾ ਚਾਹੁੰਦੀ ਹੋਵੇ. ਤੇ ਉਹ ਮੇਰਾ ਨਾਂ ਪੇਸ਼ ਕਰਦੇ ਹੋਣ। ਏਸੇ ਝਗੜੇ ਕਰਕੇ ਉਹ ਮਿਲਨ ਨਾ ਆਏ ਹੋਣ। ਪਰ ਉਹਦੀ ਭਰਜਾਈ ਮੇਰਾ ਵਿਰੋਧ ਕਿਉਂ ਕਰਦੀ ਹੋਵੇ ? ਇਕ ਈ ਕਾਰਨ ਹੋ ਸਕਦਾ ਏ, ਪਈ ਉਹ ਜੱਟ ਨੇ ਤੇ ਅਸੀਂ ਰਾਮਗੜ੍ਹੀਏ। ਪਰ ਸਿੱਖੀ ਵਿਚ ਤਾਂ ਜਾਤ ਪਾਤ ਨੂੰ ਮੰਨਦੇ ਈ ਨਹੀਂ। ਪੜ੍ਹਿਆਂ ਘਰਾਣਿਆਂ ਵਿਚ ਅਜਕੱਲ੍ਹ ਕੋਈ ਰਿਸਤੇ ਏਸ ਤਰ੍ਹਾਂ ਹੁੰਦੇ ਨੇ ਪਏ। ਫਿਰ ? ਫਿਰ .....? .....ਭਾਵੇਂ ਕੁਛ ਵੀ ਹੋਵੇ, ਮੈਂ ਉਹਨਾਂ ਬਿਨਾਂ ਨਹੀਂ ਰਹਿ ਸਕਦੀ। ਮੈਂ ਉਹਨਾਂ ਦੀ ਭਰਜਾਈ ਦੇ ਪੈਰ ਫੜ ਕੇ ਮਨਾ ਲਵਾਂਗੀ। ਮੈਂ ਇਸਤਰੀ ਜਾਤੀ ਦਾ ਵਾਸਤਾ ਪਾ ਕੇ ਤਰਲਾ ਲਵਾਂਗੀ, ਤਾਂ ਫੇਰ ਉਹ ਕਿਵੇਂ ਵਿਹਰਨਗੇ ? ਏਸੇ ਵਾਸਤੇ ਮੈਂ ਬੇ ਜੀ ਤੋਂ ਪਹਿਲਾਂ ਆਪ ਮਿਲਨ ਚੱਲੀ ਆਂ। ਬੇ ਜੀ ਮਿਲਨ ਗਿਆਂ ਨੂੰ ਉਹ ਇਕ ਵਾਰ ਨਾਂਹ ਕਰ ਦੇਂਦੀ, ਤਾਂ ਫੇਰ ਕੀ ਬਣਦਾ ?'

ਸੋਚਾਂ ਵਿਚ ਗੁਆਚੀ ਜੁਆਨੀ ਨੂੰ ਪਤਾ ਨਾ ਲੱਗਾ, ਕਿ ਉਹ ਕਿਹੜੇ ਵੇਲੇ ਕੁਲਵੰਤ ਦੇ ਬੂਹੇ ਅੱਗੇ ਪਹੁੰਚ ਗਈ। ਬੂਹਾ ਢੁੱਕਾ ਹੋਇਆ ਸੀ। ਬੰਦ ਬੂਹਾ ਉਹਨੇ ਅੱਗੇ ਵੀ ਕਈ ਵਾਰ ਵੇਖਿਆ ਸੀ। ਇਕ ਦਿਨ ਉਹਦਾ ਭਰਾ ਉਹਨੂੰ ਅੰਦਰ ਲੈ ਜਾਣ ਵਾਸਤੇ ਜ਼ੋਰ ਲਾ ਰਿਹਾ ਸੀ, ਉਹਦਾ ਹੱਥ ਫੜ ਕੇ ਖਿੱਚ ਰਿਹਾ ਸੀ, ਪਰ ਉਹ ਅੰਦਰ ਗਈ ਨਹੀਂ ਸੀ। ਉਹ ਕਹਿੰਦੀ ਸੀ, ਮੈਨੂੰ ਕੁਲਵੰਤ ਦੀ ਭਰਜਾਈ ਤੋਂ ਸੰਗ ਆਉਂਦੀ ਏ। ਅਸਲੀ ਕਾਰਨ ਹੋਰ ਸੀ। ਉਹਦੇ ਅੰਦਰ ਭਾਰਤੀ ਇਸਤਰੀ ਵਾਲੀ ਜਮਾਂਦਰੂ ਰੀਝ ਸੀ, ਕਿ ਜਿਹੜਾ ਉਹਦਾ ਜੀਵਨ-ਭਰ ਦਾ ਘਰ

ਬਣਨਾ ਏ, ਉਹਦੀਆਂ ਦਲ੍ਹੀਜਾਂ ਅੰਦਰ ਉਹ ਸਗਨਾਂ ਨਾਲ ਪੈਰ ਧਰੇ । ਪਰ ਅੱਜ ਤਾਂ ਉਹ ਬਿਨਾਂ ਸਗਨ, ਬਿਨਾਂ ਬੁਲਾਏ ਉਸ ਘਰ ਦਾ ਬੂਹਾ ਖੜਕਾਉਣ 'ਤੇ ਮਜਬੂਰ ਹੋ ਗਈ ਸੀ ।

"ਠੱਕ, ਠੱਕ, ਠੱਕ ।" ਦਰਸ਼ਨ ਨੇ ਪੁੱਠੀ ਉਂਗਲ ਨਾਲ ਬੂਹਾ ਠਕੋਰਿਆ ।

ਅਦਰੋਂ ਪੈਰਾਂ ਦਾ ਮਧਮ ਮਧਮ ਖੜਾਕ ਆਇਆ । ਦਰਸ਼ਨ ਦਾ ਦਿਲ ਵਧੇਰੇ ਧੜਕਣ ਲੱਗ ਪਿਆ । 'ਕੁਲਵੰਤ ਜੀ ਹੋਣ, ਜਾਂ ਉਹਨਾਂ ਦੀ ਭਰਜਾਈ ?' ਉਹ ਸੋਚ ਰਹੀ ਸੀ । ਉਹਨੇ ਮਨਜੀਤ ਨੂੰ ਅੱਗੇ ਕਦੇ ਡਿੱਠਾ ਨਹੀਂ ਸੀ । ਉਹਦੀਆਂ ਅੱਖਾਂ ਵਿਚ ਮਨਜੀਤ ਦੀ ਓਹੋ ਜੇਹੀ ਤਸਵੀਰ ਚਿੱਤਰੀ ਹੋਈ ਸੀ, ਜੇਹੋ ਜੇਹੀ ਕੁਲਵੰਤ ਦਸਦਾ ਹੁੰਦਾ ਸੀ । ਅੰਦਰੋਂ ਕੁੰਡਾ ਖੜਕਿਆ । ਸਹਿਜ ਸਹਿਜ ਇਕ ਤਖਤਾ ਖੁੱਲ੍ਹਿਆ । ਦਰਸ਼ਨ ਨੂੰ ਪਹਿਲਾ ਝਾਉਲਾ ਇਕ ਪਰਭਾਵ-ਸ਼ਾਲੀ ਇਸਤਰੀ ਚਿਹਰੇ ਦਾ ਪਿਆ । ਸੰਗਾ ਦੇ ਭਾਰ ਨਾਲ ਦਰਸ਼ਨ ਦੀਆਂ ਅੱਖਾਂ ਨੀਂਵੀਂਆਂ ਹੋ ਗਈਆਂ ।

"ਆਓ ।" ਮਨਜੀਤ ਨੇ ਕੋਈ ਨਵੀਂ ਵਿਦਿਆਰਥਣ ਸਮਝ ਕੇ ਕਿਹਾ ।

"ਮੈਂ...ਮੈਂ...।" ਕੁਆਰੀ ਲੱਜ ਨੇ ਦਰਸ਼ਨ ਦੀ ਗੱਲ ਪੂਰੀ ਨਾ ਹੋਣ ਦਿਤੀ ।

"ਆਓ, ਬਹਿ ਕੇ ਗੱਲ ਕਰੋ । ਸੰਗਦੇ ਕਿਉਂ ਹੋ ?" ਮਨਜੀਤ ਦੀ ਵਾਜ ਵਿਚ ਸਾਊਆਂ ਵਾਲਾ ਸਵਾਗਤ ਸੀ ।

ਅੱਗੇ ਅੱਗੇ ਮਨਜੀਤ ਤੇ ਮਗਰ ਮਗਰ ਦਰਸ਼ਨ ਬੈਠਣ ਵਾਲੇ ਕਮਰੇ ਵਿਚ ਜਾ ਪਹੁੰਚੀਆਂ । ਉਹ ਦੋਵੇਂ ਆਮ੍ਹੋ-ਸਾਹਮਣੀਆਂ ਕੁਰਸੀਆਂ 'ਤੇ ਬਹਿ ਗਈਆਂ । ਏਨੇ ਚਿਰ ਵਿਚ ਇਕ ਵਾਰ ਵੀ ਦਰਸ਼ਨ ਨੇ ਮਨਜੀਤ ਦੇ ਚਿਹਰੇ ਵੱਲ ਅੱਖ ਚੁਕ ਕੇ ਨਹੀਂ ਵੇਖਿਆ । ਓਹਾ ਪਹਿਲੀ ਝਲਕ ਉਹਦੀ ਨਿਗ੍ਹਾ ਵਿਚ ਘੁਲੀ ਹੋਈ ਸੀ । ਸ਼ਰਮ ਦੀ ਮਧਮ ਜੇਹੀ ਲਾਲੀ ਉਹਦੇ ਗੋਰੇ ਚਿਹਰੇ 'ਤੇ ਖਿਲਰੀ ਹੋਈ ਸੀ ।

'ਬੜੀ ਸ਼ਰਮਾਕਲ ਕੁੜੀ ਏ ।' ਮਨਜੀਤ ਦਿਲ ਵਿਚ ਸੋਚ ਰਹੀ ਸੀ ।
"ਗਿਆਨੀ ਪੜ੍ਹਨਾ ਚਾਹੁੰਦੇ ਓ ?" ਮਨਜੀਤ ਨੇ ਗੱਲ ਤੋਰਨ ਲਈ ਪੁਛਿਆ ।

"ਨ-ਨਹੀਂ ਜੀ ।" ਦਰਸ਼ਨ ਨੇ ਥੋੜਾ ਜਿਹਾ ਸਿਰ ਹਿਲਾ ਕੇ ਕਿਹਾ । ਸ਼ਰਮ ਨਾਲ ਉਹ ਕੁਰਸੀ 'ਤੇ ਸੁੰਗੜਦੀ ਜਾ ਰਹੀ ਸੀ । ਉਹਨੂੰ ਇਉਂ ਭਾਸ ਰਿਹਾ ਸੀ, ਜਿਵੇਂ ਉਹਦੇ ਮੱਥੇ 'ਤੇ ਮੁੜ੍ਹਕਾ ਆ ਗਿਆ ਹੋਵੇ । ਉਸਦੀ ਨਜ਼ਰ ਆਪਣੇ ਪੈਰਾਂ 'ਤੇ ਟਿਕੀ ਹੋਈ ਸੀ । ਸੱਜਾ ਪੈਰ ਖੱਬੇ ਉਤੇ ਟਿਕਿਆ ਹੋਇਆ ਥੋੜਾ ਥੋੜਾ ਹਿੱਲ ਰਿਹਾ ਸੀ ।

"ਹੋਰ ਦੱਸੋ।" ਮਨਜੀਤ ਨੇ ਜ਼ਰਾ ਹੈਰਾਨ ਹੋ ਕੇ ਪੁਛਿਆ। ਉਹਦੀ ਨਿਗ੍ਹਾ ਦਰਸ਼ਨ ਦੇ ਚਿਹਰੇ 'ਤੇ ਟਿਕੀ ਹੋਈ ਸੀ।

"ਆਪ ਕੁਲਵੰਤ ਜੀ ਦੇ...।" ਦਰਸ਼ਨ ਨੇ ਸਾਰੇ ਯਤਨ ਨਾਲ ਏਨੇ-ਕੁ ਸ਼ਬਦ ਮੂੰਹੋਂ ਕਢੇ। ਉਹਦਾ ਕੋਮਲ ਸਰੀਰ ਇਕੱਲੀ ਗੰਦਲ ਵਾਂਗ ਕੰਬ ਰਿਹਾ ਸੀ।

"ਹਾਂ। ਤੁਸਾਂ ਕੁਲਵੰਤ ਨੂੰ ਮਿਲਨਾ ਏਂ?"

"ਉਹ ਘਰੇ ਨੇ?"

"ਨਹੀਂ। ਪਿੰਡ ਗਏ ਹੋਏ ਨੇ।" ਮਨਜੀਤ ਦੇ ਦਿਲ ਵਿਚ ਇਹ ਪੁੱਛ ਥੋੜੀ ਜਿਹੀ ਚੁਭੀ। 'ਇਹਨੂੰ ਕੁਲਵੰਤ ਨਾਲ ਕੀ ਕੰਮ ਹੋਵੇ?' ਉਹ ਸੋਚਣ ਲੱਗੀ।

"ਬੇ ਜੀ ਉਹਨਾਂ ਦੀ ਉਡੀਕ ਵਿਚ ਪਰੇਸ਼ਾਨ ਨੇ। ਉਹ ਕਈਆਂ ਦਿਨਾਂ ਦੇ ਮਿਲਨ ਨਹੀਂ ਗਏ।" ਦਰਸ਼ਨ ਨੇ ਜਿਵੇਂ ਧੱਕ ਧੱਕ ਕੇ ਇਹ ਦੋ ਵਾਕ ਮੂੰਹੋਂ ਕਢੇ।

"ਪਤਾ ਦੱਸ ਜਾਉ। ਉਹ ਆਉਣਗੇ, ਤਾਂ ਮੈਂ ਭੇਜ ਦਿਆਂਗੀ।" ਮਨਜੀਤ ਨੇ ਆਪਣੇ ਵੱਲੋਂ ਗੱਲ ਮੁਕਾ ਦਿਤੀ। ਉਹ ਦਰਸ਼ਨ ਦੇ ਉਠਣ ਦੀ ਉਡੀਕ ਕਰਨ ਲੱਗੀ।

ਪਰ ਦਰਸ਼ਨ ਓਵੇਂ ਬੈਠੀ ਰਹੀ। ਖੱਬੇ ਹੱਥ ਦੀ ਪਹਿਲੀ ਉਂਗਲ ਉਤੇ ਉਹ ਦੁਪੱਟੇ ਦੀ ਕੰਨੀ ਕਦੇ ਵਲ੍ਹੇਟ ਲੈਂਦੀ, ਕਦੇ ਲਾਹ ਲੈਂਦੀ। ਏਸ ਤਰ੍ਹਾਂ ਉਹ ਮਨੋਭਾਵਾਂ 'ਤੇ ਕਾਬੂ ਪਾਉਣ ਦਾ ਯਤਨ ਕਰ ਰਹੀ ਸੀ।

"ਕੁਛ ਹੋਰ ਕਹਿਣਾ ਚਾਹੁੰਦੇ ਓ?" ਮਨਜੀਤ ਨੇ ਦਰਸ਼ਨ ਦੇ ਸ਼ਰਮਾਏ ਹੋਏ ਚਿਹਰੇ ਤੋਂ ਉਹਦਾ ਅੰਦਰਲਾ ਪੜ੍ਹਨ ਦਾ ਉਪਰਾਲਾ ਕਰਦਿਆਂ ਕਿਹਾ।

"ਜੀ ਹਾਂ।" ਦਰਸ਼ਨ ਦੀ ਵਾਜ ਨਾਲੋਂ ਉਹਦੇ ਸਿਰ ਦਾ ਇਸ਼ਾਰਾ ਵਧੇਰੇ ਸਪਸ਼ਟ ਸੀ।

"ਫਿਰ ਸੰਗਦੇ ਕਿਉਂ ਓ? ਦਿਲ ਦੀ ਗੱਲ ਸਾਫ਼ ਸਾਫ਼ ਕਹਿ ਕਿਉਂ ਨਹੀਂ ਦੇਂਦੇ?" ਮਨਜੀਤ ਨੇ ਦਰਸ਼ਨ ਦਾ ਮੋਢਾ ਥਪਕਦਿਆਂ ਕਿਹਾ।

"ਮਾਂ ਜੀ ਉਹਨਾਂ ਬਿਨਾਂ ਬੜੇ ਉਦਾਸ ਨੇ। ਉਹ ਇਕਰਾਰ ਕਰਕੇ ਕਈਆਂ ਦਿਨਾਂ ਦੇ ਨਹੀਂ ਗਏ।" ਬਹਾਨੇ ਨਾਲ ਦਰਸ਼ਨ ਨੇ ਆਪਣੀ ਮੰਗ ਪੇਸ਼ ਕਰ ਦਿਤੀ।

"ਮਾਂ ਜੀ ਉਦਾਸ ਨੇ, ਜਾਂ ਤੁਸੀਂ?" ਦਿਲ ਵਿਚ ਆਈ ਗੱਲ ਮਨਜੀਤ ਦੇ ਮੂੰਹੋਂ ਨਿਕਲ ਹੀ ਗਈ। ਯਤਨ ਕਰਕੇ ਵੀ ਉਹ ਆਪਣੇ ਆਪ ਨੂੰ ਰੋਕ ਨਾ

ਸੱਕੀ। ਏਸ ਖਿਆਲ ਨੇ ਉਹਦੇ ਅੰਦਰ ਕੰਬਣੀ ਛੇੜ ਦਿਤੀ ਸੀ। ਆਪਣੀ ਕਾਹਲੀ ਉਤੇ ਉਹ ਕੁਛ ਪਛਤਾ ਵੀ ਰਹੀ ਸੀ।

ਦਰਸ਼ਨ ਦੇ ਸਾਮ੍ਹਣੇ ਹੁਣ ਇਕੋ ਰਾਹ ਰਹਿ ਗਿਆ ਸੀ, ਕਿ ਜਾਂ ਉਹ ਸਾਫ਼ ਸ਼ਬਦਾਂ ਵਿਚ ਮੁਹੱਬਤ ਦਾ ਇਕਬਾਲ ਕਰ ਲਵੇ ਤੇ ਜਾਂ ਉੱਕੀ ਮੁੱਕਰ ਜਾਵੇ। ਇਹ ਸੰਗ ਸ਼ਰਮ ਵਾਲਾ ਸਾਂਗ ਹੁਣ ਹੋਰ ਲੰਮਿਆਰਿਆ ਨਹੀਂ ਸੀ ਜਾ ਸਕਦਾ। ਉਹ ਕੁਰਸੀ ਤੋਂ ਉੱਲਰ ਕੇ ਮਨਜੀਤ ਦੇ ਪੈਰਾਂ 'ਤੇ ਝੁਕ ਗਈ। "ਭੈਣ ਜੀ!" ਕਹਿੰਦਿਆਂ ਕਹਿੰਦਿਆਂ ਦਰਸ਼ਨ ਦਾ ਗਲਾ ਰੁਕ ਗਿਆ। ਕਈਆਂ ਦਿਨਾਂ ਦੀ ਚਿੰਤਾ ਉਹਦੇ ਅੰਦਰੋਂ ਹਉਕਾ ਬਣ ਕੇ ਨਿਕਲੀ। ਵਿਛੋੜੇ ਦੇ ਸੇਕ ਨਾਲ ਉਹ-ਦੀਆਂ ਅੱਖਾਂ ਗਿੱਲੀਆਂ ਹੋ ਗਈਆਂ। ਪਿਛਲੀ ਰਾਤ ਵਾਲਾ ਡਰਾਉਣਾ ਸੁਪਨਾ ਉਹਦੇ ਸਾਮ੍ਹਣੇ ਘੁੰਮਣ ਲੱਗ ਪਿਆ।

"ਹੈਂ? ਇਹ ਕੀ?" ਮਨਜੀਤ ਨੇ ਦਰਸ਼ਨ ਨੂੰ ਦੋਹਾਂ ਮੋਢਿਆਂ ਤੋਂ ਫੜ ਲਿਆ। ਉਹਦੇ ਅੰਦਰ ਹਜ਼ਾਰਾਂ ਸ਼ੰਕਾਵਾਂ ਨੇ ਸੂਲਾਂ ਵਾਂਗ ਸਿਰ ਉਠਾ ਲਏ। ਮਾਰੂ ਸੋਚਾਂ ਉਹਨੂੰ ਬਹੁਤ ਦੂਰ ਤੱਕ ਲੈ ਗਈਆਂ। "ਤੁਸੀਂ ਸਗੋਂ ਕੁੜੀਆਂ ਮੁੰਡਿਆਂ ਵਾਂਗ ਕੋਈ ਗਲਤੀ ਤਾਂ ਨਹੀਂ ਕਰ ਬੈਠੇ?" ਮਨਜੀਤ ਨੇ ਧੜਕਦੇ ਦਿਲ ਨਾਲ ਕਿਹਾ। ਉਹਦੀ ਤਿੱਖੀ ਨਜ਼ਰ ਦਰਸ਼ਨ ਦੇ ਸਰੀਰ ਦੇ ਅੰਗ ਅੰਗ ਦੀ ਪੜਚੋਲ ਕਰ ਰਹੀ ਸੀ।

"ਨਹੀਂ ਨਹੀਂ।" ਦਰਸ਼ਨ ਗ਼ਲਤੀ ਦਾ ਅਰਥ ਸਮਝ ਕੇ ਤ੍ਰਬਕ ਉੱਠੀ। ਉਹਨੇ ਥੋੜਾ ਜੇਹਾ ਮੂੰਹ ਉਤਾਂਹ ਚੁਕਿਆ, ਪਰ ਅੱਖਾਂ ਵਿਚ ਆਏ ਹੋਏ ਪਾਣੀ ਨੇ ਮਨਜੀਤ ਦੀ ਸਾਫ਼ ਤਸਵੀਰ ਪੁਤਲੀਆਂ 'ਤੇ ਨਾ ਉਤਰਨ ਦਿਤੀ। 'ਇਹਨਾਂ ਨੇ ਮੈਨੂੰ ਏਨੀ ਨੀਵੀਂ ਸਮਝ ਲਿਆ?' ਇਹ ਖ਼ਿਆਲ ਆਉਂਦਿਆਂ ਦਰਸ਼ਨ ਦੀ ਆਤਮਾ ਘਿਰਣਾ ਦੇ ਪੂੜਾਂ ਵਿਚ ਆ ਕੇ ਕੁਰਲਾ ਉਠੀ। "ਤੁਸਾਂ ਕੁਛ ਹੋਰ ਸਮਝ ਲਿਆ ਏ। ਸਾਡਾ ਪਿਆਰ ਰੱਬ ਵਰਗਾ ਪਵਿੱਤਰ ਏ। ਮੈਂ ਉਹਨਾਂ ਨੂੰ ਪਿਆਰ ਕਰਦੀ ਆਂ। ਅਸਾਂ ਵਿਆਹ ਕਰਨ ਦਾ ਪ੍ਰਣ ਠੀਕ ਕੀਤਾ ਹੋਇਆ ਏ। ਪਰ ਤੁਹਾਡੀ ਅਸ਼ੀਰਵਾਦ ਬਿਨਾਂ ਅਸੀਂ ਇਕ ਕਿਵੇਂ ਹੋ ਸਕਦੇ ਆਂ? ਮੈਂ ਤੁਹਾਡੇ ਚਰਨਾਂ ਦੀ ਸੌਂਹ ਖਾ ਕੇ ਕਹਿੰਦੀ ਆਂ, ਕਿ ਅਸਾਂ ਪਵਿੱਤਰਤਾ ਨੂੰ ਭਿਟਣ ਦਾ ਪਾਪ ਨਹੀਂ ਕੀਤਾ। ਉਹਨਾਂ ਬੇ ਜੀ ਨਾਲ ਇਕਰਾਰ ਕੀਤਾ ਸੀ, ਕਿ" ਦਰਸ਼ਨ ਕਹਿੰਦੀ ਚਲੀ ਜਾ ਰਹੀ ਸੀ। ਉਹ ਅੰਦਰ ਦੀ ਸਾਰੀ ਪੀੜ ਇਕੋਵਾਰ ਪਰਗਟ ਕਰ ਦੇਣਾ ਚਾਹੁੰਦੀ ਸੀ। ਉਹਨੂੰ ਡਰ ਸੀ, ਕਿ ਜੇ ਇਕ ਵਾਰ ਚੁੱਪ ਕਰ ਗਈ, ਤਾਂ ਫੇਰ ਹੋਰ ਕੁਛ ਦੱਸਣ ਪੁਛਣ ਦਾ ਹੀਆ ਨਹੀਂ ਪੈਣਾ। ਸੋ ਉਹ ਇੱਕੋ ਸਾਹੇ ਕਹੀ ਗਈ, "ਕਿ

ਇਮਤਿਹਾਨ ਤੋਂ ਪਿਛੋਂ ਰਿਸ਼ਤਾ ਪੱਕਾ ਕਰਕੇ ਵਿਆਹ ਹੋ ਜਾਵੇਗਾ । ਪਰ ਇਮਤਿਹਾਨ ਬਾਅਦ ਉਹ ਘਰ ਗਏ ਈ ਨਹੀਂ । ਦਸ ਦਿਨ ਹੋਏ, ਉਹ ਵੀਰ ਜੀ ਨੂੰ ਮਿਲੇ ਸਨ । ਮੈਂ ਵੀ ਨਾਲ ਸਾਂ । ਮੈਂ ਗੁਰਸ਼ਰਨ ਦੀ ਭੈਣ ਆਂ । ਵੀਰ ਜੀ ਨੇ ਕਿਹਾ, ਕਿ ਬੇ ਜੀ ਤੁਹਾਡੀ ਭਰਜਾਈ ਜੀ ਨੂੰ ਮਿਲ ਕੇ ਫ਼ੈਸਲਾ ਕਰਨਾ ਚਾਹੁੰਦੇ ਨੇ । ਪਰ... ਪਰ ਉਹ ਨਹੀਂ ਸਨ ਚਾਹੁੰਦੇ, ਕਿ ਬੇ ਜੀ ਤੁਹਾਨੂੰ ਮਿਲਨ । ਉਹਨਾਂ ਦੀਆਂ ਗੱਲਾਂ ਤੋਂ ਏਹਾ ਪਰਤੀਤ ਹੁੰਦਾ ਸੀ । ਉਹਨਾ ਆਪ ਅਗਲੇ ਦਿਨ ਮਿਲਨ ਦਾ ਇਕਰਾਰ ਕੀਤਾ ਸੀ । ਪਰ ਅੱਜ ਤਕ ਉਹ ਮੱਥੇ ਨਹੀਂ ਲੱਗੇ । ਬੇ ਜੀ ਉਸ ਦਿਨ ਦੇ ਬੜੇ ਝੂਰ ਰਹੇ ਨੇ । ਮੈਨੂੰ ਕਈਆਂ ਦਿਨਾਂ ਤੋਂ ਨੀਂਦ ਨਹੀਂ ਆਈ । ਤਰ੍ਹਾਂ ਤਰ੍ਹਾਂ ਦੀਆਂ ਸ਼ੰਕਾਵਾਂ ਨਾਲ ਮੇਰਾ ਦਿਲ ਭਰਿਆ ਪਿਆ ਏ । ਕੱਲ੍ਹ ਰਾਤੀਂ ਬੜਾ ਭੈੜਾ ਸੁਪਨਾ ਆਇਆ, ਜਿਸ ਕਰਕੇ ਮੈਂ ਸਾਰੀ ਰਾਤ ਰੋਂਦੀ ਰਹੀ । ਮਜਬੂਰ ਹੋ ਕੇ ਮੈਂ ਤੁਹਾਡੀ ਸ਼ਰਣ ਆਈ ਆਂ । ਹੁਣ ਤੁਹਾਨੂੰ ਸ਼ਰਮ ਏ ਮੇਰੀ ।" ਕਹਿੰਦੀ ਕਹਿੰਦੀ ਉਹ ਫਿਰ ਪੈਰਾਂ 'ਤੇ ਝੁਕ ਗਈ । ਉਹਨੂੰ ਸੁਪਨੇ ਵਿਚ ਵੀ ਇਹ ਖਿਆਲ ਨਹੀਂ ਸੀ, ਕਿ ਉਹ ਏਨਾ ਕੁਛ ਕਹਿ ਸੱਕੇਗੀ । ਪਰ ਕੁਲਵੰਤ ਦੇ ਬਿਨਾਂ ਮਿਲਿਆਂ ਪਿੰਡ ਨੂੰ ਤੁਰ ਜਾਣ ਕਰਕੇ ਉਹਦੇ ਅੰਦਰ ਮਾਰੂ ਸ਼ੱਕ ਪੈਦਾ ਹੋ ਗਿਆ ਸੀ । ਉਹਨੂੰ ਪਿਆਰਾ ਖੁੱਸਦਾ ਜਾਪ ਰਿਹਾ ਸੀ। ਇਸ ਲਈ ਘੁੰਮਣ ਘੇਰ ਵਿਚ ਪਈ ਬੇੜੀ ਨੂੰ ਬੰਨੇ ਲਾਉਣ ਵਾਸਤੇ ਉਹਨੇ ਵੱਧ ਤੋਂ ਵੱਧ ਬੇਨਤੀਆਂ ਕੀਤੀਆਂ ।

ਪਰ ਕੀ ਮਨਜੀਤ ਨੇ ਸਭ ਕੁਛ ਸੁਣ ਲਿਆ ਸੀ ? ਸ਼ਾਇਦ ਨਹੀਂ । ਜਿੰਨਾ ਕੁਛ ਦਰਸ਼ਨ ਨੇ ਕਿਹਾ ਸੀ, ਉਸ ਵਿਚੋਂ ਬਹੁਤ ਥੋੜਾ ਕੰਨਾ ਨੇ ਆਤਮਾ ਤਕ ਪੁਚਾਇਆ ਸੀ । ਬਹੁਤਾ ਪਰਦਿਆਂ ਨਾਲ ਟਕਰਾ ਕੇ ਹੀ ਪਿੱਛੇ ਪਰਤ ਗਿਆ ਸੀ ।

"ਤੱਤੀਏ ! ਤੂੰ ਦੋ ਮਹੀਨੇ ਪਹਿਲਾਂ ਕਿਉਂ ਨਾ ਦੱਸਿਆ ।" ਦਰਸ਼ਨ ਨੂੰ ਪੈਰਾਂ ਤੋਂ ਚੁਕਦੀ ਹੋਈ ਮਨਜੀਤ ਠੰਢਾ ਸਾਹ ਲੈ ਕੇ ਬੋਲੀ ।

"ਹੈਂ ?" ਦਰਸ਼ਨ ਇਉਂ ਤ੍ਰਭਕੀ, ਜਿਵੇਂ ਸਭ ਕੁਛ ਖ਼ਤਮ ਹੋ ਗਿਆ ਹੋਵੇ ।

"ਕੋਈ ਨਹੀਂ, ਘਬਰਾਉਣ ਦੀ ਕੋਈ ਗੱਲ ਨਹੀਂ । ਕੁਲਵੰਤ ਆਉਂਦਾ ਏ, ਤਾਂ ਮੈਂ ਉਹਦੇ ਨਾਲ ਸਾਰੀ ਗੱਲ ਕਰਾਂਗੀ ।" ਮਨਜੀਤ ਨੇ ਦਰਸ਼ਨ ਨੂੰ ਧੀਰਜ ਦੇਂਦਿਆਂ ਕਿਹਾ । ਪਰ ਉਹਦਾ ਆਪਣਾ ਮਨ ਅੰਦਰੋਂ ਢਹਿ ਰਿਹਾ ਸੀ ।

ਇਸ ਤੋਂ ਅੱਗੇ ਕਿਸੇ ਕੋਲ ਵੀ ਕਹਿਣ ਸੁਣਨ ਜੋਗਾ ਕੁਛ ਨਹੀਂ ਸੀ । ਦਰਸ਼ਨ ਨੀਂਵੀਂ ਪਾਈ ਧਰਤੀ ਵੱਲੋ ਵੇਖ ਰਹੀ ਸੀ । ਮਨਜੀਤ ਨੇ ਵੱਡੀ ਭੈਣ ਵਾਂਗ ਉਹਦੇ ਮੋਢੇ 'ਤੇ ਹੱਥ ਧਰਿਆ ਹੋਇਆ ਸੀ ।

ਦਰਸ਼ਨ ਆਈ ਤੇ ਚਲੀ ਗਈ । ਪਿਛੋਂ ਸਾਰੀ ਰਾਤ ਮਨਜੀਤ ਦੇ ਦਮਾਗ਼

ਵਿਚ ਤਿੰਨ ਖਿਆਲ ਚੱਕਰ ਲਾਉਂਦੇ ਰਹੇ। ਕਦੇ ਉਹ ਦਰਸ਼ਨ ਦੀ ਕੁਆਰੀ ਜੁਆਨੀ ਵੱਲੋ ਵੇਖਦੀ। ਕਦੇ ਉਹਦੀ ਨਜ਼ਰ ਆਪਣੇ ਹੰਢੇ ਹੋਏ ਜੋਬਨ 'ਤੇ ਹੁੰਦੀ। ਤੇ ਕਦੇ ਉਹ ਕੁਲਵੰਤ ਦੀ ਅਣਸੁਣੀ ਤੇ ਅਨੋਖੀ ਕੁਰਬਾਨੀ ਨੂੰ ਆਪਣੇ ਦਿਲ ਵਿਚ ਹਾੜਦੀ ਤੋਲਦੀ। ਰਾਤ ਨਿਭ ਗਈ, ਪਰ ਉਹਦੀਆਂ ਸੋਚਾਂ ਨਾ ਮੁਕੀਆਂ।

੪.

ਕੁਲਵੰਤ ਪਿੰਡ ਪਹੁੰਚ ਗਿਆ। ਇਸ ਪਿੰਡ ਨੂੰ ਉਹ ਆਪਣਾ ਕਹਿ ਸਕਦਾ ਸੀ। ਏਥੇ ਉਹਦਾ ਜਨਮ ਹੋਇਆ ਸੀ। ਏਥੇ ਉਹਦੇ ਵੱਡੇ ਵਡੇਰਿਆਂ ਦੀਆਂ ਯਾਦਾਂ ਸਨ। ਏਥੇ ਉਹਦੀ ਜੱਦੀ ਜਾਇਦਾਦ ਸੀ। ਏਥੇ ਉਹਦਾ ਸ਼ਰੀਕਾ ਭਾਈਚਾਰਾ ਸੀ। ਏਥੋਂ ਹੀ ਉਹਨੂੰ ਕੁਛ ਬਦਮਾਸ਼ ਸ਼ਰੀਕਾਂ ਹੱਥੋਂ ਤੰਗ ਆ ਕੇ ਢਾਈ-ਤਿੰਨ ਸਾਲ ਦੀ ਉਮਰ ਵਿਚ ਨਿਕਲਣਾ ਪਿਆ ਸੀ। ਫਿਰ ਵੀ ਉਹਨੂੰ ਇਸ ਪਿੰਡ ਨਾਲ ਸੁਭਾਵਕ ਅਪਣੱਤ ਸੀ। ਲਗਭਗ ਸਤਾਰਾਂ ਸਾਲ ਪਿਛੋਂ ਉਹ ਫਿਰ ਏਸ ਪਿੰਡ ਆਇਆ ਸੀ।

ਏਨੇ ਸਾਲਾਂ ਵਿਚ ਪਿੰਡ ਅੰਦਰ ਬੜੀ ਭਾਰੀ ਅਦਲਾ-ਬਦਲੀ ਹੋ ਚੁੱਕੀ ਸੀ। ਪੰਡਤ ਜਵਾਲਾ ਸਹਾਇ, ਜਵੰਦੀ ਤੇ ਉਹਨਾਂ ਦੇ ਕੋਈ ਹੋਰ ਸਾਥੀ ਪਰਲੋਕ ਸਿਧਾਰ ਗਏ ਸਨ। ਤਾਰੂ ਜੇਲ੍ਹ ਵਿਚ ਸੀ। ਉਹਨਾਂ ਦੀ ਜ਼ਮੀਨ ਠੇਕੇ 'ਤੇ ਲੈਣ ਵਾਲਾ ਨੰਬਰਦਾਰ ਵੀ ਚਲਾਣਾ ਕਰ ਗਿਆ ਸੀ। ਜ਼ਮੀਨ ਉਤੇ ਇਸ ਵੇਲੇ ਉਹਦੇ ਪੁੱਤਰਾਂ ਦਾ ਕਬਜ਼ਾ ਸੀ।

ਮਨਜੀਤ ਦੀ ਸਲਾਹ ਅਨੁਸਾਰ ਕੁਲਵੰਤ ਸ: ਹਰਪਾਲ ਸਿੰਘ ਦੇ ਘਰ ਟਿਕਿਆ। ਹਰਪਾਲ ਸਿੰਘ ਤੇ ਸੁਰਿੰਦਰ ਕੌਰ ਇਕ ਸੁਰਗੀ ਜੋੜੀ ਸੀ। ਉਹਨਾਂ ਕੁਲਵੰਤ ਦਾ ਬੜੇ ਨਿੱਘੇ ਪਿਆਰ ਨਾਲ ਸਵਾਗਤ ਕੀਤਾ। ਜਦ ਹਰਪਾਲ ਸਿੰਘ ਦੇ ਬੱਚਿਆਂ ਨੂੰ ਪਤਾ ਲੱਗਾ, ਕਿ ਕੁਲਵੰਤ ਉਹਨਾਂ ਦਾ ਗੁਆਂਢੀ ਚਾਚਾ ਏ, ਤਾਂ ਉਹਨਾਂ ਡੂੰਘੀ ਅਪਣੱਤ ਨਾਲ ਉਹਨੂੰ ਗਲਵੱਕੜੀਆਂ ਪਾਈਆਂ।

ਛਕਣ ਛਕਾਉਣ ਪਿਛੋਂ ਪਰਵਾਰ ਦੀ ਸੁੱਖ ਸਾਂਦ ਦੀਆਂ ਗੱਲਾਂ ਚੱਲੀਆਂ। ਸੁਰਿੰਦਰ ਕੌਰ ਨੇ ਕੋਲ ਬਹਿ ਕੇ ਪੁਛਿਆ, "ਕੁਲਵੰਤ! ਮਨਜੀਤ ਕੌਰ ਦੀ ਸੁਣਾ, ਉਹਦਾ ਕੀ ਹਾਲ ਏ?"

"ਰਾਜ਼ੀ ਖ਼ੁਸ਼ੀ ਨੇ, ਜੀ!" ਮਨਜੀਤ ਦਾ ਨਾਂ ਸੁਣ ਕੇ ਕੁਲਵੰਤ ਦੇ ਚਿਹਰੇ 'ਤੇ ਲਾਲੀ ਫੈਲ ਗਈ, ਪਰ ਵੇਖਣ ਵਾਲੇ ਇਸਦਾ ਕਾਰਨ ਨਹੀਂ ਸਨ ਜਾਣਦੇ।

"ਬੜੇ ਦੁੱਖ ਝੱਲਣੇ ਪਏ ਵਿਚਾਰੀ ਨੂੰ। ਸੀ ਉਹ ਕੋਈ ਸਤਜੁਗੀ ਰੂਹ, ਤੇ

ਵਾਹ ਪੈ ਗਿਆ ਕਲਜੁਗੀ ਸ਼ੈਤਾਨਾਂ ਨਾਲ। ਬੁਰਛਿਆਂ ਨੇ ਨਿਮਾਣੀ ਨੂੰ ਘਰੋਂ ਕਢਕੇ ਹੀ ਬੱਸ ਕੀਤੀ। ਅਫ਼ਸੋਸ! ਅਸੀਂ ਉਸ ਵੇਲੇ ਉਹਦੀ ਕੋਈ ਮਦਦ ਨਾ ਕਰ ਸੱਕੇ। ਉਹਨਾਂ ਬਦਮਾਸ਼ਾਂ ਤੋਂ ਡਰਦਾ ਪਿੰਡ ਵਿਚੋਂ ਕੋਈ ਉਭਾਸਰਦਾ ਨਹੀਂ ਸੀ। ਬੰਦਾ ਸਮਝਦਾ ਨਹੀਂ, ਨਹੀਂ ਤਾਂ ਕੀਤੀਆਂ ਦਾ ਬਦਲਾ ਤਾਂ ਜ਼ਰੂਰ ਦੇਣਾ ਪੈਂਦਾ ਏ। ਤਾਰੂ ਇਸ ਵੇਲੇ ਜੇਲ੍ਹ ਵਿਚ ਏ। ਜੰਬਰੂ ਫਾਹੇ ਲੱਗ ਗਿਆ ਸੀ। ਕਾਲੇ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ, ਉਹ ਓਥੇ ਈ ਮਰ ਖਪ ਗਿਆ। ਤੇ ਜਿੰਨ੍ਹਾਂ ਤਸੀਹਿਆਂ ਨਾਲ ਪੰਡਤ ਜਵਾਲੇ ਸ਼ਾਹ ਦੀ ਜਾਨ ਨਿਕਲੀ, ਲੋਕ ਵੇਖ ਵੇਖ ਕੇ ਕੰਨੀ ਹੱਥ ਲਾਉਂਦੇ ਸਨ। ਸਾਰੇ ਆਹੰਦੇ ਸਨ, ਇਸ ਢਾਣੀ ਨੂੰ ਨਿਰਦੋਸ਼ ਮਨਜੀਤ ਦਾ ਸਰਾਫ਼ ਪਿਆ ਏ। ਕੁਲਵੰਤ! ਤੂੰ ਤਾਂ ਓਦੋਂ ਅਜੇ ਅਸਲੋਂ ਅੰਞਾਣਾ ਸੈਂ, ਇਹਨਾਂ ਲੋਕਾਂ ਨੇ ਜੱਗੋਂ ਬਾਹਰੀ ਕੀਤੀ ਸੀ ਵਿਚਾਰੀ ਮਨਜੀਤ ਨਾਲ। ਤੇ ਜਿਸ ਦ੍ਰਿੜ੍ਹਤਾ ਨਾਲ ਇਹਨਾਂ ਲੁਟੇਰਿਆਂ ਤੋਂ ਉਸ ਸਤੀ ਨੇ ਆਪਣਾ ਧਰਮ ਬਚਾਇਆ, ਸਾਰਾ ਪਿੰਡ ਉਹਨੂੰ ਦੇਵੀ ਸਮਝ ਕੇ ਪੂਜਦਾ ਏ।" ਸੁਰਿੰਦਰ ਕੌਰ ਦੀਆਂ ਅੱਖਾਂ ਵਿਚ ਮਨਜੀਤ ਦੀ ਯਾਦ ਦੇ ਹੰਝੂ ਛਲਕ ਆਏ।

ਕੁਲਵੰਤ ਨੀਂਵੀਂ ਪਾਈ ਸਭ ਕੁਛ ਸੁਣਦਾ ਰਿਹਾ।

"ਅੜਿਆ ਕੁਲਵੰਤ!" ਸੁਰਿੰਦਰ ਕੌਰ ਅੱਖਾਂ ਪੂੰਝ ਕੇ ਫਿਰ ਬੋਲੀ, "ਜਿੰਨੇ ਮਨਜੀਤ ਕੌਰ ਨੇ ਤੇਰੇ ਬਦਲੇ ਜਫਰ ਜਾਲੇ ਨੇ, ਸਾਰੀ ਉਮਰ ਤੂੰ ਉਹਦੀ ਪੂਜਾ ਕਰਦਾ ਰਹੇਂ, ਤਾਂ ਫਿਰ ਵੀ ਥੋੜੀ ਏ।"

"ਇਕ ਉਮਰ, ਭਰਜਾਈ ਜੀ? ਮੈਂ ਤਾਂ ਕਈ ਜਨਮ ਉਹਨਾਂ ਦੀ ਪੂਜਾ ਕਰਨ ਦਾ ਇਰਾਦਾ ਰਖਦਾ ਆਂ।" ਕੁਲਵੰਤ ਦੇ ਚਿਹਰੇ 'ਤੇ ਭੇਤ ਭਰੀ ਮੁਸਕਰਾਹਟ ਸੀ।

"ਹੱਛਾ, ਇਹ ਸਾਲ ਬੀਤੇ ਕਿਵੇਂ? ਕੀ ਕੰਮ ਕਰਦੀ ਹੁੰਦੀ ਏ ਮਨਜੀਤ ਕੌਰ?" ਸੁਰਿੰਦਰ ਕੌਰ ਨੇ ਉਪਜੀਵਕਾ ਦੀ ਸਭ ਤੋਂ ਕਠਨ ਸਮੱਸਿਆ ਬਾਰੇ ਪੁਛਿਆ।

"ਏਥੋਂ ਜਾਂਦਿਆਂ ਕੁਛ ਚਿਰ ਤਾਂ ਉਹ 'ਕੰਨਿਆਂ ਪਾਠਸ਼ਾਲਾ' ਵਿਚ ਪੜ੍ਹਾਉਂਦੇ ਰਹੇ। ਫਿਰ ਗਿਆਨੀ ਤੇ ਅੰਗਰੇਜ਼ੀ ਬੀ. ਏ. ਕਰਕੇ ਉਹਨਾਂ ਆਪਣਾ ਵਖਰਾ ਗਿਆਨੀ ਕਾਲਜ ਖੋਲ੍ਹ ਲਿਆ। ਹਰ ਸਾਲ ਪੈਂਤੀ ਚਾਲੀ ਕੁੜੀਆਂ ਉਹਨਾਂ ਕੋਲ ਪੜ੍ਹਦੀਆਂ ਨੇ।"

"ਤੇ ਤੂੰ ਸੁਣਾ, ਪੜ੍ਹਦਾ ਏਂ ਅਜੇ, ਜਾਂ ਕੋਈ ਨੌਕਰੀ ਕਰਦਾ ਏਂ?"

"ਅਜੇ ਏਸੇ ਸਾਲ ਬੀ. ਏ. ਦਾ ਇਮਤਿਹਾਨ ਦਿਤਾ ਏ। ਅਗ੍ਹਾਂ ਤੁਹਾਡੇ ਕੋਲ

ਆ ਕੇ ਵਾਹੀ ਕਰਾਉਣ ਦਾ ਇਰਾਦਾ ਏ। ਗਿਆਨੀ ਦੇ ਇਮਤਿਹਾਨ ਪਿਛੋਂ ਉਹ ਵੀ ਆ ਜਾਣਗੇ।"

"ਬੀ. ਏ. ਪਾਸ ਕਰ ਲਿਆ ਏ, ਤਾਂ ਹੁਣ ਤਾਂ ਫਿਰ ਸਾਕਾਂ ਵਾਲੇ ਵੀ ਤੇਰੇ ਮਗਰ ਫਿਰਦੇ ਹੋਣਗੇ। ਕੋਈ ਪੇਂਡੂ ਕੁੜੀ ਵਿਆਹੁਣੀ ਊ, ਜਾਂ ਸ਼ਹਿਰਨ ?" ਸੁਰਿੰਦਰ ਕੌਰ ਦੀ ਨਜ਼ਰ ਆਪਣੇ ਮਾਮੇ ਦੀ ਮੰਗਣ ਜੋਗ ਧੀ ਉਤੇ ਸੀ।

"ਵਿਆਹ ਤਾਂ ਮੈਂ ਕਰਾ ਲਿਆ ਏ, ਭਰਜਾਈ ਜੀ !"

"ਐਡੀ ਛੇਤੀ ? ਕਿੱਥੇ ?"

"ਤੁਸੀਂ ਸੁਣ ਕੇ ਐਵੇਂ ਹੱਸੋਗੇ।" ਕੁਲਵੰਤ ਨੇ ਸ਼ਰਮ ਨਾਲ ਅੱਖਾਂ ਨੀਵੀਆਂ ਕਰ ਲਈਆਂ।

"ਤੂੰ ਕੁੜੀ ਏਂ, ਤੈਨੂੰ ਹੱਸਾਂਗੀ ਮੈਂ ?" ਸੁਰਿੰਦਰ ਕੌਰ ਨੇ ਦਿਉਰ ਭਰਜਾਈ ਵਾਲੇ ਸਾਕ ਨੂੰ ਮੁੱਖ ਰੱਖ ਕੇ ਕਿਹਾ। "ਦੱਸਦਾ ਕਿਉਂ ਨਹੀਂ ਸ਼ਰਮਾਕਲਾ ?"

"ਉਹ ਸ਼ਹਿਰ ਦੀ ਇਕ ਕੁੜੀ ਨਾਲ ਮੇਰਾ ਵਿਆਹ ਕਰਨਾ ਚਾਹੁੰਦੇ ਸਨ।" ਕੁਲਵੰਤ ਦੀ ਨਿਗ੍ਹਾ ਸਾਮ੍ਹਣੇ ਉਸ ਵੇਲੇ ਦਰਸ਼ਨ ਦਾ ਉਦਾਸ ਚਿਹਰਾ ਸੀ। "ਪਰ ਮੈਂ ਨਹੀਂ ਸਾਂ ਮੰਨਿਆਂ। ਕਿਵੇਂ ਮੰਨ ਜਾਂਦਾ ਮੈਂ, ਕਿ ਉਹ ਰੰਡੇਪੇ ਦੇ ਨਰਕ ਵਿਚ ਹਉਕੇ ਲੈ ਲੈ ਦਿਹਾੜੇ ਕੱਟਣ, ਤੇ ਮੈਂ ਕੱਲ ਵਿਆਹ ਦੀਆਂ ਮੌਜਾਂ ਮਾਣਾ ? ਅੰਤ ਮੇਰੇ ਜ਼ੋਰ ਦੇਣ ਤੇ ਉਹ ਮੰਨ ਗਏ, ਤੇ ਅਸਾਂ ਦੋਹਾਂ......।" ਗੱਲ ਭਾਵੇਂ ਪੂਰੀ ਨਹੀਂ ਸੀ, ਪਰ ਅਰਥ ਸਾਫ਼ ਸੀ।

"ਬਹੁਤ ਚੰਗਾ ਕੀਤਾ ਕੁਲਵੰਤ, ਤੂੰ। ਮਨਜੀਤ ਨਾਲ ਵਿਆਹ ਕਰਾ ਕੇ ਤੂੰ ਮਰਦਾਂ ਵਾਲਾ ਕੰਮ ਕੀਤਾ ਏ। ਰੱਬ ਤੁਹਾਨੂੰ ਭਾਗ ਲਾਵੇ। ਤੇਰੇ ਆਸਰੇ ਹੀ ਉਸ ਵਿਚਾਰੀ ਨੇ ਉਮਰ ਗਾਲੀ ਏ। ਬੜੇ ਦੁੱਖ ਝੱਲੇ ਨੇ ਗਰੀਬਣੀ ਨੇ।"

"ਅਸਾਂ ਤਾਂ ਹੁਣ ਦੀਨ ਤੇ ਦੁਨੀਆਂ ਦੋਵੇਂ ਉਹਦੇ ਹਵਾਲੇ ਕਰ ਦਿਤੇ ਨੇ।" ਆਪਣੀ ਅਨੋਖੀ ਕਰਨੀ ਦੇ ਮਾਣ ਵਿਚ ਕੁਲਵੰਤ ਨੇ ਛਾਤੀ ਫੁਲਾ ਕੇ ਕਿਹਾ।

ਅਗਲੇ ਦਿਨ ਹੀ ਇਹ ਗੱਲ ਸਾਰੇ ਪਿੰਡ ਵਿਚ ਧੁੰਮ ਗਈ। ਕਿਸੇ ਤਾਂ ਸੁਣ ਕੇ ਕੁਲਵੰਤ ਦੀ ਸਲਾਹੁਤ ਕੀਤੀ, ਤੇ ਕਿਸੇ ਇਸ ਅਣ-ਮੇਲ ਵਿਆਹ ਉਤੇ ਨੱਕ ਚੜ੍ਹਾਇਆ। ਜਿਨ੍ਹਾਂ ਲੋਕਾਂ ਨੂੰ ਚੁਗਲੀਆਂ ਤੇ ਨਿੰਦਿਆ ਕਰਨ ਦਾ ਚਸਕਾ ਸੀ, ਉਹਨਾਂ ਏਸ ਸੰਬੰਧ ਨੂੰ ਕਿਸੇ ਹੋਰ ਰੰਗ ਵਿਚ ਹੀ ਪੇਸ਼ ਕੀਤਾ। ਹਰ ਹਾਲ ਦਿਉਰ-ਭਰਜਾਈ ਦੇ ਪੁਨਰ-ਵਿਆਹ ਨੂੰ ਸਮਾਜ ਨੇ ਪਰਵਾਨ ਜ਼ਰੂਰ ਕਰ ਲਿਆ।

ਕਈਆਂ ਸਾਲਾਂ ਦਾ ਨਖਸਮਾਂ ਪਿਆ ਕੁਲਵੰਤ ਦਾ ਮਕਾਨ ਢਹਿਣ ਵਾਲਾ ਹੋਇਆ ਪਿਆ ਸੀ। ਉਹਨੇ ਚਾਰ ਪੰਜ ਦਿਨ ਦਿਹਾੜੀਏ ਲਾ ਕੇ ਮਕਾਨ ਦੀ

ਮੁਰੰਮਤ ਕਰਾਈ । ਇਕ ਦਿਨ ਹਰਪਾਲ ਸਿੰਘ ਨੂੰ ਨਾਲ ਲੈ ਜਾ ਕੇ ਉਹਨੇ ਆਪਣੀ ਪੈਲੀ ਫਿਰ ਕੇ ਵੇਖੀ । ਠੇਕੇ ਦੀ ਮਿਆਦ ਅਜੇ ਇਕ ਸਾਲ ਰਹਿੰਦੀ ਸੀ । ਕੁਲਵੰਤ ਨੇ ਨੰਬਰਦਾਰ ਦੇ ਲੜਕਿਆਂ ਨੂੰ ਪੁਛਿਆ, ਜੇ ਉਹ ਇਕ ਸਾਲ ਦਾ ਠੇਕਾ ਵਾਪਸ ਲੈ ਕੇ ਉਹਦੀ ਜ਼ਮੀਨ ਛੱਡ ਦੇਣ ਤਾਂ । ਪਰ ਉਹਨਾਂ ਨੇ ਇਕਰਾਰ ਤੋਂ ਪਹਿਲਾਂ ਜ਼ਮੀਨ ਛੱਡਣ ਤੋਂ ਇਨਕਾਰ ਕਰ ਦਿਤਾ ।

ਕੁਲਵੰਤ ਆਪਣੀ ਡਿਉਢੀ ਵਿਚ ਉਦਾਸ ਜੇਹਾ ਪਿਆ ਸੀ । ਪਿਛਲੇ ਪਹਿਰ ਡਾਕੀਏ ਨੇ ਉਹਨੂੰ ਗੁਰਸ਼ਰਨ ਸਿੰਘ ਦੀ ਚਿੱਠੀ ਦਿਤੀ । ਚਿੱਠੀ ਪੜ੍ਹ ਕੇ ਉਹਦਾ ਦਿਲ ਵਧੇਰੇ ਉਦਾਸ ਹੋ ਗਿਆ । ਦੋਸਤ ਦੇ ਗਿਲ੍ਹੇ-ਨਿਹੋਰੇ ਤਿੱਖੀਆਂ ਸੂਲਾਂ ਵਾਂਗ ਉਹਦੇ ਕਲੇਜੇ ਵਿਚ ਚੁਭਣ ਲੱਗੇ । ਚਿੱਠੀ ਦਾ ਇਹ ਹਿੱਸਾ ਉਹਨੇ ਕਈ ਵਾਰ ਪੜ੍ਹਿਆ :—

"ਕੁਲਵੰਤ ! ਤੇਰੇ ਏਸਤਰ੍ਹਾਂ ਚੁੱਪ-ਚੁਪੀਤੇ ਪਿੰਡ ਨੂੰ ਤੁਰ ਜਾਣ ਨੇ ਸਾਨੂੰ ਬੜਾ ਹੈਰਾਨ ਕਰ ਦਿਤਾ ਏ । ਮੈਂ ਭੈਣ ਮਨਜੀਤ ਜੀ ਨੂੰ ਦੋ-ਤਿੰਨ ਵਾਰ ਜਾ ਕੇ ਪੁਛਿਆ ਏ, ਪਰ ਉਹ ਵੀ ਤੇਰੇ ਅਚਨਚੇਤ ਚਲੇ ਜਾਣ ਦਾ ਕੋਈ ਤਸੱਲੀ ਬਖ਼ਸ਼ ਕਾਰਨ ਨਹੀਂ ਦੱਸ ਸੱਕੇ । ਉਹ ਆਪ ਬੜੇ ਪਰੇਸ਼ਾਨ ਨੇ । ਸਭ ਤੋਂ ਵੱਧ ਬੇ ਜੀ ਉਦਾਸ ਨੇ । ਤੂੰ ਜਾਣਦਾ ਏਂ, ਉਹ ਕੁਛ ਨਿਰਾਸ਼ਾਵਾਦੀ ਸੁਭੌਾ ਦੇ ਨੇ । ਤੇ ਬੁਢਾਪੇ ਵਿਚ ਨਿਰਾਸਤਾ ਦੀ ਮਾਤਰਾ ਸੁਤੇ ਈ ਵਧ ਜਾਇਆ ਕਰਦੀ ਏ । ਉਹ ਹਰ ਵੇਲੇ ਦਿਲ-ਢਾਹੂ ਸੋਚਾਂ ਵਿਚ ਡੁੱਬੇ ਰਹਿੰਦੇ ਨੇ । ਕਿਸੇ ਕਿਸੇ ਵੇਲੇ ਉਹ ਆਪਣੇ ਅਜੇਹੇ ਖ਼ਿਆਲ ਦਰਸ਼ਨ ਕੋਲ ਵੀ ਪਰਗਟ ਕਰ ਦੇਂਦੇ ਨੇ । ਜ਼ਰਾ ਸੋਚ, ਕਿ ਦਰਸ਼ਨ ਦੇ ਦਿਲ 'ਤੇ ਉਸ ਵੇਲੇ ਕੀ ਬੀਤਦੀ ਹੋਵੇਗੀ ? ਅਫ਼ਸੋਸ ! ਮੈਂ ਦਰਸ਼ਨ ਬਾਰੇ ਵਧੇਰੇ ਲਿਖਣ ਤੋਂ ਅਸਮਰਥ ਹਾਂ । ਭਾਵੇਂ ਪੱਛਮੀ ਵਿੱਦਿਆ ਦੇ ਅਸਰ ਨਾਲ ਅਸੀਂ ਕੁਛ ਖੁਲ੍ਹਾਸੇ ਹੋ ਗਏ ਹਾਂ, ਪਰ ਸਾਡਾ ਮੂਲ ਤਾਂ ਭਾਰਤੀ ਸੱਭਯਤਾ ਹੈ ਨਾਂ ! ਜੇ ਤੂੰ ਜਾਣ ਤੋਂ ਪਹਿਲਾਂ ਦੋ ਘੜੀਆਂ ਘਰੋਂ ਹੋ ਜਾਂਦੋਂ, ਤਾਂ ਤੇਰਾ ਕੁਛ ਹਰਜ ਹੋ ਚੱਲਿਆ ਸੀ ? ਕੋਈਵਾਰ ਅਸੀਂ ਥੋੜੀ ਜੇਹੀ ਲਾਪ੍ਰਰਵਾਹੀ ਕਰ ਕੇ ਕਿਸੇ ਦੇ ਦਿਲ ਨੂੰ ਭਾਰੀ ਕਸ਼ਟ ਪੁਚਾਉਣ ਦੇ ਭਾਗੀ ਬਣ ਜਾਂਦੇ ਆਂ ।...ਤੈਨੂੰ ਇਹ ਵੀ ਪਤਾ ਏ, ਕਿ ਅਸੀਂ ਸਾਰਾ ਪਰਵਾਰ ਦਰਸ਼ਨ ਦੇ ਰਿਸ਼ਤੇ ਦਾ ਤੇਰੇ ਹੱਕ ਵਿਚ ਫ਼ੈਸਲਾ ਕਰ ਚੁਕੇ ਆਂ । ਇਕ ਭਰਾ ਇਸ ਤੋਂ ਵੱਧ ਹੋਰ ਕੀ ਲਿਖੇ ? ਤੂੰ ਚਿੱਠੀ ਵੇਖਦੇ ਸਾਰ ਇਕਵਾਰ ਆਉਣਾ ਹੋਵੇਗਾ । ਕੁਝ ਦਿਨ ਨਾ ਵੀ ਆ ਸਕਦਾ ਹੋਵੇਂ, ਤਾਂ ਨਾ ਆਉਣ ਦਾ ਸਾਫ਼ ਕਾਰਨ ਲਿਖਣਾ, ਜਿਸ ਨਾਲ ਸਾਡੇ ਦਿਲਾਂ ਦੀ ਕੁਛ ਤਸੱਲੀ ਹੋ ਸਕੇ ।......"

ਏਸ ਚਿੱਠੀ ਨੇ ਕੁਲਵੰਤ ਨੂੰ ਚਿੰਤਾ ਦੇ ਡੂੰਘੇ ਸਮੁੰਦਰ ਵਿਚ ਡੋਬ ਦਿਤਾ ।

ਉਹ ਬਥੇਰੇ ਹੱਥ-ਪੈਰ ਮਾਰਦਾ, ਪਰ ਕਿਸੇ ਪਾਸੇ ਵੀ ਉਹਨੂੰ ਕੋਈ ਕਨਾਰਾ ਜਾਂ ਸਹਾਰਾ ਨਾ ਲਭਦਾ। ਸਾਰੀ ਰਾਤ ਉਹਦੀ ਅੱਖ ਨਾ ਲੱਗੀ। ਉਹ ਬੜਾ ਕੁਛ ਸੋਚਦਾ, ਪਰ ਬੇ-ਅਰਥ, ਬੇ-ਮਤਲਿਬ। ਉਹਦੀਆਂ ਮਿਟੀਆਂ ਹੋਈਆਂ ਅੱਖਾਂ ਅੱਗੇ ਬਰਾਬਰ ਦੋ ਇਸਤਰੀਆਂ ਖਲੀਆਂ ਸਨ : ਮਨਜੀਤ ਤੇ ਦਰਸ਼ਨ, ਅਤੇ ਦੋਵੇਂ ਉਦਾਸ। ਦੋਵੇਂ ਜਿਵੇਂ ਇਕੋ ਸੁਰ ਵਿਚ ਕਹਿ ਰਹੀਆਂ ਹੋਣ, 'ਤੂੰ ਏਹੋ ਜੇਹੀ ਕਰਨੀ ਸੀ ਸਾਡੇ ਨਾਲ ?' ਰਹਿ ਰਹਿ ਕੇ ਉਹਦੇ ਅੰਦਰ ਸੋਚ ਉਠਦੀ, 'ਪਰ ਇਹ ਕੀ ਹੋ ਗਿਆ ? ਤੇ ਕਿਉਂ ਹੋ ਗਿਆ ? ਮੈਂ ਏਡੇ ਵੱਡੇ ਮਸਲੇ ਦਾ ਫ਼ੈਸਲਾ ਕਰਨ ਲੱਗਿਆਂ ਕੁਛ ਵੀ ਨਾ ਸੋਚਿਆ। ਸੋਚਣ ਦਾ ਸਮਾਂ ਈ ਕਦੋਂ ਮਿਲਿਆ ਸੀ। ਹੋ ਤਾਂ ਗਿਆ ਸਭ ਕੁਛ ਜਾਦੂ ਦੇ ਖੇਲ ਵਾਂਗ। ਤਾਂ ਕੀ ਮਨਜੀਤ ਨੇ ਧੱਕਾ ਕੀਤਾ ਏ ? ਲਾਲਚ ਕੀਤਾ ਏ ? ਨਹੀਂ, ਨਹੀਂ। ਉਹਦੀ ਕੋਈ ਗ਼ਲਤੀ ਨਹੀਂ। ਸਾਲਾਂ ਦੀ ਭੁੱਖੀ ਜਵਾਨੀ ਦਾ ਅਜੇਹੀ ਖ਼ਾਹਸ਼ ਪਰਗਟ ਕਰਨਾ ਸੁਭਾਵਕ ਸੀ। ਕੁਦਰਤੀ ਚਾਹ ਨੂੰ ਕੌਣ ਰੋਕ ਸਕਦਾ ਏ ? ਉਹ ਮੈਨੂੰ ਪਿਆਰ ਕਰਦੀ ਸੀ। ਉਮਰ ਤੇ ਸਮੇਂ ਦੇ ਵਾਤਾਵਰਣ ਨੇ ਪਿਆਰ ਦਾ ਨਜ਼ਰੀਆ ਬਦਲ ਦਿਤਾ। ਮੈਂ ਉਹਦਾ ਦਿਉਰ ਸਾਂ। ਮੇਰੇ ਜੁਆਨ ਚਿਹਰੇ ਦੀ ਝਲਕ ਵਿਚੋਂ ਉਹਨੂੰ ਆਪਣਾ ਸੂਰਤ ਦਿਸ ਆਇਆ। ਸਮਾਜਕ ਰਸਮੋ-ਰਿਵਾਜ ਨੇ ਉਹਦੀਆਂ ਖ਼ਾਹਸ਼ਾਂ ਨੂੰ ਸਹਿ ਦਿਤੀ। ਉਹਨੇ ਆਪਣਾ ਦਿਲ ਮੇਰੇ ਅੱਗੇ ਪਰਗਟ ਕਰ ਦਿਤਾ। ਮੈਂ ਜੋਸ਼ ਵਿਚ ਆ ਕੇ ਝਟਪਟ ਦੋ-ਟੁਕ ਫ਼ੈਸਲਾ ਕਰ ਦਿਤਾ। ਇਸ ਵਿਚ ਉਹਦਾ ਕੀ ਕਸੂਰ ? ਉਸ ਵੇਲੇ ਉਹਨੇ ਕਿੰਨੇ ਤਰਲੇ ਲਏ, ਕਿੰਨੇ ਵਾਸਤੇ ਪਾਏ ਸੀ, ਜਦ ਮੈਂ ਵਿਆਹ-ਬੰਧਨ ਵਿਚ ਬਝਣ ਵਾਸਤੇ ਉਹਦਾ ਹੱਥ ਫੜਿਆ ਸੀ। ਮੈਂ ਧਮਕੀਆਂ ਦੇ ਕੇ ਉਹਨੂੰ ਮਨਾਇਆ ਸੀ। ਇਸ ਵਿਚ ਕੋਈ ਕਸੂਰ ਹੈ, ਤਾਂ ਮੇਰਾ। ਪਰ ਕੀ ਮੈਂ ਇਹ ਗ਼ਲਤੀ ਕਰ ਬੈਠਾ ਹਾਂ ? ਤੇ ਹੁਣ ਉਸ ਕੀਤੀ 'ਤੇ ਪਛਤਾ ਰਿਹਾ ਹਾਂ ? ਬਿਲਕੁਲ ਨਹੀਂ। ਮੈਨੂੰ ਏਹਾ ਕੁਛ ਕਰਨਾ ਚਾਹੀਦਾ ਸੀ। ਲੋਕਾਂ ਦੇ ਥਾਪੇ ਹੋਏ ਰੱਬ ਵੱਲੋਂ ਨਾਸਤਕ ਹੋ ਕੇ ਤਾਂ ਸ਼ਾਇਦ ਮੈਂ ਇਨਸਾਨ ਰਹਿ ਸਕਦਾ, ਪਰ ਮਨਜੀਤ ਦਾ ਦਿਲ ਤੋੜ ਕੇ ਮੈਂ ਇਨਸਾਨੀਅਤ ਤੋਂ ਡਿੱਗ ਪੈਣਾ ਸੀ। ਮੈਂ ਠੀਕ ਕੀਤਾ ਏ। ਮੈਨੂੰ ਆਪਣੀ ਕੀਤੀ ਉਤੇ ਮਾਣ ਹੈ। ਫਿਰ ਗ਼ਲਤੀ ਕੀ ਹੋਈ ? ਗ਼ਲਤੀ ਇਹ, ਕਿ ਮੈਂ ਆਪਣਾ ਭੇਤ ਮਨਜੀਤ ਤੋਂ ਲੁਕਾਈ ਰਖਿਆ। ਦਰਸ਼ਨ ਦੀ ਮੁਹੱਬਤ ਦਾ ਮੈਂ ਉਹਦੇ ਕੋਲ ਜ਼ਿਕਰ ਤਕ ਨਹੀਂ ਕੀਤਾ। ਨਹੀਂ ਤਾਂ ਸ਼ਾਇਦ ਏਸਤਰਾਂ ਨਾ ਹੁੰਦਾ। ਇਹ ਹੈ ਸਾਰਾ ਕਸੂਰ। ਪਰ ਮੇਰੇ ਕਸੂਰ ਦੀ ਸਜ਼ਾ ਦਰਸ਼ਨ ਨੂੰ ਕਿਉਂ ਮਿਲ ਰਹੀ ਏ ? ਅਸੀਂ ਸਹਿਜ ਸਹਿਜ ਨੇੜੇ ਹੋਏ ਸਾਂ। ਦਰਸ਼ਨ ਦੇ ਮਾਪੇ ਇਸ ਨੇੜ 'ਤੇ ਖ਼ੁਸ਼ ਸਨ। ਹਾਣ ਨੇ ਹਾਣ ਨੂੰ ਪਰੇਰਿਆ। ਦਿਲਾਂ ਨੇ ਦਿਲ

ਵੀ ਵਾਜ ਸੁਣੀ । ਅਸਾਂ ਇਕ ਹੋਣ ਦੇ ਪ੍ਰਣ ਕਰ ਲਏ । ਅਸਾਂ ਕਦੇ ਸੁਪਨੇ ਅੰਦਰ ਵੀ ਨਹੀਂ ਸੀ ਚਿਤਵਿਆ, ਕਿ ਸਾਡੇ ਮਿਲਾਪ ਵਿਚ ਕੋਈ ਵਿਘਨ ਪਵੇਗਾ । ਪਰ ਵਿਘਨ ਪੈ ਗਿਆ । ਕੱਚੀ ਕੁਆਰੀ-ਪ੍ਰੀਤ ਟੁੱਟ ਗਈ । ਮੈਨੂੰ ਪਤਾ ਹੁੰਦਾ, ਤਾਂ ਮੈਂ ਕਦੇ ਦਰਸ਼ਨ ਦੇ ਨੇੜੇ ਨਾ ਹੁੰਦਾ । ਉਸ ਵਿਚਾਰੀ ਦਾ ਦਿਲ ਤੋੜਨ ਦਾ ਦੋਸ਼ੀ ਨਾ ਬਣਦਾ । ਪਰ ਇਹ ਸਭ ਹੋ ਤਾਂ ਗਿਆ ਅਚਨਚੇਤ । ਕੋਈ ਗਿਣ ਮਿਥ ਕੇ ਹੋਇਆ ਏ ? ਹਰ ਹਾਲ, ਮੈਂ ਦਰਸ਼ਨ ਦਾ ਮੁਜਰਮ ਹਾਂ । ਮੈਂ ਇਸ ਗੱਲੇ ਵੀ ਗੁਨਾਹੀਂ ਹਾਂ, ਕਿ ਉਸਨੂੰ ਮਿਲੇ ਬਿਨਾਂ ਹੀ ਚੋਰਾਂ ਵਾਂਗ ਨੱਸ ਆਇਆ ਹਾਂ । ਮੈਂ ਉਹਦੇ ਅੱਗੇ ਸਾਰੀ ਗੱਲ ਦੱਸ ਕੇ ਆਪਣਾ ਆਪ ਸਾਫ਼ ਕਰ ਦੇਂਦਾ, ਤਾਂ ਉਹ ਮੈਨੂੰ ਮਾਫ਼ ਕਰ ਦੇਂਦੀ । ਮਨਜੀਤ ਦੇ ਮੇਰੇ ਸਿਰ ਕਿੰਨੇ-ਕੁ ਅਹਿਸਾਨ ਸਨ, ਉਹ ਜਾਣਦੀ ਸੀ । ਮੇਰੇ ਸੱਚੇ ਦਿਲੋਂ ਸਮਝਾਉਣ ਉਤੇ ਉਹ ਜ਼ਰੂਰ ਮੈਨੂੰ ਮਾਫ਼ ਕਰ ਦੇਂਦੀ ਤੇ ਆਪਣੀ ਕਿਸਮਤ ਉਤੇ ਸਬਰ ਵੀ ਕਰ ਲੈਂਦੀ । ਪਰ ਮੈਂ ਤਾਂ ਦੋਹਾਂ ਨੂੰ ਹਨੇਰੇ ਵਿਚ ਰਖਿਆ, ਦੋਹਾਂ ਨਾਲ ਧੋਖਾ ਕੀਤਾ । ਮੈਂ ਦੋਹਾਂ ਦਾ ਚੋਰ ਹਾਂ । ਹੁਣ ਮੈਨੂੰ ਕੀ ਕਰਨਾ ਚਾਹੀਦਾ ਏ ? ਮੈਂ ਭਲਕੇ ਹੀ ਜਾ ਕੇ ਸਭ ਕੁਛ ਦੱਸ ਦੇਵਾਂਗਾ । ਏਸਤਰਾਂ ਮਨਜੀਤ ਦੇ ਦਿਲ 'ਤੇ ਕੀ ਅਸਰ ਪਵੇਗਾ ? ਜਦ ਉਹਨੂੰ ਪਤਾ ਲਗੇਗਾ, ਕਿ ਮੇਰੇ ਦਿਲ ਵਿਚ ਕਿਸੇ ਹੋਰ ਇਸਤਰੀ ਦਾ ਪਿਆਰ ਹੈ, ਤਾਂ ਸਾਡਾ ਜੀਵਨ ਕਿਨਾ ਫਿੱਕਾ ਪੈ ਜਾਵੇਗਾ ? ਮੈਂ ਇਹ ਕੁਛ ਨਹੀਂ ਕਰਾਂਗਾ । ਦਰਸ਼ਨ ਦੀ ਦੁਨੀਆਂ ਤਾਂ ਬਰਬਾਦ ਹੋ ਹੀ ਚੁੱਕੀ ਹੈ, ਹੁਣ ਮੈਂ ਆਪਣੀ... । ਨਹੀਂ ਨਹੀਂ, ਮੈਨੂੰ ਆਪਣੀ ਚਿੰਤਾ ਨਹੀਂ, ਪਰ ਮਨਜੀਤ ਦੀ ਜ਼ਿੰਦਗੀ ਵਿਚ ਜ਼ਹਿਰ ਘੋਲਣ ਦਾ ਮੈਨੂੰ ਕੀ ਹੱਕ ਏ ? ਮੈਂ...ਮੈਂ...।'

ਇਸ ਤੋਂ ਅੱਗੇ ਉਹ ਫੇਰ ਉਸੇ ਘੁੰਮਣਘੇਰ ਵਿਚ ਪੈ ਗਿਆ । ਲਗਾਤਾਰ ਕਈ ਦਿਨ ਤੇ ਕਈ ਰਾਤਾਂ ਸੋਚ ਕੇ ਵੀ ਉਹ ਫ਼ੈਸਲਾ ਨਾ ਕਰ ਸਕਿਆ, ਕਿ ਉਹਨੂੰ ਦਰਸ਼ਨ ਦੇ ਮੱਥੇ ਲੱਗਣਾ ਚਾਹੀਦਾ ਹੈ, ਜਾਂ ਨਹੀਂ ।

ਹਰ ਦੂਜੇ ਤੀਜੇ ਦਿਨ ਮਨਜੀਤ ਦੀ ਚਿੱਠੀ ਆਉਂਦੀ । ਕੁਲਵੰਤ ਬੜੀ ਬਾਕਾਇਦਗੀ ਨਾਲ ਉਹਦਾ ਉੱਤਰ ਲਿਖਦਾ । ਉਹਦੀਆਂ ਚਿੱਠੀਆਂ ਵਿਚ ਦੋ-ਚਾਰ ਸਤਰਾਂ ਤਾਂ ਪਿੰਡ ਦੇ ਹਾਲਾਤ ਬਾਰੇ ਹੁੰਦੀਆਂ ਤੇ ਬਾਕੀ ਸਭ ਪ੍ਰੇਮ-ਪ੍ਰੀਤ ਦੀ ਵਾਰਤਾ ।

ਤੇ ਗੁਰਸ਼ਰਨ ਦੀ ਚਿੱਠੀ ? ਉਹਦਾ ਕੁਲਵੰਤ ਨੇ ਕੋਈ ਉੱਤਰ ਨਾ ਦਿਤਾ । ਗੁਰਸ਼ਰਨ ਦੀਆਂ ਦੋ ਚਿੱਠੀਆਂ ਹੋਰ ਵੀ ਆਈਆਂ; ਪਰ ਕੁਲਵੰਤ ਸਭ ਦੇ ਜਵਾਬ ਵਿਚ ਚੁੱਪ ਹੀ ਰਿਹਾ । ਉਹ ਮਨ ਵਿਚ ਸੋਚਦਾ, 'ਏਸਤਰਾਂ ਆਪੇ ਗੁਰਸ਼ਰਨ ਸਮਝ ਲਵੇਗਾ, ਕਿ ਮੈਨੂੰ ਉਹਦੀ ਕੋਈ ਚਿੱਠੀ ਨਹੀਂ ਮਿਲੀ ।'

੫.

ਜਿਸ ਦਿਨ ਦੀ ਦਰਸ਼ਨ ਮਨਜੀਤ ਨੂੰ ਮਿਲ ਕੇ ਗਈ ਸੀ, ਮਨਜੀਤ ਦੇ ਅੰਦਰ ਨਵੀਆਂ ਸੋਚਾਂ ਪੈਦਾ ਹੋ ਗਈਆਂ ਸਨ। ਕਈ ਦਿਨ ਤੇ ਰਾਤਾਂ ਉਹਦੀਆਂ ਏਸੇ ਚਿੰਤਾ ਵਿਚ ਬੀਤ ਗਈਆਂ। ਇਸ ਵੇਲੇ ਕੁਲਵੰਤ ਦੇ ਵਿਛੋੜੇ ਨਾਲੋਂ ਉਹਦੇ ਅੰਦਰ ਦਰਸ਼ਨ ਦਾ ਦੁੱਖ ਵਧੇਰੇ ਪੀੜ ਪੈਦਾ ਕਰ ਰਿਹਾ ਸੀ। ਕਿਸੇ ਵੇਲੇ ਵੀ ਤਾਂ ਦਰਸ਼ਨ ਦਾ ਉਦਾਸ ਚਿਹਰਾ ਉਹਦੀਆਂ ਅੱਖਾਂ ਤੋਂ ਉਹਲੇ ਨਹੀਂ ਸੀ ਹੁੰਦਾ। ਆਪਣੇ ਮਨ ਨਾਲ ਵਿਰੂੜੇ ਕਰਦੀ ਕਰਦੀ ਉਹ ਅੰਦਰੋ ਅੰਦਰ ਕਹਿਣ ਲੱਗ ਪੈਂਦੀ, 'ਦਰਸ਼ਨ ! ਤੂੰ ਆਈ ਸੈਂ, ਤਾਂ ਦੋ ਮਹੀਨੇ ਪਹਿਲਾਂ ਆਉਂਦੀਓਂ, ਤੇ ਨਹੀਂ ਤਾਂ ਕਦੇ ਵੀ ਮੇਰੀ ਦੁਨੀਆਂ ਵਿਚ ਨਾ ਆਉਂਦੀਓਂ। ਮੈਨੂੰ ਤੇਰੇ ਦੁੱਖ ਦਾ ਪਤਾ ਲੱਗ ਗਿਆ ਏ, ਪਰ ਅਫਸੋਸ, ਤੈਨੂੰ ਮੇਰੀ ਹਾਲਤ ਦਾ ਪਤਾ ਨਹੀਂ। ਵੈਰੀ ਕੁਲਵੰਤ ਈ ਕਿਤੇ ਤੇਰਾ ਜ਼ਿਕਰ ਮੇਰੇ ਅੱਗੇ ਕਰ ਦੇਂਦਾ। ਫਿਰ ਇਹ ਕੁਛ ਕਿਉਂ ਹੁੰਦਾ ? ਮੈਂ ਆਪਣੇ ਹੱਥੀਂ ਤੁਹਾਡੇ ਸਾਰੇ ਸ਼ਗਨ ਮਨਾਉਂਦੀ। ਕਿਆ ਸੋਹਣੀ ਫਬਦੀ ਤੁਹਾਡੀ ਜੋੜੀ। ਤੁਹਾਨੂੰ ਹਸਦਿਆਂ ਖੇਹਡਦਿਆਂ ਵੇਖ ਕੇ ਮੈਂ ਜੀ ਨੂੰ ਧਾਰਸ ਦੇ ਲਿਆ ਕਰਦੀ। ਮੇਰੀਆਂ ਭੁੱਖੀਆਂ ਰੀਝਾਂ ? ਇਹ ਆਪੇ ਦੋ ਚਾਰ ਦਿਨ ਰੋ ਧੋ ਕੇ ਚੁੱਪ ਕਰ ਜਾਂਦੀਆਂ। ਮੈਨੂੰ ਹਉਕੇ ਲੈਣ ਦਾ ਅਭਿਆਸ ਹੋ ਚੁੱਕਾ ਏ। ਅੱਗੇ ਕਿੰਨੇ ਵਰ੍ਹੇ ਮੈਂ ਆਹੀਂ ਭਰ ਭਰ ਕੇ ਕੱਟ ਲਏ ਨੇ। ਬਾਕੀ ਦਿਹਾੜੇ ਵੀ ਓਸੇ ਤਰ੍ਹਾਂ ਬੀਤ ਜਾਂਦੇ। ਪਰ ਮੇਰੇ ਕਾਰਨ ਤੈਨੂੰ ਤਾਂ ਨਾ ਵਿਲਕਣਾ ਪੈਂਦਾ ? ਦਰਸ਼ਨ ! ਰੋ ਵੀ ਓਹਾ ਸਕਦੇ ਨੇ, ਜਿਨ੍ਹਾਂ ਦੇ ਵੱਡੇ ਜੇਰੇ ਹੋਣ। ਸੋਹਲ ਕੁੜੀਏ ! ਤੂੰ ਇਹ ਦੁੱਖ ਕਿੱਥੇ ਸਹਿ ਸਕਣਾ ਏਂ ?'

ਦਰਸ਼ਨ ਦੇ ਦੁੱਖ ਵਿਚ, ਦਰਦ ਭਰਿਆ ਦਿਲ ਰੱਖਣ ਵਾਲੀ ਮਨਜੀਤ ਤੜਫਣ ਲੱਗ ਪੈਂਦੀ। ਸਾਰੀ ਰਾਤ ਉਹ ਮੱਛੀ ਵਾਂਗ ਲੁੱਛ ਲੁੱਛ ਕੇ ਕੱਟਦੀ। ਰਾਤੀਂ ਉਹ ਸੋਚਦੀ, 'ਮੈਂ ਦਿਨੇ ਦਰਸ਼ਨ ਕੋਲ ਜਾਵਾਂਗੀ। ਉਹਨੂੰ ਛਾਤੀ ਨਾਲ ਘੁੱਟ ਕੇ ਮੈਂ ਰੱਜ ਕੇ ਰੋਵਾਂਗੀ। ਮੈਂ ਉਹਦੇ ਅੱਗੇ ਸਭ ਕੁਛ ਪਰਗਟ ਕਰ ਦਿਆਂਗੀ। ਮੈਂ ਉਹਨੂੰ ਮਨਾ ਲਵਾਂਗੀ। ਮੈਂ ਅਮਲੀ ਤੌਰ 'ਤੇ ਕੁਲਵੰਤ ਨਾਲੋਂ ਸੰਬੰਧ ਤੋੜ ਲਵਾਂਗੀ। ਮੈਂ ਆਪਣੇ ਹੱਥੀਂ ਉਹਨਾਂ ਦੋਹਾਂ ਦਾ ਵਿਆਹ ਕਰ ਦਿਆਂਗੀ। ਪਰ ਕੀ ਏਸਤਰਾਂ ਦਰਸ਼ਨ ਦਾ ਜੀਵਨ ਸੁਖੀ ਹੋ ਸਕੇਗਾ ? ਰਹਿਣਾ ਤਾਂ ਮੈਂ ਵੀ ਉਹਨਾਂ ਦੇ ਨਾਲ ਈ ਹੋਵੇਗਾ। ਤਾਂ ਕੀ ਦਰਸ਼ਨ ਮੇਰੀ ਹੋਂਦ ਘਰ ਵਿਚ ਬਰਦਾਸ਼ਤ ਕਰ ਲਵੇਗੀ ? ਉਹ ਬੜੀ ਸਾਊ ਕੁੜੀ ਜਾਪਦੀ ਏ। ਆਪਣੇ ਵੱਲੋਂ ਉਹ ਮੇਰਾ ਬੜਾ ਆਦਰ

ਕਰੇਗੀ। ਪਰ ਉਹਦਾ ਇਸਤਰੀ-ਹਿਰਦਾ ਕਿਵੇਂ ਸਹਿ ਸਕੇਗਾ ? ਉਹਦੇ ਦਿਲ ਵਿਚੋਂ ਇਹ ਜੰਨ ਕਿਵੇਂ ਨਿਕਲੇਗਾ, ਕਿ ਮੈਂ ਤੇ ਕੁਲਵੰਤ ਕੁਛ ਦਿਹਾੜੇ ਪਤੀ-ਪਤਨੀ ਰਹਿ ਚੁੱਕੇ ਆਂ ? ਨਾਲੇ ਸਾਡੀਆਂ ਖ਼ਾਹਸ਼ਾਂ ਦਾ ਈ ਹੁਣ ਕੀ ਭਰੋਸਾ ਏ ? ਜਿੰਨਾ ਚਿਰ ਕੁਲਵੰਤ ਮੇਰਾ ਕੁਛ ਹੋਰ ਸੀ, ਓਨਾ ਚਿਰ ਨਿਰਬਾਹ ਹੋਈ ਜਾਣਾ ਸੌਖਾ ਸੀ। ਪਰ ਹੁਣ ਤਾਂ ਦੇਹੀ ਤੇ ਦਿਲ ਦੋਹਾਂ ਨੇ ਉਹਨੂੰ ਪਤੀ ਮੰਨ ਲਿਆ ਏ। ਹੁਣ ਮੈਂ ਕੁਦਰਤੀ ਭੁੱਖਾਂ ਨੂੰ ਕਿਵੇਂ ਚੁੱਪ ਕਰਾ ਸਕਾਂਗੀ ? ਫਿਰ ਕੀ ਕੀਤਾ ਜਾਵੇ ? ਜਾਂ ਅਸੀਂ ਦੋਵੇਂ ਈ...। ਕੀ ਇਕ ਇਕ ਮਰਦ ਦੇ ਘਰ ਦੋ ਦੋ ਇਸਤਰੀਆਂ ਨਹੀਂ ਹੁੰਦੀਆਂ ? ਓਹ ! ਏਸਤਰ੍ਹਾਂ ਤਾਂ ਸੌਂਕਣ-ਸਾੜੇ ਦੀ ਅੱਗ ਵਿਚ ਅਸੀਂ ਦੋਵੇਂ ਦਝਨ ਹੋ ਜਾਵਾਂ-ਗੀਆਂ। ਫਿਰ ਕੀ ਕੀਤਾ ਜਾਵੇ ? ਮੈਂ ਉਹਨਾਂ ਦੋਹਾਂ ਦਾ ਵਿਆਹ ਕਰਕੇ ਚੁੱਪ-ਚਾਪ ਕਿਤੇ ਦੂਰ ਚਲੀ ਜਾਵਾਂ ? ਹਾਇ ! ਇਹ ਕਿਵੇਂ ਹੋ ਸਕਦਾ ਏ ? ਮੈਂ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦੀ ਆਂ, ਪਰ ਕੁਲਵੰਤ ਤੋਂ ਦੂਰ ਰਹਿ ਕੇ ਜਿਉਂ ਨਹੀਂ ਸਕਦੀ।' ਇਸ ਤੋਂ ਅੱਗੇ ਉਹਨੂੰ ਕੁਛ ਨਾ ਅਹੁੜਦੀ ਸੁਝਦੀ। ਬੱਸ, ਏਨੀ ਹੀ ਸੁੱਖ ਸੀ, ਕਿ ਸੋਚਾਂ ਆਦਮੀ ਨੂੰ ਸਿਰਫ਼ ਖੋਰਦੀਆਂ, ਹਨ, ਰੋੜ੍ਹਦੀਆਂ ਨਹੀਂ।

ਢਹਿੰਦੇ ਜੀ ਨੂੰ ਠੁੰਮ੍ਹਣਾ ਮਿਲ ਗਿਆ, ਕੁਲਵੰਤ ਦੀ ਚਿੱਠੀ ਆ ਗਈ। "...ਹਰਪਾਲ ਸਿੰਘ ਕਾ ਸਾਰਾ ਪਰਵਾਰ ਮੇਰੀ ਬੜੀ ਸੇਵਾ ਕਰਦਾ ਏ।.. ਮੈਂ ਆਪਣੇ ਵਿਆਹ ਬਾਬਤ ਉਹਨਾਂ ਨੂੰ ਦੱਸ ਦਿਤਾ ਏ। ਸਾਰੇ ਪਿੰਡ ਵਿਚ ਏਸ ਗੱਲ ਦਾ ਪਤਾ ਲੱਗ ਗਿਆ ਏ। ਲੋਕ ਮੇਰਾ ਬੜਾ ਆਦਰ ਕਰਦੇ ਨੇ।...ਠੇਕੇ ਵਾਲੇ ਅਜੇ ਪੈਲੀ ਛੱਡਣੀ ਨਹੀਂ ਮੰਨਦੇ।...ਮੈਂ ਆਪਣਾ ਮਕਾਨ ਮੁਰੰਮਤ ਕਰ ਲਿਆ ਏ।...।" ਕੁਛ ਨਿਕੀਆਂ ਨਿਕੀਆਂ ਹੋਰ ਦੋ ਚਾਰ ਗੱਲਾਂ ਤੇ ਇਸ ਤੋਂ ਅੱਗੇ ਪ੍ਰੇਮ, ਇਸ਼ਕ, ਵਿਛੋੜਾ, ਬਿਰਹਾ, ਜਲਨ, ਤੜਪ, ...। ਸਭ ਕੁਛ ਹੀ ਤਾਂ ਲਿਖ ਧਰਿਆ ਸੀ ਕੁਲਵੰਤ ਨੇ, ਜੋ ਕੁਛ ਵੀ ਕਿਸੇ ਪ੍ਰੀਤ-ਨਾਵਲ ਵਿਚ ਪੜ੍ਹਿਆ ਸੀ।

ਦੂੱਜੇ-ਤਿੱਜੇ ਦਿਨ ਕੁਲਵੰਤ ਦੀ ਹੋਰ ਚਿੱਠੀ ਆ ਜਾਂਦੀ। ਹਰ ਚਿੱਠੀ ਪਹਿਲੀ ਨਾਲੋਂ ਕੁਛ ਲੰਮੇਰੀ ਹੁੰਦੀ, ਪਰ ਮਜ਼ਮੂਨ ਸਭ ਦਾ ਇਕੋ ਹੀ, ਸਿਰਫ਼ ਸ਼ਬਦਾਂ ਦਾ ਹੇਰ ਫੇਰ ਹੁੰਦਾ। ਮਨਜੀਤ ਚਿੱਠੀਆਂ ਪੜ੍ਹਦੀ, ਉਹਨਾਂ ਦਾ ਉੱਤਰ ਲਿਖਦੀ ਤੇ ਫਿਰ ਆਪਣੇ ਕੁਲਵੰਤ ਦੀਆਂ ਚਿੱਠੀਆਂ ਪੜ੍ਹਨ ਲੱਗ ਪੈਂਦੀ।

ਕੁਲਵੰਤ ਦੇ ਵਿਛੋੜੇ ਵਿਚ ਮਨਜੀਤ ਦਾ ਦਿਲ ਕਾਹਲਾ ਪੈਣ ਲੱਗ ਪਿਆ ਸੀ। ਹਰ ਵਾਰ ਚਿੱਠੀ ਲਿਖਣ ਲੱਗੀ ਉਹ ਸੋਚਦੀ, 'ਅੱਜ ਸਾਫ਼ ਲਿਖ ਦੇਣਾ ਏਂ, ਕਿ ਸਾਡਾ ਜੀਅ ਨਹੀਂ ਲਗਦਾ, ਖ਼ਤ ਵਿਹੰਦਿਆਂ ਸਾਰ ਆ ਜਾਓ। ਹੈਂ ? ਏਸ ਤਰ੍ਹਾਂ ਉਹ ਮੇਰੀ ਬਾਬਤ ਕੀ ਸਮਝੇਗਾ ? ਮੈਂ ਕਿਤੇ ਬਾਲੜੀ ਆਂ ? ਮੈਂ ਦਰਸ਼ਨ

ਦੀ ਹਾਨਣ ਹੁੰਦੀ, ਤਾਂ ਜ਼ਰੂਰ ਲਿਖਦੀ, ਪਰ ਏਸ ਉਮਰੇ ਤਾਂ...।' 'ਏਸ ਉਮਰੇ', ਇਹ ਦੋ ਸ਼ਬਦ ਸਾਂਗਾਂ ਬਣ ਕੇ ਉਹਦੇ ਕਲੇਜੇ ਵਿਚ ਧਸ ਜਾਂਦੇ। ਉਹ ਆਪਣੇ ਆਪ ਨੂੰ ਬੁਢੜੀ ਬੁਢੜੀ ਮਹਿਸੂਸ ਕਰਨ ਲੱਗ ਪੈਂਦੀ। ਉਹਦੀਆਂ ਅਧ-ਖੁੱਲ੍ਹੀਆਂ ਅੱਖਾਂ ਅੱਗੇ ਗਭਰੂ ਕੁਲਵੰਤ ਤੇ ਅਣ-ਛੂਹੀ ਗੰਦਲ ਵਰਗੀ ਮੁਟਿਆਰ ਦਰਸ਼ਨ ਆ ਖਲੋਂਦੀ।

ਮਨਜੀਤ ਬੜੀ ਛੋਟੀ ਜੇਹੀ ਚਿੱਠੀ ਲਿਖਦੀ। ਉਹਨੇ ਕਦੇ ਵੀ ਕੁਲਵੰਤ ਨੂੰ ਛੇਤੀ ਪਰਤਣ ਵਾਸਤੇ ਨਹੀਂ ਸੀ ਲਿਖਿਆ। ਪਰ ਕੁਲਵੰਤ ਦੀ ਚਿੱਠੀ ਵਿਚ ਹੁਣ ਤਕ ਨਾ ਆ ਸੱਕਣ ਦਾ ਕੋਈ ਪੱਜ ਬਹਾਨਾ ਤੇ ਅਗ੍ਹਾਂ ਛੇਤੀ ਤੋਂ ਛੇਤੀ ਆਉਣ ਦਾ ਲਾਰਾ ਹੁੰਦਾ।

ਮਨਜੀਤ ਨਿੱਤ ਦੀਆਂ ਸੋਚਾਂ ਵਿਚ ਗੋਤੇ ਖਾ ਰਹੀ ਸੀ; ਜਾਂ ਕੁਲਵੰਤ ਨੇ ਰਾਤ ਦੇ ਇਕ ਵਜੇ ਬੂਹਾ ਆ ਖੜਕਾਇਆ। ਮਨਜੀਤ ਤ੍ਰਭਕ ਉਠੀ। ਵਾਜ ਪਛਾਣ ਕੇ ਉਹਨੇ ਬੂਹਾ ਲਾਹਿਆ। ਉਹਦਾ ਦਿਲ ਜ਼ੋਰ ਜ਼ੋਰ ਦੀ ਧੜਕ ਰਿਹਾ ਸੀ।

ਕੁਲਵੰਤ ਅੰਦਰ ਦਾਖ਼ਲ ਹੋਇਆ। ਉਹਨੇ ਚਿਹਰਾ ਠਾਹਠੇ ਥੱਲੇ ਲੁਕਾਇਆ ਹੋਇਆ ਸੀ ਤੇ ਅੱਖਾਂ ਉਤੇ ਕਾਲੀ ਐਨਕ ਸੀ। ਇਹ ਭੇਸ ਉਹਨੇ ਏਸ ਗੱਲੋਂ ਡਰਦਿਆਂ ਬਣਾਇਆ ਸੀ, ਕਿ ਰਾਹ ਵਿਚ ਦਰਸ਼ਨ ਕਾ ਕੋਈ ਮਿਲ ਨਾ ਪੈਂਦਾ ਹੋਵੇ। ਉਹ ਲੁਕ ਲੁਕ ਕੇ ਆਇਆ ਸੀ ਤੇ ਚੋਰੀ ਚੋਰੀ ਚਲਾ ਜਾਣਾ ਚਾਹੁੰਦਾ ਸੀ। ਅੰਦਰ ਵੜਦਿਆਂ ਉਹਨੇ ਸੱਜੇ ਹੱਥ ਨਾਲ ਠਾਹਠਾ ਤੇ ਖੱਬੇ ਨਾਲ ਐਨਕ ਲਾਹ ਲਈ। ਫਿਰ ਉਹਨੇ ਪਿਆਰ ਨਾਲ ਮਨਜੀਤ ਨੂੰ ਗਲਵੱਕੜੀ ਪਾ ਕੇ ਕਿਹਾ, "ਚੁੰਮੋਂ ਮੇਰਾ ਮੱਥਾ। ਵੇਖੋ, ਅੱਧੀ ਰਾਤ ਕਿੰਨੇ ਜਫਰ ਜਾਲ ਕੇ ਆਇਆਂ। ਏਸੇ ਵੇਲੇ ਮਹੀਂਵਾਲ ਆਪਣੀ ਸੋਹਣੀ ਨੂੰ ਮਿਲਨ ਜਾਂਦਾ ਹੁੰਦਾ ਸੀ।'

"ਮੇਰੇ ਸਰਬੰਸ! ਆਪਾਂ ਕੀ ਲੈਣਾ ਏਂ ਸੋਹਣੀ ਤੇ ਮਹੀਂਵਾਲ ਬਣ ਕੇ? ਓਸ ਦੁਨੀਆਂ ਵਿਚ ਕਿਸੇ ਨੂੰ ਪੱਟ ਚੀਰਨਾ ਪੈਂਦਾ ਏ, ਕਿਸੇ ਨੂੰ ਕੱਚਿਆਂ ਘੜਿਆਂ 'ਤੇ ਠਿਲ੍ਹ ਕੇ ਡੁਬਣਾ ਪੈਂਦਾ ਏ।" ਕਹਿੰਦਿਆਂ ਕਹਿੰਦਿਆਂ ਮਨਜੀਤ ਦਾ ਚਿਹਰਾ ਗੰਭੀਰ ਹੋ ਗਿਆ। ਝਟ ਉਹਦੇ ਦਿਲ ਵਿਚ ਖ਼ਿਆਲ ਆਇਆ, 'ਏਸਤਰ੍ਹਾਂ ਤਾਂ ਮੈਂ ਵਧੇਰੇ ਬੁਢੜੀ ਜਾਪਾਂਗੀ।' ਇਸ ਸੋਚ ਨੇ ਉਹਦੀ ਆਤਮਾ ਨੂੰ ਕੰਬਾ ਦਿਤਾ। ਇਹਦਾ ਇਲਾਜ ਸੀ ਜੋਬਨ ਦਾ ਉਚੇਚਾ ਪ੍ਰਗਟਾਵਾ ਕਰਨਾ। ਮੁਟਿਆਰ ਦਿੱਸਣ ਦਾ ਯਤਨ ਕਰਨਾ। ਉਹ ਕੁਲਵੰਤ ਦੀਆਂ ਪਿਆਸੀਆਂ ਅੱਖਾਂ ਵਿਚ ਨੈਣਾਂ ਦੀ ਮਸਤੀ ਉਲੱਦਦੀ ਮੁਸਕਰਾ ਪਈ। ਉਹਨੇ ਕੁਲਵੰਤ ਨੂੰ ਬਾਹੀਂ ਵਿਚ ਏਨੇ ਤਾਣ ਨਾਲ ਘੁੱਟਿਆ, ਕਿ ਜ਼ੋਰ ਲੱਗਣ ਕਰਕੇ ਉਹਦਾ ਚਿਹਰਾ ਲਾਲ ਹੋ ਗਿਆ। ਬਿਜਲੀ ਦੇ

ਚਾਨਣ ਵਿਚ ਉਸ ਵੇਲੇ ਉਹਦੇ ਮੱਥੇ ਦੀ ਝਲਕ ਕਿਸੇ ਉਦਾਸ ਮੁਟਿਆਰ ਨਾਲੋਂ ਘੱਟ ਨਹੀਂ ਸੀ।

ਕੁਲਵੰਤ ਸਿਰਫ਼ ਚਾਰ ਘੰਟੇ ਘਰ ਰਿਹਾ। ਇਹ ਸਮਾਂ ਉਹਨਾਂ ਗੱਲਾਂ ਕਰਦਿਆਂ ਗੁਜ਼ਾਰ ਦਿਤਾ। ਮਨਜੀਤ ਦਰਸ਼ਨ ਦਾ ਜ਼ਿਕਰ ਛੇੜਨ ਵਾਸਤੇ ਕਈ ਵਾਰ ਅਹੁਲੀ, ਪਰ ਸ਼ਬਦ ਉਹਦੇ ਥਰਕਦੇ ਬੁੱਲ੍ਹਾਂ ਨਾਲ ਟਕਰਾ ਕੇ ਵਾਪਸ ਮੁੜ ਜਾਂਦੇ ਰਹੇ। ਹਰ ਵਾਰ ਅੰਦਰੋਂ ਉਹਦਾ ਇਸਤਰੀ-ਹਿਰਦਾ ਕੁਰਲਾ ਉਠਦਾ, 'ਖ਼ਬਰਦਾਰ ! ਜੇ ਮੇਰੇ ਸੁਰਗ ਨੂੰ ਲੰਬੂ ਲਾਇਆ ਤਾਂ !'

ਏਨੇ ਨੇੜੇ ਹੋ ਕੇ ਵੀ ਦੋਹਾਂ ਨੇ ਆਪਣੀ ਆਪਣੀ ਆਤਮਾ ਦਾ ਕੁਝ ਹਿੱਸਾ ਇਕ ਦੂਜੇ ਤੋਂ ਲੁਕਾਈ ਰਖਿਆ।

ਰਾਤੋਂ ਰਾਤ ਵਾਪਸ ਮੁੜ ਜਾਣ ਦਾ ਇਰਾਦਾ ਪਰਗਟ ਕਰਦਿਆਂ ਕੁਲਵੰਤ ਨੇ ਕਿਹਾ, "ਕੁਝ ਦਿਨ ਮੈਂ ਪਟਿਆਲੇ ਤੇ ਅੰਮ੍ਰਿਤਸਰ ਰਿਹਾ ਹਾਂ। ਮੈਂ ਬੜਾ ਯਤਨ ਕੀਤਾ, ਕਿ ਮੇਰੇ ਵਾਸਤੇ ਜਾਂ ਤੁਹਾਡੇ ਵਾਸਤੇ ਕੋਈ ਨੌਕਰੀ ਮਿਲ ਜਾਏ, ਪਰ ਬਣਿਆਂ ਕੁਝ ਨਾ। ਜਿੰਨਾ ਚਿਰ ਜ਼ਮੀਨ ਕਬਜ਼ੇ 'ਚ ਨਹੀਂ ਆਉਂਦੀ, ਓਨਾ ਚਿਰ ਪਿੰਡ ਜਾਣ ਦਾ ਕੋਈ ਫ਼ਾਇਦਾ ਨਹੀਂ। ਹੁਣ ਤਿੱਜੇ ਦਿਨ ਦਾ ਮੈਂ ਭੈਣ ਸੁਰਜੀਤ ਕੋਲ ਪੱਤੋਕੀ ਆਇਆ ਹੋਇਆ ਸਾਂ। ਉਹਨਾਂ ਦੀ ਮਦਦ ਨਾਲ ਓਥੇ ਕੰਨਿਆਂ ਪਾਠਸ਼ਾਲਾ ਵਿਚ ਤੁਹਾਡੇ ਵਾਸਤੇ ਨੌਕਰੀ ਮਿਲ ਗਈ ਏ। ਓਨਾ ਚਿਰ ਈ ਤੁਹਾਨੂੰ ਇਹ ਕਸ਼ਟ ਕਰਨਾ ਪਵੇਗਾ, ਜਿੰਨਾ ਚਿਰ ਮੇਰੀ ਕਿਤੇ ਨੌਕਰੀ ਨਹੀਂ ਲੱਗਦੀ। ਤੁਸੀਂ ਦਰਖ਼ਾਸਤ ਲਿਖ ਦਿਓ, ਮੈਂ ਸਵੇਰੇ ਸਵੇਰੇ ਜਾ ਕੇ ਫਿਰ ਮੈਨੇਜਰ ਨੂੰ ਮਿਲਣਾ ਏਂ।"

"ਏਥੇ ਈ ਇਕ ਸਾਲ ਹੋਰ ਕੱਟ ਲਈਏ ਖਾਂ ! ਅਗਲੇ ਸਾਲ ਪਿੰਡ ਚੱਲ ਵਿਰਾਂਗੇ।" ਮਨਜੀਤ ਨੇ ਕੁਲਵੰਤ ਦਾ ਦਿਲ ਟੋਹਣ ਵਾਸਤੇ ਕਿਹਾ। ਨਹੀਂ ਤਾਂ ਉਹਦਾ ਆਪਣਾ ਜੀ ਵੀ ਓਥੇ ਰਹਿਣ 'ਤੇ ਰਾਜ਼ੀ ਨਹੀਂ ਸੀ।

"ਨਹੀਂ, ਏਥੇ ਮੈਨੂੰ ਬੜੀ ਸੰਗਾ ਆਉਂਦੀ ਏ।"

"ਓਥੇ ਸੰਗਾ ਨਾ ਆਵੇਗੀ ?"

"ਓਥੋਂ ਦੀ ਸੰਗਾ ਮੈਂ ਲਾਹ ਆਇਆਂ। ਭੈਣ ਸੁਰਜੀਤ ਨੂੰ ਸਭ ਕੁਛ ਦੱਸ ਦਿਤਾ ਏ।"

"ਮਰ ਗਈ ਮੈਂ। ਉਹਨੇ ਫਿਰ ਕੀ ਕਿਹਾ ?"

"ਕੁਛ ਵੀ ਨਾ। ਉਹਨੇ ਕੀ ਕਹਿਣਾ ਸੀ ? ਉਹ ਦੋਵੇਂ ਜੀ ਸੁਣ ਕੇ ਬੜੇ ਖ਼ੁਸ਼ ਹੋਏ ਸਨ। ਉਹ ਵੀ ਏਸੇ ਗੱਲ 'ਤੇ ਜ਼ੋਰ ਦੇ ਦੇ ਸਨ, ਕਿ ਅਸੀਂ ਉਹਨਾਂ ਕੋਲ ਚਲੇ ਚੱਲੀਏ। ਹੱਛਾ, ਛੇਤੀ ਕਰੋ ਤੁਸੀਂ।" ਕੁਲਵੰਤ ਨੇ ਘੜੀ ਵੇਖ ਕੇ ਕਿਹਾ।

"ਗੱਡੀ ਦਾ ਵਕਤ ਹੋ ਚੱਲਿਆ ਏ। ਲਿਖੋ।"

"ਜੇ ਪਰਸੋਂ ਚਲੇ ਜਾਓ ਤਾਂ।"

"ਇਕ ਦਿਨ ਬਦਲੇ ਅਸਾਂ ਬਣਿਆਂ ਬਣਾਇਆ ਕੰਮ ਵਗਾੜ ਨਹੀਂ ਲੈਣਾ। ਉਥੇ ਹੋਰ ਵੀ ਦਰਖ਼ਾਸਤਾਂ ਆਈਆਂ ਹੋਈਆਂ ਹਨ। ਮੈਂ ਏਸੇ ਗੱਡੀ ਵਾਪਸ ਮੁੜਨ ਦਾ ਇਕਰਾਰ ਕਰਕੇ ਆਇਆਂ। ਛੇਤੀ ਲਿਖੋ ਹੁਣ।"

ਮਨਜੀਤ ਲਿਖਣ ਲੱਗ ਪਈ। ਕੁਲਵੰਤ ਨੀਝ ਲਾ ਕੇ ਉਹਦੇ ਚਿਹਰੇ ਵੱਲ ਵੇਖਦਾ ਰਿਹਾ।

"ਰਾਤ ਨੂੰ ਮੁੜ ਆਉਗੇ ਨਾਂ!" ਮਨਜੀਤ ਨੇ ਦਰਖ਼ਾਸਤ ਫੜਾਉਂਦਿਆਂ ਪੁਛਿਆ।

"ਮੇਰਾ ਤਾਂ ਆਪ ਜੀਅ ਨਹੀਂ ਲੱਗਦਾ, ਪਰ ਸਮਾਂ ਵੀ ਸੰਭਾਲਣਾ ਹੋਇਆ। ਉਥੇ ਨੌਕਰੀ ਪੱਕੀ ਕਰਾਉਣੀ, ਮਕਾਨ ਲੱਭਣਾ, ਤੇ ਹੋਰ ਨਿੱਕੇ ਮੋਟੇ ਕਿੰਨੇ ਕੰਮ ਕਰਨੇ ਨੇ। ਮੈਂ ਹੁਣ ਓਦਣ ਈ ਮੁੜਾਂਗਾ, ਜਿੱਦਣ ਤੁਹਾਨੂੰ ਨਾਲ ਲੈ ਚੱਲਾਂਗਾ। ਤੁਸੀਂ ਏਥੋਂ ਦਾ ਖਲਾਰਾ ਸਾਰਾ ਸਾਂਭ ਛੱਡਣਾ।"

ਕੁਲਵੰਤ ਇਕ ਵਜੇ ਰਾਤ ਆਇਆ ਤੇ ਤੜਕੇ ਪੰਜ ਵਜੇ ਤੁਰ ਗਿਆ। ਪਤਾ ਨਹੀਂ, ਉਹਨੂੰ ਤੋਰ ਕੇ ਮਨਜੀਤ ਕਿੰਨਾ ਚਿਰ ਬੂਹੇ ਵਿਚ ਚੁਗਾਠ ਦੀ ਬਾਹੀ ਫੜ ਕੇ ਖਲੀ ਰਹੀ।

## ੬.

ਕਈ ਦਿਹਾੜੇ ਬੀਤ ਗਏ ਦਰਸ਼ਨ ਨੂੰ ਕਾਂ ਉਡਾਉਂਦਿਆਂ ਤੇ ਔਂਸੀਆਂ ਪਾਉਂਦਿਆਂ, ਪਰ ਕੁਲਵੰਤ ਨਾ ਆਇਆ। ਉਹਦੀ ਆਸ ਓਦਣ ਟੁੱਟੀ, ਜਦ ਇਕ ਸਹੇਲੀ ਕੋਲੋਂ ਕੁਲਵੰਤ ਤੇ ਮਨਜੀਤ ਦੇ ਉੱਥੋਂ ਉੱਕਾ ਚਲੇ ਜਾਣ ਬਾਰੇ ਸੁਣਿਆਂ।

ਦਰਸ਼ਨ ਦੀਆਂ ਉਡੀਕਾਂ ਮੁੱਕ ਗਈਆਂ। ਉਹਦਾ ਦਿਲ ਰੋ ਉਠਿਆ। ਉਹਦੀ ਕੁਆਰੀ ਮੁਹੱਬਤ ਕੁਰਲਾ ਉਠੀ। ਸਾਰੀ ਰਾਤ ਉਹਨੇ ਬੁੱਕਲ ਵਿਚ ਆਹੀਂ ਭਰਦਿਆਂ ਕੱਟੀ। ਅਗਲੇ ਦਿਨ ਉਹਦੀ ਮਾਂ ਨੇ ਧੀ ਦੀਆਂ ਰੋਈਆਂ ਅੱਖਾਂ ਵੇਖੀਆਂ, ਤਾਂ ਉਹਦਾ ਦਿਲ ਵੀ ਉੱਛਲ ਪਿਆ। ਉਹ ਲੰਮਾ ਸਾਰਾ ਹਉਕਾ ਭਰ ਕੇ ਬਾਹਰ ਨਿਕਲ ਗਈ। ਧੀਰਜ ਦੇਣ ਵਾਸਤੇ ਉਹਦੇ ਕੋਲ ਕੋਈ ਬਹਾਨਾ ਨਹੀਂ ਸੀ।

ਗੁਰਸ਼ਰਨ ਤੇ ਉਸਦਾ ਪਿਤਾ ਸ. ਪਿਆਰਾ ਸਿੰਘ ਬਾਹਰਲੀ ਬੈਠਕ ਵਿਚ ਬੈਠੇ ਗੱਲਾਂ ਕਰ ਰਹੇ ਸਨ। ਪਿਆਰਾ ਸਿੰਘ ਪੁੱਤਰ ਨੂੰ ਕਹਿ ਰਿਹਾ ਸੀ, "ਆਪਣੇ

ਮਾਮੇ ਨੂੰ ਲਿਖ, ਓਦੋਂ ਚਾਲੂ ਠੇਕਿਆਂ ਦਾ ਸਾਨੂੰ ਕੋਈ ਹਿਸਾਬ ਕਿਤਾਬ ਭੇਜੇ। ਜੋ ਸਾਡਾ ਬਣਦਾ ਏ, ਸਾਨੂੰ ਸੌ-ਦੋ ਸੌ ਘੱਟ ਭੇਜ ਦੇਵੇ, ਪਰ ਮੈਨੂੰ ਆਪ ਓਥੇ ਨਾ ਜਾਣਾ ਪਵੇ। ਇਕਵਾਰ ਗੱਲ ਬੋਲਣ 'ਚ ਆ ਗਈ, ਤਾਂ ਫੇਰ ਮਿਲਣ ਵਰਤਣ ਜੋਗੇ ਨਹੀਂ ਰਹਾਂਗੇ। ਨਾਲੇ ਇਕ ਦਿਨ ਫੇਰ ਦਿੱਲੀ ਜਾ ਕੇ ਉਹਨਾਂ ਬਿਲਾਂ ਦਾ ਪਤਾ ਕਰ। ਜੋ ਤਰ ਜਾਏ, ਓਹਾ ਸਹੀ।"

ਗੁਰਸ਼ਰਨ ਨੀਂਵੀਂ ਪਾਈ ਸੁਣ ਰਿਹਾ ਸੀ। ਉਹਦੀ ਮਾਂ ਬੈਠਕ ਵਿਚ ਦਾਖ਼ਲ ਹੋਈ। ਮਾਂ ਦੇ ਚਿਹਰੇ 'ਤੇ ਗੰਭੀਰਤਾ ਭਰੀ ਉਦਾਸੀ ਵੇਖ ਕੇ ਉਹ ਸਮਝ ਗਿਆ, ਕਿ ਮਾਂ ਕੋਈ ਉਚੇਚੀ ਵਿਚਾਰ ਕਰਨ ਆਈ ਹੈ। ਉਹ ਸਾਮ੍ਹਣੇ ਪਏ ਕਾਗਜ਼ ਪੱਤਰ ਸੰਭਾਲ ਕੇ ਬੈਠਕ 'ਚੋਂ ਬਾਹਰ ਨਿਕਲ ਗਿਆ। ਦਰਸ਼ਨ ਦੀ ਮਾਂ ਪਤੀ ਦੇ ਸਾਮ੍ਹਣੇ ਕੁਰਸੀ 'ਤੇ ਬਹਿ ਕੇ ਬੋਲੀ, "ਮੈਂ ਕਿਹਾ, ਕੁੜੀ ਦਾ ਵੀ ਤੁਹਾਨੂੰ ਕੋਈ ਫ਼ਿਕਰ ਏ, ਜਾਂ ਨਹੀਂ। ਉਹ ਦਿਨੋ ਦਿਨ ਰੋਗਣ ਜੇਹੀ ਹੁੰਦੀ ਜਾਂਦੀ ਏ। ਮੈਂ ਓਦੋਂ ਕਿਹਾ ਵੀ, ਕਿ ਕੁਲਵੰਤ ਦੀ ਭਰਜਾਈ ਨੂੰ ਮਿਲ ਕੇ ਰਿਸ਼ਤਾ ਪੱਕਾ ਕਰ ਲਈਏ: ਪਰ ਤੁਸਾਂ ਕੋਈ ਗੱਲ ਨਾ ਗੌਲੀ। ਹੁਣ ਖ਼ੋਰੇ ਇਹ ਗੱਲ ਨੇਪਰੇ ਚੜ੍ਹਨੀ ਵੀ ਏ, ਜਾਂ ਨਹੀਂ।"

"ਨਾ ਨੇਪਰੇ ਚੜ੍ਹੇਗੀ, ਤਾਂ ਹੋਰ ਮੁੰਡਿਆਂ ਦਾ ਕਾਲ ਨਹੀਂ ਪੈ ਗਿਆ। ਉਹਨਾਂ 'ਚ ਏਨੀ ਆਕੜ ਏ, ਤਾਂ ਮੈਂ ਜਾ ਕੇ ਪੈਰੀਂ ਡਿੱਗਣ ਲਈ ਤਿਆਰ ਨਹੀਂ।" ਪਿਆਰਾ ਸਿੰਘ ਨੇ ਖਿਝ ਕੇ ਉੱਤਰ ਦਿਤਾ। ਰਾਤੀਂ ਜੋ ਦਰਸ਼ਨ ਦੇ ਮਾਮੇ ਵੱਲੋਂ ਆਸਾਮ ਤੋਂ ਚਿੱਠੀ ਆਈ ਸੀ, ਉਹ ਪੜ੍ਹ ਕੇ ਪਿਆਰਾ ਸਿੰਘ ਆਪਣੇ ਆਪ ਵਿਚ ਭਰਿਆ ਪੀਤਾ ਬੈਠਾ ਸੀ।

"ਮੁੰਡੇ ਤਾਂ ਹੋਰ ਵੀ ਮਿਲ ਜਾਣਗੇ, ਪਰ ਏਸਤਰ੍ਹਾਂ ਦਰਸ਼ਨ ਦੀ ਜ਼ਿੰਦਗੀ ਸੁਖੀ ਨਹੀਂ ਰਹੇਗੀ।"

"ਫਿਰ ਮੈਂ ਕੀ ਕਰਾਂ ? ਕੁੜੀ ਨੂੰ ਬਾਹੋਂ ਫੜ ਕੇ ਮੱਲੋ ਮੱਲੀ ਉਹਨਾਂ ਦੇ ਘਰ ਵਾੜ ਆ ਜਾ ਕੇ। ਕਮੀਣਾਂ ਦੀ ਧੀ ਜੁ ਹੋਈ।" ਪਿਆਰਾ ਸਿੰਘ ਨੇ ਪੂਰੀ ਕੁਰੱਖਤ ਸੁਰ ਵਿਚ ਕਿਹਾ। ਉਹ ਏਸ ਗੱਲ 'ਤੇ ਤਾਂ ਰਾਜ਼ੀ ਸੀ, ਕਿ ਦਰਸ਼ਨ ਦਾ ਵਿਆਹ ਕੁਲਵੰਤ ਨਾਲ ਹੋ ਜਾਏ, ਪਰ ਏਸ ਗੱਲ ਲਈ ਤਿਆਰ ਨਹੀਂ ਸੀ, ਕਿ ਅਗਲਿਆਂ ਦੀ ਆਕੜ ਦੇ ਸਾਮ੍ਹਣੇ ਝੁਕ ਕੇ ਰਿਸ਼ਤਾ ਕਰੇ। ਉਹ ਕੁਲਵੰਤ ਨੂੰ ਦਰਸ਼ਨ ਲਈ ਯੋਗ ਵਰ ਸਮਝਦਾ ਸੀ। ਇਸ ਪਾਸੇ ਉਹਨੇ ਬਹੁਤਾ ਧਿਆਨ ਕਦੇ ਨਹੀਂ ਸੀ ਦਿਤਾ, ਕਿ ਦਰਸ਼ਨ ਦੇ ਦਿਲ ਵਿਚ ਕੁਲਵੰਤ ਦੀ ਮੁਹੱਬਤ ਏਨੀ ਡੂੰਘੀ ਉੱਤਰ ਚੁੱਕੀ ਹੈ। ਨਾਲੇ ਉਹ ਬਪਾਰੀ ਸੁਭੌਂ ਦਾ ਆਦਮੀ ਸੀ। ਉਹਦੀ ਨਜ਼ਰ ਵਿਚ ਪਿਆਰ-ਮੁਹੱਬਤ ਨਾਂ ਦੀ ਚੀਜ਼ ਦੀ ਕੋਈ ਕੀਮਤ ਨਹੀਂ ਸੀ। ਇਕ ਹੋਰ ਗੱਲੋਂ ਵੀ ਇਸ ਵੇਲੇ ਕੁਲ-

ਵੰਤ 'ਤੇ ਖਿਝਿਆ ਬੈਠਾ ਸੀ ਉਹ। ਰਾਤੀਂ ਚੋਖਾ ਚਿਰ ਉਹ ਇਸ ਮਸਲੇ 'ਤੇ ਸੋਚਦਾ ਰਿਹਾ ਸੀ। ਉਹ ਕੁਲਵੰਤ ਦੇ ਨਾ ਆਉਣ ਦਾ ਅਰਥ ਉਹਨਾਂ ਦਾ ਇਨ-ਕਾਰ ਸਮਝਦਾ ਸੀ, ਤੇ ਇਸਦੀ ਵਜ੍ਹਾ ਉਹਦੇ ਖ਼ਿਆਲ ਵਿਚ ਜਾਤ ਪਾਤ ਦਾ ਵਿਤਕਰਾ ਸੀ। ਅੰਤ ਉਹਨੇ ਇਹ ਹਵਾੜ੍ਹ ਮੂੰਹੋਂ ਕਢ ਹੀ ਦਿਤੀ, "ਤੁਸੀਂ ਨਹੀਂ ਸਮਝਦੇ, ਪਰ ਮੈਂ ਸਭ ਕੁਝ ਜਾਣਦਾ ਹਾਂ। ਉਹਦੀ ਭਰਜਾਈ ਨਹੀਂ ਮੰਨਦੀ ਹੋਣੀ। ਤੇ ਸੌ ਵੇਰਾਂ ਨਾ ਮੰਨਣ। ਜੇ ਉਹ ਆਪਣੇ ਘਰ ਜੱਟ ਸਰਦਾਰ ਨੇ, ਤਾਂ ਅਸੀਂ ਵੀ ਰਾਮਗੜ੍ਹੀਏ ਸਰਦਾਰ ਆਂ। ਰੋਂਦੇ ਸਿੱਖ ਬਣਨ ਨੂੰ। ਜਿਹੜੀ ਜਾਤ ਪਾਤ ਦੀ ਬਮਾਰੀ ਗੁਰੂ ਮਹਾਰਾਜ ਨੇ ਸਿੱਖਾਂ ਵਿਚੋਂ ਕੱਢੀ ਸੀ, ਆਕੜੇ ਹੋਏ ਜੱਟ ਉਸਨੂੰ ਘੁੱਟ ਕੇ ਜੱਫਾ ਪਾਈ ਬੈਠੇ ਨੇ। ਤੁਸੀਂ ਵੀ ਭੋਗ ਪਾਓ ਏਸ ਗੱਲ ਦਾ। ਮੁੜਕੇ ਮੇਰੇ ਕੋਲ ਨਾਂ ਨਾ ਲੈਣਾ।"

ਦਰਸ਼ਨ ਦੀ ਮਾਂ ਦਾ ਹੌਸਲਾ ਨਾ ਪਿਆ ਅੱਗੋਂ ਹੋਰ ਗੱਲ ਕਰਨ ਦਾ। ਦੋ ਮਿੰਟ ਹੋਰ ਬਹਿ ਕੇ ਉਹ ਚਲੀ ਗਈ।

ਗੁਰਸ਼ਰਨ ਨੇ ਬਾਹਰ ਜਾਂਦਿਆਂ ਮਾਂ ਪਿਉ ਦੇ ਪਹਿਲੇ ਸਵਾਲ ਜਵਾਬ ਸੁਣ ਲਏ ਸਨ। ਉਹ ਪਹਿਲਾਂ ਹੀ ਭੈਣ ਦੇ ਗ਼ਮ ਵਿਚ ਡੁੱਬਾ ਹੋਇਆ ਸੀ, ਉਤੋਂ ਉਹਦੇ ਦਿਲ 'ਤੇ ਇਕ ਹੋਰ ਸੱਟ ਵੱਜੀ। ਉਹ ਡੱਕੋ-ਡੋਲੇ ਖਾਂਦਾ ਦਰਸ਼ਨ ਦੇ ਕਮਰੇ ਵਿਚ ਪੁੱਜਾ। ਅੱਗੇ ਦਰਸ਼ਨ ਡੂੰਘੀਆਂ ਸੋਚਾਂ ਵਿਚ ਗ਼ਰਕ ਪੱਥਰ ਦੇ ਬੁੱਤ ਵਾਂਗ ਅਹਿੱਲ ਬੈਠੀ ਸੀ। ਗੁਰਸ਼ਰਨ ਨੇ ਨੀਝ ਲਾ ਕੇ ਭੈਣ ਵੱਲੇ ਤਕਿਆ। ਸਾਰੀ ਦੁਨੀਆਂ ਦੀ ਨਿਰਾਸਤਾ ਦਰਸ਼ਨ ਦੇ ਚਿਹਰੇ 'ਤੇ ਝਲਕ ਰਹੀ ਸੀ। ਗੁਰਸ਼ਰਨ ਸਹਿਜ ਸਹਿਜ ਉਲਾਂਘਾਂ ਮਿਣਦਾ ਉਹਦੇ ਕੋਲ ਜਾ ਬੈਠਾ। ਉਹਨੇ ਹਮਦਰਦੀ ਨਾਲ ਛੋਟੀ ਭੈਣ ਨੂੰ ਬਾਂਹੀਂ 'ਚ ਲੈ ਲਿਆ। ਦਰਸ਼ਨ ਦੇ ਯਤਨ ਕਰ ਕੇ ਰੋਕੇ ਹੋਏ ਹੰਝੂ ਬੇ-ਵਸੇ ਹੋ ਕੇ ਉਛਲ ਪਏ। ਉਹ ਭਰਾ ਦੇ ਮੋਢੇ ਨਾਲ ਸਿਰ ਲਾ ਕੇ ਛਿੱਸ ਪਈ। ਕੁਆਰੀ ਲੱਜ ਤੇ ਭਾਰਤੀ ਸੱਭਯਤਾ ਉਹਦੇ ਮੂੰਹ ਅੱਗੇ ਹੱਥ ਦੇ ਕੇ ਉੱਚੀ ਚੀਕ ਨਿਕਲਣੋਂ ਰੋਕ ਰਹੀ ਸੀ। ਕਿੰਨਾ ਔਖਾ ਹੈ ਧਾਹੀਂ ਨੂੰ ਦਬਾ ਕੇ ਹੁਭਕੀਂ ਹੁਭਕੀਂ ਰੋਣਾ। ਦਰਸ਼ਨ ਸਿਸਕੀਆਂ ਲੈਂਦੀ ਰਹੀ ਤੇ ਗੁਰਸ਼ਰਨ ਮਮਤਾ ਨਾਲ ਉਹਦਾ ਸਿਰ ਪਲੋਸਦਾ ਰਿਹਾ। ਸਹਿਜ ਸਹਿਜ ਦਰਸ਼ਨ ਨੇ ਆਪਣੇ ਆਪ 'ਤੇ ਕਾਬੂ ਪਾਇਆ।

"ਦਰਸ਼ਨ ! ਮੈਂ ਭਲਕੇ ਕੁਲਵੰਤ ਦੇ ਪਿੰਡ ਜਾਵਾਂਗਾ।"

"ਨਹੀਂ ਵੀਰ ਜੀ ! ਅਸਾਂ ਕੋਈ ਨਹੀਂ ਜਾਣਾ।" ਦਰਸ਼ਨ ਹੁਣ ਸੰਭਲ ਕੇ ਆਪਣੇ ਭਾਰ ਸਿਰ ਬਹਿ ਗਈ ਸੀ।

"ਮੈਂ ਇਕਵਾਰ ਮੂੰਹ ਰੂ-ਬ-ਰੂ ਹੋ ਕੇ ਉਹਦੇ ਨਾਲ ਗੱਲ ਕਰਨਾ ਚਾਹੁੰਦਾਂ।"

" ਗੱਲ ਕਰਨ ਦਾ ਕੋਈ ਫ਼ਾਇਦਾ ਨਹੀਂ। ਜਿਹੜਾ ਇਕ ਦਿਨ ਏਥੇ ਰਹਿ ਕੇ ਚਲਿਆ ਗਿਆ ਏ ਤੇ ਦੋ ਮਿੰਟ ਸਾਡੇ ਘਰ ਤਕ ਨਹੀਂ ਆਇਆ, ਉਹਦੇ ਮਗਰ ਭੱਜਣ ਦੀ ਲੋੜ ਨਹੀਂ।"

"ਕੁਲਵੰਤ ਏਥੇ ਆਇਆ ਸੀ ? ਤੈਨੂੰ ਕੀਹਨੇ ਦੱਸਿਆ ਏ ?"

"ਮੇਰੀ ਇਕ ਸਹੇਲੀ ਉਹਨਾਂ ਦੇ ਗੁਆਂਢ ਰਹਿੰਦੀ ਏ। ਉਹ ਪਰਸੋਂ ਦੁਪਹਿਰੇ ਆਇਆ ਏ, ਤੇ ਮਕਾਨ ਖ਼ਾਲੀ ਕਰਕੇ ਸਭ ਸਾਮਾਨ ਲੈ ਕੇ ਕੱਲ੍ਹ ਦਸ ਵਜੇ ਦੀ ਗੱਡੀ ਉਹ ਏਥੋਂ ਚਲੇ ਗਏ ਨੇ। ਕੱਲ੍ਹ ਸਵੇਰੇ ਉਹ ਦੋਵੇਂ ਦਿਉਰ ਭਰਜਾਈ ਬਾਬਾ ਸਾਧੂ ਸਿੰਘ ਕੇ ਘਰ ਮਿਲਨੇ ਆਏ ਸੀ। ਜਿਹੜੇ ਚੌਂਹ ਘਰਾਂ ਦੀ ਵਿੱਥ ਤੋਂ ਹੋ ਕੇ ਮੁੜ ਗਏ ਨੇ ਤੇ ਸਾਡੇ ਨਹੀਂ ਆਏ, ਅਸੀਂ ਉਹਨਾਂ ਦੇ ਮਗਰ ਕਿਉਂ ਜਾਈਏ ?"

"ਏਨਾ ਨਹੀਂ ਪਤਾ, ਕਿ ਗਏ ਕਿੱਥੇ ਨੇ ?"

"ਨਹੀਂ।"

ਦਰਸ਼ਨ ਸਿਰ ਝੁਕਾਈ ਬੈਠੀ ਸੀ। ਗੁਰਸ਼ਰਨ ਉਹਦੀ ਗੁੱਝੀ ਪੀੜ ਨੂੰ ਮਹਿਸੂਸ ਕਰਕੇ ਬਹੁਤ ਕੁਝ ਸੋਚ ਰਿਹਾ ਸੀ। ਉਹਨੇ ਆਪਣੇ ਸ਼ਬਦਾਂ 'ਤੇ ਜ਼ੋਰ ਦੇ ਕੇ ਕਿਹਾ, "ਦਰਸ਼ਨ ! ਮੈਂ ਇਕਵਾਰੀ ਕੁਲਵੰਤ ਨੂੰ ਜ਼ਰੂਰ ਮਿਲਾਂਗਾ।"

"ਨਹੀਂ, ਵੀਰ ਜੀ ! ਮੇਰਾ ਮੋਈ ਦਾ ਮੂੰਹ ਵੇਖੋ, ਜੇ ਮੇਰੀ ਗੱਲ ਉਲਟਾ ਕੇ ਜਾਓ ਤਾਂ !" ਦਰਸ਼ਨ ਦੀ ਪਵਿੱਤਰਤਾ ਮਾਣ ਕਰ ਬੈਠੀ ਸੀ।

"ਇਸ ਵਿਚ ਕੀ ਹਰਜ ਏ ?" ਗੁਰਸ਼ਰਨ ਨੇ ਨਰਮੀ ਨਾਲ ਕਿਹਾ।

"ਹਰਜ ਹੈ। ਮੈਂ ਆਪਣੇ ਖ਼ਾਨਦਾਨ ਦੀ ਅਣਖ ਕਿਸੇ ਦੀਆਂ ਬੂਰੂੱਟਣਾਂ 'ਤੇ ਨਹੀਂ ਝੁਕਣ ਦੇਣਾ ਚਾਹੁੰਦੀ।" ਤਿਰੀਆ-ਹਠ ਤੇ ਖ਼ਾਨਦਾਨੀ ਗ਼ੈਰਤ ਦਾ ਆਸਰਾ ਲੈ ਕੇ ਦਰਸ਼ਨ ਨੇ ਕਿਹਾ।

'ਓਦਣ ਅਣਖ ਦਾ ਸਵਾਲ ਨਹੀਂ ਸੀ, ਜਿੱਦਣ ਆਪ ਜਾ ਕੇ ਮਨਜੀਤ ਦਿਆਂ ਪੈਰਾਂ 'ਤੇ ਝੁਕੀ ਸੈਂ ?' ਕੋਹੀ ਹੋਈ ਮੁਹੱਬਤ ਨੇ ਅੰਦਰੇ ਅੰਦਰ ਲਿਲਕੜੀ ਲੈ ਕੇ ਕਿਹਾ।

'ਓਦਣ ਹੋਰ ਗੱਲ ਸੀ।' ਦਰਸ਼ਨ ਨੇ ਦਿਲ ਨੂੰ ਸਮਝਾਉਂਦਿਆਂ ਉੱਤਰ ਦਿਤਾ। 'ਓਦਣ ਮੈਨੂੰ ਸ਼ੱਕ ਸੀ, ਤੇ ਅੱਜ ਤਸੱਲੀ ਹੋ ਗਈ ਏ, ਕਿ ਕੁਲਵੰਤ ਸਦਾ ਵਾਸਤੇ ਸਾਂਝਾਂ ਤੋੜ ਗਿਆ ਏ। ਪਰ ਤੋੜ ਕਿਹੜੀ ਗੱਲੋਂ ਗਿਆ ? ਕਿਸ ਗੁਨਾਹ ਬਦਲੇ ? ਕੀ ਦੋਸ਼ ਕੱਢਿਓ ਸੂ ? ਬੱਸ, ਇਕ ਓਹਾ ਕਾਰਨ ਹੋ ਸਕਦਾ ਏ। ਹੋਰ ਤਾਂ ਕੁਛ ਸਮਝ ਵਿਚ ਨਹੀਂ ਆਉਂਦੀ।'

ਗੁਰਸ਼ਰਨ ਹੁਣ ਕੀ ਉੱਤਰ ਦੇਂਦਾ ? ਇਕ ਲੰਮਾ ਹਉਕਾ ਭਰ ਕੇ ਉਹ ਉਠ ਬੈਠਾ ਤੇ ਇਉਂ ਸਹਿਜ ਸਹਿਜ ਬਾਹੀਂ ਲਟਕਾ ਕੇ ਬਾਹਰ ਨੂੰ ਤੁਰ ਗਿਆ, ਜਿਵੇਂ ਕੋਈ ਕਿਸੇ ਲਾਡਲੇ ਦੀ ਲੋਥ ਦਾ ਮੂੰਹ ਵੇਖਕੇ ਟੁੱਟੇ ਦਿਲ ਨਾਲ ਮੁੜਦਾ ਹੈ ।

ਦਰਸ਼ਨ ਸਰ੍ਹਾਣੇ 'ਤੇ ਮੂੰਹ ਪਰਨੇ ਢਹਿ ਕੇ ਫੇਰ ਫਿੱਸ ਪਈ । ਉਹ ਚੁੰਨੀ ਦਾ ਪੱਲਾ ਮੂੰਹ ਵਿਚ ਦੇ ਕੇ ਚੀਕਾਂ ਰੋਕ ਰਹੀ ਸੀ, ਮਤਾਂ ਬਾਹਰ ਕੋਈ ਸੁਣ ਲੈਂਦਾ ਹੋਵੇ ।

੭

ਮਨਜੀਤ ਤੇ ਕੁਲਵੰਤ ਪੱਤੋਕੀ ਆ ਵੱਸੇ । ਮਨਜੀਤ ਨੂੰ ਨੌਕਰੀ ਮਿਲ ਗਈ । ਜ਼ਿੰਦਗੀ ਦਾ ਰਥ ਨਵੀਆਂ ਲੀਹਾਂ 'ਤੇ ਉਤਸ਼ਾਹ ਨਾਲ ਤੁਰ ਪਿਆ ।

ਮਨਜੀਤ ਦੇ ਅੰਦਰ ਵੀ ਸੱਜਰੀਆਂ ਰੀਝਾਂ ਪੁੰਗਰ ਪਈਆਂ । ਹੁਣ ਉਹ ਆਪਣੇ ਬਣਾਉ-ਸ਼ਿੰਗਾਰ ਵੱਲ ਉਚੇਚਾ ਧਿਆਨ ਦੇਣ ਲਗ ਪਈ । ਪੜ੍ਹੀਆਂ ਲਿਖੀਆਂ ਕੁੜੀਆਂ ਵਾਂਗ ਵਾਲ ਬਣਾ ਕੇ ਜੁਆਨੀ ਨੂੰ ਲਿਸ਼ਕਾਉਣ ਵਾਸਤੇ ਉਹ ਪਾਊਡਰ ਤੋਂ ਵੀ ਸਹਾਇਤਾ ਲੈ ਲੈਂਦੀ । ਨਕਲੀ ਹੁਸਨ ਦੀ ਮਦਦ ਨਾਲ ਉਹਦਾ ਰੂਪ ਨਿਖਰਿਆ ਨਿਖਰਿਆ ਜਾਪਣ ਲੱਗ ਪੈਂਦਾ । ਉਸ ਬਾਲ-ਵਿਧਵਾ ਦਾ ਅਣ-ਮਾਣਿਆਂ ਜੋਬਨ ਥੋੜੀ ਜੇਹੀ ਮਿਹਨਤ ਨਾਲ ਦਮਕ ਉਠਦਾ । ਇਹ ਸਭ ਕੁਛ ਉਹ ਏਸ ਵਾਸਤੇ ਕਰਦੀ, ਕਿ ਕੁਲਵੰਤ ਦੇ ਨਾਲ ਤੁਰੀ ਜਾਂਦੀ ਵਡੇਰੀ ਉਮਰ ਦੀ ਨਾ ਜਾਪੇ ; ਤੇ ਸਰਸਰੀ ਨਜ਼ਰੇ ਉਹ ਬਹੁਤੀ ਵਡੇਰੀ ਮਾਲੂਮ ਵੀ ਨਹੀਂ ਸੀ ਹੁੰਦੀ । ਜਿਵੇਂ ਸੋਕੇ ਦੀ ਮਾਰੀ ਵੇਲ ਉਤੇ ਮੀਂਹ ਪੈਣ ਨਾਲ ਤਾਜ਼ਗੀ ਆ ਜਾਂਦੀ ਹੈ, ਏਸੇ ਤਰ੍ਹਾਂ ਸੁੰਞੀ ਜੁਆਨੀ ਨੂੰ ਮਨ-ਭਾਉਂਦਾ ਸੁਹਾਗ ਮਿਲ ਜਾਣ ਕਰਕੇ ਰੂਪ ਵਿਚ ਨਿਖਾਰ ਆ ਗਿਆ ਸੀ ।

ਜਿੰਨਾ ਵਕਤ ਸਕੂਲ ਤੋਂ ਬਚਦਾ, ਮਨਜੀਤ ਕੁਲਵੰਤ ਨੂੰ ਖ਼ੁਸ਼ ਰੱਖਣ ਵਿਚ ਗੁਜ਼ਾਰਦੀ । ਕੁਲਵੰਤ ਵੀ ਅੱਗੋਂ ਦੂਣੇ ਚੌਂ ਨਾਲ ਵਰਤਦਾ । ਉਹ ਇਕ ਦੂਜੇ ਨੂੰ ਏਨਾ ਪਿਆਰ ਕਰਦੇ, ਏਨਾ ਪਿਆਰ ਕਰਦੇ, ਕਿ ਉਹਨਾਂ ਨੂੰ ਦੀਨ ਤੇ ਦੁਨੀਆ ਦੋਵੇਂ ਵਿੱਸਰ ਜਾਂਦੇ । ਮੁਹੱਬਤ ਦੀ ਜਾਗਦੀ ਜੋਤ ਉੱਤੇ ਉਹ ਪਰਵਾਨਿਆਂ ਵਾਂਗ ਕੁਰਬਾਨ ਹੋਣ ਤਕ ਜਾਂਦੇ । ਏਨਾ ਕੁਛ ਹੁੰਦਿਆਂ ਵੀ ਦੋਹਾਂ ਦੇ ਅੰਦਰ ਇਕ ਗੁੱਝੀ ਪੀੜ ਸੀ । ਦਿਲ ਦਾ ਭੇਤ ਇਕ ਦੂਜੇ ਅੱਗੇ ਫੋਲਣ ਤੋਂ ਉਹ ਦੋਵੇਂ ਝਿਜਕਦੇ ਸਨ । ਤੇ ਏਹਾ ਸਭ ਤੋਂ ਵੱਡਾ ਦੁੱਖ ਦਾ ਕਾਰਨ ਸੀ । ਧਰਤੀ ਦੀ ਹਿੱਕ 'ਤੇ ਟਿਕੇ ਪਰਬਤਾਂ ਦਾ ਸ਼ਾਇਦ ਏਨਾ ਭਾਰ ਨਾ ਹੋਵੇ, ਜਿੰਨਾ ਉਹਨਾਂ ਭੇਤਾਂ ਦਾ ਹੁੰਦਾ ਹੈ, ਜੋ ਅਸੀਂ ਆਪਣੇ ਪਿਆਰਿਆਂ ਤੋਂ ਲੁਕਾ ਕੇ ਰੱਖਦੇ ਹਾਂ । ਉਹ ਦੋਵੇਂ ਇਕ ਦੂਜੇ ਨਾਲ ਭੇਤ ਸਾਂਝਾ ਕਰਨ ਲਈ ਕਈ ਵਾਰ ਅਹੁਲਦੇ, ਪਰ ਮੂੰਹੋਂ ਹਵਾੜ੍ਹ ਨਾ ਕਢ ਸਕਦੇ । ਦਰਸ਼ਨ

ਦੀ ਯਾਦ ਦੋਹਾਂ ਦੇ ਅੰਦਰ ਵੱਖੋ ਵੱਖਰੀ ਕਿਸਮ ਦੀਆਂ ਤਰਾਟਾਂ ਪੈਦਾ ਕਰ ਰਹੀ ਸੀ। ਇਹਨਾਂ ਚੀਸਾਂ ਨੂੰ ਦਬਾਉਣ ਵਾਸਤੇ ਉਹ ਵਧੇਰੇ ਖਿੜ ਖਿੜ ਹੱਸਦੇ, ਵਧੇਰੇ ਘੁੱਟ ਘੁੱਟ ਮਿਲਦੇ, ਤੇ ਅਸਲੀਅਤ ਨਾਲੋਂ ਵਧੇਰੇ ਪਿਆਰ ਵਿਚ ਭੁੱਲ ਜਾਣ ਦਾ ਯਤਨ ਕਰਦੇ। ਏਸ ਤਰ੍ਹਾਂ ਉਹ ਆਪਣੇ ਆਪ ਨੂੰ ਧੋਖਾ ਦੇ ਲੈਂਦੇ, ਪਰ ਪੀੜ ਫੇਰ ਵੀ ਪੀੜ ਹੀ ਬਣੀ ਰਹਿੰਦੀ।

ਮਨਜੀਤ ਮਿੰਟਗੁਮਰੀ ਬੈਂਕ ਵਿਚੋਂ ਤਿੰਨ ਹਜ਼ਾਰ ਰੁਪੈ ਕਢਾ ਕੇ ਲਿਆਈ ਸੀ। ਇਸ ਵਿਚੋਂ ਕੁਛ ਰਕਮ ਉਹ ਘਰੋਂ ਲੈ ਕੇ ਤੁਰੀ ਸੀ, ਤੇ ਕੁਛ ਏਨਿਆਂ ਵਰ੍ਹਿਆਂ ਵਿਚ ਉਹਨੇ ਆਪਣੀ ਕਮਾਈ 'ਚੋਂ ਬਚਾਈ ਸੀ। ਇਕ ਦਿਨ ਉਹਨੇ ਸਾਰੀ ਪੂੰਜੀ ਕੁਲਵੰਤ ਦੇ ਹੱਥ ਦੇਂਦਿਆਂ ਕਿਹਾ, "ਲੈ, ਆਹ ਜਮ੍ਹਾਂ ਕਰਾ ਆਉ।"

"ਤੁਸੀਂ ਨਾਲ ਚੱਲੋਗੇ, ਤਾਂ ਹੋਵੇਗਾ ਨਾ"

"ਮੇਰੇ ਨਾਲ ਜਾਣ ਦੀ ਕੀ ਲੋੜ ?" ਮਨਜੀਤ ਨੇ ਬੜੀ ਅਦਾ ਨਾਲ ਕਿਹਾ। "ਹੁਣ ਮੈਂ ਸੁਹਾਗਣ ਆਂ। ਤੇ ਏਹੋ ਜੇਹੇ ਹਿਸਾਬ ਕਤਾਬ ਮਰਦਾਂ ਦੇ ਨਾਂ ਈ ਸੋਭਦੇ ਨੇ।"

"ਤਾਂ ਫਿਰ ਕੁਛ ਵੱਢੀ ਦੇਣੀ ਪਵੇਗੀ।"

"ਕੁਲਵੰਤ ! ਮੈਂ ਤਾਂ ਦੀਨ ਤੇ ਦੁਨੀਆਂ—ਦੋਵੇਂ—ਤੇਰੇ ਹਵਾਲੇ ਕਰ ਦਿਤੇ ਨੇ; ਤੇ ਤੂੰ ਅਜੇ ਵੀ ਵੱਢੀਆਂ ਮੰਗਦਾ ਏਂ ?"

"ਜੀ, ਹਾਂ।" ਕੁਲਵੰਤ ਸੱਜੇ ਹੱਥ ਦੀਆਂ ਦੋ ਉਂਗਲਾਂ ਆਪਣੇ ਮੱਥੇ 'ਤੇ ਲਾਉਂਦਾ ਹੋਇਆ ਬਾਹਰ ਚਲਾ ਗਿਆ।

ਮਨਜੀਤ ਹੋਰਾਂ ਨੂੰ ਪੁਰਾਣੀ ਮੰਡੀ ਵਿਚ ਮਕਾਨ ਮਿਲਿਆ ਸੀ। ਉਹਨਾਂ ਦੇ ਇਕ ਪਾਸੇ ਹਿੰਦੂਆਂ ਸਿੱਖਾਂ ਦੇ ਘਰ ਸਨ ਤੇ ਇਕ ਪਾਸੇ ਨਿਰੋਲ ਮੁਸਲਮਾਨਾਂ ਦੇ। ਇਕ ਦਿਨ ਮਨਜੀਤ ਕੋਠੇ 'ਤੇ ਚੜ੍ਹੀ, ਤਾਂ ਗੁਆਂਢੀਆਂ ਘਰੋਂ ਬੀਮਾਰ ਦੇ ਹੂੰਗਣ ਦੀ ਵਾਜ ਆਈ। ਉਹਨੇ ਬਨੇਰੇ ਉਤੋਂ ਦੀ ਝਾਤ ਮਾਰੀ। ਕੰਧ ਦੇ ਪਰਛਾਵੇਂ ਇਕ ਗਭਰੂ ਪਿੰਜਰ ਮੰਜੇ 'ਤੇ ਪਿਆ ਤੜਪ ਰਿਹਾ ਸੀ। ਉਹਦੇ ਸਰ੍ਹਾਣੇ ਬੈਠੀ ਬੁਢੜੀ ਮਾਂ ਪੱਖਾ ਝਲਦੀ ਅਰਦਾਸਾਂ ਕਰ ਰਹੀ ਸੀ, "ਯਾ ਅੱਲਾ ! ਮੇਰੀ ਏਹੋ ਪੂੰਜੀ ਏ। ਕਿਸੇ ਦੇ ਪੈਰਾਂ ਦੀ ਖ਼ੈਰੈਤ ਇਹਦੀ ਜਾਨ ਬਖਸ਼ ਦੇ।"

ਮਾਂ ਦੀਆਂ ਅੱਖਾਂ ਵਿਚ ਲੁੱਛਦੇ ਹੰਝੂਆਂ ਨੇ ਮਨਜੀਤ ਨੂੰ ਦੋ ਮਿੰਟਾਂ ਲਈ ਕੀਲ ਕੇ ਖਲ੍ਹਾਰ ਲਿਆ। ਏਨੇ ਨੂੰ ਰੋਗੀ ਦਾ ਪਿਤਾ ਲੱਤਾਂ ਧੂਹੰਦਾ ਘਰ ਵਿਚ ਦਾਖ਼ਲ ਹੋਇਆ। ਉਹਦੇ ਚਿਹਰੇ ਉਤੇ ਮਾਯੂਸੀ ਦੀਆਂ ਸੰਘਣੀਆਂ ਤ੍ਰਹਿਆਂ ਜੰਮੀਆਂ ਹੋਈਆਂ ਸਨ।

"ਡਾਕਟਰ ਨਹੀਂ ਆਇਆ ?" ਮਾਂ ਨੇ ਕਾਹਲੀ ਪੈ ਕੇ ਪੁੱਛਿਆ ।

"ਨਹੀਂ ।" ਨਿਰਾਸ ਪਿਤਾ ਕੋਲ ਇਸ ਤੋਂ ਵੱਧ ਕੋਈ ਉੱਤਰ ਨਹੀਂ ਸੀ । ਉਹ ਪੁੱਤਰ ਦੀ ਪੈਂਦ ਕੋਲ ਨਿਆਸਰਿਆਂ ਵਾਂਗ ਖਲੋ ਗਿਆ ।

"ਕਿਉਂ ?"

"ਉਹ ਫੀਸ ਪਹਿਲਾਂ ਮੰਗਦਾ ਸੀ ।

"ਤਾਂ ਕਿਸੇ ਆੜ੍ਹਤੀਏ ਕੋਲੋਂ ਦਸ ਰੁਪਈਏ ਫੜ ਲੈਣੇ ਸੀ ।"

"ਕਿਤੋਂ ਨਹੀਂ ਮਿਲੇ ।"

"ਤੇ ਜਿਨ੍ਹਾਂ ਕੋਲ ਨੌਕਰੀ ਕਰਦਾ ਏਂ, ਉਹਨਾਂ ਤੋਂ ਵੀ ਕੁਛ ਨਹੀਂ ਮਿਲਿਆ ?"

"ਉਹਨਾਂ ਉਲਟਾ ਨੌਕਰੀ ਤੋਂ ਜਵਾਬ ਦੇ ਦਿਤਾ ਤੇ ।"

"ਹੇ ਅੱਲਾ ! ਗਰੀਬਾਂ ਨੂੰ ਕਿਉਂ ਜਰਮ ਦੇਂਦਾ ਏਂ ?" ਮਾਂ ਦੀ ਦੁਖੀ ਆਤਮਾ ਵਿਚੋਂ ਰੱਬ ਲਈ ਸਖਤ ਨਿਹੋਰਾ ਨਿਕਲਿਆ । ਉਹ ਪੱਲੇ ਨਾਲ ਅੱਖਾਂ ਪੂੰਝਦੀ ਚੌਂਕੇ ਵੱਲ ਹੱਥ ਕਰ ਕੇ ਬੋਲੀ, "ਅਹੁ ਦੋ ਚਾਰ ਬੱਬਰ ਜਿਹੜੇ ਰਹਿ ਗਏ ਨੇ, ਉਹ ਵੀ ਲੈ ਜਾ । ਮੈਂ ਮਿੱਟੀ ਦਿਆਂ ਪਿਆਲਿਆਂ 'ਚ ਪਾਣੀ ਪੀ ਲਵਾਂਗੀ । ਅੱਲਾ ਮੇਰੇ ਬੱਚੇ ਦੀ ਜਾਨ ਬਖਸ਼ ਜਾਵੇ ।"

ਬੁਢੜੇ ਨੇ ਪਰਤ ਕੇ ਚੌਂਕੇ ਵੱਲ ਡਿਠਾ । ਪੰਜ-ਸੱਤ ਪਿੱਤਲ ਦੇ ਭਾਂਡੇ ਖਿਲਰੇ ਪਏ ਸਨ । ਬੁਢੜੇ ਦੀ ਹਿੰਮਤ ਨਾ ਪਈ ਚੌਂਕੇ ਵੱਲ ਵਧਣ ਦੀ । ਹਾਰੇ ਹੋਏ ਜੁਆਰੀਏ ਵਾਂਗ ਉਹਦੀ ਨਿਗ੍ਹਾ ਪੈਰਾਂ 'ਤੇ ਆ ਟਿਕੀ ।

"ਵਿਹੰਦਾ ਕੀ ਏਂ ? ਇਹ ਭੱਜੇ ਬੱਬਰ ਪੁੱਤਰ ਨਾਲੋਂ ਚੰਗੇ ਈ ? ਲੈ ਜਾ ਜੋ ਕੁਛ ਲਭਦਾ ਈ । ਰੱਬ ਗਰੀਬਾਂ ਦੇ ਇਮਤ੍ਹਾਨ ਲੈਂਦਾ ਏ । ਡਾਕਟਰ ਜੋਗੇ ਪੈਸੇ ਨਾ ਬਣੇ, ਤਾਂ ਵੈਦ ਨੂੰ ਲੈ ਆਵੀਂ । ਜਾਹ, ਛੇਤੀ ਕਰ ।"

ਬੁਢੜੇ ਨੇ ਜੇਰਾ ਕਰ ਕੇ ਚੌਂਕੇ ਵਿਚੋਂ ਇਕ ਪਰਾਤ, ਇਕ ਪਤੀਲਾ ਤੇ ਦੋ ਥਾਲ ਚੁਕ ਲਏ । ਵੇਖ ਕੇ ਮਨਜੀਤ ਦਾ ਮਨ ਕਾਬੂ ਵਿਚ ਨਾ ਰਿਹਾ । ਉਹ ਕਾਹਲੇ ਪੈਰੀਂ ਉਤਰ ਕੇ ਬੂਹੇ ਵਿਚ ਆ ਖਲੀ । ਜਦ ਉਹ ਬੁਢੜਾ ਭਾਂਡੇ ਚੁਕੀ ਬੂਹੇ ਅੱਗੋਂ ਲੰਘਣ ਲੱਗਾ, ਮਨਜੀਤ ਨੇ ਹਮਦਰਦੀ ਭਰੀ ਵਾਜ ਵਿਚ ਕਿਹਾ, "ਬਾਬਾ ਜੀ ! ਭਾਂਡੇ ਹਾਲੀ ਵਾਪਸ ਲੈ ਜਾਓ, ਤੇ ਮਾਤਾ ਜੀ ਨੂੰ ਜ਼ਰਾ ਮੇਰੇ ਵੱਲ ਭੇਜੋ ।"

ਬੁਢੜੇ ਨੇ ਇਕ ਵਾਰ ਨਿਗ੍ਹਾ ਭਰ ਕੇ ਮਨਜੀਤ ਵੱਲ ਤਕਿਆ ਤੇ ਉਹਨੀਂ ਪੈਰੀਂ ਪਿਛਾਂਹ ਮੁੜ ਗਿਆ । ਦੋ ਮਿੰਟ ਪਿਛੋਂ ਰੋਗੀ ਦੀ ਮਾਂ—ਬੁਢੜੀ ਫ਼ਾਤਮਾ—ਮਨਜੀਤ ਦੇ ਬੂਹੇ ਵਿਚ ਆ ਖਲੀ । ਉਹਦੇ ਮੂੰਹੋਂ ਕੋਈ ਸ਼ਬਦ ਨਿਕਲਣ ਤੋਂ ਪਹਿਲਾਂ

ਹੀ ਮਨਜੀਤ ਬੋਲ ਉਠੀ, "ਮਾਤਾ ਜੀ ! ਮੈਂ ਤੁਹਾਡੀਆਂ ਗੱਲਾਂ ਸੁਣ ਲਈਆਂ ਨੇ। ਵਾਹਿਗੁਰੂ ਤੁਹਾਡੇ ਬੱਚੇ ਦੀ ਜਾਨ ਬਖ਼ਸ਼ੇ। ਲੋ ਆਹ, ਤੇ ਡਾਕਟਰ ਨੂੰ ਲਿਆਓ। ਸਰਦਾਰ ਜੀ ਘਰ ਹੁੰਦੇ, ਤਾਂ ਉਹ ਆਪ ਜਾ ਕੇ ਲੈ ਆਉਂਦੇ। ਲੋੜ ਹੋਵੇ, ਤਾਂ ਹੋਰ ਵੀ ਦੋ ਚਾਰ ਮੰਗ ਲਿਓ।"

ਫ਼ਾਤਮਾ ਆਪਣੇ ਹੱਥਾਂ ਵਿਚ ਵੀਹ ਰੁਪੈ ਦੇ ਨੋਟ ਵੇਖ ਕੇ ਹੈਰਾਨ ਹੋਈ ਮਨਜੀਤ ਦੇ ਮੂੰਹ ਵੱਲ ਤਕ ਰਹੀ ਸੀ। ਮਸਾਂ ਏਨੇ ਅੱਖਰ ਈ ਉਹਦੇ ਮੂੰਹੋਂ ਨਿਕਲੇ, "ਧੀਏ ! ਅੱਲਾ ਤੇਰਾ ਸੁਹਾਗ ਸਲਾਮਤ ਰੱਖੇ।" ਬੁਢੜੀ ਫ਼ਾਤਮਾ ਦੀ ਨਹੀਂ, ਇਹ ਰੱਬ ਦੀ ਅਸੀਸ ਸੀ।

ਏਸਤਰ੍ਹਾਂ ਮਨਜੀਤ ਦੀ ਏਸ ਨਵੇਂ ਗੁਆਂਢ ਨਾਲ ਸਾਂਝ ਪਈ।

ਕੁਛ ਦਵਾਈ ਦਾ ਅਸਰ ਤੇ ਕੁਛ ਮਾਂ ਦੀਆਂ ਅਰਦਾਸਾਂ ਦਾ, ਇੱਕੀ ਦਿਨਾਂ ਪਿਛੋਂ ਫ਼ਾਤਮਾ ਦੇ ਪੁੱਤਰ ਦਾ ਤਾਪ ਲੱਥਾ। ਅੱਜ ਹੋਰ, ਭਲਕੇ ਹੋਰ, ਜੁਆਨ ਉਮਰ ਸੀ, ਦਸਾਂ-ਪੰਦਰਾਂ ਦਿਨਾਂ ਵਿਚ ਹੀ ਫੱਜਾ ਤੁਰਨ ਫਿਰਨ ਜੋਗਾ ਹੋ ਗਿਆ।

ਸਵੇਰੇ ਮਨਜੀਤ ਤੇ ਕੁਲਵੰਤ ਵਿਹੜੇ ਵਿਚ ਬੈਠੇ ਸ਼ਾਹ ਵੇਲਾ ਖਾ ਰਹੇ ਸਨ। ਬੂਹੇ ਵਿਚੋਂ ਪੈਰਾਂ ਦਾ ਖੜਾਕ ਆਇਆ। ਦੋਹਾਂ ਨੇ ਬਾਹਰ ਨੂੰ ਪਰਤ ਕੇ ਵੇਖਿਆ, ਤਾਂ ਅੱਗੇ ਅੱਗੇ ਬੁਢੜੀ ਫ਼ਾਤਮਾ, ਮਗਰ ਫੱਜਾ ਤੇ ਸਭ ਤੋਂ ਪਿਛੇ ਪਿਛੇ ਬੁੱਢਾ ਜਲਾਲ ਆ ਰਹੇ ਸਨ।

ਕੁਲਵੰਤ ਨੇ ਬੜੇ ਆਦਰ ਨਾਲ ਮੰਜੇ ਵੱਲ ਇਸ਼ਾਰਾ ਕਰਦਿਆਂ ਕਿਹਾ, "ਆਓ ਮਾਤਾ ਜੀ ! ਬੈਠੋ।"

ਫ਼ਾਤਮਾ ਨੇ ਪੁੱਤਰ ਵੱਲ ਤਕ ਕੇ ਕਿਹਾ, "ਪੁੱਤਰਾ ! ਅੱਲਾ ਤੋਂ ਉਰੇ ਆਹ ਦੋ ਫਰਿਸ਼ਤਾ ਰੂਹਾਂ ਨੇ, ਜਿਨ੍ਹਾਂ ਤੇਰੀ ਜਾਨ ਬਚਾਈ ਏ।" ਉਹਦੇ ਚਿਹਰੇ 'ਤੇ ਸ਼ਰਧਾ ਝਲਕ ਰਹੀ ਸੀ।

"ਮਾਂ ਜੀ ! ਐਵੇਂ ਸਾਨੂੰ ਸ਼ਰਮਿੰਦਿਆਂ ਨਾ ਕਰੋ।" ਮਨਜੀਤ ਨੇ ਰੁਮਾਲ ਨਾਲ ਹੱਥ ਸਾਫ਼ ਕਰਦਿਆਂ ਕਿਹਾ।

ਮਾਈ ਨੇ ਏਸ ਗੱਲ ਦਾ ਉੱਤਰ ਦਿਤੇ ਬਿਨਾਂ ਪੁੱਤਰ ਨੂੰ ਬਾਹੋਂ ਫੜ ਕੇ ਅਗੇਰੇ ਕਰਦਿਆਂ ਕਿਹਾ, "ਅੱਜ ਤੋਂ ਇਹ ਤੇਰੀ ਧਰਮ ਦੀ ਭੈਣ ਹੋਈ। ਮੱਥਾ ਟੇਕ ਇਹਨੂੰ।"

"ਨਾ ਨਾ, ਭਰਾ ਜੀ ! ਏਨਾ ਭਾਰ ਨਾ ਚਾੜ੍ਹੋ ਸਾਡੇ ਸਿਰ।" ਮਨਜੀਤ ਨੇ ਉਠ ਕੇ ਜ਼ਰਾ ਪਿਛਾਂਹ ਹਟਦਿਆਂ ਕਿਹਾ।

"ਧੀਏ ! ਪੈਰ ਛੁਹ ਲੈਣ ਦੇ ਇਹਨੂੰ। ਨਹੀਂ ਤਾਂ ਇਹਦਾ ਸਿਜਦਾ ਅੱਲਾ ਦੇ

ਘਰ ਕਬੂਲ ਨਹੀਂ ਹੋਣਾ।" ਬੁਢੀ ਫਾਤਮਾ ਦੀਆਂ ਅੱਖਾਂ ਵਿਚ ਹੰਝੂ ਸਨ ਤੇ ਹੱਥ ਜੁੜੇ ਹੋਏ। ਮਨਜੀਤ ਦੇ 'ਨਾਂਹ ਨਾਂਹ' ਕਰਦਿਆਂ ਵੀ ਫੱਜੇ ਨੇ ਅੱਗੇ ਵਧ ਕੇ ਉਹਦੇ ਪੈਰ ਛੂਹ ਲਏ।

"ਸਰਦਾਰ ਜੀ!" ਬੁੱਢੇ ਜਲਾਲ ਨੇ ਹੱਥ ਜੋੜ ਕੇ ਕਿਹਾ। "ਅਸੀਂ ਗਰੀਬ ਤੁਹਾਡਾ ਮੁਾਨ ਮੋੜਨ ਜੋਗੇ ਕਿੱਥੇ ਆਂ? ਪਰ ਜੇ ਫੱਜਾ ਮੇਰਾ ਪੁੱਤਰ ਹੋਇਆ, ਤਾਂ ਲੋੜ ਪਈ 'ਤੇ ਤੁਹਾਡੇ ਮੁੜ੍ਹਕੇ ਦੀ ਥਾਂ ਲਹੂ ਡੋਲ੍ਹੇਗਾ। ਇਹਦੀ ਜਾਨ ਹੁਣ ਤੁਹਾਡੀ ਅਮਾਨਤ ਏ।" ਉਹਦੀਆਂ ਅੱਖਾਂ ਵਿਚੋਂ ਸ਼ਰਧਾ ਦੇ ਹੰਝੂ ਕਿਰ ਰਹੇ ਸਨ।

ਪੈਸਾ-ਪਤੀ ਨੇ ਗਰੀਬਾਂ ਕੋਲੋਂ ਹੋਰ ਸਭ ਕੁਛ ਖੋਹ ਲਿਆ ਹੈ, ਪਰ ਸ਼ਰਧਾ ਤੇ ਸਤਕਾਰ ਨਹੀਂ ਖੋਹ ਸਕਿਆ। ਦਿਲੀ-ਸਤਕਾਰ ਕੇਵਲ ਗਰੀਬ ਦੀ ਦੁਨੀਆਂ ਵਿਚ ਹੀ ਹੈ, ਅਮੀਰ ਦੇ ਸੰਸਾਰ ਵਿਚ ਨਹੀਂ। ਓਥੇ ਸਿਰਫ਼ ਦਿਖਾਵਾ ਹੈ, ਫੋਕਾ ਦਿਖਾਵਾ।

ਕੁਲਵੰਤ ਬੁਢੇ ਜਲਾਲ ਦੀ ਸ਼ਰਧਾ ਉਤੇ ਮੋਹਿਆ ਗਿਆ। ਉਹਨੇ ਹੱਥ ਜੋੜ ਕੇ ਕਿਹਾ, "ਬਾਬਾ ਜੀ! ਇਨਸਾਨ ਸਭ ਇਕੋ ਜੇਹੇ ਨੇ। ਕੋਈ ਅਮੀਰ ਗਰੀਬ ਨਹੀਂ। ਗੁਰੂ ਚਾਹਿਆ, ਤਾਂ ਅਸੀਂ ਚੰਗੇ ਗੁਆਂਢੀ ਬਣਕੇ ਵੱਸਾਂਗੇ।"

## ੮

ਆਪਣੇ ਹੀ ਲਹੂ ਵਿਚ ਚੰਗਿਆੜੀ ਫੁਟਣ ਨਾਲ ਸਰੀਰ ਉਤੇ ਚਿੱਟੇ ਮੂੰਹ ਵਾਲੀ ਫਿਨਸੀ ਪੈਦਾ ਹੋ ਜਾਂਦੀ ਹੈ। ਉਹਦਾ ਵੇਲੇ ਸਿਰ ਇਲਾਜ ਨਾ ਹੋਣ ਕਰਕੇ ਕੋਈ ਵਾਰ ਉਹ ਅਸਾਧ ਫੋੜਾ ਤੇ ਫਿਰ ਨਾਸੂਰ ਬਣ ਜਾਂਦੀ ਹੈ; ਏਥੋਂ ਤਕ, ਕਿ ਕਦੇ ਕਦੇ ਜਿਉਂਦੇ ਸਰੀਰ ਦਾ ਅੰਗ ਕੱਟਣ ਤਕ ਨੌਬਤ ਪਹੁੰਚ ਜਾਂਦੀ ਹੈ।

ਹਿੰਦ ਦੀ ਏਕਤਾ ਨੂੰ ਨਸ਼ਟ ਕਰਨ ਵਾਸਤੇ ਅੰਗਰੇਜ਼ ਸ਼ਾਤਰਾਂ ਨੇ ਛੋਟੀ ਜੇਹੀ ਚੰਗਿਆੜੀ ਸੁੱਟੀ ਸੀ। ਹਿੰਦੂ ਨੇਤਾਵਾਂ ਦੀ ਤੰਗਦਿਲੀ ਤੇ ਮੁਸਲਮ ਆਗੂਆਂ ਦੀ ਜ਼ਿਦ ਨੇ ਉਸਨੂੰ ਹਵਾ ਦਿਤੀ। ਜਿਸਦਾ ਸਦਕਾ ਸਾਡੇ ਅਮਨ ਦੇ ਖਲਵਾੜੇ ਵਿਚ ਭਾਂਬੜ ਬਲ ਉਠੇ। ਲਹੂ ਫਿੱਟ ਗਿਆ। ਭਰਾ ਦਾ ਭਰਾ ਵੈਰੀ ਬਣ ਗਿਆ। ਜਨਮ ਭਰ ਦੀਆਂ ਦੋਸਤੀਆਂ ਵੈਰ ਵਿਚ ਬਦਲ ਗਈਆਂ। ਹਿੰਦੁਸਤਾਨੀਅਤ ਖ਼ਤਮ ਹੋ ਗਈ। ਮਜ਼ਬ ਨੂੰ ਕੌਮ ਮੰਨ ਕੇ ਮਾਂ-ਪਿਉ ਜਾਏ ਭਾਈ ਦੁਸ਼ਮਣ ਬਣ ਗਏ। ਜਾਂਦਾ ਜਾਂਦਾ ਅੰਗਰੇਜ਼ ਗਾਜ਼ੀਆਂ ਤੇ ਸੂਰਬੀਰਾਂ ਦੇ ਹੱਥ ਛੁਰੇ ਤੇ ਤਰਸੂਲ ਫੜਾ ਗਿਆ।

ਪਾਕਸਤਾਨ ਬਣ ਗਿਆ। 'ਬੁੱਲ੍ਹੇ' ਤੇ 'ਵਾਰਸ' ਦਾ ਪੰਜਾਬ ਅੱਧ ਵਿਚੋਂ ਚੀਰਿਆ ਗਿਆ। ਪੰਦਰਾਂ ਅਗਸਤ (੧੯੪੭ ਈ.) ਨੂੰ ਆਜ਼ਾਦੀ ਆਈ ਤੇ ੧੭ ਸ਼ਾਮ ਨੂੰ ਦੋ ਪੰਜਾਬਾਂ ਦੀ ਹੱਦ-ਬੰਦੀ ਦਾ ਐਲਾਨ ਹੋ ਗਿਆ। ਜਿਸ ਆਜ਼ਾਦੀ ਦੇ ਸਵਾਗਤ ਵਾਸਤੇ ਦੀਪਮਾਲਾਂ ਹੋਣੀਆਂ ਸਨ, ਪੰਜਾਬੀਆਂ ਨੇ ਗੁਆਂਢੀਆਂ ਦੇ ਘਰ ਸਾੜਕੇ ਜਸ਼ਨ ਮਨਾਏ। ਕੇਸਰ ਦੀ ਥਾਂ ਇਕ ਦੂੱਜੇ ਦੇ ਮੱਥੇ ਵਿਚ ਗੋਲੀਆਂ ਦੇ ਤਿਲਕ ਲਾਏ। ਸੁੱਕੇ ਬਾਰੂਦ ਵਾਂਗ ਸਾਰਾ ਪੰਜਾਬ ਬਲ ਉੱਠਿਆ।

ਹਰ ਨਵੇਂ ਦਿਨ ਦਾ ਸੂਰਜ ਦੇਸ਼ ਵਾਸੀਆਂ ਦੇ ਲਹੂ ਵਿਚ ਨ੍ਹਾ ਕੇ ਚੜ੍ਹਦਾ ਸੀ। ੨੦ ਅਗਸਤ ਨੂੰ ਉਹ ਪੱਤੋਕੀ ਉਤੇ ਵੀ ਬਲਦੇ ਮੁਆਤੇ ਲੈ ਕੇ ਚੜ੍ਹ ਆਇਆ। ਜ਼ਿਲਾ ਲਾਹੌਰ ਦਾ ਇਹ ਹਿੱਸਾ ਪਾਕਸਤਾਨ ਵਿਚ ਆ ਗਿਆ ਸੀ। ਸਰਕਾਰੀ ਕਰਮਚਾਰੀਆਂ ਦੀ ਸ਼ਹਿ ਨਾਲ ਇਲਾਕੇ ਦੇ ਚੌਧਰੀਆਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਗ਼ਾਜ਼ੀ ਕੱਠੇ ਕਰਕੇ ਕਾਫ਼ਰਾਂ 'ਤੇ ਧਾਵਾ ਬੋਲ ਦਿਤਾ। ਸਟੇਸ਼ਨ 'ਤੇ ਖਲੀ ਘਰ-ਛੋੜਾਂ ਦੀ ਗੱਡੀ ਲੁੱਟ ਲਈ। ਫਿਰ ਸ਼ਹਿਰ ਵਿਚ ਲੁੱਟ ਮਾਰ ਤੇ ਛੁਰੇ ਬਾਜ਼ੀ ਸ਼ੁਰੂ ਹੋ ਗਈ।

ਜਿਉਂ ਜਿਉਂ ਸੂਰਜ ਉਚੇਰਾ ਹੁੰਦਾ ਗਿਆ, ਤਿਉਂ ਤਿਉਂ ਰੱਤ ਦੀ ਹੋਲੀ ਖੇਡਣ ਵਾਲੇ ਵੀ ਤੇਜ਼ ਹੁੰਦੇ ਗਏ। ਦੁਪਹਿਰ ਤਕ ਕਈ ਹਜ਼ਾਰ ਪਾਕਸਤਾਨ ਦੇ ਮੁਦਈ ਬਾਹਰੋਂ ਹੋਰ ਆ ਗਏ। ਫਿਰ ਤਾਂ ਅਤਿਆਚਾਰ ਵਾਲੀ ਹੱਦ ਮੁਕ ਗਈ। ਗਲੀ ਬਾਜ਼ਾਰ ਵਿਚ ਹਰ ਥਾਂ ਲੋਥਾਂ ਹੀ ਲੋਥਾਂ ਦਿੱਸਣ ਲੱਗੀਆਂ। ਹਰ ਗ਼ਾਜ਼ੀ ਇਕ ਹੱਥ ਛੁਰਾ ਤੇ ਇਕ ਹੱਥ ਅੱਗ ਦਾ ਮੁਆਤਾ ਲਈ ਸ਼ਹਿਰ ਵਿਚ ਦੌੜਿਆ ਫਿਰਦਾ ਸੀ। ਹਰ ਮੁਸਲਮ ਲੀਗੀ ਪਾਕਸਤਾਨ ਦੀਆਂ ਨੀਂਹਾਂ ਪੱਕੀਆਂ ਕਰਨ ਵਾਸਤੇ ਵੱਧ ਤੋਂ ਵੱਧ ਹਿੰਦੂਆਂ ਸਿੱਖਾਂ ਦੀ ਬਲੀ ਦੇਣਾ ਚਾਹੁੰਦਾ ਸੀ। ਮਨੁੱਖਤਾ ਪਾਗਲ ਹੋ ਉਠੀ ਸੀ। ਸਭ ਪਤਵੰਤੇ ਕਾਤਲ ਬਣ ਚੁਕੇ ਸਨ। ਦੁਧ ਚੁੰਘਦੇ ਬੱਚੇ ਨੇਜ਼ਿਆਂ 'ਤੇ ਟੰਗ ਕੇ ਹਰ ਕੋਈ 'ਪਾਕਸਤਾਨ, ਜ਼ਿੰਦਾਬਾਦ' ਦਾ ਨਾਅਰਾ ਲਾਉਣ ਵਿਚ ਫ਼ਖ਼ਰ ਸਮਝਦਾ ਸੀ। ਚੌਂਕਾਂ ਵਿਚ ਪਈਆਂ ਮੁਟਿਆਰਾਂ ਇਸਤਰੀਆਂ ਦੀਆਂ ਨੰਗੀਆਂ ਲੋਥਾਂ ਪੰਜਾਬ ਦੇ ਸਾਊਪੁਣੇ ਨੂੰ ਰੋ ਰਹੀਆਂ ਸਨ। ਅਬਲਾ ਦੀ ਸੱਜਰੇ ਸੰਧੂਰ ਵਾਲੀ ਮਾਂਗ ਵਿਚੋਂ ਲਹੂ ਦੀ ਧਾਰ ਵਗਦੀ ਵੇਖ ਕੇ ਸੂਰਮੇ ਆਪਣੀ ਬਹਾ-ਦਰੀ ਦੇ ਮਾਣ 'ਤੇ ਭੰਗੜਾ ਪਾ ਰਹੇ ਸਨ। ਇਹ ਸੂਰਮਤਾਈ ਦੇ ਕਾਰਨਾਮੇ ਵਿਹੰਦਾ ਵਿਹੰਦਾ ਅੱਕ ਕੇ ਸੂਰਜ ਅਸਤ ਗਿਆ।

ਰਾਤ ਪੈ ਗਈ। ਕਈ ਸੈਂਕੜੇ ਹਿੰਦੂ ਸਿੱਖ ਮਾਰੇ ਗਏ। ਕੋਈ ਘਰ-ਬਾਰ ਛਡ ਕੇ ਨੱਸ ਗਏ। ਲੱਖਾਂ ਰੁਪਇਆਂ ਦਾ ਮਾਲ ਲੁੱਟਿਆ ਗਿਆ। ਹੱਲਿਆਂ ਦੇਸ

ਮਹੱਲੇ ਸੜ ਰਹੇ ਸਨ। ਬੰਦੂਕਾ ਦੀ ਠਾਹ-ਠੂਹ ਤੇ ਦੁਖੀਆਂ ਦਾ ਚੀਕ-ਚਿਹਾੜਾ ਵਾਤਾਵਰਣ ਨੂੰ ਵਧੇਰੇ ਭਿਆਨਕ ਬਣਾ ਰਿਹਾ ਸੀ। ਜ਼ਿੰਦਗੀ ਦੀ ਹਰ ਦਹਿਲੀਜ਼ ਮੌਤ ਜੱਫੀ ਪਾ ਰਹੀ ਸੀ।

ਮਨਜੀਤ ਤੇ ਕੁਲਵੰਤ ਅਗਲੇ ਅੰਦਰ ਸਹਿਮੇ ਬੈਠੇ ਸਨ। ਰਹਿ ਰਹਿ ਕੇ ਮਨਜੀਤ ਨੂੰ ਓਹਾ ਰਾਤ ਯਾਦ ਆ ਰਹੀ ਸੀ, ਜਦ ਉਹ ਤਾਰੂ ਤੋਂ ਡਰਦੀ ਛੋਟੇ ਜੇਹੇ ਕੁਲਵੰਤ ਨੂੰ ਗਲ ਨਾਲ ਲਾ ਕੇ ਘਰੋਂ ਨਿਕਲੀ ਸੀ। ਬਾਹਰੋਂ ਗੋਲੀ ਚੱਲਣ ਦੀ ਵਾਜ ਆਉਂਦੀ ਸੀ, ਤਾਂ ਹੁਣ ਵੀ ਕੁਲਵੰਤ ਨੂੰ ਆਪਣੇ ਸੀਨੇ ਵਿਚ ਲੁਕਾ ਲੈਣ ਵਾਸਤੇ ਉਹਦੀਆਂ ਬਾਂਹੀਂ ਆਪ ਮੁਹਾਰੀਆਂ ਅਗ੍ਹਾਂ ਉੱਲਰ ਪੈਂਦੀਆਂ ਸਨ।

ਬੂਹੇ ਵਿਚ ਬੈਠੀ ਮਾਈ ਫ਼ਾਤਮਾ ਪਹਿਰਾ ਦੇ ਰਹੀ ਸੀ। ਕੋਲ ਉਸਦਾ ਜੁਆਨ ਪੁਤਰ—ਫੱਜਾ—ਹੱਥ ਵਿਚ ਬਰਛੀ ਲਈ ਖਲਾ ਸੀ। ਕੋਠੇ ਉਤੇ ਬੈਠਾ ਬੁੱਢਾ ਜਲਾਲ 'ਯਾ ਅਲੀ, ਯਾ ਮੁਹੰਮਦ' ਦਾ ਜਾਪ ਕਰ ਰਿਹਾ ਸੀ। ਅੱਧੀ-ਕੁ ਰਾਤ ਬੀਤੀ, ਤਾਂ ਪੰਜ ਸੱਤ ਮੁਸਲਮਾਨ ਬਰਛੀਆਂ ਲਈ ਬੂਹੇ ਅੱਗੇ ਆ ਖਲੇ। ''ਹਟ ਜਾ ਮਾਈ, ਬੂਹੇ ਤੋਂ ਪਾਸੇ। ਕਿਆ ਪਥੱਲਾ ਮਾਰ ਕੇ ਬੈਠੀ ਏ। ਨਿਆਜ਼ ਚੜ੍ਹ ਗਈ ਹੋਣੀ ਏਂ ?'' ਇਕ ਗਭਰੂ ਨੇ ਮੱਥੇ ਦੇ ਵੱਟ ਡੂੰਘੇ ਕਰਦਿਆਂ ਕਿਹਾ।

''ਡਰੋ ਅੱਲਾ ਪਾਕ ਤੋਂ। ਹਿੰਦੂਆਂ ਦੇ ਘਰ ਲੁੱਟ ਕੇ ਢਿੱਡ ਨਹੀਂ ਭਰਿਆ ? ਹੁਣ ਮੁਸਲਮਾਨਾਂ ਦੇ ਲੁੱਟਣ 'ਤੇ ਉਤਾਰੂ ਹੋ ਖਲੇ ਜੇ।'' ਕਹਿੰਦਿਆਂ ਕਹਿੰਦਿਆਂ ਮਾਈ ਫ਼ਾਤਮਾ ਚੁਗਾਠ ਦੀਆਂ ਦੋਹਾਂ ਬਾਹੀਆਂ ਨੂੰ ਹੱਥ ਪਾ ਕੇ ਬੂਹੇ 'ਚ ਹੋ ਖਲੀ।

''ਅੱਲਾ ਦੀ ਸਹੁੰ, ਮੈਂ ਆਪ ਵੇਖਿਆ ਏ ਇਸ ਮਕਾਨ ਵਿਚ ਇਕ ਗਭਰੂ ਸਿੱਖ ਤੇ ਉਹਦੀ ਜਨਾਨੀ ਰਹਿੰਦੇ ਨੇ।'' ਇਕ ਹੋਰ ਮਾੜਚੂ ਜੇਹੇ ਨੇ ਸਿਰ ਨਾਲੋਂ ਉੱਚੀ ਬਰਛੀ ਨੂੰ ਦੋਹਾਂ ਹੱਥਾਂ ਵਿਚ ਸੰਭਾਲਦਿਆਂ ਕਾਹਲੇ ਪੈ ਕੇ ਕਿਹਾ।

''ਉਹ ਤਾਂ ਸੱਤ ਦਿਨ ਹੋਏ ਮਕਾਨ ਖਾਲੀ ਕਰ ਗਏ ਨੇ। ਹੁਣ ਏਥੇ ਮੇਰੀ ਧੀ ਫਜ਼ਲ ਬੀਬੀ ਰਹਿੰਦੀ ਏ।'' ਸੱਚ ਨਾਲੋਂ ਵੀ ਪਵਿੱਤਰ ਸੀ ਮਾਈ ਫ਼ਾਤਮਾ ਦਾ ਇਹ ਝੂਠ।

ਏਨੇ ਨੂੰ ਜਲਾਲ ਕੋਠੇ ਤੋਂ ਉੱਤਰ ਕੇ ਬੂਹੇ ਵਿਚ ਆਪਣੇ ਪੁੱਤਰ ਦੇ ਬਰਾਬਰ ਆ ਖਲਾ। ਉਹਨੇ ਫ਼ਾਤਮਾ ਦੇ ਬਰਾਬਰ ਹੋ ਕੇ ਕਿਹਾ, ''ਖ਼ਬਰਦਾਰ ! ਜੇ ਏਥੇ ਕੋਈ ਹਿੰਦੂ ਸਿੱਖ ਹੁੰਦਾ, ਤਾਂ ਹੁਣ ਨੂੰ ਅਸੀਂ ਆਪ ਹੀ ਨਾ ਲੁੱਟ ਲੈਂਦੇ ? ਇਹ ਤਾਂ ਕਿਸਮਤਾਂ ਮਾਰੀ ਮੇਰੀ ਧੀ ਅੰਬਰਸਰੋਂ ਉਜੜ ਕੇ ਆਈ ਏ। ਓਥੇ ਹਿੰਦੂਆਂ ਸਿੱਖਾਂ ਕੋਈ ਘੱਟ ਕੀਤੀ ਏ ਮੁਸਲਮਾਨਾਂ ਨਾਲ ?''

''ਵੇਖੋ ਉਇ ! ਇਹ ਬੁੱਢਾ ਕਬਰ ਵਿਚ ਲੱਤਾਂ ਲਮਕਾਈ ਬੈਠਾ ਏ, ਪਰ

ਕਾਫਰਾਂ ਦੀ ਖਾਤਰ ਕੁਫਰ ਤੋਲਣ ਡਿਹਾ ਹੋਇਆ ਏ।" ਫਿਰ ਓਸੇ ਸੁਕੜੂ ਪਹਿਲਵਾਨ ਨੇ ਜ਼ਰਾ ਗਰਮ ਹੋ ਕੇ ਕਿਹਾ।

"ਮੈਂ ਪੁੱਤਰ ਦੀ ਸੌਂਹ ਖਾ ਕੇ ਕਹਿਨਾ, ਕਿ ਅੰਦਰ ਮੇਰੀ ਧੀ ਤੋਂ ਬਿਨਾਂ ਕੋਈ ਨਹੀਂ।" ਡਰ ਤੇ ਗੁੱਸੇ ਨਾਲ ਜਲਾਲ ਦਾ ਸਰੀਰ ਕੰਬ ਰਿਹਾ ਸੀ।

ਏਨੇ ਤਕ ਕੁਛ ਹੋਰ ਲੁੱਟ ਦੇ ਚਾਹਵਾਨ ਗਲੀ ਵਿਚ ਕੱਠੇ ਹੋ ਗਏ। ਇਕ ਸਿਆਣੀ ਉਮਰ ਦੇ ਨੇ ਭੀੜ ਵਿਚੋਂ ਕੋੜਾ ਜੇਹਾ ਅੱਗੇ ਵਧ ਕੇ ਕਿਹਾ, "ਝਗੜਦੇ ਕਿਉਂ ਹੋ ? ਦੋ ਮੁਅਤਬਰ ਆਦਮੀ ਅੰਦਰ ਲੰਘ ਕੇ ਵੇਖ ਲਵੋ।"

ਇਹ ਸੁਣਕੇ ਪਹਿਲਾਂ ਤਾਂ ਫ਼ਾਤਮਾ ਘਬਰਾਈ, ਪਰ ਫਿਰ ਕੁਛ ਸੋਚ ਕੇ ਉਹ ਉਚੀ ਉਚੀ ਬੋਲਣ ਲੱਗ ਪਈ। ਉਹ ਪੱਟਾਂ ਉਤੇ ਦੁਹੱਥੜ ਮਾਰਦੀ ਬੋਲੀ, "ਹਾਇ ਹਾਇ! ਵੇ, ਤੁਹਾਨੂੰ ਸਬਰ ਪਏ। ਮੇਰੀ ਧੀ ਅੰਦਰ ਵਿਅੰਮ ਕੱਟ ਰਹੀ ਏ, ਦਾਈ ਉਹਦੇ ਕੋਲ ਬੈਠੀ ਏ ਤੇ ਤੁਸੀਂ ਅੰਦਰ ਲੰਘ ਕੇ ਉਹਦਾ ਪੜਦਾ ਵੇਖਣਾ ਚੌਹੁੰਦੇ ਓ ? ਯਾ ਅੱਲਾ! ਏਹਾ ਏ ਤੇਰਾ ਪਾਕਸਤਾਨ ? ਜਿੱਥੇ ਗਰੀਬ ਮੋਮਨਾਂ ਦੀਆਂ ਧੀਆਂ ਭੈਣਾਂ ਦੀ ਪਤ ਲਾਹੁਣ ਵਾਸਤੇ ਇਹ ਬੁਰਛੇ ਮੁਆਤੇ ਚੁੱਕੀ ਫਿਰਦੇ ਨੇ।"

"ਮੂੰਹ ਬੰਦ ਕਰ ਬੁਢੜੀਏ। ਅਸੀਂ ਤੇਰਾ ਸੱਚ ਝੂਠ ਨਤਾਰ ਕੇ ਛੱਡਾਂਗੇ।" ਭੀੜ ਵਿਚੋਂ ਇਕ ਹੋਰ ਭੜਕੀਲੇ ਬੰਦੇ ਨੇ ਕਿਹਾ।

"ਤਾਂ ਅਸੀਂ ਵੀ ਆਪਣੀ ਇੱਜਤ ਬਦਲੇ ਮਰਨਾ ਜਾਣਦੇ ਆਂ। ਸਾਡੀਆਂ ਦੋਹਾਂ ਪਿਉ ਪੁੱਤਰਾਂ ਦੀਆਂ ਲੋਥਾਂ ਲਤਾੜ ਕੇ ਈ ਤੁਸੀਂ ਅੰਦਰ ਜਾ ਸਕੋਗੇ। ਉਇ! ਤੁਹਾਨੂੰ ਸ਼ਰਮ ਨਹੀਂ ਔਂਦੀ ? ਵੱਡੇ ਮੁਸਲਮਾਨ ਬਣੇ ਫਿਰਦੇ ਜੇ! ਕੁਛ ਤਾਂ ਸਾਡੀਆਂ ਧੀਆਂ ਦੀ ਇੱਜਤ ਹਿੰਦੁਸਤਾਨੀ ਲੁਟੇਰਿਆਂ ਲੁੱਟ ਲਈ ਏ, ਤੇ ਰਹਿੰਦੀ ਮਿੱਟੀ ਪੁੱਟਣ ਤੁਸੀਂ ਆ ਗਏ ਓ ? ਤੁਹਾਡੀ ਵੀ ਕੋਈ ਧੀ ਭੈਣ ਏਸ ਹਾਲਤ ਵਿਚ ਓਧਰੋਂ ਉਜੜ ਕੇ ਆਈ ਹੁੰਦੀ, ਤਾਂ ਤੁਹਾਨੂੰ ਕਿਸੇ ਦੇ ਦੁੱਖ ਪੀੜ ਦਾ ਪਤਾ ਹੁੰਦਾ।" ਕਹਿੰਦਾ ਕਹਿੰਦਾ ਬੁਢਾ ਜਲਾਲ ਹਫ ਗਿਆ।

"ਉਇ, ਅਸੀਂ ਜਾਣਦੇ...।"

"ਖਲੋ ਉਇ, ਵੱਡਿਆ ਕਾਹਲਿਆ।" ਇਕ ਹੋਰ ਨੇ ਵਿਚੋਂ ਹੀ ਗੱਲ ਟੁਕ ਕੇ ਕਿਹਾ। "ਹੱਛਾ, ਮਾਈ! ਤੂੰ ਕਸਮ ਖਾ ਕੇ ਆਹੰਦੀ ਏਂ, ਪਈ ਅੰਦਰ ਤੇਰੀ ਧੀ ਤੋਂ ਬਿਨਾਂ ਕੋਈ ਨਹੀਂ ?"

"ਹਾਂ, ਕਸਮ ਖਾ ਕੇ।" ਫ਼ਾਤਮਾ ਨੇ ਦੋਵੇਂ ਹੱਥ ਚੁਕ ਕੇ ਕਿਹਾ। "ਮੇਰਾ ਇਕੋ ਇਕ ਪੁੱਤਰ ਏ। ਅੱਲਾ ਕਰੇ! ਸਾਨੂੰ ਕਬਰ ਵਿਚ ਢੋਈ ਨਾ ਮਿਲੇ, ਜੇ ਝੂਠ ਆਖਾਂ ਤਾਂ! ਅੰਦਰ ਮੇਰੀ ਧੀ ਵਿਅੰਮ ਦੀਆਂ ਪੀੜਾਂ ਨਾਲ ਤੜਫ ਰਹੀ ਏ। ਉਹਦਾ ਦਸਾਂ

ਵਰ੍ਹਿਆਂ ਦਾ ਮੁੰਡਾਂ ਔਤਰਿਆ ਕਾਫ਼ਰਾਂ ਨੇ ਉਹਦੇ ਸਾਮ੍ਹਣੇ ਵਢਿਆ ਅੰਬਰਸਰ। ਅੱਲਾ ਪਾਕ ਉਹਨਾਂ ਤੋਂ ਬਦਲਾ ਲਵੇ।" ਤੇ ਉਹ ਸਿਰ ਦੇ ਪੱਲੇ ਨਾਲ ਅੱਖਾਂ ਪੂੰਝਣ ਲੱਗ ਪਈ।

"ਛੱਡੋ ਉਇ! ਕਿਉਂ ਦੁਖੀ ਨੂੰ ਹੋਰ ਦੁਖੀ ਕਰਦੇ ਜੇ ਪਏ।" ਤਰਸ ਵਿਚ ਭਰਕੇ ਇਕ ਨੇ ਕਿਹਾ।

"ਅਮਾਨ ਨਾਲ, ਇਹ ਬੁਢੜੀ ਨਿਰੀ ਫਫੇਕੁਟਣ ਜੇ। ਅੰਦਰ ਸਿੱਖ ਨਾ ਹੋਣ, ਤਾਂ ਮੇਰੀ ਦਾੜ੍ਹੀ...।"

"ਉ, ਖੁਆੜਾ ਛਡ। ਜੇ ਹੋਣਗੇ, ਤਾਂ ਕਿਧਰੇ ਨੱਸ ਚੱਲੇ ਨੇ? ਦਿਨੇ ਵੇਖੀ ਜਾਇਗੀ।"

ਸਹਿਜ ਸਹਿਜ ਭੀੜ ਦੂੰਜੇ ਮਹੱਲੇ ਵੱਲ ਚਲੀ ਗਈ। ਇਕ ਵਾਰ ਤਾਂ ਆਈ ਬਲਾ ਟਲ ਗਈ, ਪਰ ਦਿਨੇ ਕੀ ਬਣੇਗਾ? ਇਹ ਸੋਚ ਸਾਰਿਆਂ ਨੂੰ ਡੋਬੂ ਪਾ ਰਹੀ ਸੀ। ਬੂਹਾ ਮਾਰ ਕੇ ਫ਼ਾਤਮਾ ਅੰਦਰ ਗਈ, ਤਾਂ ਮਨਜੀਤ ਉਹਦੇ ਗਲ ਲੱਗ ਕੇ ਰੋ ਪਈ।

"ਧੀਏ! ਅੱਲਾ 'ਤੇ ਭਰੋਸਾ ਰੱਖ। ਜਿੰਨਾ ਚਿਰ ਸਾਡੇ ਤਿੰਨਾ ਜੀਆਂ ਵਿਚੋਂ ਇਕ ਵੀ ਜਿਉਂਦਾ ਏ, ਤੁਹਾਡੀ ਵਾ ਵੱਲ ਵੀ ਕੋਈ ਨਹੀਂ ਵੇਖ ਸਕਦਾ।" ਫ਼ਾਤਮਾ ਨੇ ਮਨਜੀਤ ਦਾ ਸਿਰ ਪਲੋਸਦਿਆਂ ਕਿਹਾ।

"ਮਾਈ! ਅਸੀਂ ਕਈ ਜਨਮ ਤੁਹਾਡਾ ਅਹਿਸਾਨ ਨਹੀਂ ਭੁੱਲਾਂਗੇ। ਜਿਵੇਂ ਜਾਣਦੇ ਓ, ਸਾਡੀ ਜਾਨ ਬਚਾਓ। ਦਿਨੇ ਸਾਨੂੰ ਕਿਸੇ ਨਹੀਂ ਜੇ ਛਡਣਾ।" ਕੁਲਵੰਤ ਦੇ ਸ਼ਬਦਾਂ ਵਿਚੋਂ ਨਿਰਾਸਤਾ ਪਰਗਟ ਹੋ ਰਹੀ ਸੀ।

ਏਨੇ ਨੂੰ ਬੁੱਢਾ ਜਲਾਲ ਵੀ ਅੰਦਰ ਆ ਗਿਆ। ਫ਼ੱਜਾ ਬੂਹੇ ਦੇ ਅੰਦਰ ਵਾਰ ਓਵੇਂ ਹੀ ਬਰਛੀ ਤਾਣ ਕੇ ਖਲਾ ਰਿਹਾ। 'ਇਹਨਾਂ ਦੀਆਂ ਜਾਨਾਂ ਕਿਵੇਂ ਬਚਾਈਆਂ ਜਾਣ?' ਇਹ ਗੁੰਝਲ ਸਾਰਿਆਂ ਨੂੰ ਪਰੇਸ਼ਾਨ ਕਰ ਰਹੀ ਸੀ। ਪਹਿਲਾਂ ਇਹ ਤਜਵੀਜ਼ ਹੋਈ, ਕਿ ਏਸ ਮਕਾਨ ਵਿਚੋਂ ਕੱਢਕੇ ਮਨਜੀਤ ਤੇ ਕੁਲਵੰਤ ਨੂੰ ਫ਼ਾਤਮਾ ਆਪਣੇ ਘਰ ਲੁਕਾ ਲਵੇ। ਪਰ ਓਥੇ ਕਿੰਨੇ ਕੁ ਦਿਨ ਲੁਕ ਕੇ ਕੱਟ ਸਕਣਗੇ? ਇਸ ਤੋਂ ਅੱਗੇ ਕਿਸੇ ਨੂੰ ਕੁਛ ਨਹੀਂ ਸੀ ਅਹੁੜਦਾ। ਜੀਵਨ ਵਿਚ ਚੁਫੇਰੇ ਹਨ੍ਹੇਰਾ ਛਾਇਆ ਹੋਇਆ ਸੀ। ਅੰਤ ਮਨਜੀਤ ਨੇ ਹੌਸਲਾ ਕਰਕੇ ਕਿਹਾ, "ਤੁਸੀਂ ਸਾਨੂੰ ਇਕੇਰਾਂ ਸ਼ਹਿਰੋਂ ਬਾਹਰ ਕਢ ਆਓ। ਅਗ੍ਹਾਂ ਅਸੀਂ ਖੇਤਾਂ ਵਿਚ ਲੁਕਦੇ ਛਿਪਦੇ ਕਿਵੇਂ ਨਾ ਕਿਵੇਂ ਆਪਣੇ ਪਿੰਡ ਅੱਪੜ ਪਵਾਂਗੇ।"

ਅਖ਼ੀਰ ਏਹਾ ਸਲਾਹ ਪੱਕੀ ਹੋਈ। ਕੁਲਵੰਤ ਤੇ ਮਨਜੀਤ ਨੇ ਮੁਸਲਮਾਨਾਂ

ਵਾਂਗ ਤੇੜ ਧਭਲੀਆਂ ਬੰਨ੍ਹ ਲਈਆਂ। ਫ਼ਾਤਮਾ ਦੀ ਸਲਾਹ ਮੰਨ ਕੇ ਮਨਜੀਤ ਨੇ ਵੀ ਸਿਰ ਉਤੇ ਪੱਗ ਬੰਨ੍ਹ ਲਈ। ਫਿਰ ਫ਼ਾਤਮਾ ਤੋਂ ਬਿਨਾਂ ਬਾਕੀ ਚਾਰੇ ਜਣੇ ਸੋਟੇ ਫੜ ਕੇ ਰਾਤ ਦੇ ਹਨੇਰੇ ਵਿਚ ਘਰੋਂ ਨਿਕਲ ਤੁਰੇ। ਮਹੱਲਿਓਂ ਬਾਹਰ ਹੁੰਦਿਆਂ ਹੀ ਉਹ ਸੜਕ ਛੱਡ ਕੇ ਖੇਤਾਂ ਦੀ ਵੱਟੇ ਵੱਟ 'ਛਾਂਗੇ ਮਾਂਗੇ' ਦੇ ਜ਼ਖੀਰੇ ਵੱਲ ਸਿੱਧੇ ਹੋ ਪਏ। ਅੱਗੇ ਅੱਗੇ ਮਨਜੀਤ ਤੇ ਕੁਲਵੰਤ, ਤੇ ਮਗਰ ਮਗਰ ਫੱਜਾ ਤੇ ਜਲਾਲ ਫਸਲਾਂ ਦੇ ਉਹਲੇ ਦਾ ਆਸਰਾ ਤਕ ਕੇ ਜਾ ਰਹੇ ਸਨ। ਅਜੇ ਉਹ ਜ਼ਖੀਰੇ ਤੋਂ ਮੀਲ-ਕੁ ਦੂਰ ਹੀ ਸਨ, ਜਾਂ ਲੁਟੇਰਿਆਂ ਦੀ ਇਕ ਟੋਲੀ ਨੇ ਪਾਸੇ ਤੋਂ ਵਾਜ ਮਾਰੀ, "ਕਿਹੜੇ ਓ, ਉਇ, ਤੁਸੀਂ ਏਸ ਵੇਲੇ ਡਾਂਡੇ-ਮੀਂਡੇ ਜਾਣ ਵਾਲੇ ?"

"ਆਪਣੇ ਈ ਆਂ, ਭਈ !" ਜਲਾਲ ਨੇ ਉੱਤਰ ਵਿਚ ਕਿਹਾ।

"ਆਪਣੇ ਕਿਹੜੇ ? ਖਲੋਵੋ ਖਾਂ ਜਰਾ।" ਢਾਣੀ ਵਿਚੋਂ ਇਕ ਨੇ ਰੁਅਬ ਨਾਲ ਕਿਹਾ। ਤੇ ਉਹ ਅੱਠ-ਦਸ ਆਦਮੀ ਉਹਨਾਂ ਵੱਲ ਵਧਣ ਲੱਗੇ।

"ਬਾਬਾ ਜੀ ! ਹੁਣ ਮਾੜੀ ਬਣੀ। ਤੁਸੀਂ ਏਥੇ ਖਲੋ ਕੇ ਉਹਨਾਂ ਨਾਲ ਗੱਲ ਬਾਤ ਕਰਕੇ ਅਟਕਾਓ, ਤੇ ਅਸੀਂ ਜਾਂਦੇ ਆਂ।" ਮਨਜੀਤ ਨੇ ਨੇੜੇ ਹੋ ਕੇ ਹੌਲੀ ਜੇਹੀ ਕਿਹਾ।

"ਪਰ ਏਸਤਰ੍ਹਾਂ...।"

"ਇਹ ਸਮਾ ਸੋਚਣ ਦਾ ਨਹੀਂ।" ਕਹਿੰਦੀ ਹੋਈ ਮਨਜੀਤ ਕੁਲਵੰਤ ਨੂੰ ਬਾਹੋਂ ਫੜ ਕੇ ਇਕ ਪਾਸੇ ਲੈ ਤੁਰੀ। ਕਾਹਲੇ ਕਦਮੀ ਉਹ ਦੂਸਰੀ ਵੱਟ ਪੈ ਕੇ ਬਾਜਰੇ ਦੇ ਉਹਲੇ ਹੋ ਗਏ।

ਫੱਜਾ ਤੇ ਜਲਾਲ ਓਥੇ ਖਲੋ ਰਹੇ ਏਨੇ ਚਿਰ ਤਕ ਉਹ ਢਾਣੀ ਵੀ ਨੇੜੇ ਆ ਪਹੁੰਚੀ। ਪੰਜ ਸੱਤ ਗਜ ਦੀ ਵਿੱਥ 'ਤੇ ਖਲੋ ਕੇ ਵਿਚੋਂ ਇਕ ਨੇ ਪੁਛਿਆ, 'ਕਿਹੜਾ ਕਿਹੜਾ ਓ ?"

"ਕਿਹੜਾ, ਕਰਮਦੀਨ ਏਂ ? ਮੈਂ ਆਂ ਜਲਾਲ।"

"ਨਾਲ ਕਿਹੜਾ ਈ ?"

"ਫੱਜਾ ਏ।"

"ਐਸ ਵੇਲੇ ਕਿਧਰੋਂ ?"

"ਐਨਾ ਕਿਧਰੋਂ ਈਂ ? 'ਗਿੱਲਾਂ' ਦੀਆਂ ਖਵਰਾਂ ਕੁਛ ਮਾੜੀਆਂ ਸੁਣੀਆਂ ਸਨ। ਓਥੇ ਹੁਸੈਨੇ ਦਾ ਪਤਾ ਲੈਣ ਗਏ ਸਾਂ। ਮੁੜਦਿਆਂ ਹੋਇਆਂ ਅਜੇਹਾ ਮੱਤ 'ਤੇ ਪੜਦਾ ਪਿਆ ਈ, ਜਿਉਂ ਰਾਹ ਉੱਕੇ ਆਂ, ਏਧਰ ਆ ਨਿਕਲੇ ਆਂ। ਤੁਹਾਡੀ ਗੱਲਾਂ ਕਰਦਿਆਂ ਦੀ ਵੌੜ ਆਈ, ਤਾਂ ਅਸੀਂ ਏਧਰੇ ਆ ਰਹੇ ਸਾਂ।"

"ਅੱਥੋਂ ਕਿੱਕਰ ਕੋਲੋਂ ਡੰਡੀ ਨਿਕਲਦੀ ਏ, ਉਹ ਸਿਧੀ ਚੂੰਗੀ 'ਤੇ ਚਲੀ ਜਾਏਗੀ।"

ਪਹਿਲਾਂ ਤਾਂ ਕਰਮਦੀਨ ਤੇ ਉਹਦੇ ਨਾਲਦੇ ਕੁਛ ਸ਼ੱਕੀ ਨਜ਼ਰਾਂ ਨਾਲ ਵਿਹੰਦੇ ਸਨ, ਪਰ ਜਦ ਜਲਾਲ ਤੇ ਫੱਜਾ ਉਹਨਾਂ ਦੇ ਨਾਲ ਹੀ ਤੁਰੇ, ਤਾਂ ਉਹਨਾਂ ਦਾ ਸ਼ੱਕ ਦੂਰ ਹੋ ਗਿਆ। ਉਹ ਗਿੱਲਾਂ ਤੇ ਪੱਤੋਕੀ ਦੀਆਂ ਗੱਲਾਂ ਕਰਦੇ ਡੰਡੀ ਉਤੇ ਜਾ ਪੁੱਜੇ। ਸਰਕੜੇ ਦੇ ਆਸਰੇ ਨਾਲ ਕਰਮਦੀਨ ਦੀ ਢਾਣੀ ਏਥੇ ਡੰਡੀ ਮੱਲ ਕੇ ਬੈਠੀ ਹੋਈ ਸੀ। ਅੱਧਾ ਘੰਟਾ ਜਲਾਲ ਵੀ ਉਹਨਾਂ ਕੋਲ ਬੈਠਾ ਹੇਠਲੀਆਂ ਉਤਲੀਆਂ ਮਾਰਦਾ ਰਿਹਾ। ਜਦ ਉਹਨੂੰ ਯਕੀਨ ਹੋ ਗਿਆ, ਕਿ ਮਨਜੀਤ ਤੇ ਕੁਲਵੰਤ ਸਹੀ-ਸਲਾਮਤ ਦੂਰ ਨਿਕਲ ਗਏ ਨੇ, ਤਾਂ ਉਹ ਦੋਵੇਂ—ਪਿਉ ਪੁੱਤਰ—ਪੱਤੋਕੀ ਨੂੰ ਹੋ ਤੁਰੇ।

ਓਧਰ ਮਨਜੀਤ ਤੇ ਕੁਲਵੰਤ ਜ਼ਖੀਰੇ ਦੇ ਕੋਲ ਅਪੜੇ, ਤਾਂ ਇਕ ਹੋਰ ਢਾਣੀ ਨਾਲ ਟਾਕਰਾ ਹੋ ਗਿਆ। ਦੂਰੋਂ ਇਕ ਨੇ ਬਰਛੀ ਚੁਕ ਕੇ ਆਖਿਆ, "ਸ਼ਕਾਰ ਉਇ!"

ਸੁਣ ਕੇ ਦੋਹਾਂ ਦੇ ਭੈ ਨਾਲ ਦਿਲ ਧੜਕਣ ਲੱਗ ਪਏ। ਮੌਤ ਦੇ ਡਰ ਤੋਂ ਦੋਵੇਂ ਜ਼ਖੀਰੇ ਵਿਚ ਆਸਰਾ ਲੈਣ ਬਦਲੇ ਦੌੜੇ। ਲੁਟੇਰਿਆਂ ਦੀ ਢਾਣੀ ਨੂੰ ਪੂਰਾ ਸ਼ੱਕ ਪੈ ਗਿਆ, ਕਿ ਕੋਈ ਮਾਲਦਾਰ ਸਾਮੀ ਜਾ ਰਹੀ ਹੈ। ਉਹ 'ਯਾ ਅਲੀ' ਦੇ ਨਾਅਰੇ ਲਾ ਕੇ ਪਿਛੇ ਭੱਜੇ। ਮਨਜੀਤ ਨੇ ਵੇਖਿਆ, ਕਿ ਉਹ ਦੋਵੇਂ ਬਚ ਕੇ ਨਹੀਂ ਜਾ ਸਕਣਗੇ। ਉਹਨੂੰ ਔਖੀ ਵੇਲੇ ਇਕ ਹੋਰ ਸੋਚ ਫੁਰੀ। ਉਹਨੇ ਦ੍ਰਿੜ੍ਹ ਇਰਾਦੇ ਨਾਲ ਕਿਹਾ, "ਕੁਲਵੰਤ! ਤੂੰ ਨੱਸ ਜਾ। ਮੈਂ ਦੁਸ਼ਮਣਾਂ ਦਾ ਰਾਹ ਰੋਕ ਕੇ ਏਥੇ ਟਾਕਰਾ ਕਰਾਂਗੀ। ਏਸਤਰ੍ਹਾਂ ਤੇਰੀ ਜਾਨ ਬਚ ਜਾਏਗੀ। ਤੂੰ ਜਿਉਂਦਾ ਅਪੜ ਪਿਉਂ, ਤਾਂ ਮੇਰੀ ਆਤਮਾ ਸ਼ਾਂਤ ਰਹੇਗੀ। ਛੇਤੀ ਦੌੜ ਜਾ।"

"ਤੁਹਾਨੂੰ ਕੱਲਿਆਂ ਛੱਡ ਕੇ? ਇਹ ਕਿਵੇਂ ਹੋ ਸਕਦਾ ਏ?" ਕੁਲਵੰਤ ਨੇ ਮਰਦਾਂ ਵਾਲਾ ਦਿਲ ਕੱਢ ਕੇ ਕਿਹਾ।

"ਇਹ ਬਹਿਸ ਦਾ ਸਮਾਂ ਨਹੀਂ। ਮੇਰੀ ਸੌਂਹ ਈ ਤੈਨੂੰ। ਛੇਤੀ ਜਾਨ ਲੈ ਕੇ ਨਿਕਲ ਜਾ।" ਮਨਜੀਤ ਨੇ ਕੁਲਵੰਤ ਦਾ ਮੂੰਹ ਜ਼ਖੀਰੇ ਵੱਲੇ ਕਰਕੇ ਧੱਕ ਦਿੱਤਾ।

ਫਿਰ ਵੀ ਮਨਜੀਤ ਨੂੰ ਛੱਡ ਕੇ ਨੱਸਣ ਲੱਗਿਆਂ ਕੁਲਵੰਤ ਦੇ ਪੈਰ ਅੜਕੇ, ਪਰ ਮੌਤ ਦੇ ਭੈ ਨੇ ਉਹਨੂੰ ਰੁਕਣ ਨਾ ਦਿਤਾ। ਉਹ ਨੀਵੇਂ ਲੱਕ ਭੱਜ ਕੇ ਜ਼ਖੀਰੇ ਵਿਚ ਵੜ ਗਿਆ।

ਮਨਜੀਤ ਨੇ ਸੁੱਕੇ ਹੋਏ ਛਾਪੇ ਉਤੇ ਸੋਟਾ ਮਾਰ ਕੇ ਲਲਕਾਰਿਆ, "ਛਾਵਾ,

ਭਈ ਜਵਾਨੋ । ਕਿਸੇ ਨੂੰ ਆਪਣੀ ਬਹਾਦਰੀ 'ਤੇ ਮਾਣ ਏ, ਤਾਂ ਕੱਲੇ ਨਾਲ ਕੱਲਾ ਆਵੇ ।" ਤੇ ਉਹ ਸੁੱਕਿਆਂ ਛਾਪਿਆਂ ਉਤੇ ਸੋਟੇ ਮਾਰ ਕੇ ਖੜਾਕ ਕਰਦੀ ਰਹੀ। ਸ਼ਾਇਦ ਇਸ ਤੋਂ ਉਹਦਾ ਇਹ ਭਾਵ ਸੀ, ਕਿ ਜ਼ਖੀਰੇ ਵਿਚ ਭੱਜੇ ਜਾ ਰਹੇ ਕੁਲਵੰਤ ਦੇ ਪੈਰਾਂ ਦਾ ਖੜਾਕ ਵੈਰੀ ਦੇ ਕੰਨਾਂ ਤਕ ਨਾ ਪਹੁੰਚੇ ।

ਇਕਵਾਰ ਤਾਂ ਇਹ ਲਲਕਾਰਾ ਸੁਣ ਕੇ ਵੈਰੀ ਠਠੰਬਰ ਗਏ । ਉਹ ਸੋਚਣ ਲੱਗੇ, ਜਿਹੜਾ ਕੱਲਾ ਸਿੱਖ ਖਲਾ ਲਲਕਾਰ ਰਿਹਾ ਏ, ਪਤਾ ਨਹੀਂ ਉਹਦੇ ਕੋਲ ਕੀ ਆਫਤ ਹੋਵੇਗੀ ? ਸ਼ਾਇਦ ਬੰਦੂਕ ਹੋਵੇ, ਪਸਤੌਲ ਜਾਂ ਬੰਬ ।' ਏਨੇ ਨੂੰ ਵਿਚੋਂ ਇਕ ਜੋਸ਼ੀਲੇ ਨੇ ਭੁੜਕ ਕੇ ਕਿਹਾ, "ਮਰ ਜੋ ਹੁਣ । ਲੁਕ ਜੋ ਕਿਸੇ ਖੁੱਡੇ ਵਿਚ ! ਕੱਲਾ ਸਿੱਖੜਾ ਸਾਨੂੰ ਵੀਹਾਂ ਨੂੰ ਵੰਗਾਰ ਕੇ ਚਲਾ ਜਾਇਗਾ ? ਯਾ ਐਲੀ ।"

ਉਹਦੇ ਮਗਰ ਲੱਗ ਕੇ ਦੂੱਜੇ ਵੀ ਅੱਗੇ ਵਧੇ । "ਖਿਲਰ ਕੇ ।" ਵਿਚੋਂ ਇਕ ਸਿਆਣੇ ਨੇ ਮੱਤ ਦਿਤੀ । ਉਹ ਤਿੰਨਾਂ ਪਾਸਿਆਂ ਤੋਂ ਮਨਜੀਤ ਨੂੰ ਘੇਰਾ ਪਾ ਖਲੋ। ਮਨਜੀਤ ਨੇ ਪੱਗ ਉਤਦੀ ਮੁੜਾਸਾ ਬੰਨ੍ਹ ਕੇ ਮੂੰਹ ਲੁਕਾਇਆ ਹੋਇਆ ਸੀ ਤੇ ਤੇੜਦੀ ਧਭਲੀ ਦੀ ਲਾਂਗ ਕਢੀ ਹੋਈ ਸੀ । ਰਾਤ ਦੇ ਘਸਮੈਲੇ ਵਿਚ ਉਹ ਬਣਦਾ ਤਣਦਾ ਗਭਰੂ ਪਰਤੀਤ ਹੋ ਰਹੀ ਸੀ । ਉਹਦੇ ਹੱਥ ਵਿਚ ਨਿਰੀ ਡਾਂਗ ਵੇਖ ਕੇ ਵੈਰੀਆਂ ਦੇ ਹੌਸਲੇ ਵਧ ਗਏ । ਉਹਨਾਂ ਇਕੋਵਾਰ 'ਯਾ ਅਲੀ' ਦਾ ਨਾਅਰਾ ਲਾ ਕੇ ਧਾਵਾ ਬੋਲ ਦਿਤਾ । ਮਨਜੀਤ ਨੇ ਵੀ ਅੱਗੋਂ ਅੰਨ੍ਹੇ ਵਾਹ ਡਾਂਗ ਚਲਾਈ, ਪਰ ਕੀ ਪਤਾ ਕਿਸੇ ਨੂੰ ਲੱਗੀ ਵੀ, ਜਾਂ ਨਹੀਂ । ਓਧਰ ਕੱਠੀਆਂ ਦੋ ਬਰਛੀਆਂ ਉਹਦੇ ਸਰੀਰ ਵਿਚ ਖੁਭ ਗਈਆਂ ਤੇ ਉਹ ਇਕ ਦਿਲ-ਵਿੰਨ੍ਹਵੀਂ ਹੂਕ ਨਾਲ ਧਰਤੀ 'ਤੇ ਢਹਿ ਪਈ ।

ਹਤਿਆਰੇ ਉਹਦੀਆਂ ਜੇਬਾਂ ਫੋਲ ਕੇ ਤੁਰਦੇ ਬਣੇ । ਪਿਛੇ ਰਹਿ ਗਈ ਨਿਮਾਣੀ ਜਾਨ । ਉਹ ਪਿੰਜਰ ਦੀ ਕੈਦ ਵਿਚੋਂ ਅਜੇ ਆਜ਼ਾਦ ਹੋਣਾ ਨਹੀਂ ਸੀ ਮੰਨਦੀ ।

## ੯.

ਮੌਤ ਨਾਲੋਂ ਮੌਤ ਦਾ ਡਰ ਵਧੇਰੇ ਭਿਆਨਕ ਹੁੰਦਾ ਹੈ । ਏਸੇ ਡਰ ਨੇ ਕੁਲਵੰਤ ਦੀ ਸੋਚ-ਸ਼ਕਤੀ ਨੂੰ ਮਧੋਲ ਸੁਟਿਆ ਸੀ । ਉਹ ਸੰਘਣੀਆਂ ਝਾੜੀਆਂ ਵਿਚ ਕੰਡਿਆਂ ਦੀ ਪਰਵਾਹ ਨਾ ਕਰਦਾ ਹੋਇਆ ਦੌੜਿਆ ਜਾ ਰਿਹਾ ਸੀ । ਸੁੱਕੇ ਛਾਪਿਆਂ ਦੀਆਂ ਖੁੰਘੀਆਂ ਨਾਲ ਅੜ ਅੜ ਕੇ ਉਹਦੇ ਕੱਪੜੇ ਪਾਟ ਰਹੇ ਸਨ । ਕੋਮਲ ਬਦਨ ਉਤੇ ਝਰੀਟਾਂ ਪੈ ਰਹੀਆਂ ਸਨ । ਕਈਆਂ ਅੰਗਾਂ 'ਚੋਂ ਲਹੂ ਸਿੰਮ

ਆਇਆ ਸੀ। ਫਿਰ ਵੀ ਉਹ ਭੱਜਿਆ ਜਾ ਰਿਹਾ ਸੀ। ਅਮਨ ਦੇ ਸਮੇਂ ਉਹਨੂੰ ਕਿਤੇ ਦਿਨੇ ਵੀ ਇਸ ਰੱਖ ਵਿਚਦੀ ਲੰਘਣ ਵਾਸਤੇ ਕਿਹਾ ਜਾਂਦਾ, ਤਾਂ ਉਹ ਕਦੇ ਤਿਆਰ ਨਾ ਹੁੰਦਾ। ਉਸ ਹਾਲਤ ਵਿਚ ਇਕ ਇਕ ਝਾੜੀ ਦੇ ਮੁੱਢ ਨਾਲ ਸੈਂਕੜੇ ਸੱਪ ਅਠੂਹੇਂ ਤੇ ਹੋਰ ਲਹੂ ਪੀਣੇ ਜਾਨਵਰ ਬੈਠੇ ਉਹਦੇ ਭੈ ਦਾ ਕਾਰਨ ਬਣਦੇ। ਪਰ ਅੱਜ ਉਸ ਵੱਡੇ ਮੌਤ-ਭੈ ਨੇ ਸਭ ਛੋਟੇ ਛੋਟੇ ਡਰ ਆਪਣੇ ਗੂੜ੍ਹੇ ਪਰਛਾਵੇਂ ਥੱਲੇ ਲੁਕਾ ਲਏ ਸਨ। ਉਹ ਭੱਜਿਆ ਜਾ ਰਿਹਾ ਸੀ ਕਿਸੇ ਭੈ-ਰਹਿਤ ਥਾਂ ਦੀ ਭਾਲ ਵਿਚ, ਜਿੱਥੇ ਉਹਨੂੰ ਜੀਵਨ ਮਿਲ ਸੱਕੇ।

ਇਕਵਾਰ ਉਹਨੂੰ ਪਿੱਛੇ ਰਹਿ ਗਈ ਮਨਜੀਤ ਦਾ ਖ਼ਿਆਲ ਆਇਆ। ਦੁਸ਼ਮਣਾਂ ਦੇ ਘੇਰੇ ਵਿਚ ਉਹ ਕੁਰਬਾਨੀ ਦੀ ਦੇਵੀ ਚੰਡਿਕਾ ਦਾ ਰੂਪ ਧਾਰੀ ਖਲੀ ਸੀ। ਵੈਰੀ ਦੇ ਹੱਲੇ ਸਾਮ੍ਹਣੇ ਉਹ ਬਰਛੀਆਂ ਨਾਲ ਘਾਇਲ ਹੋ ਕੇ ਡਿਗਦੀ ਦਿੱਸੀ। ਏਸ ਦ੍ਰਿਸ਼ ਨੇ ਕੁਲਵੰਤ ਦਾ ਦਿਮਾਗ਼ ਚਕਰਾ ਦਿਤਾ। ਉਹਦੇ ਪੈਰ ਥਿੜਕੇ ਤੇ ਉਹ ਇਕ ਮੋਟੇ ਬਿਰਛ ਨਾਲ ਜਾ ਵੱਜਾ। ਇਕ ਮਿੰਟ ਦਮ ਲੈ ਕੇ ਉਹ ਫੇਰ ਭੱਜ ਉਠਿਆ। ਉਹਦੇ ਕੋਲ ਸੋਚਣ ਵਾਸਤੇ ਸਮਾਂ ਨਹੀਂ ਸੀ।

ਪਤਾ ਨਹੀਂ, ਉਹ ਕਿੰਨਾ ਚਿਰ ਦੌੜਦਾ ਰਿਹਾ। 'ਸਮੇਂ' ਤੇ 'ਦੁਖ ਸੁਖ' ਦਾ ਗਿਆਨ ਸਭ ਅਮਨ ਦੇ ਦਿਨਾਂ ਦੀਆਂ ਗੱਲਾਂ ਹਨ। ਚਲਦਾ ਚਲਦਾ ਉਹ ਇਕ ਖਾਲ ਦੇ ਕੰਢੇ 'ਤੇ ਪੁਜਾ। ਸੱਜੇ ਪਾਸਿਓਂ ਦੋ ਬੱਤੀਆਂ ਚਮਕ ਕੇ ਬੁਝ ਗਈਆਂ। ਉਹਨੂੰ ਇਉਂ ਪਰਤੀਤ ਹੋਇਆ, ਜਿਵੇਂ ਉਹ ਮੌਤ ਦੀਆਂ ਖ਼ੂੰਨੀ ਅੱਖਾਂ ਹਨ, ਜੋ ਉਹਨੂੰ ਵੇਖਣ ਵਾਸਤੇ ਚਮਕੀਆਂ ਸਨ, ਤੇ ਸ਼ਿਕਾਰ ਉੱਤੇ ਅਛੋਪਲੇ ਝਪਟ ਮਾਰਨ ਦੇ ਇਰਾਦੇ ਨਾਲ ਫਿਰ ਬੰਦ ਹੋ ਗਈਆਂ ਹਨ। ਸਹਿਮ ਨਾਲ ਉਹਦਾ ਖ਼ੂਨ ਜੰਮਦਾ ਜਾ ਰਿਹਾ ਸੀ, ਪਰ ਦਿਲ ਦੀ ਧੜਕਣ ਸਗੋਂ ਤੇਜ਼ ਹੋ ਗਈ ਸੀ! ਉਹ ਖਾਲ ਉੱਤੇ ਉੱਲਰੀਆਂ ਹੋਈਆਂ ਸੰਘਣੀਆਂ ਝਾੜੀਆਂ ਦੀ ਓਟ ਵਿਚ ਲੁਕ ਗਿਆ। ਨੇੜੇ ਆ ਕੇ ਮੌਤ ਦੀਆਂ ਅੱਖਾਂ ਇਕਵਾਰ ਫਿਰ ਚਮਕੀਆਂ ਤੇ ਜੀਪ ਕੋਲ ਦੀ ਲੰਘ ਗਈ।

ਕੁਲਵੰਤ ਨੇ ਜਾਣ ਲਿਆ, ਕਿ ਉਹ ਚੂਹਣੀਆਂ ਤੋਂ ਡਾਂਗੋ ਮਾਂਗੋ ਨੂੰ ਜਾਣ ਵਾਲੀ ਸੜਕ ਉੱਤੇ ਪੁੱਜ ਗਿਆ ਹੈ। ਦਸ ਮਿੰਟ ਹੋਰ ਉਹ ਓਸੇ ਥਾਂ ਸ਼ਹਿ ਕੇ ਬੈਠਾ ਰਿਹਾ। ਕੋਈ ਉਚੇਚੀ ਘਟਨਾ ਨਾ ਵਾਪਰੀ। ਉਹ ਜ਼ਰਾ ਕੁ ਦਿਲ 'ਤੇ ਕਾਬੂ ਪਾ ਕੇ ਉਠਿਆ। ਹੁਣ ਉਹ ਸੜਕੋਂ ਪਾਰ ਕਿਵੇਂ ਲੰਘੇ? ਜੇ ਕੋਈ ਲੁਕ ਕੇ ਬੈਠਾ ਹੋਇਆ ਤਾਂ! ਜੇ ਕਿਸੇ ਵੇਖ ਲਿਆ ਤਾਂ! ਜੇ ਕੋਈ ਜੀਪ ਆ ਗਈ ਤਾਂ! ਜੇ...! ਜੇ...! ਪਰ ਏਥੇ ਹਜ਼ਾਰ 'ਜੇ' ਪਈ ਹੋਵੇ, ਉਹਨੇ ਸੜਕ ਅਖ਼ੀਰ ਲੰਘਣੀ ਹੀ ਸੀ। ਦੱਬੇ ਪੈਰੀਂ ਉਹ ਟਾਹਲੀ ਦੇ ਮੁਢ ਨਾਲ ਆ ਖਲਾ। ਉਹਨੇ ਦੋਹੀਂ ਪਾਸੀਂ ਦੂਰ ਤਕ

ਝਾਤੀ ਮਾਰੀ। ਗੂੜ੍ਹੇ ਹਨ੍ਹੇਰੇ ਵਿਚ ਕੁਝ ਵੀ ਨਜ਼ਰ ਨਹੀਂ ਸੀ ਪੈਂਦਾ। ਖੱਬਾ ਹੱਥ ਦਿਲ 'ਤੇ ਰੱਖ ਕੇ ਤੇ ਸੱਜੇ ਹੱਥ ਵਿਚ ਸੋਟਾ ਸੰਭਾਲ ਕੇ ਉਹ ਹੌਸਲਾ ਕਰਕੇ ਸੜਕੋਂ ਪਾਰ ਹੋ ਗਿਆ। ਅਗਲੇ ਦਰਖ਼ਤਾਂ ਦੇ ਪਰਛਾਵੇਂ ਵਿਚ ਹੁੰਦਿਆਂ ਹੀ ਉਹਦੇ ਕਦਮ ਤੇਜ਼ ਹੋ ਗਏ।

ਜ਼ਖੀਰੇ ਦਾ ਇਹ ਖਿੱਤਾ ਸੱਜਰਾ ਕਟਿਆ ਹੋਇਆ ਸੀ। ਇਸ ਵਿਚ ਸੰਘਣੀਆਂ ਝਾੜੀਆਂ ਨਹੀਂ ਸਨ। ਸਗੋਂ ਫੁੱਟ ਫੁੱਟ ਉੱਚੇ ਕੱਟੇ ਹੋਏ ਮੁਢ ਤੇ ਟਾਵੇਂ ਟਾਵੇਂ ਸਿੱਧੇ ਖਲੋ ਬਿਰਛ ਸਨ। ਇਹ ਮੀਲ ਪੰਧ ਉਹਨੇ ਸੌਖਾ ਹੀ ਨਿਬੇੜ ਲਿਆ। ਅਗਲੇ ਹਿੱਸੇ ਵਿਚ ਫੇਰ ਸੰਘਣਾ ਜੰਗਲ ਸ਼ੁਰੂ ਹੋ ਗਿਆ। ਉਹ ਇਸ ਵਿਚ ਦਾਖ਼ਲ ਹੋਇਆ ਹੀ ਸੀ, ਜਾਂ ਥੋੜੀ ਵਿਥ ਤੋਂ ਪੰਜ-ਸੱਤ ਗੋਇੰਦਾਂ ਡਰ ਕੇ ਨੱਸ ਉਠੀਆਂ। ਸੁੱਕੀਆਂ ਛਾਪੀਆਂ ਤੇ ਝੜੇ ਹੋਏ ਪੱਤਰਾਂ ਦਾ ਏਨਾ ਖੜਾਕ ਹੋਇਆ; ਜਿਵੇਂ ਦੁਸ਼ਮਣ ਦੀ ਪੂਰੀ ਪਲਟਣ ਹੱਲਾ ਕਰਕੇ ਆ ਪਈ ਹੋਵੇ! ਡਰ ਦਾ ਮਾਰਿਆ ਕੁਲਵੰਤ ਚੁਫਾਲ ਡਿੱਗ ਪਿਆ। ਕੁਝ ਚਿਰ ਉਹ ਵੈਰੀ ਦੇ ਹਮਲੇ ਦੀ ਉਡੀਕ ਕਰਦਾ ਰਿਹਾ। ਜਦ ਕੋਈ ਵੀ ਸਾਮ੍ਹਣੇ ਨਾ ਆਇਆ, ਉਹ ਸੋਚਣ ਲੱਗਾ, 'ਇਹ ਆਦਮੀ ਨਹੀਂ, ਕੋਈ ਜੰਗਲੀ ਜਾਨਵਰ ਸਨ।' ਉਸ ਵੇਲੇ ਉਹਦੇ ਸਾਮ੍ਹਣੇ ਕੋਈ ਰਿੱਛ, ਬਘਿਆੜ ਜਾਂ ਸ਼ੇਰ ਵੀ ਆ ਜਾਂਦਾ, ਤਾਂ ਉਹ ਏਨਾ ਨਾ ਡਰਦਾ, ਜਿੰਨਾ ਆਪਣੀ ਸ਼ਕਲ ਦੇ ਲਹੂ-ਹਲਕਾਏ ਦੁਟੰਗੇ ਜਾਨਵਰ ਤੋਂ ਡਰ ਰਿਹਾ ਸੀ। ਕਹਿੰਦੇ ਨੇ: ਇਨਸਾਨ ਦੇਵਤਾ ਹੈ, ਪਰ ਓਨਾ ਚਿਰ, ਜਦ ਤਕ ਇਹਦੇ ਅੰਦਰ ਦਇਆ-ਧਰਮ ਹੋਵੇ। ਇਹ ਹਲਕ ਜਾਏ ਤਾਂ ਨਿਰਦਈ ਤੋਂ ਨਿਰਦਈ ਮਾਸ-ਖਾਣਾ ਜਾਨਵਰ ਵੀ ਇਹਦੀਆਂ ਕਰਤੂਤਾਂ ਸਾਮ੍ਹਣੇ ਸ਼ਰਮ ਨਾਲ ਸਿਰ ਝੁਕਾ ਲੈਂਦਾ ਹੈ।

ਹਨ੍ਹੇਰਾ ਪਤਲਾ ਪੈਂਦਾ ਜਾ ਰਿਹਾ ਸੀ। ਕਿਵੇਂ ਨਾ ਕਿਵੇਂ ਕੁਲਵੰਤ ਜ਼ਖੀਰੇ ਦੇ ਪਾਰਲੇ ਕੰਢੇ ਜਾ ਪਹੁੰਚਾ। ਸੱਜੇ ਹੱਥ ਕੁਝ ਸਿੱਖਾਂ ਦੇ ਪਿੰਡ ਸਨ। ਕੁਲਵੰਤ ਨੇ ਓਥੇ ਆਸਰਾ ਭਾਲਣ ਦਾ ਇਰਾਦਾ ਕੀਤਾ। ਉਹ ਝਾੜੀਆਂ ਦੀ ਅਖ਼ੀਰਲੀ ਪਾਲ ਤੋਂ ਬਾਹਰ ਆਇਆ। ਉਹਨੂੰ ਸਾਮ੍ਹਣੇ ਪਿੰਡ ਸੜਦਾ ਨਜ਼ਰੀਂ ਪਿਆ। ਇਹ ਸ਼ਾਇਦ ਸਰਦਾਰਾਂ ਦੀਆਂ 'ਟਿੱਬੀਆਂ' ਸਨ। ਉਹਦੇ ਕੰਨਾਂ ਨੇ ਬੰਦੂਕਾਂ ਦੇ ਚੱਲਣ ਦੀ ਵਾਜ਼ ਸੁਣੀ ਤੇ ਫਿਰ ਬੱਚਿਆਂ ਤੇ ਇਸਤਰੀਆਂ ਦੀ ਹਾਲ-ਦੁਹਾਈ ਦੀ। ਉਹ ਭੈ-ਭੀਤ ਹੋਇਆ ਭੱਜ ਕੇ ਫਿਰ ਜ਼ਖੀਰੇ ਵਿਚ ਵੜ ਗਿਆ। ਓਧਰ ਸੂਰਜ ਚੜ੍ਹਨ ਦੀ ਲੋ ਅੰਬਰ ਉਤੇ ਫੈਲਦੀ ਜਾਪੀ। ਕੁਲਵੰਤ ਨੇ ਚਾਨਣ ਨਾਲੋਂ ਹਨ੍ਹੇਰੇ ਨੂੰ ਚੰਗਾ ਸਮਝ ਕੇ ਉਸੇ ਦਾ ਆਸਰਾ ਲਿਆ। ਦੋ-ਕੁ ਛਾਲਾਂਗ ਜੰਗਲ ਦੇ ਅੰਦਰ ਜਾਕੇ, ਉਹ

ਝਾੜੀਆਂ ਦੀ ਸੰਘਣੀ ਝੰਗੀ ਵਿਚ ਵੜ ਕੇ ਲੇਟ ਗਿਆ । ਇਹ ਦਿਨ ਉਹਨੇ ਏਥੇ ਹੀ ਗੁਜ਼ਾਰਨ ਦਾ ਫ਼ੈਸਲਾ ਕੀਤਾ ।

ਸਾਰਾ ਦਿਨ ਉਹ ਭੁੱਖਾ ਤਿਹਾਇਆ ਝਾੜੀਆਂ ਵਿਚ ਲੁਕ ਕੇ ਪਿਆ ਰਿਹਾ । ਪਿਛਲੀ ਰਾਤ ਵੀ ਉਹਨਾਂ ਪੱਕੀਆਂ ਖਾਧੀਆਂ ਨਹੀਂ ਸਨ । ਹੁਣ ਭੁੱਖ ਨਾਲੋਂ ਉਹਨੂੰ ਤੇਹ ਵਧੇਰੇ ਸਤਾ ਰਹੀ ਸੀ, ਪਰ ਉਹ ਡਰਦਾ ਬਾਹਰ ਨਹੀਂ ਸੀ ਨਿਕਲ ਸਕਦਾ । ਰਾਤ ਪਈ, ਚੁਫੇਰੇ ਗੂੜ੍ਹਾ ਹਨੇਰਾ ਫੈਲ ਗਿਆ । ਕੁਲਵੰਤ ਹੌਸਲਾ ਕਰਕੇ ਘੁਰਨੇ 'ਚੋਂ ਬਾਹਰ ਨਿਕਲਿਆ । ਉਹ ਇਕ ਪਾਸੇ ਦੀ ਸੇਧ ਰੱਖ ਕੇ ਤੁਰ ਪਿਆ । ਉਹਦਾ ਖ਼ਿਆਲ ਸੀ, ਕਿ ਉਹ ਛੇਤੀ ਹੀ ਜੰਗਲ 'ਚੋਂ ਬਾਹਰ ਹੋ ਜਾਵੇਗਾ । ਪਰ ਉਹ ਸੇਧ ਤੋਂ ਉੱਕ ਗਿਆ ਸੀ । ਕਿਤੇ ਦੋ ਮੀਲ ਕੰਡੇ ਲਤਾੜਕੇ ਉਹ ਰੱਖ 'ਚੋਂ ਬਾਹਰ ਨਿਕਲਿਆ । ਅਖ਼ੀਰਲੀ ਵੱਟ ਨਾਲ ਪਾਣੀ ਦਾ ਭਰਿਆ ਖਾਲ ਵੱਗ ਰਿਹਾ ਸੀ । ਕੁਲਵੰਤ ਨੇ ਦੋ ਬੁੱਕ ਭਰ ਕੇ ਪੀਤੇ, ਤਾਂ ਉਹਦੀ ਜਾਨ ਵਿਚ ਜਾਨ ਆਈ । ਅੱਜ ਉਹਨੂੰ ਪਤਾ ਲੱਗਾ, ਕਿ ਪਾਣੀ ਦੀ ਕੀ ਕੀਮਤ ਹੈ ।

ਪਿਆਸ ਬੁਝਾ ਕੇ ਉਹਨੇ ਅਸਮਾਨ ਵੱਲ ਤਕਿਆ । ਤਾਰਿਆਂ ਵੱਲ ਵੇਖ ਕੇ ਉਹਨੇ ਅੰਦਾਜ਼ਾ ਲਾਇਆ, ਕਿ ਉਹ ਜ਼ਖੀਰੇ ਤੋਂ ਪਹਾੜ ਦੀ ਬਾਹੀ ਖਲਾ ਹੈ । ਉਸ ਤੋਂ ਲਹਿੰਦੇ ਪਾਸੇ ਦੋ-ਕੁ ਫ਼ਰਲਾਂਗ 'ਤੇ ਨਹਿਰ ਵਗ ਰਹੀ ਸੀ । ਪਹਿਲਾਂ ਉਹਨੇ ਨਹਿਰ ਦੀ ਪਟੜੀ ਪੈਣ ਦਾ ਇਰਾਦਾ ਕੀਤਾ । ਦੋ ਚਾਰ ਕਦਮ ਉਸ ਪਾਸੇ ਪੁੱਟੇ ਵੀ । 'ਓਥੇ ਤਾਂ ਸਗੋਂ ਵਧੇਰੇ ਖ਼ਤਰਾ ਹੈ । ਪੁਲਾਂ ਉੱਤੇ ਵੈਰੀ ਰਾਹ ਮੱਲ ਕੇ ਬੈਠੇ ਹੋਣਗੇ ।' ਇਹ ਖ਼ਿਆਲ ਆਉਂਦੇ ਸਾਰ ਉਹ ਫਿਰ ਰੁਕ ਗਿਆ । 'ਮੈਨੂੰ ਰਾਹੋਂ ਪਾਸੇ ਪਾਸੇ ਡਾਂਡੇ-ਮੀਂਡੇ ਹੀ ਜਾਣਾ ਚਾਹੀਦਾ ਹੈ ।' ਇਸ ਤਜਵੀਜ਼ ਉਤੇ ਉਹਨੇ ਮਨ ਪੱਕਾ ਕਰ ਲਿਆ । ਉਹਨੇ ਜੇਬ ਵਿਚ ਬਟੂਆ ਤੇ ਲੋੜੀਂਦੇ ਕਾਗ਼ਜ਼-ਪੱਤਰ ਟੋਹੇ ਤੇ ਸੋਟਾ ਸੰਭਾਲ ਕੇ ਧਰੂਹ ਤਾਰੇ ਦੀ ਸੇਧ ਰੱਖ ਕੇ ਖੇਤਾਂ ਦੀ ਵੱਟੋ ਵੱਟ ਤੁਰ ਪਿਆ ।

ਭੁੱਖ ਨਾਲ ਉਹਦੀਆਂ ਆਂਦਰਾਂ ਕਲਪ ਰਹੀਆਂ ਸਨ । ਚੰਗੇ ਭਾਗਾਂ ਨੂੰ ਰਾਹ ਵਿਚ ਮਕਈ ਦਾ ਖੇਤ ਆ ਗਿਆ । ਇਕ ਟਾਂਡੇ ਨਾਲੋਂ ਉਹਨੇ ਛੱਲੀ ਭੰਨੀ । ਰਾਤ ਦੀ ਚੁੱਪ-ਚਾਪ ਵਿਚ ਉਹਦਾ ਖੜਾਕ ਉਸਨੂੰ ਦੂਰ ਤਕ ਗੂੰਜਦਾ ਪਰਤੀਤ ਹੋਇਆ । ਉਹ ਕਿੰਨਾ ਚਿਰ ਅਹਿੱਲ ਖਲਾ ਉਦਾਲੇ ਵੌੜ ਲੈਂਦਾ ਰਿਹਾ, ਕਿ ਇਹ ਖੜਾਕ ਸੁਣ ਕੇ ਕੋਈ ਆ ਤਾਂ ਨਹੀਂ ਰਿਹਾ ? ਫਿਰ ਉਹਨੇ ਸਹਿਜ ਸਹਿਜ ਪੜਦੇ ਲਾਹ ਕੇ ਕੱਚੀ ਛੱਲੀ ਦੰਦਾਂ ਨਾਲ ਚੂੰਡ ਲਈ । ਖ਼ਾਲੀ ਢਿੱਡ ਨੂੰ ਝੁਲਕਾ ਦੇਣ ਬਦਲੇ ਉਹਨੇ ਹੋਰ ਦੋ ਚਾਰ ਦੋਧੇ ਤੋੜ ਕੇ ਚੱਬੇ । ਜ਼ਰਾ-ਕੁ ਸਰੀਰ ਵਿਚ ਸਾਹ-ਸਤ ਆਇਆ, ਤਾਂ ਉਹ ਫੇਰ ਅਗਾਂਹ ਤੁਰ ਪਿਆ ।

ਸਾਰੀ ਰਾਤ ਉਹ ਤੁਰਦਾ ਗਿਆ। ਕਿਸੇ ਪਾਸੇ ਆਦਮੀਆਂ ਦੇ ਬੋਲਣ ਜਾਂ ਕੁੱਤਿਆਂ ਦੇ ਭੌਂਕਣ ਦੀ ਵਾਜ ਆਉਂਦੀ, ਤਾਂ ਨਿਤਾਣੇ ਸਹੇ ਵਾਂਗ ਉਹ ਓਥੇ ਹੀ ਸਹਿ ਜਾਂਦਾ। ਰਾਹ ਵਿਚ ਕੋਈ ਪਹਿਆ ਆ ਜਾਂਦਾ, ਤਾਂ ਉਹ ਬੜੇ ਧਿਆਨ ਨਾਲ ਚੁਫੇਰੇ ਵੇਖ ਕੇ ਲੰਘਦਾ। ਮੌਤ ਕਿੰਨੀ ਭਿਆਨਕ ਤੇ ਜ਼ਿੰਦਗੀ ਕਿੰਨੀ ਪਿਆਰੀ ਹੈ, ਇਸ ਥੋੜੇ ਜੇਹੇ ਪੰਧ ਵਿਚ ਹੀ ਉਹਨੂੰ ਚੋਖਾ ਤਜਰਬਾ ਹੋ ਗਿਆ।

ਅਜੇ ਵਾਹਵਾ ਤੜਕਾ ਸੀ। ਉਹ ਇਕ ਵੱਡੇ ਸਾਰੇ ਪਿੰਡ ਦੀ ਜੂਹ ਵਿਚ ਜਾ ਪੁੱਜਾ। ਪਲ ਪਲ ਪਿਛੋਂ ਪਹਿਰੇਦਾਰਾਂ ਦਾ ਹੋਕਰਾ ਉਹਦੇ ਕੰਨਾਂ ਵਿਚ ਗੂੰਜਣ ਲੱਗਾ। ਉਹ ਸੱਜੇ ਹੱਥ ਨੂੰ ਜ਼ਰਾ ਉੱਲਰਿਆ, ਤਾਂ ਦੋ-ਕੁ ਪੈਲੀਆਂ ਜਾ ਕੇ ਅੱਗੋਂ 'ਸੂਆ' ਆ ਗਿਆ। ਨੇੜਿਓਂ ਹੀ ਇਹ ਸ਼ਾਖ ਨਹਿਰ ਵਿਚੋਂ ਪਾਟੀ ਪਰਤੀਤ ਹੁੰਦੀ ਸੀ। ਤੰਗ ਪੁਲ ਵਿਚੋਂ ਪਾਣੀ ਦੇ ਡਿੱਗਣ ਦੀ ਵਾਜ ਉਹ ਸਾਫ਼ ਸੁਣ ਰਿਹਾ ਸੀ। ਚੁਫੇਰੇ ਤੱਕ ਕੇ ਉਹ ਸੂਏ ਦੇ ਕੰਢੇ 'ਤੇ ਅਪੜਿਆ। ਉਹਨੇ ਸੋਟੇ ਨਾਲ ਟੋਹ ਕੇ ਪਾਣੀ ਜਾਚਿਆ, ਜੋ ਬਹੁਤਾ ਡੂੰਘਾ ਨਹੀਂ ਸੀ। ਪਾਣੀ ਵਿਚ ਦੀ ਪਾਰ ਲੰਘ ਕੇ ਉਹਨੇ ਪਿੰਡ ਦਾ ਰੁਕ ਕੀਤਾ। 'ਇਹ ਕਿਹੜਾ ਪਿੰਡ ਹੋਵੇ ?' ਉਹ ਸੋਚ ਰਿਹਾ ਸੀ, ਜਾਂ ਉਹਦੇ ਕੰਨੀਂ ਵਾਜ ਪਈ, "ਉਇ ਨੱਥਾ ਸਿਹਾਂ ! ਹੈਮ ਗਲੀ ਵੱਲ ਤਕੜੇ ਰਿਹੋ।" ਮੌਤ ਦੇ ਹਨ੍ਹੇਰੇ ਵਿਚ ਘਿਰੇ ਹੋਏ ਨੂੰ ਜ਼ਿੰਦਗੀ ਦੀ ਚਮਕ ਨਜ਼ਰੀਂ ਪਈ। ਕੁਲਵੰਤ ਨੂੰ ਯਕੀਨ ਹੋ ਗਿਆ, ਕਿ ਇਹ ਕੋਈ ਸਿੱਖਾਂ ਦਾ ਪਿੰਡ ਹੈ। ਉਹ ਵਾਹੋ ਦਾਹੀ ਓਧਰੇ ਹੋ ਤੁਰਿਆ।

ਉਹ ਕੰਧਾਂ ਦੇ ਨੇੜੇ ਗਿਆ, ਤਾਂ ਅੱਗੋਂ ਉਹਦੇ ਸਵਾਗਤ ਵਜੋਂ ਕੁੱਤੇ ਭੌਂਕੇ। ਕੋਠੇ ਦੀ ਛੱਤ ਉਤੇ ਖਲੋ ਪਹਿਰੇਦਾਰ ਨੇ ਲਲਕਾਰਿਆ, "ਕਿਹੜਾ ਏਂ ਉਇ, ਤੂੰ ਕੰਧਾਂ ਉਹਲੇ ਛਹਿੰਦਾ ਫਿਰਦਾ ? ਮਾਰ ਉਇ ਸ਼ੇਰ ਸਿਹਾਂ, ਗੋਲੀ। ਕੋਈ ਅੱਗ ਲੈਣ ਲੱਗਾ ਈ।"

"ਛੇਤੀ ਬੋਲ, ਨਹੀਂ ਤਾਂ ਆਈ ਊ।" ਸ਼ੇਰ ਸਿੰਘ ਨੇ ਨਾਲਦੇ ਕੋਠੇ ਤੋਂ ਬੰਦੂਕ ਸਿੱਧੀ ਕਰਦਿਆਂ ਲਲਕਾਰਿਆ।

"ਵੇਖਿਓ, ਕਿਤੇ ਲੋਹੜਾ ਨਾ ਮਾਰਿਓ। ਮੈਂ ਸਿੱਖ ਜੇ।" ਘਬਰਾਏ ਹੋਏ ਕੁਲਵੰਤ ਨੇ ਡਡਿਆ ਕੇ ਕਿਹਾ।

"ਕਿਹੜਾ ਪਰ ?"

"ਕੁਲਵੰਤ ਸਿੰਘ।"

"ਕੌਣ ਕੁਲਵੰਤ ਸਿੰਘ ?"

"ਮੌਤ ਦੇ ਮੂੰਹ 'ਚੋਂ ਬਚ ਕੇ ਨਿਕਲਿਆ ਹੋਇਆ। ਮੈਂ ਪੱਤੋਕੀ ਤੋਂ ਪੈਦਲ

ਤੁਰ ਕੇ ਆਇਆਂ। ਆਸਰਾ ਦੇ ਕੇ ਮੇਰੀ ਜਾਨ ਬਚਾਓ।"

"ਵੇਖੀਂ, ਕੋਈ ਧੋਖਾ ਨਾ ਕਰੀਂ।"

"ਭਰਾਵਾਂ ਨਾਲ ਧੋਖਾ ? ਮੈਂ ਤਾਂ ਸਗੋਂ ਤੁਹਾਡੀ ਸ਼ਰਣ ਆਇਆਂ।"

"ਪਰ ਤੂੰ ਠੀਕ ਸਿੱਖ ਏਂ ?"

"ਹਾਂ ਹਾਂ, ਸਿੱਖ ਹਾਂ।"

"ਉਰ੍ਹਾਂ ਨੇੜੇ ਹੋ ਕੇ ਜੂੜਾ ਵਖਾ।"

ਕੁਲਵੰਤ ਨੇ ਕੰਧ ਦੇ ਨੇੜੇ ਹੋ ਕੇ ਸਿਰ ਤੋਂ ਪੱਗ ਲਾਹੀ। ਕੋਠੇ ਵਾਲੇ ਨੇ ਬੈਟਰੀ ਦਾ ਚਾਨਣ ਸੁੱਟ ਕੇ ਉਹਦੇ ਸਿਰ ਉਤੇ ਜੂੜਾ ਵੇਖਿਆ। ਇਹ ਸਿੱਖ ਹੋਣ ਦਾ ਪੱਕਾ ਸਬੂਤ ਸੀ। ਬੈਟਰੀ ਬੰਦ ਕਰਕੇ ਉਹਨੇ ਵਿਹੜੇ ਵਿਚ ਖਲੋ ਮੁੰਡੇ ਨੂੰ ਵਾਜ ਮਾਰੀ, "ਬੰਤਿਆ! ਵਾਂਸ ਦੀ ਪੌੜੀ ਲਾ ਕੇ ਵਿਚਾਰੇ ਨੂੰ ਕੰਧੋਂ ਅੰਦਰ ਕਰ ਲੈ।"

ਬੰਤੇ ਨੇ ਵਾਂਸ ਦੀ ਪੌੜੀ ਰਾਹੀਂ ਕੰਧ ਉਤੇ ਚੜ੍ਹ ਕੇ ਫਿਰ ਪੌੜੀ ਬਾਹਰ ਲਮਕਾ ਦਿਤੀ। ਕੁਲਵੰਤ ਪੌੜੀ ਰਾਹੀਂ ਕੰਧੋਂ ਅੰਦਰ ਆ ਗਿਆ। ਮੰਜੇ ਉਤੇ ਬਹਿ ਕੇ ਉਹਨੇ ਪਹਿਲਾਂ ਵਾਹਿਗੁਰੂ ਦਾ ਸ਼ੁਕਰ ਕੀਤਾ ਤੇ ਫਿਰ ਪੁਛਿਆ, "ਇਹ ਕਿਹੜਾ ਪਿੰਡ ਏ ?"

"ਰਾਜਾ ਜੰਗ। ਤੂੰ ਕਿੱਥੋਂ ਆਇਆ ਏਂ ?" ਬੰਤੇ ਨੇ ਉਹਦੇ ਕੋਲ ਬਹਿ ਕੇ ਪੁਛਿਆ।

ਉੱਤਰ ਵਿਚ ਕੁਲਵੰਤ ਨੇ ਪੱਤੋਕੀ ਤੋਂ ਲੈ ਕੇ ਹੁਣ ਤਕ ਦੀ ਆਪਣੀ ਕਹਾਣੀ ਕਹਿ ਸੁਣਾਈ।

ਅਗਲੇ ਦਿਨ ਬਾਰਸ਼ ਸ਼ੁਰੂ ਹੋ ਗਈ। ਉਸ ਦਿਨ ਕੁਲਵੰਤ ਨੇ ਫ਼ੀਰੋਜ਼ਪੁਰ ਨੂੰ ਗੱਡੀ ਚੜ੍ਹਨ ਦਾ ਜਤਨ ਕੀਤਾ, ਪਰ ਕਾਮਯਾਬ ਨਾ ਹੋਇਆ। ਅਗਲੇਰੇ ਦਿਨ ਰਾਜਾ ਜੰਗ ਦੇ ਹਿੰਦੂ ਸਿੱਖ ਵੀ ਘਰ ਘਾਟ ਛੱਡ ਕੇ ਤੁਰ ਪਏ। ਉਹ ਗੱਡੀਂ ਜੋ ਕੇ ਨਹਿਰੇ ਨਹਿਰ ਲਲਿਆਣੀ ਨੂੰ ਹੋ ਤੁਰੇ। ਕੁਲਵੰਤ ਵੀ ਉਹਨਾਂ ਦੇ ਨਾਲ ਹੀ ਜਾ ਰਿਹਾ ਸੀ। ਇਹ ਬੜਾ ਵੱਡਾ ਕਾਫ਼ਲਾ ਸੀ। ਰਾਹ ਵਿਚ ਕੋਈ ਵਾਰ ਘਰ-ਛੋੜਾਂ ਉਤੇ ਹਮਲਾ ਹੋਇਆ। ਮਾਂਵਾਂ ਦੇ ਲਾਡਲੇ, ਭੈਣਾਂ ਦੇ ਵੀਰ ਤੇ ਸਤਵੰਤੀਆਂ ਦੇ ਗਭਰੂ ਕਈ ਰਾਹ ਵਿਚ ਹੀ ਵੈਰੀ ਦੀਆਂ ਬਰਛੀਆਂ ਦੀ ਭੇਟ ਹੋ ਗਏ। ਕਈ ਥਾਂਈਂ ਕਾਫ਼ਲੇ ਨੂੰ ਲੋਥਾਂ ਉਤਦੀ ਲੰਘਣਾ ਪਿਆ। ਚਲਦਿਆਂ ਚਲਦਿਆਂ ਅਖ਼ੀਰ ਦੂੱਜੇ ਦਿਨ ਭਾਰਤ ਦੀ ਹੱਦ ਆਈ, ਤੇ ਲੋਕਾਂ ਨੇ ਜ਼ਿੰਦਗੀ ਦਾ ਮੂੰਹ ਵੇਖਿਆ।

## ੧੦.

ਕੁਲਵੰਤ ਆਜ਼ਾਦ ਭਾਰਤ ਵਿਚ ਆ ਗਿਆ। ਪਰ ਹੁਣ ਉਹ ਕਿੱਧੇ ਜਾਏ? ਉਹਦਾ ਆਪਣਾ ਪਿੰਡ ਪਾਕਿਸਤਾਨ ਵਿਚ ਰਹਿ ਗਿਆ ਸੀ। ਏਧਰ ਉਹਦਾ ਕੋਈ ਵੀ ਨਹੀਂ ਸੀ। ਉਹਦਾ ਕਿਤੇ ਵੀ ਕੋਈ ਨਹੀਂ ਸੀ। ਸਾਰੀ ਦੁਨੀਆਂ ਵਿਚ ਉਹਦਾ ਇਕੋ ਹੀ ਸੀ 'ਮਨਜੀਤ'। ਉਹਨੂੰ ਉਹ ਆਪਣੇ ਵੱਲੋਂ ਆਜ਼ਾਦੀ ਦੀ ਭੇਟ ਕਰ ਆਇਆ ਸੀ। ਹੁਣ ਉਹ ਕਿਧਰ ਜਾਏ? ਪਰ ਕਿਤੇ ਤਾਂ ਜਾਣਾ ਹੀ ਪਵੇਗਾ। ਜਿਹੜੀ ਜ਼ਿੰਦਗੀ ਉਹਨੇ ਏਨੇ ਮਹਿੰਗੇ ਮੁੱਲ ਬਚਾਈ ਹੈ, ਉਹਨੂੰ ਕਾਇਮ ਰੱਖਣ ਵਾਸਤੇ ਕੁਛ ਉਪਰਾਲਾ ਕਰਨਾ ਹੀ ਪਵੇਗਾ।

ਕਈ ਦਿਨ ਪੈਦਲ ਚਲਦਾ, ਤੇ ਪਿੰਡਾਂ ਵਿਚ ਲੱਗੇ ਹੋਏ ਲੰਗਰਾਂ ਵਿਚੋਂ ਰੋਟੀਆਂ ਖਾਂਦਾ ਉਹ ਅੰਮ੍ਰਿਤਸਰ ਪੁੱਜਾ। 'ਹਰਿ ਮੰਦਰ ਸਾਹਿਬ' ਦਰਸ਼ਨ ਕਰਕੇ ਵੀ ਉਹਦੀ ਉਦਾਸੀ ਦੂਰ ਨਾ ਹੋਈ। ਉਹਦੇ ਅੰਦਰ ਬਾਹਰ ਸੁੰਞ ਵਰਤੀ ਹੋਈ ਸੀ। ਮਨਜੀਤ ਦੀ ਯਾਦ ਉਹਦੇ ਅੰਦਰੋਂ ਹਉਕੇ ਬਣ ਬਣ ਨਿਕਲ ਰਹੀ ਸੀ। ਕਦੇ ਕਦੇ ਤਾਂ ਉਹ ਛਲਕਦੀਆਂ ਅੱਖਾਂ ਸਾਮ੍ਹਣੇ ਮਨਜੀਤ ਦੀ ਬਰਛੀ ਵਿੱਧੀ ਲੋਥ ਤੜਪਦੀ ਅਨੁਭਵ ਕਰਨ ਲੱਗ ਪੈਂਦਾ। ਉਹ ਬਿਨਾਂ ਕਿਸੇ ਮਨੋਰਥ ਦੇ ਹੀ ਕਦੇ ਸਰਾਂ ਵਿਚ ਤੇ ਕਦੇ ਪਰਤੁੱਖਣਾਂ ਵਿਚ ਚੱਕਰ ਲਾਉਣ ਲੱਗ ਪੈਂਦਾ। ਏਸੇ ਤਰ੍ਹਾਂ ਦੋ-ਤਿੰਨ ਦਿਨ ਲੰਘ ਗਏ। ਜੇ ਉਸ ਇਕੱਲੇ ਨਾਲ ਇਹ ਭਾਣਾ ਵਰਤਿਆ ਹੁੰਦਾ, ਉਹ ਜ਼ਰੂਰ ਪਾਗਲ ਹੋ ਜਾਂਦਾ। ਪਰ ਏਥੇ ਤਾਂ ਜੋ ਵੀ ਆਉਂਦਾ, ਉਹਦੀ ਕਹਾਣੀ ਉਸ ਨਾਲੋਂ ਵੀ ਵਧੇਰੇ ਦਿਲ ਚੀਰਵੀਂ ਹੁੰਦੀ। ਉਹਨਾਂ ਵੱਲ ਵੇਖ ਕੇ ਉਹ ਦਿਲ ਨੂੰ ਕੁਛ ਧਾਰਸ ਦੇਣ ਲੱਗ ਪਿਆ।

ਇਕ ਦਿਨ ਅਚਾਨਕ ਹੀ ਉਹਨੂੰ ਮਿੰਟਗੁਮਰੀ ਕਾਲਜ ਦੇ ਦੋ ਜਮਾਤੀ ਸਰਵਣ ਤੇ ਸਤੀਸ਼ ਮਿਲ ਪਏ। ਉਹ ਵੀ ਉਹਦੇ ਵਾਂਗ ਮੰਦੇ ਹਾਲ ਹੀ ਸਨ। ਸਾਰੇ ਇਕ ਦੂੱਜੇ ਦੇ ਗਲ ਲੱਗੇ। ਕੁਲਵੰਤ ਦੀਆਂ ਅੱਖਾਂ ਵਿਚ ਚਰੋਕਣੇ ਰੁਕੇ ਹੋਏ ਹੰਝੂ ਵਹਿ ਤੁਰੇ। ਆਪੋ-ਆਪਣੀ ਦਰਦ ਕਹਾਣੀ ਸੁਣਾ ਕੇ ਉਹਨਾਂ ਦਿਲ ਹੌਲੇ ਕੀਤੇ। ਫਿਰ ਸਾਰੇ ਰਲ ਕੇ ਸਿਰ ਲੁਕਾਉਣ ਲਈ ਟਿਕਾਣੇ ਬਾਰੇ ਸੋਚਣ ਲੱਗੇ। ਉਹਨੀਂ ਦਿਨੀਂ ਪਟਿਆਲੇ ਨੇ ਆਏ ਭਰਾਵਾਂ ਦੀ ਬੜੀ ਮਦਦ ਕੀਤੀ ਸੀ। ਸਿੱਖਾਂ ਦੀਆਂ ਵਧੇਰੇ ਅੱਖਾਂ ਉਧਰੇ ਲੱਗੀਆਂ ਹੋਈਆਂ ਸਨ। ਕੁਲਵੰਤ ਨੂੰ ਇਹ ਵੀ ਪਤਾ ਲੱਗਾ, ਕਿ ਮਿੰਟਗੁਮਰੀ ਵਿਚੋਂ ਆਉਣ ਵਾਲਿਆਂ ਦੀ ਇਕ ਗੱਡੀ ਪਟਿਆਲੇ ਪਹੁੰਚੀ ਹੈ, ਤੇ

ਉਹਦਾ ਜਮਾਤੀ-ਦੋਸਤ ਗੁਰਸ਼ਰਨ ਸਿੰਘ ਵੀ ਓਸੇ ਗੱਡੀ ਵਿਚ ਗਿਆ ਹੈ। ਕੁਲਵੰਤ ਦੀਆਂ ਅੱਖਾਂ ਸਾਮ੍ਹਣੇ ਇਕ ਵਾਰ ਫਿਰ ਦੋ ਮੂਰਤਾਂ ਨੱਚਣ ਲੱਗ ਪਈਆਂ, ਇਕ ਅਧਖੜ ਮਨਜੀਤ ਦੀ ਤੇ ਇਕ ਭਰ ਜੋਬਨ ਮੁਟਿਆਰ ਦਰਸ਼ਨ ਦੀ। ਪਰ ਹੁਣ ਉਹਦੇ ਅੰਦਰ ਉਸ ਦਿਨ ਵਰਗੀ ਖਿੱਚੋਤਾਣ ਨਹੀਂ ਸੀ। ਉਹਦੇ ਖ਼ਿਆਲ ਵਿਚ ਮਨਜੀਤ ਪ੍ਰਾਣਾਂ ਦੀ ਆਹੁਤੀ ਦੇ ਕੇ ਉਹਨਾਂ ਦੇ ਰਾਹ 'ਚੋਂ ਪਾਸੇ ਹਟ ਗਈ ਸੀ। ਮਰਦ-ਦਿਲ ਜਿਉਂਦੇ ਪਾਸੰਗ ਵਾਲੇ ਪਾਸੇ ਉੱਲਰ ਗਿਆ।

ਕੁਲਵੰਤ ਦੇ ਪ੍ਰੇਰਨ 'ਤੇ ਦੂੱਜੇ ਦੋਵੇਂ ਸਾਥੀ ਵੀ ਪਟਿਆਲੇ ਜਾਣ ਵਾਸਤੇ ਤਿਆਰ ਹੋ ਪਏ। ਤਿੰਨ ਘੰਟੇ ਉਹ ਗੱਡੀ ਦੀ ਉਡੀਕ ਵਿਚ ਅੰਮ੍ਰਿਤਸਰ ਸਟੇਸ਼ਨ 'ਤੇ ਬੈਠੇ ਰਹੇ। ਕੁਛ ਬਾਬੂਆਂ ਤੋਂ ਏਨਾ ਪਤਾ ਲੱਗਾ, ਕਿ ਲਾਹੌਰੋਂ ਆਉਣ ਵਾਲੀ ਗੱਡੀ 'ਛੇਹਰਟਾ ਸਾਹਿਬ' ਖਲੋਵੇਗੀ, ਤੇ ਓਥੋਂ ਈ ਚੱਲੀ ਹੋਈ ਸਿੱਧੀ ਜਲੰਧਰ ਚਲੀ ਜਾਏਗੀ। ਵਧੇਰੇ ਭੀੜ ਹੋਣ ਕਰਕੇ ਏਥੇ ਨਹੀਂ ਖਲੋਵੇਗੀ। ਇਹ ਸੁਣ ਕੇ ਉਹ ਤਿੰਨੇ ਗਭਰੂ ਛੇਹਰਟਾ ਸਾਹਿਬ ਜਾ ਪਹੁੰਚੇ।

ਅਖੀਰ ਚਾਰ ਘੰਟੇ ਦੀ ਲੰਮੀ ਉਡੀਕ ਪਿਛੋਂ ਗੱਡੀ ਆਈ। ਡੱਬਿਆਂ ਦੇ ਅੰਦਰ, ਬਾਹਰ ਫੱਟਿਆਂ ਨਾਲ ਤੇ ਗੱਡੀ ਦੀ ਛੱਤ ਉਤੇ ਲੋਕ ਸ਼ਹਿਦ ਦੀਆਂ ਮੱਖੀਆਂ ਵਾਂਗ ਚੰਬੜੇ ਹੋਏ ਸਨ। ਲੋਕਾਂ ਦੀ ਹਾਲਤ ਵੇਖ ਕੇ ਦਿਲ ਪਾਟ ਰਿਹਾ ਸੀ। ਪਾਟੀਆਂ ਹੋਈਆਂ ਲੀਰਾਂ, ਖਿੱਲਰੇ ਹੋਏ ਵਾਲ, ਵਲੂੰਧਰਿਆ ਹੋਇਆ ਜੋਬਨ, ਸਿੱਕਰੀ-ਜੰਮੀਆਂ ਬੁੱਲ੍ਹੀਆਂ, ਮਧੋਲੀਆ ਹੋਈਆਂ ਰੀਝਾਂ, ਲੁੱਟੀਆਂ ਹੋਈਆਂ ਅਣਖਾਂ, ਤੇ ਕੁਚਲੇ ਹੋਏ ਅਰਮਾਨ। ਫਿਰ ਵੀ ਅੱਖਾਂ ਵਿਚ ਟਿਮ ਟਿਮਾਂਦੀ ਜੋਤ ਵਾਂਗ ਮਧਮ ਜੇਹੀ ਜੀਵਨ-ਆਸ ਝਲਕ ਰਹੀ ਸੀ। ਜ਼ਿੰਦਗੀ ਕਿੰਨੀ ਢੀਠ ਹੈ। ਏਨਾ ਕੁਛ ਕਰਾ ਕੇ ਵੀ ਇਹ ਜਿਉਣਾ ਲੋੜਦੀ ਸੀ।

ਗੱਡੀ ਵਿਚ ਤਿਲ ਧਰਨ ਨੂੰ ਥਾਂ ਨਹੀਂ ਸੀ। ਕੁਲਵੰਤ ਤੇ ਉਹਦੇ ਸਾਥੀ ਕਿੱਥੇ ਚੜ੍ਹਦੇ ? ਉਹਨਾਂ ਅਗਲੇ ਡੱਬੇ ਤੋਂ ਪਿਛਲੇ ਤਕ ਤੇ ਪਿਛਲੇ ਤੋਂ ਅਗਲੇ ਤਕ ਕਈ ਗੇੜੇ ਕੱਢੇ, ਪਰ ਕਿਤੇ ਥਾਂ ਮਿਲੇ ਵੀ ? ਸਿਰਫ਼ ਉਹ ਹੀ ਨਹੀਂ, ਉਹਨਾਂ ਵਰਗੇ ਹੋਰ ਵੀ ਕਈ ਏਸੇ ਆਸ ਵਿਚ ਪਲੇਟ ਫ਼ਾਰਮ ਕੱਛ ਰਹੇ ਸਨ। ਅਚਾਨਕ ਇਕ ਡੱਬੇ ਵਿਚ ਰੌਲਾ ਪੈ ਗਿਆ। ਕਿਸੇ ਨੇ ਸਿਗਰਟ ਲਾ ਕੇ ਤੀਲੀ ਸੁੱਟੀ, ਜਿਸ ਤੋਂ ਇਕ ਲੀੜਿਆਂ ਦੀ ਗੰਢੜੀ ਨੂੰ ਅੱਗ ਲੱਗ ਗਈ। ਪਤਾ ਤਦ ਹੀ ਲੱਗਾ, ਜਾਂ ਉਹ ਮੱਚ ਉਠੀ ਤਾਂ! ਡੱਬੇ ਵਿਚ ਹਲਚਲ ਮੱਚ ਗਈ। ਲੋਕਾਂ ਸਮਝਿਆ, ਜਿਵੇਂ ਸਾਰੇ ਡੱਬੇ ਨੂੰ ਅੱਗ ਲੱਗ ਗਈ ਹੈ। ਨਰੋਏ ਬੰਦੇ ਛਾਲਾਂ ਮਾਰ ਕੇ ਥੱਲੇ ਉਤਰ ਗਏ, ਬੱਚਿਆਂ ਦਾ ਚੀਕ-ਚਿਹਾੜਾ ਪੈ ਗਿਆ, ਗੰਢੜੀਆਂ ਹੇਠਾਂ ਸੁੱਟੀਆਂ ਜਾਣ ਲੱਗੀਆਂ,

ਮਿੰਟਾਂ ਵਿਚ ਡੱਬਾ ਖ਼ਾਲੀ ਹੋ ਗਿਆ । ਹੱਛੀ ਤਰ੍ਹਾਂ ਵੇਖਣ ਤੋਂ ਮਾਲੂਮ ਹੋਇਆ, ਕਿ ਗੱਡੀ ਦੇ ਡੱਬੇ ਦਾ ਕੁਛ ਨਹੀਂ ਸੀ ਵਿਗੜਿਆ, ਸਿਰਫ ਗੰਢੜੀ ਨੂੰ ਅੱਗ ਲੱਗੀ ਸੀ। ਲੋਕ ਫੇਰ ਡੱਬੇ ਵਿਚ ਚੜ੍ਹਨ ਲੱਗ ਪਏ । ਇਸ ਹਫੜਾ-ਦਫੜੀ ਵਿਚ ਕਈਆਂ ਦੀਆਂ ਗੰਢੜੀਆਂ ਖੁੱਲ੍ਹ ਕੇ ਸਾਮਾਨ ਖਿੱਲਰ ਗਿਆ,ਕਈਆਂ ਦੀਆਂ ਚੀਜ਼ਾਂ ਗੁੰਮ ਹੋ ਗਈਆਂ। ਕਈ ਨਵੀਂਆਂ ਅਸਵਾਰੀਆਂ ਚੜ੍ਹ ਗਈਆਂ ਤੇ ਕਈ ਪਹਿਲੀਆਂ ਰਹਿ ਗਈਆਂ । ਏਸ ਅਦਲਾ-ਬਦਲੀ ਵਿਚ ਕੁਲਵੰਤ, ਸਰਵਣ ਤੇ ਸਤੀਸ਼ ਦਾ ਵੀ ਦਾਅ ਲੱਗ ਗਿਆ । ਉਹਨਾਂ ਕੋਲ ਸਾਮਾਨ ਕੋਈ ਨਹੀਂ ਸੀ, ਸੋ ਉਹ ਸਭ ਤੋਂ ਪਹਿਲਾਂ ਥਾਂ ਮੱਲ ਬੈਠੇ । ਇਕ ਮਾਈ ਦੀ ਗੰਢੜੀ ਗੁਆਚ ਗਈ ਸੀ । ਉਹ ਉਚੀ ਉਚੀ ਰੋ-ਪਿੱਟ ਰਹੀ ਸੀ । ਪਰ ਉਸ ਵੇਲੇ ਉਹਦੀ ਕੌਣ ਸੁਣਦਾ ?

ਡੂਢ ਘੰਟਾ ਖਲੋਣ ਪਿਛੋਂ ਗੱਡੀ ਚੱਲੀ । ਅੰਮ੍ਰਿਤਸਰ ਖਲੋਣ ਦੀ ਥਾਂ ਉਹ ਜੰਡਿਆਲੇ ਜਾ ਖਲੋਤੀ । ਓਥੇ ਉਹ ਬਿਨਾ ਕਿਸੇ ਕਾਰਨ ਛੇ ਘੰਟੇ ਖਲੋਤੀ ਰਹੀ । ਕਲਕੱਤੇ ਦੇ 'ਬਲੈਕ-ਹੋਲ' ਨਾਲੋਂ ਵੱਧ ਤੰਗੀ ਸੀ ਗੱਡੀ ਵਿਚ । ਕਈਆਂ ਦੇ ਪਾਣੀ ਖੁਣੋਂ ਸੰਘ ਸੁੱਕੇ ਪਏ ਸਨ । ਪਰ ਕੋਈ ਡਰਦਾ ਆਪਣੀ ਥਾਂ ਛਡ ਕੇ ਉਤਰਦਾ ਨਹੀਂ ਸੀ । ਹਰ ਇਕ ਨੂੰ ਏਹਾ ਵਿਸੋਧਰ ਸੀ, ਕਿ ਜੇ ਇਕ ਵਾਰ ਜਗ੍ਹਾ ਖੁੰਝ ਗਈ, ਤਾਂ ਫੇਰ ਮਿਲਨੀ ਨਹੀਂ । ਬੱਚੇ ਮਾਂਵਾਂ ਦੀਆਂ ਸੱਖਣੀਆਂ ਛਾਤੀਆਂ ਚੂੰਡਦੇ ਚੂੰਡਦੇ ਅੱਕ ਗਏ ਸਨ । ਉਹ ਭੁਖੇ ਰੋਂਦੇ ਸਨ, ਤਾਂ ਛਿੱਥੀਆਂ ਪਈਆਂ ਮਾਂਵਾਂ ਸਗੋਂ ਕੁਟ-ਦੀਆਂ ਮਾਰਦੀਆਂ ਸਨ ।

ਰੱਬ ਰੱਬ ਕਰਕੇ ਓਥੋਂ ਗੱਡੀ ਤੁਰੀ, ਤੇ ਕਰਤਾਰਪੁਰ ਜਾ ਖਲੀ । ਓਥੋਂ ਉਹਨੇ ਦਿਨ ਚੜ੍ਹੇ ਤਕ ਹਿੱਲਣ ਦਾ ਨਾਂ ਨਹੀਂ ਲਿਆ । ਗੱਡੀ ਨੂੰ ਪਲੇਟ ਫ਼ਾਰਮ ਤੋਂ ਲਾਂਭੇ ਖਲੀ ਕਰ ਕੇ ਇੰਜਣ ਜਲੰਧਰ ਚਲਾ ਗਿਆ । ਅੱਠ-ਕੁ ਵਜੇ ਕੁਛ ਉਪਕਾਰੀ ਸੱਜਣ ਰੋਟੀ ਪਾਣੀ ਲੈ ਕੇ ਆਏ । ਉਹ ਹਰ ਇਕ ਦੇ ਹੱਥਾਂ 'ਤੇ ਦੋ ਫੁਲਕੇ ਤੇ ਅਚਾਰ ਦੀ ਫਾੜੀ ਰੱਖਦੇ ਜਾਂਦੇ । ਕਈਆਂ ਨੇ ਦੋ ਦੋ ਵਾਰ ਗੱਫੇ ਲੈ ਲਏ ਤੇ ਕਈਆਂ ਦੇ ਪਹਿਲੀ ਵਾਰ ਵੀ ਹੱਥ ਅੱਡੇ ਰਹਿ ਗਏ । ਕੁਛ ਗਭਰੂਆਂ ਨੇ ਬਾਲਟੀਆਂ ਭਰ ਕੇ ਪਾਣੀ ਪਿਆਉਣਾ ਸ਼ੁਰੂ ਕਰ ਦਿਤਾ । ਸੁੱਕਿਆਂ ਬੁੱਲ੍ਹਾਂ ਵਾਸਤੇ ਪਾਣੀ ਦੀ ਘੁੱਟ ਸ੍ਵਾਂਤ ਬੂੰਦ ਨਾਲੋਂ ਵੀ ਕੀਮਤੀ ਸੀ ।

ਅਖ਼ੀਰ ਦਸ ਵਜੇ ਇੰਜਨ ਆਇਆ ਤੇ ਗੱਡੀ ਅਗ੍ਹਾਂ ਤੁਰੀ । ਉਹ ਛੋਟਿਆਂ ਸਟੇਸ਼ਨਾਂ 'ਤੇ ਖਲੋਂਦੀ ਤੇ ਵੱਡਿਆਂ ਨੂੰ ਬੇ-ਪਰਵਾਹੀ ਨਾਲ ਛਡਦੀ ਹੋਈ, ਤੁਰੀ ਗਈ । ਸ਼ਾਮ ਦੇ ਚਾਰ ਵਜੇ ਉਹ ਰਾਜਪੁਰੇ ਜਾ ਪੁੱਜੀ । ਹੁਣ ਕੋਈ ਤਾਂ ਆਖੇ, ਗੱਡੀ ਅੰਬਾਲੇ ਜਾਣੀ ਹੈ, ਕੋਈ ਦਿੱਲੀ ਤੇ ਕੋਈ ਪੂਰੇ ਭਰੋਸੇ ਨਾਲ ਕਹੇ, ਕਿ ਇਹਨੇ

ਹਰਿਦੁਆਰ ਤੋਂ ਉਰੇ ਖਲੋਣਾ ਹੀ ਕਿਤੇ ਨਹੀਂ । ਅਖ਼ੀਰ ਕੁਲਵੰਤ ਤੇ ਉਹਦੇ ਸਾਥੀ ਏਥੋਂ ਉਤਰ ਕੇ ਤਾਂਗੇ ਰਾਹੀਂ ਪਟਿਆਲੇ ਨੂੰ ਤੁਰ ਪਏ ।

੧੧.

ਪਟਿਆਲੇ ਦੇ ਸਭ ਮੰਦਰ, ਗੁਰਦੁਆਰੇ ਤੇ ਜੰਞ-ਘਰ ਪੁਰਸ਼ਾਰਥੀਆਂ ਨਾਲ ਭਰੇ ਪਏ ਸਨ । ਬੜੇ ਮਨ-ਭਾਉਂਦੇ ਤੇ ਸਤਕਾਰ ਵਾਲੇ ਖ਼ਿਤਾਬ ਮਿਲੇ ਸਨ, ਉਹਨਾਂ ਬਿਨ-ਬੁਲਾਏ ਆਉਣ ਵਾਲੇ ਸਾਊਆਂ ਨੂੰ । ਜਿਵੇਂ : ਸ਼ਰਨਾਰਥੀ, ਪੁਰਸ਼ਾਰਥੀ, ਰੀਫਿਊਜੀ, ਪਨਾਹਗੀਰ, ਵਤਨ-ਛੋੜ ਤੇ ਮੁਸਲਮਾਨਾਂ ਤੋਂ ਵਟਾਏ ਹੋਏ । ਕੁਛ ਸਮੇਂ ਵਾਸਤੇ ਹਰ ਸਾਂਝੇ ਥਾਂ ਉਤੇ ਉਹਨਾਂ ਦਾ ਕਬਜ਼ਾ ਪਰਵਾਨ ਕਰ ਲਿਆ ਗਿਆ ਸੀ । ਸਟੇਸ਼ਨ ਉਤੇ, ਕਿਲ੍ਹਾ ਮੁਬਾਰਕ ਦੇ ਸਾਮ੍ਹਣੇ, ਸੜਕ ਦੇ ਆਦਮ-ਲਾਂਘਿਆਂ (ਫੁੱਟ ਪਾਥਾਂ) ਉਤੇ, ਚੌਕਾਂ ਵਿਚਲੇ ਖੁੱਲ੍ਹੇ ਥਾਂਵਾਂ ਉਤੇ, ਬੱਚਿਆਂ ਦੇ ਖੇਡਣ ਵਾਲੇ ਘਾਹ-ਕਿਤਿਆਂ ਉਤੇ, ਸਕੂਲਾਂ ਦਿਆਂ ਹਾਤਿਆਂ ਵਿਚ, ਸਭ ਥਾਂਈਂ ਬੜੀਆਂ ਰੌਣਕਾਂ ਸਨ । ਸਭ ਤੋਂ ਵਧੇਰੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਭੀੜ ਸੀ । ਉਦਾਲੇ-ਪੁਦਾਲੇ ਕਈ ਘੁਮਾਵਾਂ ਵਿਚ ਚਾਨਣੀਆਂ ਤੇ ਛੋਲਦਾਰੀਆਂ ਲੱਗੀਆਂ ਹੋਈਆਂ ਸਨ । ਗੁਰਦੁਆਰਾ ਕਮੇਟੀ ਤੇ ਮਹਾਰਾਜੇ ਵੱਲੋਂ ਲੰਗਰ ਦਾ ਪੂਰਾ ਪਰਬੰਧ ਸੀ । ਕਿਸੇ ਕਿਸੇ ਵੇਲੇ ਕਮਜ਼ੋਰ ਬੱਚਿਆਂ ਨੂੰ ਦੁੱਧ ਤੇ ਫਲ ਵੀ ਮਿਲ ਜਾਂਦੇ ਸਨ । ਡਾਕਟਰ ਆ ਕੇ ਫੱਟੜਾਂ ਦੇ ਫੱਟਾਂ ਉਤੇ ਮਲ੍ਹਮ ਪੱਟੀ ਵੀ ਕਰਦੇ ਸਨ । ਪਰ ਜਿਹੜੇ ਨਾਸੂਰ ਉਹਨਾਂ ਦੇ ਦਿਲਾਂ ਵਿਚ ਹੋ ਚੁਕੇ ਸਨ, ਉਹਨਾਂ ਦਾ ਕੋਈ ਇਲਾਜ ਨਹੀਂ ਸੀ ।

ਕੁਲਵੰਤ, ਸਰਵਣ, ਤੇ ਸਤੀਸ਼ ਨੇ ਵੀ ਉਹ ਰਾਤ ਦੂਖ ਨਿਵਾਰਨ ਸਾਹਿਬ ਕੱਟੀ । ਅਗਲਾ ਦਿਨ ਚੜ੍ਹਦਿਆਂ ਹੀ ਉਹਨਾਂ ਨੇ 'ਆਪਣਿਆਂ' ਦੀ ਭਾਲ ਸ਼ੁਰੂ ਕਰ ਦਿਤੀ । ਸਰਵਣ ਤੇ ਸਤੀਸ਼ ਦੇ 'ਆਪਣੇ' ਹੈਗੇ ਸਨ । ਮਿੰਟਗੁਮਰੀਓਂ ਆਉਣ ਵਾਲਿਆਂ ਤੋਂ ਪਤਾ ਲੱਗਾ, ਕਿ ਸਤੀਸ਼ ਦਾ ਵੱਡਾ ਭਰਾ ਮਾਰਿਆ ਗਿਆ ਹੈ, ਪਰ ਉਹਦਾ ਮਾਂ-ਪਿਉ ਤੇ ਦੋ ਛੋਟੀਆਂ ਭੈਣਾਂ ਸਹੀ-ਸਲਾਮਤ ਏਧਰ ਆ ਗਈਆਂ ਹਨ । ਸਰਵਣ ਦਾ ਪਿਤਾ ਤੇ ਚਾਚੀ ਰਾਏ ਵਿੰਡ ਸਟੇਸ਼ਨ 'ਤੇ ਕਤਲ ਹੋ ਗਏ ਸਨ । ਪਰ ਉਹਦੀ ਮਾਂ, ਦੋਵੇਂ ਛੋਟੇ ਭਰਾ ਤੇ ਚਾਚਾ ਬਚ ਕੇ ਆ ਗਏ ਸਨ । ਇਕ ਟਿਕ, ਦੋ ਦੋ ਜੀਅ ਮਰਵਾ ਕੇ ਵੀ ਉਹਨਾਂ ਦੋਹਾਂ ਦੇ 'ਆਪਣੇ' ਅਜੇ ਹੈਗੇ ਸਨ । ਉਹ ਉਹਨਾਂ ਦੀ ਭਾਲ ਕਰ ਰਹੇ ਸਨ । ਪਰ ਕੁਲਵੰਤ ਦਾ 'ਆਪਣਾ' ਕੌਣ ਸੀ ? ਉਹ ਕਿਉਂ ਉਹਨਾਂ ਦੇ ਨਾਲ ਬੂਹੇ ਬੂਹੇ ਭਟਕਦਾ ਫਿਰਦਾ ਸੀ ? ਉਹਦਾ ਪਿਤਾ ਉਹਦੇ

ਜਨਮ ਤੋਂ ਪਹਿਲਾਂ ਹੀ ਪਰਲੋਕ ਸਿਧਾਰ ਗਿਆ ਸੀ। ਮਾਂ ਨੇ ਉਹਨੂੰ ਛੱਡ ਕੇ ਆਤਮ-ਘਾਤ* ਕਰ ਲਿਆ ਸੀ। ਭੂਰਾ-ਭਾਈ ਉਹਦਾ ਹੋਰ ਹੈ ਕੋਈ ਨਹੀਂ ਸੀ। ਸਾਰੀ ਦੁਨੀਆਂ ਵਿਚ ਉਹਦਾ 'ਆਪਣਾ' ਇਕੋ ਹੀ ਸੀ, ਮਨਜੀਤ, ਜਿਸ ਨੂੰ ਉਹ ਮੌਤ ਦੇ ਮੂੰਹ ਵਿਚ ਦੇ ਕੇ ਆਪ ਨੱਸ ਆਇਆ ਸੀ। ਆਪਣਾ ਉਹਦਾ ਕੋਈ ਨਹੀਂ ਸੀ ਰਿਹਾ, ਫਿਰ ਵੀ ਉਹ ਕਿਸੇ ਨੂੰ ਭਾਲ ਰਿਹਾ ਸੀ। ਉਹ ਉਸ 'ਆਪਣੇ' ਦੀ ਥੁੜ ਪੂਰੀ ਕਰਨਾ ਚਾਹੁੰਦਾ ਸੀ।

ਪਟਿਆਲੇ ਦਾ ਪੱਤਾ ਪੱਤਾ ਉਹਨਾਂ ਭਾਲ ਮਾਰਿਆ, ਪਰ ਦਰਸ਼ਨ ਦੇ ਕਿਸੇ ਜੀਅ ਦਾ ਪਤਾ ਨਾ ਲੱਗਾ। ਹਾਂ, ਸਤੀਸ਼ ਦਾ ਮਾਂ-ਪਿਉ ਮਿਲ ਗਏ। ਉਹ ਸਤੀਸ਼ ਦੇ ਗੱਲ ਲੱਗ ਕੇ ਬੜੇ ਰੋਏ। ਕਿਹਾ ਨਹੀਂ ਜਾ ਸਕਦਾ, ਕਿ ਇਹਨਾਂ ਹੰਝੂਆਂ ਵਿਚੋਂ ਗ਼ਮ ਦੇ ਕਿੰਨੇ ਸਨ ਤੇ ਖ਼ੁਸ਼ੀ ਦੇ ਕਿੰਨੇ ? ਉਹ ਸਤੀਸ਼ ਨੂੰ ਵੀ ਮਾਰਿਆ ਗਿਆ ਸਮਝਦੇ ਸਨ। ਵੱਡਾ ਪੁੱਤਰ ਉਹਨਾਂ ਦੇ ਸਾਮ੍ਹਣੇ ਕਤਲ ਹੋਇਆ ਸੀ। ਸਤੀਸ਼ ਨੂੰ ਵੇਖ ਕੇ ਉਹਨਾਂ ਦੇ ਇਕ ਫੱਟ ਉਤੇ ਫਹਿਆ ਰਖਿਆ ਗਿਆ। ਪਰ ਦੂਜੇ ਜ਼ਖ਼ਮ ਵਿਚੋਂ ਅਜੇ ਤੱਤੇ ਲਹੂ ਦੇ ਫੁਹਾਰੇ ਵਹਿ ਰਹੇ ਸਨ।

ਇਕ ਦਿਨ ਕੁਲਵੰਤ ਤੇ ਸਰਵਣ ਨੇ ਸਤੀਸ਼ ਦੇ ਮਾਪਿਆਂ ਕੋਲ ਕੱਟਿਆ। ਅਗਲੇ ਦਿਨ ਪਟਿਆਲੇ ਵਿਚ ਕਟਾ-ਵੱਢ ਸ਼ੁਰੂ ਹੋ ਗਈ।

ਏਥੇ ਅਜੇ ਮੁਸਲਮਾਨ ਓਵੇਂ ਘਰਾਂ ਵਿਚ ਬੈਠੇ ਸਨ। ਇਕ ਮੁਸਲਮਲੀਗੀ ਨੇ ਮਸਜਿਦ ਵਿਚ ਤਕਰੀਰ ਕਰਦਿਆਂ ਕਿਹਾ, "ਪਟਿਆਲਾ ਪਾਕਸਤਾਨ ਦਾ ਇਕ ਹਿੱਸਾ ਹੈ। ਅਸੀਂ ਸਾਫ਼ ਲਫ਼ਜ਼ਾਂ ਵਿਚ ਮਹਾਰਾਜਾ ਸਾਹਿਬ ਨੂੰ ਕਹਿ ਦੇਣਾ ਚਾਹੁੰਦੇ ਹਾਂ, ਕਿ ਉਹ ਛੇਤੀ ਤੋਂ ਛੇਤੀ ਪਾਕਸਤਾਨ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦੇਵੇ। ਨਹੀਂ ਤਾਂ ਹਿੰਦ ਦਾ ਮੁਸਲਮਾਨ ਜਾਗ ਉਠਿਆ ਹੈ, ਤੇ ਉਹ ਆਪਣੇ ਇਰਾਦੇ ਪੂਰੇ ਕਰਕੇ ਹਟੇਗਾ। ਸਾਡੀ ਏਸ ਧਮਕੀ ਦੀ ਪਰਵਾਹ ਨਾ ਕੀਤੀ ਗਈ, ਤਾਂ ਅਸੀਂ ਏਥੋਂ ਦੀ ਇੱਟ ਨਾਲ ਇੱਟ ਖੜਕਾ ਕੇ ਛੱਡਾਂਗੇ .....।"

ਭਾਂਬੜ ਬਲਨ ਵਾਸਤੇ ਛੋਟੀ ਜੇਹੀ ਚੁਆਤੀ ਦੀ ਲੋੜ ਹੁੰਦੀ ਹੈ। ਬੱਸ, ਚੁਆਤੀ ਲੱਗੀ ਤੇ ਭਾਂਬੜ ਬਲ ਉਠੇ। ਪੁਲੀਸ ਦੇ ਰੋਕਦਿਆਂ, ਜਾਂ ਉਸਦੀ ਸ਼ਹਿ ਨਾਲ ਸਾਰੇ ਸ਼ਹਿਰ ਵਿਚ ਲਹੂ ਦੀ ਹੋਲੀ ਸ਼ੁਰੂ ਹੋ ਗਈ। ਬੰਦੂਕਾਂ, ਬੰਬ, ਛੁਰੇ, ਕਿਰਪਾਨਾਂ, ਭਰਾਵਾਂ ਨੇ ਭਰਾਵਾਂ ਉਤੇ ਦਿਲ ਖੋਲ੍ਹ ਕੇ ਚਲਾਏ। ਉੱਜੜ ਕੇ ਆਇਆਂ

---

*ਉਹਨੇ ਕਿਉਂ ਆਤਮ-ਘਾਤ ਕੀਤਾ ? ਕੀ ਉਹ ਪਾਪਣ ਸੀ ? ਇਹਨਾਂ ਪ੍ਰਸ਼ਨਾਂ ਦਾ ਉੱਤਰ ਵੇਖਣ ਵਾਸਤੇ ਪੜ੍ਹੋ 'ਮੁੱਲ ਦਾ ਮਾਸ।'

ਹੋਇਆਂ ਨੇ ਅੰਦਰ ਦੇ ਸਾੜ ਰੱਜ ਕੇ ਕਢੇ। ਅੱਠਾਂ ਪਹਿਰਾਂ ਵਿਚ ਸਾਰੇ ਗਲੀਆਂ ਬਾਜ਼ਾਰ ਲੋਥਾਂ ਨਾਲ ਭਰ ਗਏ। ਕਈ ਦੁਹਾਸਵੇਂ ਤਿਹਾਸਵੇਂ ਅੱਗ ਦੀ ਭੇਟ ਹੋ ਗਏ। ਕਈ ਕਿਸਮਤ ਵਾਲੇ ਮੌਤ ਦੇ ਜਬਾੜਿਆਂ 'ਚੋਂ ਬਚ ਕੇ ਨਿਕਲ ਵੀ ਗਏ। ਉਹਨਾਂ ਵਾਸਤੇ ਸਰਕਾਰ ਨੇ ਬਹਾਦਰ ਗੜ੍ਹ ਕੈਂਪ ਬਣਾ ਦਿਤਾ।

ਫਿਰ ਆਈ ਮਕਾਨਾਂ ਦੀ ਵਾਰੀ। ਉੱਜੜ ਕੇ ਆਏ ਹੋਏ ਜੰਦਰੇ ਤੋੜ ਕੇ ਤੇ ਬੂਹੇ ਭੰਨ ਕੇ ਲੱਗੇ ਮੱਲਾਂ ਮੱਲਣ। ਏਸ ਗੜਬੜ ਵਿਚ ਸਰਵਣ ਦੂੱਜਿਆਂ ਨਾਲੋਂ ਨਿਖੜ ਗਿਆ। ਕੁਲਵੰਤ ਤੇ ਸਤੀਸ਼ ਦੋਵੇਂ ਕੱਠੇ ਸਨ। ਉਹ ਵੀ ਸੋਚੀਆਂ ਦੇ ਘੋਰ ਵਿਚ ਇਕ ਖੁੱਲ੍ਹੇ ਬੂਹੇ ਵਾਲੇ ਮਕਾਨ ਅੰਦਰ ਜਾ ਵੜੇ। ਪਹਿਲੀ ਢਾਣੀ ਇਹ ਸੋਚ ਕੇ ਉਸ ਤੋਂ ਅਗ੍ਹਾਂ ਲੰਘ ਗਈ ਸੀ, ਕਿ ਜਿਸਦਾ ਬੂਹਾ ਪਹਿਲਾਂ ਹੀ ਚੌਫਾਲ ਖੁੱਲ੍ਹਾ ਪਿਆ ਹੈ, ਉਹਦੇ ਅੰਦਰ ਕੀ ਹੋਣਾ ਹੈ ? ਨਾਲੇ ਮਕਾਨ ਦੀ ਬਾਹਰਲੀ ਬਨਾਵਟ ਕੋਈ ਵਧੀਆ ਨਹੀਂ ਸੀ। ਸਤੀਸ਼ ਤੇ ਕੁਲਵੰਤ ਨੇ ਅੰਦਰ ਵੜ ਕੇ ਕੁੰਡਾ ਮਾਰ ਲਿਆ। ਅੰਦਰੋਂ ਮਕਾਨ ਵਾਹਵਾ ਚੰਗਾ ਸੀ। ਰਸੋਈ ਤੋਂ ਬਿਨਾਂ ਪੰਜ ਕਮਰੇ ਸਨ, ਜੋ ਚੰਗੇ ਸਾਮਾਨ ਨਾਲ ਭਰੇ ਪਏ ਸਨ। ਕੁਛ ਟਰੰਕ ਤੇ ਅਲਮਾਰੀਆਂ ਖੁੱਲ੍ਹੇ ਪਏ ਸਨ ਤੇ ਉਹਨਾਂ ਵਿਚਲਾ ਲੀੜਾ-ਲੱਤਾ ਸਾਮ੍ਹਣੇ ਖਿੱਲਰਿਆ ਪਿਆ ਸੀ। "ਸਗੋਂ ਆਪਾਂ ਤੋਂ ਪਹਿਲਾਂ ਹੀ ਕੋਈ ਹੱਥ ਫੇਰ ਗਿਆ ਹੋਵੇ ?" ਕੁਲਵੰਤ ਨੇ ਹੈਰਾਨੀ ਨਾਲ ਕਿਹਾ।

"ਹੋ ਸਕਦਾ ਏ ਮਾਲਕਾਂ ਈਂ ਇਹ ਖਲਾਰਾ ਖਲਾਰਿਆ ਹੋਵੇ। ਉਹ ਪੈਸਾ-ਟਕਾ ਕਢ ਕੇ ਲੈ ਗਏ ਹੋਣ ਤੇ ਲੀਰਾਂ ਏਥੇ ਪਈਆਂ ਰਹਿਣ ਦਿਤੀਆਂ ਨੇ।" ਸਤੀਸ਼ ਨੇ ਆਪਣੀ ਰਾਏ ਦਿਤੀ।

ਉਹ ਰਸੋਈ ਵਿਚ ਗਏ। ਚੁੱਲ੍ਹੇ ਕੋਲ ਚੌਲਾਂ ਦਾ ਭਰਿਆ ਪਤੀਲਾ ਅਮਨ-ਅਮਾਨ ਪਿਆ ਸੀ। ਰਿੰਨ੍ਹਣ ਵਾਲਿਆਂ ਨੂੰ ਖਾਣ ਦਾ ਹੁਕਮ ਨਹੀਂ ਸੀ ਹੋਇਆ। ਉਹ ਜਾਨਾਂ ਲੈ ਕੇ ਨੱਸ ਗਏ ਸਨ। ਸਾਰਾ ਅੰਦਰ ਬਾਹਰ ਵੇਖ ਕੇ ਕੁਲਵੰਤ ਨੇ ਕਿਹਾ, "ਹੱਛਾ, ਨਕਦ ਮਾਲ ਮਤਾਹ ਨਹੀਂ, ਤਾਂ ਸਿਰ ਲੁਕਾਉਣ ਨੂੰ ਕੁੱਲੀ ਤਾਂ ਹੈ ਨਾਂ ! ਮੇਰਾ ਖ਼ਿਆਲ ਏ, ਤੂੰ ਜਾ ਕੇ ਮਾਤਾ ਪਿਤਾ ਨੂੰ ਲੈ ਆ। ਉਹਨਾਂ ਨੂੰ ਏਥੇ ਬਿਠਾ ਕੇ ਆਪਾਂ ਹੋਰ ਕਿਤੇ ਹੱਥ ਪੈਰ ਮਾਰਾਂਗੇ। ਉਹ ਨਾ ਨਾਂ ਹੋਵੇ, ਪਈ ਆਪਾਂ ਅਗ੍ਹਾਂ ਤੁਰ ਚਲੀਏ, ਤੇ ਆਉਂਦਿਆਂ ਨੂੰ ਇਹ ਵੀ ਕੋਈ ਹੋਰ ਮੱਲ ਲਵੇ।"

ਇਹ ਸਲਾਹ ਸਤੀਸ਼ ਦੇ ਵੀ ਪਸੰਦ ਆਈ। ਉਹ ਆਪਣੇ ਮਾਤਾ-ਪਿਤਾ ਨੂੰ ਲੈਣ ਤੁਰ ਗਿਆ ਤੇ ਕੁਲਵੰਤ ਨੂੰ ਘਰ ਦਾ ਰਾਖਾ ਛੱਡ ਗਿਆ।

ਕੁਲਵੰਤ ਅੰਦਰੋਂ ਕੁੰਡਾ ਮਾਰ ਕੇ ਡਿਉਢੀ ਵਿਚ ਬਹਿ ਗਿਆ। ਦੋ-ਕੁ ਮਿੰਟ

ਉਹ ਬੈਠਾ ਰਿਹਾ,ਤੇ ਫਿਰ ਮਨ ਦੀ ਸੁਭਾਵਕ ਚੰਚਲਤਾ ਦੇ ਅਧੀਨ ਅੰਦਰ ਜਾ ਕੇ ਖਿੱਲਰੇ ਹੋਏ ਕੱਪੜੇ-ਲੱਤੇ ਫੋਲਣ ਲੱਗ ਪਿਆ। ਪਲੰਘ ਉੱਤੇ ਕਪੜਿਆਂ ਦੇ ਢੇਰ-ਥੱਲੇ ਗਾਤਰੇ ਲਟਕਾਉਣ ਵਾਲਾ ਵਧੀਆ ਕਪੜੇ ਦਾ ਥੈਲਾ ਪਿਆ ਸੀ, ਜਿਸ ਉਤੇ ਉਰਦੂ ਅੱਖਰਾਂ ਵਿਚ ਤਿੱਲੇ ਨਾਲ 'ਕਲਾਮਿ-ਪਾਕ' ਕਢਿਆ ਹੋਇਆ ਸੀ। ਕੁਲਵੰਤ ਨੂੰ ਵੇਖ ਕੇ ਗੁੱਸਾ ਆ ਗਿਆ। "ਊਂਹ! ਜਿਸ ਤਰ੍ਹਾਂ ਸਾਡੇ ਗੁਰੂ ਗ੍ਰੰਥ ਸਾਹਿਬ ਓਧਰ ਰੁਲੇ ਨੇ, ਉਹਨਾਂ ਦੇ ਕੁਰਾਨ ਵੀ ਏਧਰ ਓਸੇ ਤਰ੍ਹਾਂ ਰੁਲਨਗੇ।" ਕਹਿੰਦਿਆਂ ਹੋਇਆਂ ਉਹਨੇ ਥੈਲਾ ਚੁੱਕ ਕੇ ਬਾਹਰ ਮਾਰਿਆ। ਫ਼ਰਸ਼ ਉੱਤੇ ਅੱਸੀ ਪਰਨੇ ਵੱਜਣ ਨਾਲ ਥੈਲਾ ਇਕ ਨੁਕਰੋਂ ਦੂਹਰਾ ਜੇਹਾ ਹੋ ਗਿਆ। ਕੁਲਵੰਤ ਨੂੰ ਸ਼ੱਕ ਪੈ ਗਿਆ। ਉਹ ਸੋਚਣ ਲੱਗਾ, 'ਪੱਕੀ ਜਿਲਦ ਵਾਲੀ ਕਿਤਾਬ ਏਸਤਰ੍ਹਾਂ ਵਿੰਗੀ ਨਹੀਂ ਹੋ ਸਕਦੀ। ਇਸ ਵਿਚ ਕੁਰਾਨ ਦੀ ਥਾਂ ਕੁਛ ਹੋਰ ਹੋਵੇ?' ਇਸ ਵਿਚਾਰ ਨੇ ਉਹਨੂੰ ਅੱਗੇ ਵਧਣ ਦੀ ਪ੍ਰੇਰਨਾ ਕੀਤੀ। ਉਹਨੇ ਥੈਲਾ ਚੁੱਕ ਕੇ ਖੋਲ੍ਹਿਆ। ਠੀਕ ਹੀ ਉਸ ਵਿਚ ਕੁਰਆਨ ਸ਼ਰੀਫ਼ ਨਹੀਂ ਸੀ। ਬਣਾਇਆ ਭਾਵੇਂ ਏਸੇ ਮਤਲਿਬ ਵਾਸਤੇ ਗਿਆ ਸੀ, ਪਰ ਇਸ ਵੇਲੇ ਉਸ ਵਿਚ 'ਕਲਾਮਿ-ਪਾਕ' ਦੀ ਥਾਂ ਕੁਛ ਹੋਰ ਸੀ।

ਸਤਾਰਾਂ ਅਗਸਤ ਤੋਂ ਹੀ ਪੂਰਬੀ ਪੰਜਾਬ ਦੇ ਮੁਸਲਮਾਨ ਘਬਰਾਏ ਹੋਏ ਸਨ। ਪੁੱਜਦੇ ਘਰਾਂ ਵਿਚੋਂ ਕਈ ਤਾਂ ਆਪਣਾ ਪੈਸਾ ਪਹਿਲਾਂ ਹੀ ਪੱਛਮੀ ਪੰਜਾਬ ਦੇ ਸ਼ਹਿਰਾਂ ਵਿਚ ਜਮ੍ਹਾਂ ਕਰਾ ਆਏ ਸ਼ਨ ਤੇ ਕਈ ਘਰਾਂ ਵਿਚ ਹੀ ਦਬਾਈ ਬੈਠੇ ਸਨ। ਏਧਰ ਦੇ ਬੈਂਕਾਂ ਵਿਚੋਂ ਬਹੁਤਿਆਂ ਨੇ ਪੈਸਾ ਕਢਾ ਲਿਆ ਸੀ। ਇਹ ਵੀ ਇਕ ਪੁੱਜਦਾ ਘਰ ਸੀ। ਇਸ ਦੇ ਮਾਲਕਾਂ ਸ਼ਾਇਦ ਝਬਦੇ ਹੀ ਪਾਈ ਪੂੰਜੀ ਕੱਠੀ ਕੀਤੀ ਸੀ। ਸੌ-ਸੌ ਦੇ ਨੋਟਾਂ ਦੀਆਂ ਦੋ ਥਹੀਯਾਂ ਗੱਤਿਆਂ ਵਿਚ ਬੰਨ੍ਹ ਕੇ ਉਹਨਾਂ ਕੁਰਆਨ ਸ਼ਰੀਫ਼ ਵਾਲੇ ਥੈਲੇ ਵਿਚ ਪਾਈਆਂ ਹੋਈਆਂ ਸਨ। ਓਹਾ ਥੈਲਾ ਇਸ ਵੇਲੇ ਕੁਲਵੰਤ ਦੇ ਹੱਥ ਵਿਚ ਸੀ। ਉਹਨੇ ਬੰਡਲ ਖੋਲ੍ਹ ਕੇ ਨੋਟ ਗਿਣੇ। ਉਹ ਸੱਠ ਹਜ਼ਾਰ ਦੇ ਸਨ। ਖ਼ੁਸ਼ੀ ਤੇ ਹੈਰਾਨੀ ਨਾਲ ਉਹਦਾ ਦਿਲ ਜ਼ੋਰ ਜ਼ੋਰ ਦੀ ਧੜਕਣ ਲੱਗ ਪਿਆ। ਉਹਦੇ ਸਰੀਰ ਵਿਚ ਕੰਬਣੀ ਛਿੜ ਗਈ। ਉਹਦਾ ਆਪਣਾ ਆਪ ਬੇ-ਕਾਬੂ ਹੋ ਰਿਹਾ ਸੀ। ਏਨੀ ਵੱਡੀ ਰਕਮ ਉਹਦੇ ਹੱਥ ਵਿਚ ਸੀ। ਪਰ ਹੁਣ ਉਹ ਇਸ ਨੂੰ ਲੁਕਾਵੇ ਕਿੱਥੇ?

'ਸਤੀਸ਼ ਨੂੰ ਪਤਾ ਲੱਗ ਗਿਆ, ਤਾਂ ਉਹ ਵੀ ਹਿਸਾ ਮੰਗੇਗਾ। ਉਹਦੇ ਆਉਣ ਤੋਂ ਪਹਿਲਾਂ ਹੀ ਕਿਧਰੇ ਨੱਸ ਜਾਵਾਂ? ਏਸਤਰ੍ਹਾਂ ਤਾਂ ਉਹਨੂੰ ਸਗੋਂ ਸ਼ੱਕ ਪੈ ਜਾਵੇਗਾ। ਪਰ ਇਹਨਾਂ ਨੂੰ ਰੱਖਾਂ ਕਿੱਥੇ? ਹਾਂ, ਇਹ ਠੀਕ ਏ।' ਸੋਚਦਿਆਂ ਸੋਚਦਿਆਂ ਆਖ਼ਰ ਉਹਨੂੰ ਇਕ ਵਿਉਂਤ ਸੁਝ ਪਈ। ਕੱਪੜਿਆਂ ਉਤੇ ਪਈ ਹੋਈ

ਧਣ ਵਾਲੀ ਪੱਗ ਵਿਚਕਾਰੋਂ ਪਾੜ ਕੇ ਉਹਦੀਆਂ ਉਹਨੇ ਦੋ ਲੰਮੀਆਂ ਲੀਰਾਂ ਬਣਾ ਲਈਆਂ। ਨੋਟਾਂ ਦੀਆਂ ਛੋਟੀਆਂ ਛੋਟੀਆਂ ਥਹੀਆਂ ਕਰ ਕੇ ਉਹਨੇ ਪੱਗ ਦੀਆਂ ਲੀਰਾਂ ਨਾਲ ਦੋਹਾਂ ਪੱਟਾਂ ਉਦਾਲੇ ਬੰਨ੍ਹ ਲਈਆਂ। ਫਿਰ ਪਾਟੀ ਚਾਦਰ ਦੀ ਥਾਂ ਉਹਨੇ ਪਤਲੂਨ ਪਹਿਨ ਲਈ। ਏਸ-ਤਰ੍ਹਾਂ ਉਹਨੂੰ ਚੋਰੀ ਦਾ ਮਾਲ ਲੁਕਾਉਣ ਵਿਚ ਸਹੂਲਤ ਹੋ ਗਈ। ਮੈਲੀ ਕਮੀਜ਼ ਦੀ ਥਾਂ ਉਹਨੇ ਓਥੋਂ ਧੋਤੀ ਹੋਈ ਪਹਿਨ ਲਈ।

ਬਰਾਂਡੇ ਵਿਚ ਕੁਰਸੀ ਖਿੱਚ ਕੇ ਉਹ ਬੈਠ ਗਿਆ। ਪਰ ਉਸ ਤੋਂ ਬਹੁਤਾ ਚਿਰ ਨਿਚੱਲਾ ਬੈਠਾ ਨਾ ਗਿਆ। ਬਿਨਾਂ ਮਿਹਨਤ ਮਿਲੀ ਮਾਇਆ ਨੇ ਉਹਦੇ ਅੰਦਰ ਭਟਕੀ ਪੈਦਾ ਕਰ ਦਿਤੀ ਸੀ। ਉਸ ਹਵਸ ਨੂੰ ਮਿਟਾਉਣ ਵਾਸਤੇ ਉਹਨੇ ਫੇਰ ਹੱਥ-ਗੱਲਾ ਦੇਣਾ ਸ਼ੁਰੂ ਕਰ ਦਿਤਾ।

ਭਾਲਦਿਆਂ ਭਾਲਦਿਆਂ ਉਹਨੂੰ ਇਕ ਕੱਪੜਿਆਂ ਵਾਲੀ ਅਲਮਾਰੀ ਵਿਚੋਂ ਕੁਛ ਸੋਨੇ ਦੀਆਂ ਟੂੰਬਾਂ ਮਿਲੀਆਂ। ਉਹਦਾ ਦਿਲ ਵਧੇਰੇ ਧੜਕਣ ਲੱਗ ਪਿਆ। ਫਿਰ ਤਾਂ ਉਹਨੇ ਬਾਕੀ ਸਾਮਾਨ ਵੀ ਇਕ ਇਕ ਕਰਕੇ ਫੋਲ ਮਾਰਿਆ। ਸਾਰੇ ਘਰ ਦੀ ਉਹਨੇ ਇਉਂ ਤਲਾਸ਼ੀ ਲਈ, ਜਿਵੇਂ ਹੱਥੇ ਵਰਤੇ ਪੁਲੀਸ ਦੇ ਕਰਮ-ਚਾਰੀ ਕਰਦੇ ਹਨ। ਪਰ ਉਹਨੂੰ ਹੋਰ ਕੋਈ ਚੀਜ਼ ਨਾ ਲੱਭੀ।

ਕੁਲਵੰਤ ਨੇ ਨੋਟ ਲੁਕਾ ਲਏ ਸਨ। ਸੋਨੇ ਦੇ ਜ਼ੇਵਰ ਉਹਦੇ ਹੱਥ ਵਿਚ ਸਨ। ਪਰ ਉਹਨਾਂ ਨੂੰ ਕਿੱਥੇ ਲੁਕਾਵੇ? ਉਹਨੇ ਬਥੇਰੀ ਸੋਚ ਦੁੜਾਈ, ਪਰ ਕੋਈ ਵੀ ਚੰਗਾ ਰਾਹ ਨਾ ਸੁਝਿਆ। ਇਕੋ ਢੰਗ ਸੀ, ਕਿ ਉਹ ਸਤੀਸ਼ ਦੇ ਆਉਣ ਤੋਂ ਪਹਿਲਾਂ ਹੀ ਘਰੋਂ ਖਿਸਕ ਜਾਏ। ਇਹ ਉਹਨੂੰ ਵਧੇਰੇ ਜਚਿਆ ਨਾ। ਉਹ ਸਭ ਕੁਛ ਹਜ਼ਮ ਵੀ ਕਰਨਾ ਚਾਹੁੰਦਾ ਸੀ, ਤੇ ਦੋਸਤ ਦੀਆਂ ਨਜ਼ਰਾਂ ਵਿਚ 'ਬੇਈਮਾਨ' ਬਣਨੋ ਵੀ ਤ੍ਰਹਿੰਦਾ ਸੀ। ਅੰਤ ਉਹਨੇ ਵਧੇਰੇ ਈਮਾਨਦਾਰ ਬਣਨ ਦਾ ਢੰਗ ਸੋਚ ਲਿਆ। ਧੋਤੇ ਹੋਏ ਕੱਪੜਿਆਂ ਦੀ ਤਹਿ ਵਿਚ ਉਹਨੇ ਉਹ ਗਹਿਣਿਆਂ ਦੀ ਪੋਟਲੀ ਟਿਕਾ ਦਿਤੀ।

ਸਤੀਸ਼ ਨੇ ਬੂਹਾ ਖੜਕਾ ਕੇ ਵਾਜ ਮਾਰੀ। ਅੰਦਰੋਂ ਕੁਲਵੰਤ ਨੇ ਕੁੰਡਾ ਖੋਲ੍ਹਿਆ। ਸਤੀਸ਼ ਤੇ ਉਹਦਾ ਬਾਕੀ ਪਰਵਾਰ ਅੰਦਰ ਆਇਆ। ਸਤੀਸ਼ ਨੇ ਕੁਲਵੰਤ ਦੇ ਬਦਲੇ ਹੋਏ ਕੱਪੜਿਆਂ ਵੱਲ ਤੱਕਿਆ। ਕੁਲਵੰਤ ਦਾ ਰੰਗ ਫਿੱਕਾ ਪੈ ਗਿਆ। ਉਹ ਆਪਣੇ ਆਪ ਵਿਚ ਘਬਰਾ ਗਿਆ। ਸਤੀਸ਼ ਨੇ ਉਸਨੂੰ ਡੌਲਿਓਂ ਹਿਲਾ ਕੇ ਪੁੱਛਿਆ, "ਕਿਉਂ, ਕੀ ਗੱਲ ਏ? ਤੂੰ ਸਗੋਂ ਵਧੇਰੇ ਉਦਾਸ ਹੋ ਗਿਆ ਏਂ।"

"ਹਾਂ!" ਕਹਿੰਦਾ ਹੋਇਆ ਕੁਲਵੰਤ ਸਤੀਸ਼ ਨੂੰ ਬਾਹੋਂ ਫੜ ਕੇ ਇਕ ਪਾਸੇ ਲੈ ਗਿਆ। "ਸਤੀਸ਼! ਤੂੰ ਜਾਣਦਾ ਏਂ, ਮੇਰਾ ਸਕਾ-ਸੋਦਰਾ ਕੋਈ ਵੀ ਨਹੀਂ ਰਹਿ

ਗਿਆ। ਤੈਨੂੰ ਇਹ ਵੀ ਪਤਾ ਏ, ਕਿ ਗੁਰਸ਼ਰਨ ਦੀ ਭੈਣ ਨਾਲ ਮੇਰੀ ਮੰਗਣੀ ਦੀ ਗੱਲ ਬਾਤ ਹੋ ਰਹੀ ਸੀ। ਹੁਣੇ ਹੀ ਰਾਮਿੰਦਰ ਤੋਂ ਪਤਾ ਲੱਗਾ ਏ, ਕਿ ਗੁਰਸ਼ਰਨ ਕੇ ਲੁਧਿਆਣੇ ਆ ਗਏ ਨੇ। ਤੇ ਉਹ ਮੇਰੀ ਭਾਲ ਕਰ ਰਹੇ ਨੇ। ਓਦੋਂ ਦਾ ਮੇਰਾ ਦਿਲ ਕਾਹਲਾ ਪੈ ਰਿਹਾ ਏ। ਜੇ ਤੂੰ ਛੁੱਟੀ ਦੇਵੇਂ, ਤਾਂ ਮੈਂ 'ਕੇਰਾਂ ਓਥੋਂ ਹੋ ਆਵਾਂ। ਇਕ ਦੋ ਦਿਨਾਂ ਵਿਚ ਈ ਮੈਂ ਪਰਤ ਆਵਾਂਗਾ।"

"ਜੀ ਤਾਂ ਨਹੀਂ ਕਰਦਾ ਤੇਰੇ ਨਾਲੋਂ ਵਿਛੜਨ ਨੂੰ, ਪਰ ਤੇਰਾ ਉਹਨਾਂ ਨੂੰ ਮਿਲਨਾ ਜ਼ਰੂਰੀ ਏ।" ਸਤੀਸ਼ ਦੀ ਵਾਜ ਵਿਚ ਪੂਰੀ ਅਪਣੱਤ ਸੀ।

"ਤੂੰ ਕਹੇਂ, ਤਾਂ ਮੈਂ ਦੋ-ਚਾਰ ਕੱਪੜੇ ਨਾਲ ਲਈ ਜਾਵਾਂ? ਇਕ ਸੂਟ ਤਾਂ ਮੈਂ ਆਹ ਪਾ ਲਿਆ ਏ।"

"ਕੁਲਵੰਤ! ਇਹ ਤੂੰ ਕੀ ਆਖੀ? ਜੋ ਵੀ ਇਸ ਘਰ ਵਿਚ ਹੈ, ਤੇਰਾ ਮੇਰਾ ਅੱਧੋ-ਅੱਧ ਹੈ। ਜਿਹੜੀ ਚੀਜ਼ ਤੇਰਾ ਦਿਲ ਕਰੇ, ਤੂੰ ਲੈ ਜਾ।"

ਕੁਲਵੰਤ ਤੇ ਸਤੀਸ਼ ਕੱਪੜਿਆਂ ਵਾਲੀ ਅਲਮਾਰੀ ਕੋਲ ਆ ਖਲੋ। ਕੁਲਵੰਤ ਦੇ ਦਿਲ ਵਿਚ ਫਿਰ ਲਾਲਚ ਦੀਆਂ ਲਹਿਰਾਂ ਉਠੀਆਂ। ਉਹਦਾ ਜੀ ਚਾਹਿਆ, ਕਿ ਕੱਪੜਿਆਂ ਦੀ ਤਹਿ ਦੇ ਵਿਚੇ ਵਲ੍ਹੇਟ ਕੇ ਟੂੰਬਾਂ ਲੈ ਤੁਰੇ। 'ਪਰ ਜੇ ਸਤੀਸ਼ ਨੂੰ ਸ਼ੱਕ ਪੈ ਗਿਆ ਤਾਂ। ਜੇ ਇਹਨੇ ਕੱਪੜੇ ਫਰੋਲ ਲਏ ਤਾਂ।' ਇਹ ਖਿਆਲ ਆਉਂਦਿਆਂ ਹੀ ਕੁਲਵੰਤ ਦੇ ਹੱਥ ਕੰਬਣ ਲੱਗ ਪਏ। ਉਹਨੇ ਇਸ ਬੇ-ਪਰਵਾਹੀ ਨਾਲ ਕੱਪੜੇ ਚੁੱਕੇ, ਕਿ ਗਹਿਣਿਆਂ ਦੀ ਪੋਟਲੀ ਥੱਲੇ ਫ਼ਰਸ਼ 'ਤੇ ਆ ਪਈ।

"ਹੈਂ? ਇਹ ਕੀ ਏ?" ਜਾਣਦਿਆਂ ਹੋਇਆਂ ਵੀ ਕੁਲਵੰਤ ਨੇ ਬਨਾਉਟੀ ਹੈਰਾਨੀ ਨਾਲ ਕਿਹਾ। ਉਹਨੇ ਭੁੰਇਓਂ ਤੋਂ ਫੜਕੇ ਪੋਟਲੀ ਖੋਲ੍ਹ ਕੇ ਸਤੀਸ਼ ਦੇ ਸਾਮ੍ਹਣੇ ਖਿਲਾਰ ਦਿਤੀ।

"ਤਾਂ ਤਾਂ ਹੋਰ ਵੀ ਕੁਛ ਹੋਵੇਗਾ।" ਸਤੀਸ਼ ਨੇ ਜ਼ੇਵਰ ਹੱਥ ਵਿਚ ਲੈ ਕੇ ਕਿਹਾ।

"ਹੋ ਸਕਦਾ ਏ।" ਕੁਲਵੰਤ ਨੇ ਉਹਦੀ ਗੱਲ ਦੀ ਪਰੋੜ੍ਹਤਾ ਕੀਤੀ।

ਦੋਹਾਂ ਨੇ ਫਿਰ ਚੀਜ਼ਾਂ ਫਰੋਲਣੀਆਂ ਸ਼ੁਰੂ ਕਰ ਦਿਤੀਆਂ। ਦਸ ਪੰਦਰਾਂ ਮਿੰਟ ਵਿਚ ਹੀ ਇਹ ਕੰਮ ਮੁਕ ਗਿਆ।

ਸਤੀਸ਼ ਨੇ ਫਿਰ ਉਹ ਗਹਿਣੇ ਹੱਥਾਂ ਵਿਚ ਜਾਚਦਿਆਂ ਕਿਹਾ, "ਦੋ-ਢਾਈ ਹਜ਼ਾਰ ਦਾ ਮਾਲ ਹੋਵੇਗਾ।"

"ਚਲੋ, ਜਾਂਦੇ ਚੋਰ ਦੀ ਪੱਗ ਈ ਸਹੀ। ਜੋ ਮਿਲ ਗਿਆ, ਲਾਹੇਵੰਦਾ ਈ ਏ।" ਕੁਲਵੰਤ ਨੇ ਬੇ-ਪਰਵਾਹੀ ਨਾਲ ਉੱਤਰ ਦਿਤਾ।

"ਹੱਛਾ ਇਹਨਾਂ ਵਿਚੋਂ ਤੂੰ ਆਪਣੀ ਮਰਜ਼ੀ ਦੀਆਂ ਅੱਧੀਆਂ ਚੀਜ਼ਾਂ ਚੁਕ ਲੈ।" ਸਤੀਸ਼ ਨੇ ਸਾਰੇ ਗਹਿਣੇ ਕੁਲਵੰਤ ਅੱਗੇ ਰਖ ਦਿਤੇ।

"ਮੈਂ ਇਹਨਾ ਨੂੰ ਸਾਂਭਾਂਗਾ ਕਿੱਥੇ ? ਇਹ ਸਭ ਕੁਛ ਤੇਰੇ ਹਵਾਲੇ ਹੈ। ਮੇਰਾ ਕੋਈ ਘਰ-ਟਿਕਾਣਾ ਬਣ ਗਿਆ, ਤਾਂ ਜੋ ਤੇਰੀ ਮਰਜ਼ੀ ਹਊ, ਦੇ ਛੱਡੀਂ।" ਕੁਲਵੰਤ ਨੇ ਬੜੀ ਖੁਲ੍ਹ-ਦਿਲੀ ਨਾਲ ਕਿਹਾ।

"ਮਰਜ਼ੀ ਦਾ ਸਵਾਲ ਨਹੀਂ, ਤੂੰ ਹਰ ਚੀਜ਼ ਵਿਚੋਂ ਅੱਧ ਦਾ ਮਾਲਕ ਏਂ।"

"ਹੱਛਾ, ਸਭ ਕੁਛ ਏਥੇ ਈ ਰੱਖ ਹਾਲੇ। ਓਥੋਂ ਆ ਕੇ ਵੇਖੀ ਜਾਇਗੀ।"

ਛੋਟੇ ਜੇਹੇ ਅਟੈਚੀ-ਕੇਸ ਵਿਚ ਦੋ ਜੋੜੇ ਧੋਤੇ ਹੋਏ ਕੱਪੜਿਆਂ ਦੇ ਪਾ ਕੇ ਕੁਲ-ਵੰਤ ਓਥੋਂ ਵਿਦਿਆ ਹੋਇਆ। ਘਰੋਂ ਬਾਹਰ ਨਿਕਲ ਕੇ ਉਹਨੇ ਤਸੱਲੀ ਦਾ ਸਾਹ ਲਿਆ। ਉਹ ਆਪਣੀ ਕਾਮਯਾਬੀ 'ਤੇ ਮੁਸਕਰਾਉਂਦਾ ਤੁਰਿਆ ਜਾ ਰਿਹਾ ਸੀ।

## ੧੨

ਮਨਜੀਤ ਹੋਰਾਂ ਨੂੰ ਤੋਰ ਕੇ ਫ਼ਾਤਮਾ ਕਿੰਨਾ ਚਿਰ ਦਲ੍ਹੀਜਾਂ 'ਚ ਖਲੀ ਰਹੀ। ਹਨੇਰੇ ਵਿਚ ਦਿਸਦਾ ਕੁਛ ਨਹੀਂ ਸੀ, ਮਗਰ ਉਹਦੀ ਮਮਤਾ ਜਾ ਰਹੀ ਮਨਜੀਤ ਨੂੰ ਵੇਖ ਰਹੀ ਸੀ। 'ਜੇ ਕੋਈ ਮੈਨੂੰ ਏਸ ਤਰ੍ਹਾਂ ਬੂਹੇ 'ਚ ਖਲੀ ਨੂੰ ਵੇਖ ਲਏ ਤਾਂ! ਜੇ ਕਿਸੇ ਨੂੰ ਕੋਈ ਸ਼ੱਕ ਪੈ ਜਾਏ ਤਾਂ! ਜੇ ਕੋਈ ਉਹਨਾਂ ਦੇ ਮਗਰ ਲੱਗ ਪਵੇ ਤਾਂ!' ਇਹ ਖ਼ਿਆਲ ਆਉਂਦਿਆਂ ਹੀ ਬੁਢੜੀ ਫ਼ਾਤਮਾ ਨੇ ਡਰ ਕੇ ਛੇਤੀ ਨਾਲ ਬੂਹਾ ਬੰਦ ਕਰ ਦਿਤਾ। ਉਹ ਜੀ-ਭਿਆਣੀ ਅੰਦਰ ਜਾ ਬੈਠੀ। ਭੈੜੇ ਚੰਦਰੇ ਖ਼ਿਆਲ ਉਹਦੇ ਅੰਦਰ ਤੂਫ਼ਾਨ ਮਚਾ ਰਹੇ ਸਨ। ਉਹ ਉਠ ਕੇ ਫਿਰ ਬੂਹੇ ਕੋਲ ਜਾ ਖਲੀ। ਉਹਦਾ ਹੱਥ ਕਈ ਵਾਰ ਕੁੰਡਾ ਖੋਲ੍ਹਣ ਵਾਸਤੇ ਅੱਗੇ ਵਧਿਆ, ਪਰ ਬੂਹਾ ਲਾਹ ਕੇ ਬਾਹਰ ਝਾਤੀ ਮਾਰਨ ਦਾ ਉਹਨੂੰ ਹੌਸਲਾ ਨਾ ਪਿਆ। ਉਹ ਫੇਰ ਅੰਦਰ ਜਾ ਬੈਠੀ। ਉਹ ਇਉਂ ਮਹਿਸੂਸ ਕਰ ਰਹੀ ਵੀ, ਜਿਵੇਂ ਕੋਈ ਉਹਦਾ ਕਲੇਜਾ ਵਢ ਰਿਹਾ ਹੋਵੇ। ਉਹ ਸੋਚ ਰਹੀ ਸੀ, 'ਯਾ ਅੱਲਾਹ! ਇਹਨਾਂ ਲੋਕਾਂ ਨੂੰ ਕੀ ਵਗ ਗਈ ਏ ? ਚੰਗੇ ਭਲੇ ਵਸਦੇ ਰਸਦੇ, ਮਾਂ ਪਿਉ ਜਾਇਆਂ ਗਵਾਂਢੀਆਂ ਦੇ ਵੈਰੀ ਬਣ ਗਏ ਨੇ। ਬੰਦਾ ਬੰਦੇ ਨੂੰ ਖਾਣ ਲੱਗ ਪਿਆ ਏ। ਭਰਾ ਭਰਾ ਦਾ ਲਹੂ ਪੀਣ 'ਤੇ ਉਤਾਰੂ ਹੋ ਗਿਆ ਏ। ਨਿਰੇ ਸ਼ੁਹਦੇ ਕਮੀਣੇ ਨਹੀਂ, ਚੰਗੇ ਇੱਜ਼ਤ ਪਤ ਵਾਲੇ ਛੁਰੇ ਤੇ ਬਰਛੀਆਂ ਚੁੱਕੀ ਫਿਰਦੇ ਨੇ। ਸੂਰਮੇ ਤੇ ਗ਼ਾਜ਼ੀ ਅਖਵਾਉਣ ਵਾਲੇ, ਬੁਢਿਆਂ ਤੇ ਬਾਲਾਂ ਉਤੇ ਵਾਰ ਕਰ ਰਹੇ ਨੇ, ਜਵਾਨ ਜਹਾਨ ਧੀਆਂ ਭੈਣਾਂ ਦੀ ਲੱਜ ਸ਼ਰਮ ਗਲੀਆਂ ਵਿਚ ਰੁਲ

ਰਹੀ ਏ । ਇਹਨਾਂ ਲਹੂ ਭਰੇ ਹੱਥਾਂ ਦੀ ਦੁਆ ਤੇਰੀ ਦਰਗਾਹ ਵਿਚ ਮਨਜ਼ੂਰ ਹੋਵੇਗੀ ਕੀ ਪਾਕਿਸਤਾਨ ਤੇ ਇਸਲਾਮ ਦੀ ਏਸੇ ਤਰ੍ਹਾਂ ਵਧੇਰੇ ਖਿਦਮਤ ਹੋ ਸਕਦੀ ਏ ? ਕੀ ਸਾਰੇ ਹਿੰਦੂ ਸਿੱਖ ਬੁਰੇ ਨੇ ? ਬੀਬੀ ਮਨਜੀਤ ਤੇ ਉਹਦਾ ਮਾਲਕ ਵੀ ਸਿੱਖ ਨੇ । ਕੀ ਉਹ ਵੀ ਮਾੜੇ ਨੇ ? ਉਹ ਨਾ ਹੁੰਦੇ, ਤਾਂ ਮੈਂ ਅੱਜ ਔਂਤਰੀ ਹੋ ਗਈ ਹੁੰਦੀ । ਉਹ ਦੋਵੇਂ ਫਰਿਸ਼ਤਾ ਰੂਹਾਂ, ਤੇ ਇਹ ਡਾਵੇ ਉਹਨਾਂ ਨੂੰ ਕਤਲ ਕਰਨ ਲਈ ਬਰਛੀਆਂ ਲੈ ਕੇ ਆ ਪਏ । ਹੁਣ ਵੀ ਖ਼ਬਰੇ...? ਹੇ ਅੱਲਾਹ ! ਜੇ ਸੱਚਾ ਏਂ, ਤਾਂ ਉਹਨਾਂ ਦਾ ਵਾਲ ਵਿੰਗਾ ਨਾ ਹੋਵੇ । ਉਹ ਦੋਵੇਂ ਬਚ ਕੇ ਚਲੇ ਜਾਣ, ਹੋਰ ਮੈਂ ਤੈਥੋਂ ਕੁਛ ਨਹੀਂ ਮੰਗਦੀ । ਪਰ ਜੇ...? ਜੇ ਕਿਤੇ...? ਤਾਂ ਮੈਂ...।'

ਬਾਹਰੋਂ ਕਿਸੇ ਨੇ ਬੂਹੇ ਨੂੰ ਧੱਕਾ ਮਾਰਿਆ । ਫ਼ਾਤਮਾ ਦੇ ਖ਼ਿਆਲਾਂ ਦੀ ਲੜੀ ਉਥੇ ਹੀ ਟੁੱਟ ਗਈ । ਉਹਦਾ ਕਲੇਜਾ ਭੈ ਨਾਲ ਧੜਕਣ ਲੱਗ ਪਿਆ । ਉਹ ਛੇਤੀ ਨਾਲ ਬਾਹਰਲੇ ਬੂਹੇ ਦੇ ਅੰਦਰ ਵਾਰ ਜਾ ਖਲੀ । ਬੂਹਾ ਖੋਲ੍ਹਣ ਜਾਂ ਵਾਜ ਮਾਰਨ ਦਾ ਉਹਦਾ ਹੌਸਲਾ ਨਾ ਪਿਆ । ਉਹਦਾ ਸਾਰਾ ਸਰੀਰ ਥਰ ਥਰ ਕੰਬ ਰਿਹਾ ਸੀ । ਸਾਹ ਘੁੱਟ ਕੇ ਉਹ ਚੋਖਾ ਚਿਰ ਅੰਦਰ ਖਲੀ ਰਹੀ । ਕੋਈ ਗਲੀਏ ਗਲੀ ਲੰਘਣ ਵਾਲਾ ਤਖ਼ਤਿਆਂ ਨੂੰ ਸੋਟੇ ਦੀ ਹੁੱਝ ਮਾਰ ਕੇ ਅਗ੍ਹਾਂ ਲੰਘ ਗਿਆ ਸੀ । ਕਿੰਨਾ ਚਿਰ ਉਡੀਕਣ 'ਤੇ ਵੀ ਦੁਬਾਰਾ ਬੂਹਾ ਨਾ ਖੜਕਿਆ, ਤਾਂ ਉਹ ਫਿਰ ਅੰਦਰ ਪਰਤ ਗਈ । ਮੁੜਕੇ ਉਹ ਅੰਦਰ ਟਿਕ ਕੇ ਬਹਿ ਨਾ ਸੱਕੀ । ਐਵੇਂ ਕਮਲਿਆਂ ਵਾਂਗ ਉਹ ਅੰਦਰ ਬਾਹਰ ਫਿਰਦੀ ਰਹੀ । ਦਿਲ ਢਾਹੂ ਖ਼ਿਆਲਾਂ ਨੇ ਉਹਨੂੰ ਫੇਰ ਆ ਦਬਾਇਆ । ਉਹਦੀ ਆਤਮਾ ਕੁਰਲਾ ਰਹੀ ਸੀ, ਕਿ ਮੇਰੇ ਬੱਚਿਆਂ ਦੀ ਖ਼ੈਰ ਨਹੀਂ ।

ਥੋੜੀ ਜੇਹੀ ਰਾਤ ਬਾਕੀ ਸੀ, ਜਾਂ ਫੱਜਾ ਤੇ ਜਲਾਲ ਘਰ ਪਰਤੇ । ਪੁੱਤਰ ਦੀ ਵਾਜ ਪਛਾਣ ਕੇ ਫ਼ਾਤਮਾ ਨੇ ਛੇਤੀ ਨਾਲ ਬੂਹਾ ਖੋਲ੍ਹਿਆ । "ਕਿਉਂ ?" ਉਹਨੇ ਮੱਥੇ ਲਗਦਿਆਂ ਹੀ ਦੋਹਾਂ ਉਤੇ ਸਾਂਝਾ ਸਵਾਲ ਕੀਤਾ ।

'ਵਚਾਰੇ ਅੱਲਾ ਦੇ ਹਵਾਲੇ ਨੇ ।" ਜਲਾਲ ਨੇ ਉਤਸ਼ਾਹ-ਰਹਿਤ ਬੋਲੀ ਵਿਚ ਉੱਤਰ ਦਿੱਤਾ ।

"ਤਾਂ ਵੀ ਪਰ ? ਤੁਸੀਂ ਕਿੱਥੇ-ਕੁ ਛੱਡ ਕੇ ਮੁੜੇ ਜੇ ?" ਫ਼ਾਤਮਾ ਦੀ ਵਾਜ ਵਿਚ ਲੋਹੜੇ ਦੀ ਘਬਰਾਹਟ ਸੀ ।

ਏਨੇ ਤਕ ਜਲਾਲ ਅੰਦਰ ਜਾ ਪੁੱਜਾ । ਮੰਜੇ ਦੀ ਪੈਂਦ ਉਤੇ ਬਹਿ ਕੇ ਉਹਨੇ ਸਾਰੀ ਹੋਈ ਬੀਤੀ ਕਹਿ ਸੁਣਾਈ ।

"ਬੱਸ, ਏਹਾ ਪੂਰੀਆਂ ਪੌਣੀਆਂ ਸੀ ਤੁਸਾਂ ਕਿ ! ਤੁਸੀਂ ਨਾਲ ਕਿਉਂ ਨਾ ਗਏ ? ਤੈਨੂੰ ਉਹ ਦਿਨ ਭੁੱਲ ਗਿਆ, ਜਿੱਦਣ ਓਸ ਅੱਲਾ ਦੀ ਬੰਦੀ ਨੇ ਤੇਰੇ

ਪੁੱਤਰ ਦੀ ਜਾਨ ਬਚਾਈ ਸੀ ? ਆਪਣੀ ਜਾਨ ਪਿਆਰੀ ਕਰ ਕੇ ਤੁਸੀਂ ਉਹਨਾਂ ਨੂੰ ਮੌਤ ਦੇ ਮੂੰਹ ਵਿਚ ਦੇ ਕੇ ਨੱਸ ਆਏ।" ਫ਼ਾਤਮਾ ਦਾ ਗ਼ੁੱਸਾ ਵਧਦਾ ਜਾ ਰਿਹਾ ਸੀ।

"ਭਲੀਏ ਲੋਕੇ ! ਅਸਾਂ ਓਹਾ ਕੁਛ ਕੀਤਾ ਏ, ਜੋ ਸਾਨੂੰ ਬੀਬੀ ਜੀ ਨੇ ਕਿਹਾ ਸੀ। ਤੇ ਏਸੇ ਵਿਚ ਉਹਨਾਂ ਦਾ ਭਲਾ ਸੀ। ਵਹਿਮ ਨਾ ਕਰ ਐਵੇਂ, ਉਹਨਾਂ ਨੇਕ ਬੰਦਿਆਂ ਦਾ ਅੱਲਾ ਰਾਖਾ ਏ। ਮੇਰਾ ਖਿਆਲ ਏ, ਉਹ ਸਰਦਾਰਾਂ ਦੀਆਂ ਟਿੱਬੀਆਂ ਵਿਚ ਜਾ ਅਪੜੇ ਹੋਣਗੇ। ਅਗ੍ਹਾਂ ਉਹਨਾਂ ਨੂੰ ਕੋਈ ਖਤਰਾ ਨਹੀਂ।" ਜਲਾਲ ਨੇ ਉਸ ਨੂੰ ਹੌਸਲਾ ਦਿਤਾ।

"ਨਹੀਂ ! ਜਿੰਨਾ ਚਿਰ ਮੈਂ ਆਪ ਅੱਖੀਂ ਨਾ ਵੇਖ ਆਵਾਂ, ਮੇਰਾ ਦਿਲ ਨਹੀਂ ਮੰਨਦਾ।"

"ਹੱਛਾ, ਦਿਨ ਚੜ੍ਹ ਲੈਣ ਦੇ, ਆਪਾਂ ਦੋਵੇਂ ਜ਼ਖੀਰੇ ਤਕ ਚੱਲ ਕੇ ਵੇਖ ਆਵਾਂਗੇ।"

"ਦਿਨ ਕਦੋਂ ਚੜ੍ਹਿਆ ?"

"ਪਰ ਐਸ ਵੇਲੇ ਕੀ ਬਣ ਸਕਦਾ ਏ ? ਨਾਲੇ ਪਹਿਲਾਂ ਉਹਨਾਂ ਦਾ ਛਿੱਛ-ਪੱਤ ਤਾਂ ਸੰਭਾਲ ਲੈ। ਜੇ ਦਿਨ ਚੜ੍ਹਦੇ ਨੂੰ ਫੇਰ ਲੁਟੇਰੇ ਆ ਪਏ ਤਾਂ ! ਉਹਨਾਂ ਦਾ ਸਭ ਕੁਛ ਸਾਡੇ ਕੋਲ ਅਮਾਨਤ ਏ। ਪੈਸੇ ਦਾ ਵੀ ਨੁਕਸਾਨ ਹੋ ਗਿਆ, ਤਾਂ ਅੱਲਾ ਦੇ ਸਾਮ੍ਹਣੇ ਕਿਵੇਂ ਮੂੰਹ ਦਿਆਂਗੇ ?"

ਜਲਾਲ ਦੀ ਏਸ ਸਲਾਹ ਨਾਲ ਸਾਰੇ ਸਹਿਮਤ ਹੋ ਗਏ। ਅੰਦਰੇ ਅੰਦਰ ਕੰਧ ਉਤਦੀ ਉਹਨਾਂ ਮਨਜੀਤ ਦਾ ਸਾਰਾ ਸਾਮਾਨ ਆਪਣੇ ਘਰ ਸੰਭਾਲ ਲਿਆ।

ਦਿਨ ਦਾ ਚਾਨਣ ਹੋਇਆ, ਤਾਂ ਫੱਜਾ ਤੇ ਫ਼ਾਤਮਾ—ਦੋਵੇਂ ਮਾਂ ਪੁੱਤਰ—ਜ਼ਖੀਰੇ ਨੂੰ ਤੁਰ ਪਏ।

ਡਾਂਡੇ ਮੀਂਡੇ ਫ਼ਸਲਾਂ ਲਤਾੜਦੇ ਉਹ ਓਸ ਥਾਂ ਜਾ ਪੁਜੇ, ਜਿੱਥੋਂ ਰਾਤੀਂ ਮਨਜੀਤ ਤੇ ਕੁਲਵੰਤ ਨਿਖੜੇ ਸਨ। "ਏਥੋਂ ਅਸੀਂ ਮੁੜੇ ਸਾਂ।" ਫੱਜੇ ਨੇ ਭੋਇੰ 'ਤੇ ਸੋਟਾ ਖੜਕਾ ਕੇ ਕਿਹਾ।

"ਅਗ੍ਹਾਂ ਉਹ ਕਿਧਰ ਨੂੰ ਗਏ ਸਨ ?" ਫ਼ਾਤਮਾ ਨੇ ਚੁਫੇਰੇ ਝਾਕਦਿਆਂ ਪੁਛਿਆ।

"ਐਸ ਪਰਲੀ ਵੱਟੇ ਪੈ ਕੇ ਸਿੱਧੇ ਜ਼ਖੀਰੇ ਨੂੰ।"

"ਚੱਲ, ਆਪਾਂ ਹੋਰ ਦਸ ਪੈਲੀਆਂ ਅਗ੍ਹਾਂ ਤਕ ਵੇਖ ਆਈਏ !" ਬਿਨਾਂ ਪੁੱਤਰ ਦਾ ਉੱਤਰ ਉਡੀਕੇ ਫ਼ਾਤਮਾ ਦੱਸੀ ਹੋਈ ਸੇਧ 'ਤੇ ਤੁਰ ਪਈ।

ਫ਼ਾਤਮਾ ਪੁੱਤਰ ਦੇ ਅੱਗੇ ਅੱਗੇ ਤੁਰੀ ਜਾ ਰਹੀ ਸੀ। ਉਹਦੀ ਨਿਗ੍ਹਾ ਦੋਹੀਂ ਪਾਸੀਂ ਦੂਰ ਤਕ ਕਿਸੇ ਦੀ ਭਾਲ ਕਰਦੀ ਜਾ ਰਹੀ ਸੀ। ਕਦੇ ਕਦੇ ਉਹ ਧਰਤੀ ਵੱਲ ਨੀਝ ਲਾ ਕੇ ਕਿਸੇ ਦੇ ਪੈਰਾਂ ਦੇ ਨਸ਼ਾਨ ਵੇਖਣ ਲੱਗ ਪੈਂਦੀ। ਇਕ ਥਾਂ ਵੱਟ ਦੇ ਮੋੜ ਉਤੇ ਉਹਨੂੰ ਗੁਰਗਾਬੀ ਦੇ ਨਸ਼ਾਨ ਦਿੱਸੇ। "ਆਹ ਮੇਰੀ ਮਨਜੀਤ ਦੇ ਪੈਰ ਨੇ। ਉਹ ਐਧਰ ਗਏ ਈ।" ਫ਼ਾਤਮਾ ਦੇ ਮੂੰਹੋਂ ਮਾਂ ਵਾਲੀ ਮਮਤਾ ਪੁਕਾਰ ਉੱਠੀ।

ਪੰਜਾਂ-ਸੱਤਾਂ ਪੈਲੀਆਂ ਦੀਆਂ ਵੱਟਾਂ ਉਤੇ ਭੌਂਦੇ ਭਟਕਦੇ ਉਹ ਜ਼ਖੀਰੇ ਦੇ ਬੰਨੇ 'ਤੇ ਜਾ ਅਪੜੇ। "ਫੱਜਿਆ! ਐਥੇ ਕਿਤੇ ਗੁਰਗਾਬੀ ਦਾ ਖੁਰਾ ਵੇਖ। ਉਹ ਜ਼ਖੀਰੇ ਵਿਚ ਵੜ ਗਏ ਨੇ, ਤਾਂ ਫੇਰ ਕੋਈ ਡਰ ਨਹੀਂ।"

ਜ਼ਖੀਰੇ ਕੋਲ ਬੰਨੇ ਬੰਨੇ ਇਕ ਪਾਸੇ ਫ਼ਾਤਮਾ ਤੇ ਇਕ ਪਾਸੇ ਫੱਜਾ ਤੁਰ ਪਿਆ। ਫ਼ਾਤਮਾ ਅਜੇ ਪੰਜਾਹ-ਸੱਠ ਕਰਮਾਂ ਹੀ ਗਈ ਸੀ, ਜਾਂ ਦੂੱਜੇ ਪਾਸਿਓਂ ਫੱਜੇ ਦੀ ਦਿਲ ਚੀਰਵੀਂ ਵਾਜ ਆਈ; "ਮਾਂ! ਮਾਂ, ਛੇਤੀ ਭੱਜੀਂ।"

ਇਹ ਚੀਕਵੀਂ ਵਾਜ ਸੁਣ ਕੇ ਫ਼ਾਤਮਾ ਦਾ ਦਿਲ ਕੰਬ ਉਠਿਆ। ਉਹ ਘਬਰਾਈ ਹੋਈ ਅੰਨ੍ਹੇ ਵਾਹ ਪੁੱਤਰ ਵੱਲੇ ਭਜ ਉੱਠੀ। ਉਹ ਨੇੜੇ ਪਹੁੰਚੀ, ਤਾਂ ਸਾਮ੍ਹਣੇ ਮੂੰਹ ਪਰਨੇ ਡਿੱਗੀ ਪਈ ਮਨਜੀਤ ਦਿੱਸੀ। ਉਹਦੇ ਕੱਪੜੇ ਪਾਟੇ ਹੋਏ ਤੇ ਲਹੂ ਨਾਲ ਰੰਗੇ ਹੋਏ ਸਨ। "ਹਾਏ ਮੈਂ ਮਰ ਗਈ।" ਵਿਹੰਦਿਆਂ ਸਾਰ ਫ਼ਾਤਮਾ ਦੀ ਚੀਕ ਨਿਕਲ ਗਈ।

ਦੋਹਾਂ ਮਾਂ ਪੁੱਤਰਾਂ ਨੇ ਮਨਜੀਤ ਦੇ ਘਾਇਲ ਸਰੀਰ ਨੂੰ ਸਿਧਿਆਂ ਕੀਤਾ। ਮਨਜੀਤ ਦੀਆਂ ਬੇਹੋਸ਼ੀ ਨਾਲ ਅੱਖਾਂ ਬੰਦ ਸਨ, ਪਰ ਸਾਹ ਅਜੇ ਚੱਲ ਰਿਹਾ ਸੀ। ਉਹਨੂੰ ਦੋ ਬਰਛੀਆਂ ਵੱਜੀਆਂ ਸਨ। ਇਕ ਖੱਬੀ ਗੱਲ੍ਹ ਵਿਚ ਵੱਜ ਕੇ ਜਬਾੜ੍ਹੇ ਦੇ ਨਾਲ ਨਾਲ ਕੰਨ ਦੇ ਹੇਠ ਜਾ ਨਿਕਲੀ ਸੀ। ਇਹ ਜ਼ਖਮ ਸਿਰਫ਼ ਖੱਲ ਦੇ ਵਿਚ ਵਿਚ ਹੀ ਸੀ। ਇਹ ਬਹੁਤਾ ਮਾਰੂ ਨਹੀਂ ਸੀ, ਪਰ ਇਹਦੇ ਨਾਲ ਚਿਹਰੇ ਦਾ ਹੁਲੀਆ ਵਿਗੜ ਗਿਆ ਸੀ। ਦੂਜੀ ਬਰਛੀ ਖੱਬੇ ਮੰਮੇ ਵਿਚ ਵੱਜੀ ਸੀ। ਇਹ ਪੱਸਲੀ ਦੀ ਇਕ ਹੱਡੀ ਨੂੰ ਤੋੜ ਕੇ ਪਿਛਲੇ ਪਾਸੇ ਜਾ ਨਿਕਲੀ ਸੀ। ਇਹ ਸੱਟ ਖ਼ਤਰੇ ਵਾਲੀ ਸੀ। ਫੇਫੜਾ ਚੀਰੇ ਜਾਣ ਤੋਂ ਭਾਵੇਂ ਬਚ ਗਿਆ ਸੀ, ਪਰ ਏਸ ਫੱਟ 'ਚੋਂ ਖ਼ੂਨ ਬਹੁਤ ਵਗ ਗਿਆ ਸੀ, ਜਿਸ ਨਾਲ ਮਨਜੀਤ ਉਤੇ ਲੰਮੀ ਬੇਹੋਸ਼ੀ ਛਾ ਗਈ ਸੀ।

"ਮਾਂ ਮਰ ਜੈ, ਧੀਏ! ਤੂੰ ਤਾਂ ਇਹਨਾਂ ਤਸੀਹਾਂ ਜੋਗੀ ਨਹੀਂ ਸੈਂ।" ਕਹਿੰਦਿਆਂ ਕਹਿੰਦਿਆਂ ਬੁਢੀ ਫ਼ਾਤਮਾ ਨੇ ਫੱਟੜ ਮਨਜੀਤ ਦਾ ਸਿਰ ਚੁੱਕ ਕੇ ਛਾਤੀ ਨਾਲ ਲਾ ਲਿਆ। "ਫੱਜਿਆ! ਭੱਜ ਕੇ ਕਿਤੋਂ ਪਾਣੀ ਲਿਆ।" ਘਬਰਾਈ ਹੋਈ ਫ਼ਾਤਮਾ ਨੇ ਪੁੱਤਰ ਨੂੰ ਹੁਕਮ ਦਿਤਾ।

ਫੱਜਾ ਜ਼ਖ਼ੀਰੇ ਦੇ ਖਾਲ ਵੱਲ ਗਿਆ। ਖਾਲ ਵਿਚ ਪਾਣੀ ਵਗ ਨਹੀਂ ਸੀ ਰਿਹਾ, ਪਰ ਕਿਤੇ ਕਿਤੇ ਟੋਭਣਿਆਂ ਵਿਚ ਥੋੜਾ ਬਹੁਤਾ ਖਲਾ ਜ਼ਰੂਰ ਸੀ। ਫੱਜਾ ਆਪਣੀ ਪੱਗ ਭਿਉਂ ਕੇ ਲੈ ਆਇਆ। ਮਨਜੀਤ ਦੇ ਮੂੰਹ ਵਿਚ ਫ਼ਾਤਮਾ ਨੇ ਵਾਰ ਵਾਰ ਪਾਣੀ ਚੋਇਆ। ਇਸ ਨਾਲ ਮਨਜੀਤ ਨੂੰ ਹੋਸ਼ ਤਾਂ ਨਾ ਆਈ, ਪਰ ਸ਼ਾਹ ਅੱਗੇ ਨਾਲੋਂ ਸੌਖਾ ਆਉਣ ਲੱਗ ਪਿਆ।

ਕਾਫੀ ਸੋਚ ਵਿਚਾਰ ਪਿਛੋਂ ਦੋਹਾਂ ਮਾਂ ਪੁੱਤਰਾਂ ਨੇ ਮਨਜੀਤ ਨੂੰ ਘਰ ਲੈ ਜਾਣ ਵਿਚ ਹੀ ਬਿਹਤਰੀ ਸਮਝੀ। ਪਰ ਲਜਾਣ ਕਿਵੇਂ ? ਕੋਈ ਸੂਰਤ ਨਜ਼ਰ ਨਹੀਂ ਸੀ ਆਉਂਦੀ। ਫੱਜੇ ਨੇ ਮਨਜੀਤ ਨੂੰ ਮੋਢੇ 'ਤੇ ਚੁੱਕ ਕੇ ਲੈ ਜਾਣ ਦਾ ਯਤਨ ਕੀਤਾ। ਏਸਤਰ੍ਹਾਂ ਛਾਤੀ ਵਾਲੇ ਜ਼ਖ਼ਮ ਵਿਚੋਂ ਲਹੂ ਵਗਣ ਲੱਗ ਪਿਆ। ਘਬਰਾ ਕੇ ਉਹਨਾਂ ਜ਼ਖ਼ਮੀ ਨੂੰ ਫਿਰ ਭੋਇੰ 'ਤੇ ਲਿਟਾ ਦਿਤਾ।

ਅੰਤ ਫ਼ਾਤਮਾ ਮਨਜੀਤ ਕੋਲ ਰਖੀ ਰਹੀ, ਤੇ ਫੱਜਾ ਪਿੰਡੋਂ ਮੰਜਾ ਲੈ ਆਇਆ। ਏਸਤਰ੍ਹਾਂ ਮੰਜੇ ਉਤੇ ਪਾ ਕੇ ਫੱਜਾ ਤੇ ਜਲਾਲ ਮਨਜੀਤ ਨੂੰ ਘਰ ਲੈ ਗਏ।

ਜਲਾਲ ਡਾਕਟਰ ਕਰਮ ਬਖ਼ਸ਼ ਨੂੰ ਬੁਲਾ ਕੇ ਲਿਆਇਆ। ਉਹ ਨਵਾਂ ਨਵਾਂ ਹੀ ਪੱਤੋਕੀ ਵਿਚ ਆ ਕੇ ਵੱਸਿਆ ਸੀ। ਉਹ ਸੀ ਵੀ ਖ਼ੁਦਾ ਦੇ ਭੈ ਵਾਲਾ। ਫ਼ਾਤਮਾ ਨੇ ਹੰਝੂ ਕੇਰਦਿਆਂ ਉਹਦੇ ਅੱਗੇ ਹੱਥ ਜੋੜ ਕੇ ਕਿਹਾ, "ਡਾਕਟਰ ਸਾਹਬ ! ਜਿਵੇਂ ਜਾਣਦੇ ਓ, ਮੇਰੀ ਧੀ ਦੀ ਜਾਨ ਬਚਾਓ। ਏਥੋਂ ਜਾਂਦਾ ਜਾਂਦਾ ਕੋਈ ਮੋਇਆ ਕਾਫ਼ਰ ਮੇਰੀਆਂ ਆਂਦਰਾਂ ਚੀਰ ਗਿਆ ਏ।" ਕਿਸੇ ਮੁਸਲਮਾਨ ਦੀ ਹਮਦਰਦੀ ਹਾਸਲ ਕਰਨ ਵਾਸਤੇ ਉਸ ਵੇਲੇ ਏਹੋ ਜੇਹਾ ਝੂਠ ਬੜਾ ਲਾਭਦਾਇਕ ਸੀ।

"ਘਬਰਾ ਨਾ ਵੱਡੀ ਅੰਮਾ ! ਤੇਰੀ ਧੀ ਨੂੰ ਸੱਤੇ ਖ਼ੈਰੀਂ ਨੇ। ਜ਼ਖ਼ਮ ਕੋਈ ਖ਼ਤਰਨਾਕ ਨਹੀਂ,ਜ਼ਰਾ ਖ਼ੂਨ ਵਧੇਰੇ ਵਗ ਗਿਆ ਏ। ਇਹਨੂੰ ਖ਼ੂਨ ਦੇਣਾ ਪਵੇਗਾ।" ਡਾਕਟਰ ਨੇ ਮੁਆਇਨਾ ਕਰਕੇ ਕਿਹਾ।

"ਮੇਰੇ ਫੱਜੇ ਦਾ ਲਹੂ ਦੇ ਦਿਓ। ਕਿਵੇਂ ਮੇਰੀ ਬੱਚੀ ਦੀ ਜਾਨ ਬਚ ਜਾਏ।" ਉਸ ਵੇਲੇ ਫਾਤਮਾ ਮਨਜੀਤ ਦੀ ਜ਼ਿੰਦਗੀ ਵਾਸਤੇ ਸਭ ਕੁਛ ਕਰਨ ਨੂੰ ਤਿਆਰ ਸੀ।

ਲੋੜ ਅਨੁਸਾਰ ਫੱਜੇ ਦਾ ਲਹੂ ਕਢ ਕੇ ਮਨਜੀਤ ਦੇ ਸਰੀਰ ਵਿਚ ਦਾਖ਼ਲ ਕੀਤਾ ਗਿਆ। ਦੋਵੇਂ ਜ਼ਖ਼ਮ ਸਾਫ਼ ਕਰਕੇ ਬਧੇ ਗਏ। ਯੋਗ ਇਲਾਜ ਦਾ ਸਦਕਾ ਸ਼ਾਮ ਤਕ ਮਨਜੀਤ ਨੂੰ ਹੋਸ਼ ਆ ਗਈ। ਉਹਨੇ ਅੱਖਾਂ ਖੋਲ੍ਹ ਕੇ ਚੁਫੇਰੇ ਤਕਿਆ। ਵੇਖ ਕੇ ਫ਼ਾਤਮਾ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਹੰਝੂ ਆ ਗਏ। ਉਹਨੇ ਨਿਉਂ ਕੇ ਮਨਜੀਤ ਦਾ ਮੱਥਾ ਚੁੰਮ ਲਿਆ ਤੇ ਹੱਥ ਜੋੜ ਕੇ ਕਿਹਾ, "ਯਾ ਅੱਲਾਹ ! ਸ਼ੁਕਰ

ਤੇਰੀ ਦਰਗਾਹ ਨੂੰ । ਤੂੰ ਮੇਰੀ ਗਰੀਬ ਦੀ ਸੁਣ ਲਈ ਏ ।"

ਅੱਜ ਹੋਰ, ਭਲਕੇ ਹੋਰ, ਇਕ ਮਹੀਨੇ ਵਿਚ ਮਨਜੀਤ ਤੁਰਨ ਫਿਰਨ ਲੱਗ ਪਈ । ਹੁਣ ਜਲਾਲ ਕੇ ਸਾਰੇ ਪਰਵਾਰ ਨੂੰ ਹਰ ਵੇਲੇ ਇਹ ਚਿੰਤਾ ਲੱਗੀ ਰਹਿੰਦੀ, ਕਿ ਮਨਜੀਤ ਨੂੰ ਭਾਰਤ ਵਿਚ ਕਿਵੇਂ ਪੁਚਾਇਆ ਜਾਵੇ ।

## ੧੩.

"ਕਾਕਾ ਘਰ ਆਊ, ਤਾਂ ਉਹਦੇ ਨਾਲ ਸਲਾਹ ਕਰ ਲਿਓ । ਮੈਂ ਪਰਸੋਂ ਫੇਰ ਆਵਾਂਗੀ ।" ਕਮਰਿਓਂ ਨਿਕਲਦੀ ਕਰਮ ਕੌਰ ਨੇ ਕਿਹਾ ।

ਸਾਮ੍ਹਣਿਓਂ ਦਰਸ਼ਨ ਆ ਰਹੀ ਮਿਲੀ । ਉਹਨੂੰ ਵੇਖ ਕੇ ਕਰਮ ਕੌਰ ਜ਼ਰਾ ਝੇਂਪ ਗਈ । ਉਹ ਬਿਨਾਂ ਦਰਸ਼ਨ ਨਾਲ ਜ਼ਬਾਨ ਸਾਂਝੀ ਕੀਤੇ ਕਾਹਲੀ ਕਾਹਲੀ ਚਲੀ ਗਈ ।

ਦਰਸ਼ਨ ਦਾ ਪਿਤਾ ਪਾਕਸਤਾਨ ਵਿਚ ਮਾਰਿਆ ਗਿਆ ਸੀ । ਪਰਵਾਰ ਦੇ ਬਾਕੀ ਤਿੰਨੇ ਜੀ (ਦਰਸਨ, ਗੁਰਸ਼ਰਨ ਤੇ ਉਹਦੀ ਬਿਰਧ ਮਾਤਾ) ਸੱਖਣੇ ਹੱਥੀਂ ਭਾਰਤ ਵਿਚ ਆਏ ਸਨ । ਜੋ ਪੈਸਾ ਟਕਾ ਉਹ ਮਿੰਟਗੁਮਰੀ ਤੋਂ ਲੈ ਕੇ ਤੁਰੇ ਸਨ, ਰਾਹ ਵਿਚ ਲੁਟੇਰਿਆਂ ਖੋਹ ਲਿਆ ਸੀ । ਗੁਰਸ਼ਰਨ ਨੇ ਆਪਣੇ ਮਾਮੇ ਨੂੰ ਮਦਦ ਵਾਸਤੇ ਕਈ ਚਿੱਠੀਆਂ ਲਿਖੀਆਂ । ਉਸਨੇ ਅੱਗੋਂ ਕਿਸੇ ਗੱਲ ਦਾ ਉੱਤਰ ਦੇਣ ਦੀ ਵੀ ਲੋੜ ਨਾ ਸਮਝੀ ।

ਇਸ ਵੇਲੇ ਗੁਰਸ਼ਰਨ ਕਾ ਪਰਵਾਰ ਫ਼ੀਰੋਜ਼ਪੁਰ ਸ਼ਹਿਰ ਦੇ ਮਹੱਲਾ ਪੀਰਾਂ-ਵਾਲਾ ਵਿਚ ਰਹਿੰਦਾ ਸੀ । ਮੁਸਲਮਾਨਾਂ ਦਾ ਇਕ ਟੁੱਟਾ ਫੁੱਟਾ ਮਕਾਨ ਉਹਨਾਂ ਦੇ ਕਬਜ਼ੇ ਵਿਚ ਸੀ । ਪਾਕਸਤਾਨ ਤੋਂ ਆਉਂਦਿਆਂ ਕੁਛ ਦਿਨ ਉਹਨਾਂ ਦੇ ਮੁਫ਼ਤ-ਲੰਗਰਾਂ ਦੇ ਆਸਰੇ ਬੀਤ ਗਏ, ਕੁਛ ਸਮਾਂ ਸਰਕਾਰੀ ਖ਼ੈਰਾਤ 'ਤੇ ਕੱਟਿਆ ਗਿਆ, ਤੇ ਫਿਰ ਸਾਰਿਆਂ ਨੂੰ ਰੋਟੀ ਦੀ ਚਿੰਤਾ ਆ ਬਣੀ । ਗੁਰਸ਼ਰਨ ਸਿੰਘ ਨੇ ਬੜਾ ਚਾਰਾ ਕੀਤਾ, ਕਿ ਕਿਤੇ ਛੋਟੀ ਮੋਟੀ ਨੌਕਰੀ ਮਿਲ ਜਾਏ, ਪਰ ਸਫਲਤਾ ਨਾ ਹੋਈ । ਉਸ ਕੋਲ ਬੀ. ਏ. ਤਕ ਤਾਲੀਮ ਹੈ ਸੀ, ਮਗਰ ਸਫ਼ਾਰਸ਼ ਕੋਈ ਨਹੀਂ ਸੀ । ਤੇ ਸਫਾਰਸ਼ ਦੀ ਏਥੇ ਬਾਕੀ ਸਭ ਗੁਣਾਂ ਨਾਲੋਂ ਵਧੇਰੇ ਲੋੜ ਸੀ । ਹੋਰ ਕੋਈ ਰਾਹ ਨਾ ਵੇਖ ਕੇ ਗੁਰਸ਼ਰਨ ਨੇ ਆਪਣੇ ਆਪ ਨੂੰ ਧੋਖਾ ਦੇਣ ਲਈ ਇਕ ਅਨੋਖਾ ਆਹਰ ਲਭ ਲਿਆ । ਉਹ ਸਵੇਰ ਤੋਂ ਕਾਗਜ਼, ਫੱਟੀ ਤੇ ਕਲਮ ਦਵਾਤ ਲੈ ਕੇ ਕਚਹਿਰੀ ਦੇ ਬੂਹੇ ਅੱਗੇ ਜਾ ਬਹਿੰਦਾ । ਸਾਰਾ ਦਿਨ ਉਹ ਲੋਕਾਂ ਦੀਆਂ ਦਰਖ਼ਾਸਤਾਂ ਲਿਖਦਾ ਰਹਿੰਦਾ ।

ਏਸਤਰ੍ਹਾਂ ਸ਼ਾਮ ਨੂੰ ਉਹ ਰੁਪਇਆ ਡੇਢ ਰੁਪਇਆ ਬਣਾ ਲਿਆਉਂਦਾ। ਪਰ ਏਸ ਕੰਮ ਤੋਂ ਉਹ ਅਵਾਜ਼ਾਰ ਬੜਾ ਸੀ।

ਦਰਸ਼ਨ ਨੂੰ ਸੌਖੀ ਹੀ ਨੌਕਰੀ ਮਿਲ ਗਈ ਸੀ। ਉਹ ਇਕ ਪੁੱਤਰੀ ਪਾਠਸ਼ਾਲਾ ਵਿਚ ਪੜ੍ਹਾਉਣ ਜਾਂਦੀ ਸੀ। ਏਸ ਕੰਮ ਬਦਲੇ ਉਹਨੂੰ ਪੈਂਤੀ ਰੁਪੈ ਮਹੀਨੇ ਦੇ ਮਿਲਦੇ ਸਨ। ਜਦੋਂ ਵੀ ਪਾਠਸ਼ਾਲਾ ਦੇ ਪਰਧਾਨ ਸਾਹਿਬ ਜਮਾਤਾਂ ਵੇਖਣ ਆਉਂਦੇ, ਉਹ ਦਰਸ਼ਨ ਦੇ ਕੰਮ ਦੀ ਬੜੀ ਤਾਰੀਫ਼ ਕਰਦੇ। ਨਾਲ ਹੀ ਉਹ ਹਦਾਇਤਾਂ ਵੀ ਕਰਦੇ, "ਵੇਖੋ ਦਰਸ਼ਨ ਬੀਬੀ! ਦਿਲ ਲਾ ਕੇ ਮਿਹਨਤ ਕਰੋਗੇ ਤੇ ਆਗਿਆਕਾਰ ਰਹੋਗੇ, ਤਾਂ ਬਹੁਤ ਛੇਤੀ ਤੁਹਾਡੀ ਤਰੱਕੀ ਹੋ ਜਾਵੇਗੀ।" ਇਸ ਤੋਂ ਅੱਗੇ ਉਹ ਖਚਰੀ ਜੇਹੀ ਹਾਸੀ ਹੱਸ ਕੇ ਤੁਰ ਜਾਂਦੇ। ਦਰਸ਼ਨ ਸਮਝ ਜਾਂਦੀ, ਕਿ ਪਰਧਾਨ ਸਾਹਿਬ ਕੋਈ ਜ਼ਰੂਰੀ ਗੱਲ ਕਹਿੰਦੇ ਕਹਿੰਦੇ ਰੁਕ ਜਾਂਦੇ ਹਨ।

ਏਸ ਤਰ੍ਹਾਂ ਤਿੰਨ ਮਹੀਨੇ ਬੀਤ ਗਏ। ਅੰਤ ਪਰਧਾਨ ਸਾਹਿਬ ਦੇ ਸ਼ਬਦ 'ਮਿਹਨਤ' ਤੇ 'ਆਗਿਆਕਾਰ' ਦੇ ਅਰਥ ਦਰਸ਼ਨ ਉਤੇ ਖੁੱਲ੍ਹ ਹੀ ਗਏ। ਜਿਸ ਦਾ ਨਤੀਜਾ ਇਹ ਨਿਕਲਿਆ, ਕਿ ਅਣਖੀ ਦਰਸਨ ਛੁੱਟੀ ਕਰਨ ਤੋਂ ਪਹਿਲਾਂ ਨੌਕਰੀ ਤੋਂ ਅਸਤੀਫ਼ਾ ਦੇ ਕੇ ਪਾਠਸ਼ਾਲਾ ਚੋਂ ਤੁਰੀ।

ਘਰ ਪਹੁੰਚਦਿਆਂ ਦਰਸ਼ਨ ਦਾ ਸਾਮ੍ਹਣਾ ਕਰਮ ਕੌਰ ਨਾਲ ਹੋਇਆ। ਕਰਮ ਕੌਰ ਬਗਦਾਦੀ ਦਰਵਾਜ਼ਿਓਂ ਅੰਦਰ ਰਹਿੰਦੀ ਸੀ। ਕੁਝ ਦਿਨ ਤੋਂ ਉਹਦਾ ਦਰਸ਼ਨ ਕੇ ਘਰ ਆਉਣ ਜਾਣ ਵਧ ਰਿਹਾ ਸੀ। ਉਹ ਆਪਣੇ ਦੁਹਾਜੂ ਭਤੀਜੇ ਵਾਸਤੇ ਦਰਸ਼ਨ ਦਾ ਰਿਸ਼ਤਾ ਮੰਗਦੀ ਸੀ। ਦਰਸ਼ਨ ਦੀ ਮਾਂ ਸਮੇਂ ਦੇ ਹਾਲਾਤ ਤੋਂ ਮਜਬੂਰ ਅੱਧ-ਪਚੱਧ ਰਜ਼ਾਮੰਦ ਹੋ ਗਈ ਸੀ। ਪਰ ਉਹ ਧੀ-ਪੁੱਤ ਤੋਂ ਡਰਦੀ ਉਹਨਾਂ ਨਾਲ ਖੁੱਲ੍ਹ ਕੇ ਗੱਲ ਨਹੀਂ ਸੀ ਕਰਦੀ। ਉਹ ਦੋਵੇਂ ਭੈਣ-ਭਰਾ ਜਾਣ ਗਏ ਸਨ, ਕਿ ਕਰਮ ਕੌਰ ਕਿਸ ਕੰਮ ਆਉਂਦੀ ਹੈ। ਉਹਨਾਂ ਦੋਹਾਂ ਨੂੰ ਉਸ ਦਾ ਆਉਣਾ ਜਾਣਾ ਚੰਗਾ ਨਹੀਂ ਸੀ ਲਗਦਾ।

ਦਰਸ਼ਨ ਦੀ ਮਾਂ ਅੰਦਰ ਛੋਟੀ ਜੇਹੀ ਮੰਜੀ 'ਤੇ ਬੈਠੀ ਸੀ। ਦਰਸ਼ਨ ਜਾ ਕੇ ਸਾਮ੍ਹਣੇ ਪਈ ਪੀਹੜੀ 'ਤੇ ਬਹਿ ਗਈ। ਉਹਦਾ ਉਤਰਿਆ ਹੋਇਆ ਚਿਹਰਾ ਵੇਖ ਕੇ ਮਾਂ ਨੇ ਚਿੰਤਾ ਪਰਗਟ ਕਰਦਿਆਂ ਪੁਛਿਆ, "ਕੀ ਗੱਲ ਏ ਅੱਜ ? ਸੁੱਖ ਤਾਂ ਹੈ ?"

ਦਰਸ਼ਨ ਨੇ ਮਾਂ ਦੇ ਸਵਾਲ ਦਾ ਜਵਾਬ ਦੇਣ ਦੀ ਥਾਂ ਨਵਾਂ ਪ੍ਰਸ਼ਨ ਕੀਤਾ, "ਕਰਮ ਕੌਰ ਕਿਸ ਕੰਮ ਆਈ ਸੀ ?"

"ਐਵੇਂ ਮਿਲਨ ਗਿਲਨ ਈਂ।" ਮਾਂ ਨੇ ਗੱਲ ਟਾਲਣੀ ਚਾਹੀ।

"ਮਿਲਨ ਗਿਲਨ ਈ ? ਤਾਂ ਵੀਰ ਜੀ ਨਾਲ ਕਾਹਦੀ ਸਲਾਹ ਕਰਨ ਵਾਸਤੇ ਪੱਕੀਆਂ ਕਰਦੀ ਸੀ ।" ਦਰਸ਼ਨ ਦੀ ਵਾਜ ਵਿਚ ਨਾਰਾਜ਼ਗੀ ਪਰਗਟ ਹੋ ਰਹੀ ਸੀ ।

"ਧੀਏ ! ਤੂੰ ਜਾਣਦੀ ਈ ਏਂ ਨਾ ਸਭ ਕੁਛ । ਮੈਂ ਕੀ ਦੱਸਾਂ ? ਅੰਤ ਧੀਆਂ...... ।" ਮਾਂ ਧੀ ਤੋਂ ਡਰਦੀ ਗੱਲ ਪੂਰੀ ਨਾ ਕਰ ਸੱਕੀ ।

"ਮਾਂ ! ਮੇਰੇ ਜੋਗੀ ਰੋਟੀ ਉੱਕੀ ਤੁਹਾਡੋ ਕੋਲ ਨਹੀਂ ਰਹੀ ? ਮੈਨੂੰ ਦੇਸ ਨਿਕਾਲਾ ਦੇਣ 'ਤੇ ਕਿਉਂ ਤੁੱਲੇ ਹੋਏ ਜੇ ?" ਕਹਿੰਦਿਆਂ ਕਹਿੰਦਿਆਂ ਦਰਸ਼ਨ ਦੀਆਂ ਅੱਖਾਂ ਭਰ ਆਈਆਂ । ਉਹਨੇ ਅੱਖਾਂ ਅੱਗੇ ਪੱਲਾ ਦੇ ਕੇ ਬੜੀ ਮੁਸ਼ਕਲ ਨਾਲ ਰੋਣ 'ਤੇ ਕਾਬੂ ਪਾਇਆ ।

"ਪੁੱਤਰ ! ਰੋਟੀ ਤਾਂ ਸਗੋਂ ਤੂੰ ਕਮਾ ਕੇ ਸਾਨੂੰ ਖੁਆਉਂਦੀ ਏਂ । ਪਰ ਧੀਆਂ ਬਗਾਨਾ ਧਨ, ਅੰਤ...... ।"

"ਮੇਰੀ ਕਮਾਈ ਕਿਸਮਤ ਨੂੰ ਨਹੀਂ ਸੁਖਾਈ । ਮੈਂ ਨੌਕਰੀ ਤੋਂ ਅਸਤੀਫ਼ਾ ਦੇ ਆਈ ਆਂ ।"

"ਹੈਂ ? ਉਹ ਕਿਉਂ ।" ਮਾਂ ਨੂੰ ਇਉ ਅਨੁਭਵ ਹੋਇਆ, ਜਿਵੇਂ ਬੇੜੀ ਦਾ ਆਖਰੀ ਫੱਟਾ ਵੀ ਪੈਰਾਂ ਹੇਠੋਂ ਨਿਕਲ ਗਿਆ ਹੋਵੇ ।

"ਮੇਰੀ ਅਣਖ ਨੇ ਮੈਨੂੰ ਮਜਬੂਰ ਕਰ ਦਿੱਤਾ ਸੀ । ਪਾਠਸ਼ਾਲਾ ਦਾ ਪਰਧਾਨ ਚਾਂਦੀ ਦਿਆਂ ਟੁਕੜਿਆਂ ਬਦਲੇ...... ।" 'ਇਜ਼ਤ ਦਾ ਸੌਦਾ ਕਰਨਾ ਚਾਹੁੰਦਾ ਸੀ ।' ਦਰਸ਼ਨ ਮੂੰਹੋਂ ਪੂਰੀ ਗੱਲ ਨਾ ਕਹਿ ਸੱਕੀ ।

ਕਮਰੇ ਵਿਚ ਮੌਤ ਵਰਗੀ ਚੁੱਪ ਵਰਤ ਗਈ । ਕਦੇ ਕਦੇ ਮਾਂ ਜਾਂ ਧੀ ਦਾ ਕੋਈ ਦੱਖਿਆ ਹੋਇਆ ਹਉਕਾ ਹਵਾ ਦੀਆਂ ਲਹਿਰਾਂ 'ਤੇ ਜ਼ਰੂਰ ਪਸਰ ਜਾਂਦਾ । ਚੋਖੇ ਚਿਰ ਪਿਛੋਂ ਅੰਤ ਦਰਸ਼ਨ ਨੇ ਹੀ ਉਸ ਸਾਹ-ਘੁੱਟਣੀ ਚੁੱਪ ਨੂੰ ਤੋੜਿਆ, "ਮਾਂ ! ਕਰਮ ਕੌਰ ਨੂੰ ਸਾਫ਼ ਕਹਿ ਦੇਣਾ, ਕਿ ਉਹ ਸਾਡੇ ਘਰ ਨਾ ਆਇਆ ਕਰੇ । ਮੈਂ ਵਿਆਹ ਨਹੀਂ ਕਰਾਉਣਾ । ਤੁਹਾਨੂੰ ਮੇਰੀ ਰੋਟੀ ਦਾ ਈ ਫ਼ਿਕਰ ਏ ਨਾਂ ! ਮੈਂ ਕਿਸੇ ਸਾਊ ਘਰ ਦੇ ਜੂਠੇ ਭਾਂਡੇ ਮਾਂਜ ਕੇ ਗੁਜ਼ਾਰਾ ਕਰ ਲਵਾਂਗੀ ।"

"ਪੁੱਤਰ ! ਨਿੱਤ ਤਾਂ ਧੀਆਂ ਕੁਆਰੀਆਂ ਨਹੀਂ ਬੈਠੀਆਂ ਰਹਿੰਦੀਆਂ । ਏਥੇ ਨਾ ਸਹੀ, ਜਿੱਥੇ ਤੇਰੀ ਮਰਜ਼ੀ ਹੋਵੇਗੀ, ਓਥੇ ਸਹੀ । ਅੰਤ ਕਿਤੇ ਤਾਂ ਵਿਆਹ ਕਰਾਉਣਾ ਹੀ ਪਵੇਗਾ ।" ਮਾਂ ਨੇ ਸਮਾਜਕ ਰਵਾਜ ਨੂੰ ਮੁੱਖ ਰੱਖ ਕੇ ਕਿਹਾ ।

"ਮੇਰੀ ਮਰਜ਼ੀ ਰੱਬ ਨੂੰ ਭਾਈ ਨਹੀਂ । ਤੇ ਹੋਰ ਕਿਤੇ ਹੁਣ ਮਰਜ਼ੀ ਬਣ ਨਹੀਂ ਸਕਦੀ ।" ਦਰਸ਼ਨ ਨੇ ਕਿਸੇ ਦੇ ਪਿਆਰ ਵਿਚ ਕੁਰਲਾ ਰਿਹਾ ਦਿਲ ਮਾਂ

ਅੱਗੇ ਨੰਗਾ ਕਰ ਦਿਤਾ।

"ਦਰਸ਼ਨ ! ਮੈਂ ਤੇਰੇ ਦੁੱਖ ਨੂੰ ਜਾਣਦੀ ਆਂ। ਪਰ ਲੰਘ ਗਏ ਸੱਪ ਦੀ ਲਕੀਰ ਨੂੰ ਪਿੱਟੀ ਜਾਣ ਦਾ ਕੀ ਫਾਇਦਾ ? ਉਹ ਹੋ ! ਨਾਮੁਰਾਦ ਕੁਲਵੰਤ ! ਤੂੰ ਮੇਰੀ ਸੋਹਲ ਧੀ ਤੋਂ ਕਿਸ ਜਨਮ ਦਾ ਵੈਰ ਲੈਣਾ ਸੀ ?" ਮਾਂ ਦੇ ਮੂੰਹੋਂ ਧੀ ਦਾ ਦੁੱਖ ਬਦਅਸੀਸਾਂ ਬਣ ਕੇ ਬੋਲ ਉਠਿਆ।

"ਨਹੀਂ, ਮਾਂ ! ਅਸਾਂ ਕਾਹਨੂੰ ਕਿਸੇ ਨੂੰ ਬੁਰਾ ਆਖਣਾ ਏਂ ? ਕਿਸੇ ਦਾ ਕੋਈ ਦੋਸ਼ ਨਹੀਂ। ਇਹ ਮੇਰੀ ਕਿਸਮਤ ਦਾ ਗੇੜ ਏ।" ਦਰਸ਼ਨ ਦੀ ਪਾਕ ਮੁਹੱਬਤ ਸਹਿ ਨਾ ਸੱਕੀ, ਕਿ ਉਹਦੇ ਕੁਲਵੰਤ ਨੂੰ ਕੋਈ ਚੰਗੀ ਮਾੜੀ ਕਹੇ। ਉਹ ਓਥੋਂ ਉਠ ਕੇ ਚਲੀ ਗਈ।

ਦਰਸ਼ਨ ਨੂੰ ਇਸ ਵੇਲੇ ਕਿਸੇ ਨਵੇਕਲੇ ਥਾਂ ਦੀ ਲੋੜ ਸੀ, ਜਿੱਥੇ ਦੁਨੀਆਂ ਤੋਂ ਉਹਲੇ ਬਹਿ ਕੇ ਉਹ ਦੋ ਘੜੀਆਂ ਰੋ ਸਕਦੀ। ਪਰ ਇਸ ਸ਼ਰਨਾਰਥੀ ਪਰਵਾਰ ਦਾ ਘਰ ਹੀ ਕਿੱਡਾ-ਕੁ ਸੀ ? ਸੱਭੋ ਇੱਕੋ ਕਮਰਾ ਤੇ ਉਹਦੀ ਵੱਖੀ ਵਿਚ ਇਕ ਮੰਜੇ ਦੀ ਰਸੋਈ। ਉਹਨੇ ਰਸੋਈ ਦਾ ਆਸਰਾ ਲਿਆ। ਉਹਨੂੰ ਡਰ ਸੀ, ਕਿ ਕਿਤੇ ਖੁੱਲ੍ਹੀ ਹਵਾ ਵਿਚ ਉਹਦੇ ਹੰਝੂ ਬਲ ਨਾ ਉਠਣ। ਉਹਦੀਆਂ ਅੱਖਾਂ ਵਿਚੋਂ ਪਾਣੀ ਦੀਆਂ ਬੂੰਦਾਂ ਨਹੀਂ, ਮਘਦੇ ਅੰਗਿਆਰੇ ਨਿਕਲ ਰਹੇ ਸਨ। ਰਸੋਈ ਦੀ ਗੁੱਠ ਵਿਚ ਮੂੰਹ ਦੇ ਕੇ ਉਹ ਵਿੱਸ ਪਈ। ਉਹਦੇ ਮੂੰਹੋਂ ਮਸਾਂ ਏਨੇ ਹੀ ਸ਼ਬਦ ਨਿਕਲ ਸਕੇ, "ਕੁਲਵੰਤ ਜੀ ! ਤੁਸੀਂ ਛੱਡ ਗਏ ਓ, ਪਰ ਤੁਹਾਡੀ ਦਰਸ਼ਨ ਤੁਹਾਨੂੰ ਕਿਵੇਂ ਛੱਡ ਸਕਦੀ ਏ। ਮੈਂ ਸਦਾ ਤੁਹਾਡੀ ਹਾਂ। ਲੋਕੀਂ ਤਾਂ ਕਿਸੇ ਦੀ ਵਫ਼ਾ ਪਿਛੇ ਉਮਰ ਕੱਟਦੀਆ ਨੇ, ਮੈਂ ਤੁਹਾਡੀ ਬੇ-ਵਫ਼ਾਈ ਦੇ ਆਸਰੇ ਜੀਵਨ ਗੁਜ਼ਾਰ ਲਵਾਂਗੀ।" ਇਸ ਤੋਂ ਅੱਗੇ ਸਿਰਫ਼ ਹਉਕੇ ਤੇ ਆਹੀਂ ਰਹਿ ਗਈਆਂ। ਸੱਚੀ ਮੁਹੱਬਤ, ਸੁੱਚੀ ਭੁੱਖ ਵਾਂਗ ਜ਼ਿੰਦਗੀ ਨੂੰ ਖੋਰੀ ਜਾ ਰਹੀ ਸੀ।

ਗੁਰਸ਼ਰਨ ਦੀ ਰੋਜ਼ੀ ਦੀ ਵੀ ਅੱਜ ਉਹ ਨਿੱਕੀ ਜੇਹੀ ਖਿੜਕੀ ਬੰਦ ਹੋ ਗਈ। ਡੀ. ਸੀ. ਦੇ ਹੁਕਮ ਨਾਲ ਕਚਹਿਰੀ ਦੇ ਬੂਹੇ ਅੱਗੋਂ ਬਿਨਾਂ-ਲਾਈਸੈਂਸ ਸਭ ਅਰਜ਼ੀ ਨਵੀਸ ਉਠਾ ਦਿੱਤੇ ਗਏ। ਉਹ ਬਸਤਾ ਕੱਛੇ ਮਾਰ ਕੇ ਟੁੱਟੇ ਹੋਏ ਦਿਲ ਨਾਲ ਘਰ ਨੂੰ ਤੁਰ ਪਿਆ। ਮਨ ਹੀ ਮਨ ਵਿਚ ਉਹ ਬੀਤੇ ਜੀਵਨ ਤੇ ਵਰਤਮਾਨ ਦਿਨਾਂ ਉਤੇ ਵਿਚਾਰ ਕਰਦਾ ਜਾ ਰਿਹਾ ਸੀ। 'ਹੁਣ ਨਿਰੀ ਦਰਸ਼ਨ ਦੀ ਤਨਖ਼ਾਹ 'ਤੇ ਰੋਟੀ ਪੂਰੀ ਕਿਵੇਂ ਹੋਵੇਗੀ ?' ਇਹ ਸੋਚ ਘੜੀ ਦੀ ਟਿੱਕ ਟਿੱਕ ਵਾਂਗ ਹਰ ਸਾਹ ਨਾਲ ਉਹਦੇ ਦਿਲ 'ਤੇ ਚੋਟ ਕਰ ਰਹੀ ਸੀ। ਹਰ ਕਦਮ ਦੇ ਨਾਲ ਉਹਦੀ ਚਿੰਤਾ ਦਾ ਭਾਰ ਵਧ ਰਿਹਾ ਸੀ। ਕਿਵੇਂ ਨਾ ਕਿਵੇਂ ਪੈਰ ਧੂੰਹਦਾ ਉਹ ਰੇਲਵੇ ਦੇ ਪੁਲ

ਕੋਲ ਅਪੜਿਆ । ਏਹ ਪੁਲ ਛਾਉਣੀ ਨਾਲੋਂ ਸ਼ਹਿਰ ਨੂੰ ਨਿਖੇੜਦਾ ਹੈ । ਇਸ ਪੁਲ ਦੀ ਚੜ੍ਹਾਈ ਉਤਰਾਈ ਉਹ ਕਈ ਵਾਰ ਚੜ੍ਹਿਆ ਉਤਰਿਆ ਸੀ । ਅੱਜ ਉਸ ਨੂੰ ਇਹ ਚੜ੍ਹਾਈ ਹਿਮਾਲੀਆ ਪਰਬਤ ਦੀ ਉੱਚੀ ਚੋਟੀ ਵਰਗੀ ਮਾਲੂਮ ਹੋ ਰਹੀ ਸੀ । ਪੰਝੀ ਤੀਹ ਕਦਮਾਂ ਚੜ੍ਹ ਕੇ ਉਹ ਇਕ ਪਾਸੇ ਜੰਗਲੇ ਨਾਲ ਲੱਗ ਕੇ ਟਾਹਲੀ ਦੀ ਛਾਂਵੇਂ ਖਲੋ ਗਿਆ ।

ਉਹਨੂੰ ਖਲੋਤੇ ਨੂੰ ਦੋ-ਕੁ ਮਿੰਟ ਹੀ ਹੋਏ ਸਨ; ਜਾਂ ਸਾਮ੍ਹਣਿਓਂ ਸ਼ਹਿਰ ਵੱਲੋਂ ਆਉਂਦੀ 'ਮਾਇਆ ਵੰਤੀ ਮਿਲੀ । ਉਹ ਵੀ ਉਸੇ ਪਾਠਸ਼ਾਲਾ ਵਿਚ ਅਧਿਆਪਕਾ ਸੀ, ਜਿੱਥੇ ਦਰਸ਼ਨ ਪੜ੍ਹਾਉਣ ਜਾਇਆ ਕਰਦੀ ਸੀ । ਪਰਧਾਨ ਦੀਆਂ ਲਾਲਚੀ ਨਜ਼ਰਾਂ ਤੋਂ ਰੱਖਿਆ ਕਰਨ ਵਾਸਤੇ ਉਹਦਾ ਕਾਲਾ ਰੰਗ ਤੇ ਢਲੀ ਹੋਈ ਉਮਰ ਦੋ ਚੰਗੇ ਪਹਿਰੇਦਾਰ ਉਸ ਦੀ ਸਹਾਇਤਾ ਕਰਨ ਵਾਸਤੇ ਹੈ ਸਨ ।

ਗੁਰਸ਼ਰਨ ਸਿੰਘ ਦਾ ਉਤਰਿਆ ਚਿਹਰਾ ਵੇਖ ਕੇ ਮਾਇਆ ਵੰਤੀ ਹਮਦਰਦੀ ਨਾਲ ਬੋਲੀ, "ਭਰਾ ਜੀ ! ਕਿਵੇਂ ਖਲੋ ਜੇ ? ਸਗੋਂ ਦਰਸ਼ਨ ਭੈਣ ਦੀ ਖ਼ਬਰ ਸੁਣ ਕੇ ਉਦਾਸ ਹੋ ਗਏ ਜੇ ?"

"ਦਰਸ਼ਨ ਦੀ ? ਕੀ ਖ਼ਬਰ ?" ਗੁਰਸ਼ਰਨ ਦਾ ਦਿਲ ਜ਼ੋਰ ਜ਼ੋਰ ਦੀ ਧੜਕਣ ਲੱਗ ਪਿਆ ।

"ਪਰਧਾਨ ਨੇ ਅੱਜ ਉਹਨੂੰ ਪਾਠਸ਼ਾਲਾ ਚੋਂ ਕਢ ਦਿਤਾ ਏ । ਉਹ ਚੰਦਰਾ ਕਈਆਂ ਦਿਨਾਂ ਤੋਂ ਓਸ ਵਿਚਾਰੀ ਦੇ ਵੈਰ ਪਿਆ ਹੋਇਆ ਸੀ । ਖ਼ੈਰ, ਤੁਸੀਂ ਘਬਰਾਓ ਨਾ । ਨੌਕਰੀਆਂ ਦਾ ਘਾਟਾ ਏ ? ਕਿਤੇ ਹੋਰ ਮਿਲ ਜਾਵੇਗੀ । ਸਾਨੂੰ ਸਾਰਿਆਂ ਨੂੰ ਪਰਧਾਨ ਦੀ ਇਸ ਧੱਕੇਸ਼ਾਹੀ 'ਤੇ ਬੜਾ ਅਫ਼ਸੋਸ ਏ ।"

ਗੁਰਸ਼ਰਨ ਦੇ ਦਿਲ 'ਤੇ ਇਸ ਖ਼ਬਰ ਨੇ ਬੜਾ ਮਾਰੂ ਅਸਰ ਕੀਤਾ । ਉਹ ਅੱਗੋਂ ਬੋਲ ਵੀ ਨਾ ਸਕਿਆ । ਇਕ ਮਿੰਟ ਉਤਰ ਉਡੀਕ ਕੇ ਮਾਇਆ ਵੰਤੀ ਅਗਾਂ ਚਲੀ ਗਈ । ਗੁਰਸ਼ਰਨ ਓਥੇ ਹੀ ਜੰਗਲੇ ਦੇ ਆਸਰੇ ਖਲਾ ਰਹਿ ਗਿਆ । ਉਹਦੇ ਸਾਮ੍ਹਣੇ ਜ਼ਿੰਦਗੀ ਦੇ ਸਾਰੇ ਰਾਹ ਹਨੇਰੇ ਹੋ ਗਏ ਸਨ । ਆਸ ਦੀ ਛੋਟੀ ਤੋਂ ਛੋਟੀ ਕਿਰਨ ਵੀ ਮਾਯੂਸੀ ਦੀ ਧੁੰਧ ਓਹਲੇ ਲੋਪ ਹੋ ਗਈ ਸੀ ।

"ਸਗੋਂ ਗੁਰਸ਼ਰਨ ਏਂ ।" ਸੜਕ ਦੇ ਮੋੜ ਤੋਂ ਮੁੜਨ ਲੱਗੇ ਵੇਦ ਪ੍ਰਕਾਸ਼ ਨੇ ਵੇਖ ਕੇ ਪੁਛਿਆ ।

ਗੁਰਸ਼ਰਨ ਆਪਣਾ ਨਾਂ ਸੁਣ ਕੇ ਜਿਵੇਂ ਨੀਂਦ ਵਿਚੋਂ ਜਾਗ ਉਠਿਆ । ਸਾਮ੍ਹਣੇ ਉਹਦਾ ਜਮਾਤੀ ਮਿਲਨ ਵਾਸਤੇ ਉਹਦੇ ਵੱਲੋਂ ਹੱਥ ਵਧਾ ਰਿਹਾ ਸੀ । ਗੁਰਸ਼ਰਨ ਆਪਣੇ ਭਾਵਾਂ 'ਤੇ ਕਾਬੂ ਪਾਉਂਦਾ ਹੋਇਆ ਉਸ ਵੱਲ ਅਹੁਲਿਆ । ਉਹ

ਮਿੰਟਗੁਮਰੀ ਦੇ ਵਿਛੜੇ ਹੋਏ ਅੱਜ ਇਕ ਦੂੱਜੇ ਦੇ ਮੱਥੇ ਲੱਗੇ ਸਨ ।

"ਬੜੀ ਵੱਡੀ ਉਮਰ ਏ ਤੇਰੀ । ਅੱਜ ਹੀ ਮੈਂ ਅਖ਼ਬਾਰ ਵਿਚ ਤੇਰਾ ਜ਼ਿਕਰ ਪੜ੍ਹ ਕੇ ਯਾਦ ਕਰ ਰਿਹਾ ਸਾਂ ।" ਵੇਦ ਪ੍ਰਕਾਸ਼ ਨੇ ਹੱਥ ਮਿਲਾਉਂਦਿਆਂ ਕਿਹਾ ।

"ਮੇਰਾ ਜ਼ਿਕਰ ?" ਹੱਥ ਮਿਲਾ ਕੇ ਗੁਰਸ਼ਰਨ ਨੇ ਹੈਰਾਨੀ ਨਾਲ ਪੁਛਿਆ ।

"ਤੇਰਾ ਦੋਸਤ ਸੀ ਨਾ ਕੁਲਵੰਤ ਸਿੰਘ...।"

"ਹਾਂ, ਹਾਂ ।" ਗੁਰਸ਼ਰਨ ਨੇ ਵੇਦ ਪ੍ਰਕਾਸ਼ ਦੀ ਗੱਲ ਅੱਧ ਵਿਚੋਂ ਹੀ ਟੋਕ ਕੇ ਉਤਸ਼ਾਹ ਨਾਲ ਕਿਹਾ ।

"ਉਹਦੇ ਵੱਲੋਂ ਇਸ਼ਤਿਹਾਰ ਛਪਿਆ ਏ ਤੇਰੀ ਖਾਤਰ; ਕਿ ਜਿੱਥੇ ਵੀ ਹੋਵੇ, ਮੈਨੂੰ ਛੇਤੀ ਮਿਲੇ ।" ਵੇਦ ਪ੍ਰਕਾਸ਼ ਨੇ ਅਖ਼ਬਾਰ ਅਗ੍ਹਾਂ ਵਧਾਉਂਦਿਆਂ ਕਿਹਾ ।

"ਕਿੱਥੇ ਆ ਉਹ ?" ਗੁਰਸ਼ਰਨ ਨੇ ਅਖ਼ਬਾਰ ਫੜਦਿਆਂ ਕਾਹਲੀ ਨਾਲ ਪੁਛਿਆ ।

"ਲੁਧਿਆਣੇ । ਪੜ੍ਹ ਲੈ ।"

ਗੁਰਸ਼ਰਨ ਨੇ ਅਖ਼ਬਾਰ ਤੋਂ ਪੜ੍ਹ ਕੇ ਕੁਲਵੰਤ ਦਾ ਪਤਾ ਲਿਖ ਲਿਆ । ਦੋਵੇਂ ਦੋਸਤ ਗੱਲਾਂ ਕਰਦੇ ਸ਼ਹਿਰ ਨੂੰ ਤੁਰੇ ਗਏ । ਗੁਰਸ਼ਰਨ ਨੂੰ ਪਲ ਦਾ ਪਲ ਸਾਰੀ ਚਿੰਤਾ ਭੁੱਲ ਗਈ । ਵੇਦ ਪ੍ਰਕਾਸ਼ ਤਸੀਲੇ ਖਲੋ ਗਿਆ । ਗੁਰਸ਼ਰਨ ਖ਼ੁਸ਼ੀ ਦਾ ਸੁਨੇਹਾ ਲੈ ਕੇ ਘਰ ਨੂੰ ਵਗਿਆ ਗਿਆ । ਉਹ ਦਿਲ ਵਿਚ ਬਹੁਤ ਕੁਛ ਸੋਚਦਾ ਤੁਰਿਆ ਜਾ ਰਿਹਾ ਸੀ । ਚਾਵਾਂ ਨਾਲ ਭਰਿਆ ਉਹ ਘਰ ਵਿਚ ਦਾਖ਼ਲ ਹੋਇਆ । ਅੱਗੋਂ ਦਰਸ਼ਨ ਤੇ ਉਹਦੀ ਮਾਂ ਬੜੀਆਂ ਉਦਾਸ ਬੈਠੀਆਂ ਸਨ । ਦੋਹਾਂ ਦੀਆਂ ਅੱਖਾਂ ਰੋਈਆਂ ਹੋਈਆਂ ਸਨ । ਗੁਰਸ਼ਰਨ ਨੇ ਭੈਣ ਦੇ ਮੋਢੇ 'ਤੇ ਪਿਆਰ ਨਾਲ ਦਿਲਾਸਾ ਦੇਂਦਿਆਂ ਕਿਹਾ, "ਦਰਸ਼ਨ ! ਰੋਈ ਕਿਉਂ ਏਂ ਤੂੰ ? ਮੈਂ ਤੇਰੇ ਵਾਸਤੇ ਖ਼ੁਸ਼ੀ ਦੀ ਖ਼ਬਰ ਲੈ ਕੇ ਆਇਆਂ ।"

ਦਰਸ਼ਨ ਨੇ ਭਰਾ ਵੱਲ ਨਿਗ੍ਹਾ ਚੁੱਕ ਕੇ ਵੇਖਿਆ, ਪਰ ਬੋਲੀ ਕੁਛ ਨਾ ।

"ਕੁਲਵੰਤ ਲਭ ਪਿਆ ਏ । ਉਹਨੇ ਅਖ਼ਬਾਰ ਵਿਚ ਕਢਾਇਆ ਏ, ਕਿ ਆਪਾਂ ਜਿੱਥੇ ਵੀ ਹੋਈਏ, ਉਹਦੇ ਕੋਲ ਲੁਧਿਆਣੇ ਪਹੁੰਚੀਏ । ਪਹਿਲਾਂ ਮੈਂ ਆਪ ਭਲਕੇ ਜਾ ਕੇ ਉਹਨੂੰ ਮਿਲ ਆਵਾਂ । ਫਿਰ ਆਪਾਂ ਸਾਰੇ ਓਥੇ ਚਲੇ ਚੱਲਾਂਗੇ ।" ਗੁਰਸ਼ਰਨ ਸਾਰੀਆਂ ਗੱਲਾਂ ਇਕੋਸਾਹ ਕਹਿ ਗਿਆ ।

ਸੁਣ ਕੇ ਦਰਸ਼ਨ ਦੇ ਚਿਹਰੇ 'ਤੇ ਥੋੜੀ ਜੇਹੀ ਖ਼ੁਸ਼ੀ ਦੀ ਭਾਹ ਦਿੱਸ ਆਈ, ਪਰ ਉਹ ਛੇਤੀ ਹੀ ਲੋਪ ਹੋ ਗਈ । 'ਖ਼ਬਰੇ...ਖ਼ਬਰੇ...ਖ਼ਬਰੇ ।' ਲਕੀਰੋਂ ਘੁੱਸੇ ਹੋਏ ਰੀਕਾਰਡ ਵਾਂਗ ਚਿੰਤਾ ਭਰੇ ਇਹ ਖ਼ਿਆਲ ਵਾਰ ਵਾਰ ਉਹਦੇ ਦਮਾਗ਼ ਵਿਚ

ਚੱਕਰ ਲਾਉਣ ਲੱਗੇ।

ਪੁੱਤਰ ਦੇ ਚਿਹਰੇ ਵੱਲੋਂ ਵੇਖ ਕੇ ਮਾਂ ਨੂੰ ਵੀ ਕੁਛ ਆਸ ਦੀ ਲਾਲੀ ਦਿੱਸੀ। ਉਹ ਇਕ ਦੋ ਵਾਰ ਕੁਛ ਆਖਣ ਵਾਸਤੇ ਅਹੁਲ ਕੇ ਰੁਕ ਗਈ। ਗੁਰਸ਼ਰਨ ਨੇ ਮਾਂ ਦੇ ਚਿਹਰੇ ਤੋਂ ਹੀ ਉਹਦੇ ਅੰਦਰ ਉਠ ਰਹੇ ਸਵਾਲ ਪੜ੍ਹ ਕੇ ਤਸੱਲੀ ਦੇਂਦਿਆਂ ਕਿਹਾ, "ਨਹੀਂ, ਮਾਂ ! ਮੈਨੂੰ ਕੁਲਵੰਤ ਉਤੇ ਬੜਾ ਭਰੋਸਾ ਏ। ਮੈਂ ਭਲਕੇ ਹੀ ਉਹਦੇ ਕੋਲ ਜਾਵਾਂਗਾ। ਤੁਸੀਂ ਬਾਕੀ ਗੱਲਾਂ ਦੀ ਕੋਈ ਚਿੰਤਾ ਨਾ ਕਰੋ। ਮੈਂ ਦਰਸ਼ਨ ਦੀ ਨੌਕਰੀ ਬਾਰੇ ਸੁਣ ਚੁੱਕਾਂ। ਸਾਡੇ ਸਦਾ ਇਹ ਦਿਨ ਨਹੀਂ ਰਹਿੰਦੇ। ਕਦੇ ਤਾਂ ਰੱਬ ਸੁਣੇਗਾ ਈ।"

੧੪.

ਸ. ਕੁਲਵੰਤ ਸਿੰਘ ਇਸ ਵੇਲੇ ਲੁਧਿਆਣੇ ਵਿਚ ਕਾਂਗਰਸ ਦਾ ਸਰਗਰਮ ਵਰਕਰ ਸੀ। ਸ਼ਹਿਰ ਦੀ ਅਲਾਟਮੈਂਟ ਕਮੇਟੀ ਦਾ ਵੀ ਉਹ ਮੈਂਬਰ ਸੀ। ਜੇਲ੍ਹ ਰੋਡ ਉਤੇ ਇਕ ਚੰਗਾ ਖੁੱਲ੍ਹਾ ਮਕਾਨ ਉਹਦੇ ਕਬਜ਼ੇ ਵਿਚ ਸੀ। ਚੌੜ ਬਾਜ਼ਾਰ ਵਿਚ ਇਕ ਕਾਰਖ਼ਾਨੇ ਉਤੇ ਵੀ ਉਹਨੇ ਆਪਣਾ ਅਧਿਕਾਰ ਜਮਾ ਲਿਆ ਸੀ, ਜਿਸ ਵਿਚ ਹੌਜ਼ਰੀ ਦੀਆਂ ਦਸ ਮਸ਼ੀਨਾਂ 'ਤੇ ਪੰਜ-ਕੁ ਹਜ਼ਾਰ ਦਾ ਸੂਤ ਤੇ ਕਪੜਾ ਉਹਦੇ ਹੱਥ ਲੱਗਾ ਸੀ। ਪਟਿਆਲਿਓਂ ਹੱਥ ਲਗਾ ਰੁਪਇਆ, ਇੰਮਪੀਰੀਅਲ ਬੈਂਕ ਦੀ ਪਾਸ ਬੁਕ ਵਿਚ ਦਰਜ ਉਹਦੀ ਅਮੀਰੀ ਦਾ ਸੂਚਕ ਸੀ। ਆਪਣੀ ਪਾਕਸਤਾਨ ਵਿਚ ਰਹਿ ਗਈ ਜ਼ਮੀਨ ਉਹਨੇ ਮਲੇਰ ਕੋਟਲੇ ਅਲਾਟ ਕਰਾ ਲਈ ਸੀ। ਹੁਣ ਉਹਨੂੰ ਇੱਕੋ ਹੀ ਚਿੰਤਾ ਬਾਕੀ ਸੀ, ਦਰਸ਼ਨ ਦੀ। ਉਹ ਵੀ ਦੂਰ ਹੋ ਗਈ, ਜਾਂ ਇਕ ਦਿਨ ਸਾਢੇ-ਕੁ ਦਸ ਵਜੇ ਗੁਰਸ਼ਰਨ ਨੇ ਬੂਹੇ ਵਿਚੋਂ ਉਹਨੂੰ ਵਾਜ ਮਾਰੀ। ਮਿੱਤਰ ਦੀ ਵਾਜ ਪਛਾਣ ਕੇ ਕੁਲਵੰਤ ਨੰਗੇ ਪੈਰੀਂ ਬਾਹਰ ਨਿਕਲਿਆ। ਦੋਵੇਂ ਛਾਤੀ ਨਾਲ ਘੁੱਟ ਕੇ ਮਿਲੇ। ਦੋਹਾਂ ਦੀਆਂ ਅੱਖਾਂ ਪਾਣੀ ਨਾਲ ਭਰ ਆਈਆਂ। ਕੁਲਵੰਤ ਛੇਤੀ ਛੇਤੀ ਗੁਰਸ਼ਰਨ ਨੂੰ ਅੰਦਰ ਲੈ ਗਿਆ। ਇਸ ਖ਼ਿਆਲ ਨੇ ਕੁਲਵੰਤ ਨੂੰ ਬੇਚੈਨ ਕਰ ਦਿਤਾ, ਕਿ ਮਤਾਂ ਕੋਈ ਗੁਆਂਢੀ ਗੁਰਸ਼ਰਨ ਦੇ ਪਾਟੇ ਹੋਏ ਕਪੜੇ ਵੇਖ ਲਵੇ। ਸਭ ਤੋਂ ਪਹਿਲਾਂ ਉਹਨੇ ਗੁਰਸ਼ਰਨ ਨੂੰ ਨਵਾਂ ਸੂਟ ਬਦਲਣ ਵਾਸਤੇ ਦਿਤਾ। ਫਿਰ ਓਨਾ ਚਿਰ ਦੋਵੇਂ ਮਿੱਤਰ ਬੈਠੇ ਦੁੱਖ ਸੁਖ ਦੀਆਂ ਗੱਲਾ ਕਰਦੇ ਰਹੇ, ਜਿੰਨਾ ਚਿਰ ਨੌਕਰ ਨੇ ਰੋਟੀ ਤਿਆਰ ਨਾ ਕਰ ਲਈ। ਗੁਰਸ਼ਰਨ ਨੇ ਪਹਿਲਾਂ ਤਾਂ ਪੁਰਾਣੇ ਗਿਲ੍ਹੇ ਨਿਹੋਰੇ ਦਿੱਤੇ ਤੇ ਫਿਰ ਆਪਣੀ ਵਰਤਮਾਨ ਦਸ਼ਾ ਕਹਿ ਸੁਣਾਈ।

ਕੁਲਵੰਤ ਨੇ ਉਹਨੂੰ ਜੱਫੀ ਵਿਚ ਲੈ ਕੇ ਕਿਹਾ, "ਗੁਰਸ਼ਰਨ ! ਪੁਰਾਣੀਆਂ ਗੱਲਾਂ ਦੁਹਰਾਉਣ ਦਾ ਇਸ ਵੇਲੇ ਕੋਈ ਲਾਭ ਨਹੀਂ। ਮੇਰੀ ਉਸ ਚੁੱਪ ਦਾ ਕੋਈ ਖ਼ਾਸ ਕਾਰਨ ਸੀ। ਪਰ ਛੱਡੋ ਇਸ ਗੱਲ ਨੂੰ। ਨਾ ਉਹ ਸਮਾਂ ਰਿਹਾ ਹੈ, ਨਾ ਉਹ ਹਾਲਾਤ। ਤੁਸੀਂ ਮੇਰੀ ਗ਼ਲਤੀ ਮਾਫ਼ ਕਰ ਦਿਓ, ਤਾਂ ਮੈਂ ਅੱਜ ਵੀ ਤੁਹਾਡਾ ਹਾਂ। ਮਾਤਾ ਜੀ ਮੈਨੂੰ ਇਸ ਯੋਗ ਸਮਝਣ, ਤਾਂ ਮੈਂ ਦਰਸ਼ਨ ਨੂੰ ਜੀਵਨ-ਸਾਥਣ ਦੇ ਰੂਪ ਵਿਚ ਪਰਾਪਤ ਕਰਕੇ ਆਪਣੇ ਆਪ ਨੂੰ ਵਡਭਾਗਾ ਸਮਝਾਂਗਾ। ਬਾਕੀ ਏਥੋਂ ਕਿਸੇ ਚੀਜ਼ ਦੀ ਕਮੀ ਨਹੀਂ। ਭਰਜਾਈ ਜੀ ਪਾਕਿਸਤਾਨ ਵਿਚ ਮਾਰੇ ਗਏ ਹਨ। ਮੇਰੀ ਸਾਰੀ ਉਮਰ ਜੋਗਾ ਕਮਾ ਕੇ ਉਹ ਦੇ ਗਏ ਨੇ। ਅਸੀਂ ਦੋਵੇਂ ਭਰਾ ਮਿਲ ਕੇ ਚੰਗੀ ਜ਼ਿੰਦਗੀ ਗੁਜ਼ਾਰ ਸਕਾਂਗੇ। ਤੂੰ ਅੱਜ ਰਾਤ ਨੂੰ ਚਲਾ ਜਾ, ਤੇ ਭਲਕੇ ਉਹਨਾਂ ਦੋਹਾਂ ਨੂੰ ਲੈ ਆ।"

"ਮੈਨੂੰ ਤੇਰੇ ਉਤੇ ਏਹਾ ਆਸ ਸੀ। ਕੁਲਵੰਤ ! ਸਾਡੇ ਸਿਰ ਇਹ ਅਹਿਸਾਨ ਕਰਕੇ ਤੂੰ ਵਿਚਾਰੀ ਦਰਸ਼ਨ ਨੂੰ ਨਵੀਂ ਜ਼ਿੰਦਗੀ ਬਖ਼ਸ਼ ਰਿਹਾ ਹੈਂ।" ਇਸ ਤੋਂ ਅਗ੍ਹਾਂ ਉਹਦਾ ਗਲਾ ਰੁਕ ਗਿਆ।

ਰੋਟੀ ਖਾ ਕੇ ਦੋਵੇਂ ਮਿੱਤਰ ਕਾਰਖ਼ਾਨੇ ਗਏ। ਸਭ ਥਾਂ ਵਿਖਾ ਸਮਝਾ ਕੇ ਕੁਲਵੰਤ ਨੇ ਕਿਹਾ, "ਗੁਰਸ਼ਰਨ ! ਇਹ ਸਭ ਕੁਛ ਹੁਣ ਤੇਰੇ ਹਵਾਲੇ ਹੈ। ਨਾਲੇ ਕਮਾ ਕੇ ਆਪ ਖਾਵੀਂ, ਨਾਲੇ ਸਾਨੂੰ ਖੁਆਵੀਂ। ਸਾਨੂੰ ਕੀ ਲੋੜ ਏ ਨੌਕਰੀਆਂ ਲਭਣ ਦੀ ?"

ਅੱਧਾ-ਕੁ ਘੰਟਾ ਓਥੇ ਬਹਿ ਕੇ ਦੋਵੇਂ ਚੌੜੇ ਬਜ਼ਾਰ ਵਿਚ ਆਏ। ਕੁਲਵੰਤ ਨੇ ਦੋ ਵਧੀਆ ਸੂਟ ਦਰਸ਼ਨ ਵਾਸਤੇ, ਦੋ ਉਸਦੀ ਮਾਂ ਵਾਸਤੇ ਤੇ ਇਕ ਗੁਰਸ਼ਰਨ ਵਾਸਤੇ ਖ਼ਰੀਦਿਆ। ਸਾਰੇ ਕਪੜੇ ਦਰਜ਼ੀ ਨੂੰ ਏਸ ਸ਼ਰਤ ਉਤੇ ਸਿਉਣੇ ਦਿਤੇ, ਕਿ ਉਹਨਾਂ ਵਿਚੋਂ ਦੋ ਜ਼ਨਾਨੇ ਸੂਟ ਦੋ ਘੰਟਿਆਂ ਅੰਦਰ ਤਿਆਰ ਕਰ ਦੇਵੇ। ਫਿਰ ਉਹ ਨਿੱਕਾ ਮੱਲ ਦੇ ਚੌਕ ਸਰਾਫ਼ੀ ਦੀ ਦੁਕਾਨ 'ਤੇ ਗਏ। ਗੁਰਸ਼ਰਨ ਦੇ ਹਟਕਦਿਆਂ ਵਰਜਦਿਆਂ ਵੀ ਕੁਲਵੰਤ ਨੇ ਦਰਸ਼ਨ ਵਾਸਤੇ ਦੋ ਛਾਪਾਂ ਤੇ ਕਾਂਟਿਆਂ ਦੀ ਜੋੜੀ ਖ਼ਰੀਦੀ।

ਢਾਈ ਵਜੇ ਤਕ ਉਹ ਬਜ਼ਾਰ ਵਿਚ ਫਿਰਦੇ ਤੁਰਦੇ ਲੋੜੀਦਾ ਸਾਮਾਨ ਲੈ ਕੇ, ਤਿੰਨ ਵਜੇ ਦੀ ਗੱਡੀ ਵਾਸਤੇ ਸਟੇਸ਼ਨ 'ਤੇ ਅਪੜੇ। ਕੁਲਵੰਤ ਨੇ ਪੰਜ ਸੌ ਦੇ ਨੋਟ ਗੁਰਸ਼ਰਨ ਵੱਲ ਵਧਾਉਂਦਿਆਂ ਕਿਹਾ, "ਲੈ, ਕਿਤੇ ਹੋਰ ਲੋੜ ਪੈ ਜਾਂਦੀ ਏ।"

"ਨਹੀਂ ਨਹੀਂ, ਕਰਾਏ ਜੋਗੇ ਸਾਡੇ ਕੋਲ ਹੈ ਗੇ ਨੇ। ਫਿਰ ਏਥੇ ਆਇਆਂ ਦਾ

ਸਾਰਾ ਫ਼ਿਕਰ ਤੈਨੂੰ ਈ ਏ ਨਾ !" ਗੁਰਸ਼ਰਨ ਨੇ ਉਹਦਾ ਹੱਥ ਪਿਛਾਂਹ ਧਕਦਿਆਂ ਕਿਹਾ ।

"ਗੁਰਸ਼ਰਨ ! ਤੂੰ ਨਹੀਂ ਜਾਣਦਾ । ਮੈਂ ਏਥੇ ਸਾਰੇ ਆਂਢੀਆਂ ਗੁਆਂਢੀਆਂ ਵਿਚ ਪਰਗਟ ਕੀਤਾ ਹੋਇਆ ਏ, ਕਿ ਦਰਸ਼ਨ ਨਾਲ ਮੇਰੀ ਮੰਗਣੀ ਹੋਈ ਹੋਈ ਏ । ਤੇ ਮੇਰੇ ਸੰਬੰਧੀ ਚੰਗੇ ਮਾਲਦਾਰ ਨੇ । ਮੈਂ ਚਾਹੁੰਦਾ ਹਾਂ, ਸਾਡਾ ਇਹ ਭਰਮ-ਭਾ ਲੋਕਾਂ ਵਿਚ ਬਣਿਆਂ ਰਹੇ । ਸੋ ਆਪਣਾ ਰੁਅਬ-ਦਾਬ ਕਾਇਮ ਰਖਣ ਵਾਸਤੇ ਜਿਸ ਜਿਸ ਚੀਜ਼ ਦੀ ਲੋੜ ਪਵੇ, ਪੈਸੇ ਖ਼ਰਚਣੋਂ ਸੰਕੋਚ ਨਹੀਂ ਕਰਨਾ । ਮਾਂ ਜੀ ਨੂੰ ਸਾਰੀ ਗੱਲ ਸਮਝਾ ਦੇਵੀਂ । ਉਹ ਆਹ ਦੋਵੇਂ ਸੂਟ ਪਾ ਕੇ ਆਉਣ । ਏਥੇ ਆਉਂਦਿਆਂ ਨੂੰ ਦੂੱਜੇ ਵੀ ਤਿਆਰ ਹੋ ਜਾਣਗੇ । ਹੋਰ ਦਰਸ਼ਨ ਆਪਣੀ ਮਰਜ਼ੀ ਦੇ ਆਪੇ ਆ ਕੇ ਬਣਾ ਲਵੇਗੀ । ਸਮਝ ਲਿਆ ? ਭਲਕੇ ਸ਼ਾਮ ਦੀ ਗੱਡੀ ਮੈਂ ਸਟੇਸ਼ਨ 'ਤੇ ਉਡੀਕਾਂਗਾ । ਜੇ ਕਿਸੇ ਕਾਰਨ ਭਲਕੇ ਨਾ ਆ ਸੱਕੋ, ਤਾਂ ਮੈਨੂੰ ਤਾਰ ਦੇ ਦੇਣੀ । ਮਾਂ ਜੀ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ ਕਹਿਣਾ, ਨਾਲੇ ਦਰਸ਼ਨ ਨੂੰ...।" ਕਹਿੰਦਾ ਕਹਿੰਦਾ ਕੁਲਵੰਤ ਰੁਕ ਗਿਆ । ਆਪਣੀ ਝੇਪ ਲੁਕਾਉਣ ਬਦਲੇ ਉਹਨੇ ਗੁਰਸ਼ਰਨ ਨੂੰ ਘੁੱਟ ਕੇ ਜੱਫੀ ਪਾ ਲਈ ।

ਗੱਡੀ ਤੁਰ ਗਈ । ਕੁਲਵੰਤ ਮਿੱਤਰ ਨੂੰ ਤੋਰ ਕੇ ਘਰ ਮੁੜ ਗਿਆ ।

ਦਰਸ਼ਨ ਤੇ ਉਹਦੀ ਮਾਂ ਭਉਂ ਭਉਂ ਬੂਹੇ ਵੱਲ ਵੇਖ ਰਹੀਆਂ ਸਨ । ਗੁਰ-ਸ਼ਰਨ ਨੇ ਘਰ ਵਿਚ ਪੈਰ ਧਰਿਆ । ਉਹਦੇ ਚਿਹਰੇ 'ਤੇ ਖ਼ੁਸ਼ੀ ਫੁੱਟ ਫੁੱਟ ਪਰਗਟ ਹੋ ਰਹੀ ਸੀ । ਉਹਦੀ ਉਤਸ਼ਾਹ ਭਰੀ ਤੋਰ ਵੇਖਕੇ ਮਾਂਵਾਂ ਧੀਆਂ ਦੇ ਦਿਲ ਵੀ ਖਿੜ ਗਏ । ਗੁਰਸ਼ਰਨ ਦੇ ਹੱਥ ਵਿਚ ਨਵਾਂ ਸੂਟਕੇਸ ਵੇਖ ਕੇ ਵਧੇਰੇ ਤਸੱਲੀ ਹੋ ਗਈ ।

ਗੁਰਸ਼ਰਨ ਨੇ ਸੂਟਕੇਸ ਰੱਖ ਕੇ ਭੈਣ ਨੂੰ ਘੁੱਟ ਕੇ ਜੱਫੀ ਪਾ ਲਈ । ਫਿਰ ਮਾਂ ਵੱਲੇ ਸਿਰ ਝੁਕਾ ਕੇ ਉਹਨੇ ਕਿਹਾ, "ਮਾਂ ! ਮੈਂ ਆਹੰਦਾ ਸਾਂ ਨਾਂ, ਕੁਲਵੰਤ ਮਾੜਾ ਨਹੀਂ । ਓਦੋਂ ਕੋਈ ਖ਼ਾਸ ਗੱਲ ਈ ਹੋ ਗਈ ਸੀ । ਨਹੀਂ ਤਾਂ...।" ਵਾਕ ਅਧੂਰਾ ਛੱਡ ਕੇ ਹੀ ਉਹ ਸੂਟਕੇਸ ਖੋਲ੍ਹਣ ਲਗ ਪਿਆ ।

ਚੰਗਾ ਚੋਖਾ ਸੂਟ ਮਾਂ ਦੇ ਸਾਮ੍ਹਣੇ ਰੱਖ ਦਿਆਂ ਗੁਰਸ਼ਰਨ ਨੇ ਕਿਹਾ, "ਇਹ ਕੁਲਵੰਤ ਨੇ ਤੁਹਾਡੇ ਵਾਸਤੇ ਘੱਲਿਆ ਏ । ਇਕ ਹੋਰ ਓਥੇ ਸਿਉਣਾ ਦੇ ਆਏ ਆਂ ਤੇ ਆਹ ਇਸ ਰੋਂਦੂ ਕੁੜੀ ਵਾਸਤੇ ।" ਉਹਨੇ ਇਕ ਹੋਰ ਸੂਟ ਸਾਮ੍ਹਣੇ ਰੱਖ ਕੇ ਭੈਣ ਵੱਲੇ ਮੁਸਕਰਾ ਕੇ ਕਿਹਾ । "ਮੈਂ ਰਿਸ਼ਤਾ ਪੱਕਾ ਕਰ ਆਇਆਂ ।"

"ਜਿਉਂਦੇ ਰਹੋ, ਪੁੱਤਰ ! ਤੁਹਾਡੀ ਦੋਹਾਂ ਦੋਸਤਾਂ ਦੀ ਲੱਖ ਵਰਿਹਾਂ ਉਮਰ ਹੋਵੇ । ਅੱਜ ਮੇਰੇ ਕਲੇਜੇ ਠੰਢ ਪਈ ਏ । ਮੇਰੇ ਸਿਰੋਂ ਵਾਹਿਗੁਰੂ ਨੇ ਭਾਰ ਲਾਹਿਆ

ਏ।'' ਮਾਂ ਸੱਚੇ ਦਿਲੋਂ ਅਸੀਸਾਂ ਦੇ ਰਹੀ ਸੀ।

''ਤੇ ਹੋਰ ਕੀ ? ਏਸ ਕੁੜੀ ਨੇ ਤਾਂ, ਮਾਂ ! ਸਾਡਾ ਨੱਕ ਦਮ ਕਰ ਛੱਡਿਆ ਸੀ। ਦਸ ਦਸ ਵੇਰਾਂ ਤਾਂ ਇਹ ਰਾਤ ਉਠ ਉਠ ਰੋਟੀਆਂ ਖਾਂਦੀ ਸੀ। ਗੰਗਾ ਨ੍ਹਾਵਾਂਗੇ, ਇਹ ਆਪਣੇ ਘਰ ਜਾਏਗੀ ਤਾਂ !'' ਖ਼ੁਸ਼ੀ ਨਾਲ ਗੁਰਸ਼ਰਨ ਦੀਆਂ ਕੱਛਾਂ ਥਾਣੀ ਹਾਸਾ ਨਿਕਲ ਰਿਹਾ ਸੀ। ਅੱਜ ਉਹਨੂੰ ਸਾਰੀ ਦੁਨੀਆਂ ਚਾਵਾਂ ਵਿਚ ਨੱਚਦੀ ਪਰਤੀਤ ਹੋ ਰਹੀ ਸੀ। ਉਹ ਚਾਹੁੰਦਾ ਸੀ, ਦਰਸ਼ਨ ਦਾ ਸਾਰਾ ਗ਼ਮ ਇਕੋ ਪਲ ਵਿਚ ਦੂਰ ਹੋ ਜਾਏ।

ਕੁਮਲਾਈ ਹੋਈ ਕਲੀ ਨੂੰ ਪਾਣੀ ਮਿਲਨ ਵਾਂਗ ਦਰਸ਼ਨ ਦਾ ਦਿਲ ਵੀ ਟਹਿਕ ਆਇਆ। ਪਰ ਕੁਆਰੀ ਸ਼ਰਮ ਉਹਨੂੰ ਖਿੜ-ਹੱਸਣ ਤੋਂ ਵਰਜ ਰਹੀ ਸੀ। ਉਹ ਨੀਂਵੀਂ ਪਾਈ ਬੈਠੀ ਚੋਰ ਅੱਖਾਂ ਨਾਲ ਸਭ ਕੁਛ ਵੇਖ ਰਹੀ ਸੀ।

''ਤੇ ਮਾਂ ! ਆਹ ਉਹਨੇ ਸਗਨ ਦੀਆਂ ਦੋ ਮੁੰਦਰੀਆਂ ਘੱਲੀਆਂ ਨੇ, ਨਾਲੇ ਕਾਂਟਿਆਂ ਦੀ ਜੋੜੀ।'' ਗੁਰਸ਼ਰਨ ਨੇ ਛੋਟੀ ਜੇਹੀ ਡੱਬੀ ਖੋਲ੍ਹ ਕੇ ਮਾਂ ਅੱਗੇ ਧਰਦਿਆਂ ਕਿਹਾ।

''ਗੁਰੂ ਮੇਰੀਆਂ ਜੋੜੀਆਂ ਨੂੰ ਭਾਗ ਲਾਵੇ। ਮਹਾਰਾਜ ਦਾ ਨਾਂ ਲੈ ਕੇ ਭੈਣ ਦੇ ਹੱਥ ਵਿਚ ਪਾ ਦੇ।'' ਮਾਂ ਨੇ ਆਗਿਆ ਦੇ ਦਿਤੀ।

''ਬੋਲ ਕੁੜੀਏ, ਵਾਹਿਗੁਰੂ।'' ਗੁਰਸ਼ਰਨ ਨੇ ਭੈਣ ਦਾ ਹੱਥ ਫੜ ਕੇ ਦੋਵੇਂ ਮੁੰਦਰੀਆਂ ਪਹਿਨਾ ਦਿਤੀਆਂ।

ਫਿਰ ਅੱਧੀ ਰਾਤ ਤਕ ਕਾਰ ਵਿਹਾਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਜੋ ਕੁਛ ਗੁਰਸ਼ਰਨ ਵੇਖ ਕੇ ਆਇਆ ਸੀ, ਮਾਂ ਨੂੰ ਖ਼ੁਸ਼ ਕਰਨ ਬਦਲੇ ਉਹਨੇ ਉਸ ਤੋਂ ਵੀ ਵਧਾ ਚੜ੍ਹਾ ਕੇ ਦੱਸਿਆ। ਬਾਕੀ ਦੀ ਰਾਤ ਉਹ ਚੁੱਪ ਵੱਟ ਕੇ ਸੌਣ ਦਾ ਯਤਨ ਕਰਦੇ ਰਹੇ, ਪਰ ਖ਼ੁਸ਼ੀ ਵਿਚ ਕਿਸੇ ਨੂੰ ਨੀਂਦ ਘੱਟ ਵੱਧ ਹੀ ਆਈ। ਦਰਸ਼ਨ ਤਾਂ ਸਾਰੀ ਰਾਤ ਹੱਥ ਵਿਚਲੀਆਂ ਮੁੰਦਰੀਆਂ ਹੀ ਟੋਹੰਦੀ ਰਹੀ। ਇਹ ਉਹਦੇ ਪ੍ਰੀਤਮ ਦੀ ਪਹਿਲੀ ਭੇਟ ਸੀ।

ਸ਼ਾਇਦ ਕੁਲਵੰਤ ਨੂੰ ਵੀ ਇਸ ਰਾਤ ਨੀਂਦ ਨਹੀਂ ਆ ਸਕੀ। ਉਹਦੀਆਂ ਅਧ-ਖੁੱਲ੍ਹੀਆਂ ਅੱਖਾਂ ਵਿਚ ਦੋ ਇਸਤਰੀਆ ਦੀਆਂ ਤਸਵੀਰਾਂ ਘੁੰਮਦੀਆਂ ਰਹੀਆਂ। ਉਹਨਾਂ ਵਿਚੋਂ ਇਕ ਸੀ ਕੁਰਬਾਨੀ ਦੀ ਦੇਵੀ ਮਨਜੀਤ ਤੇ ਦੂਸਰੀ ਮੁਹੱਬਤ ਦੀ ਦੇਵੀ ਦਰਸ਼ਨ। ਤੇ ਇਹ ਉਹਨੇ ਕਦੇ ਸੋਚਿਆ ਹੀ ਨਹੀਂ ਸੀ, ਕਿ ਕੁਰਬਾਨੀ ਵੱਡੀ ਏ, ਜਾਂ ਮੁਹੱਬਤ।

ਅਗਲੀ ਸ਼ਾਮ ਨੂੰ ਗੁਰਸ਼ਰਨ ਆਪਣੀ ਮਾਤਾ ਤੇ ਭੈਣ ਸਣੇ ਲੁਧਿਆਣੇ ਆ

ਗਿਆ। ਪੰਦਰਾਂ ਦਿਨਾਂ ਪਿੱਛੋਂ ਕੁਲਵੰਤ ਤੇ ਦਰਸ਼ਨ ਦਾ ਵਿਆਹ ਬੜੀ ਧੂਮ ਧਾਮ ਨਾਲ ਹੋ ਗਿਆ। ਸਭ ਨੂੰ ਮਨਮੰਗੀਆਂ ਮੁਰਾਦਾਂ ਮਿਲ ਗਈਆਂ। ਉਸ ਦਿਨ ਪਹਿਲੀਵਾਰ ਕੁਲਵੰਤ ਨੇ ਸੋਚਿਆ, ਜੇ ਭਲਾ ਅੱਜ ਮਨਜੀਤ ਜਿਉਂਦੀ ਹੁੰਦੀ ਤਾਂ......।'

੧੫.

ਲਹੂ ਤੇ ਅੱਗ ਦਾ ਸਾਲ ਖ਼ਤਮ ਹੋਇਆ। ਅਠਤਾਲੀ ਚੜ੍ਹ ਪਿਆ। ਦੋਹਾਂ ਮੁਲਕਾਂ ਦੀ ਫ਼ੌਜ ਮੱਲੋ-ਮੱਲੀ 'ਮੋਮਨ' ਤੇ 'ਧਰਮੀ' ਬਣਾਏ ਗਏ ਲੋਕਾਂ ਨੂੰ ਭਾਲ ਭਾਲ ਕੇ ਲਿਆਉਣ ਲੱਗੀ। ਦੋਹਾਂ ਦੇਸਾਂ ਦੇ ਲੀਡਰਾਂ ਨੇ ਐਲਾਨ ਕੀਤੇ, ਕਿ ਜ਼ਬਰਦਸਤੀ ਉਧਾਲੀਆਂ ਗਈਆਂ ਇਸਤਰੀਆਂ ਨੂੰ ਪਵਿੱਤਰ ਸਮਝ ਕੇ, ਉਹਨਾਂ ਵਾਪਸ ਆਈਆਂ ਦਾ ਪੂਰਾ ਸਤਕਾਰ ਕੀਤਾ ਜਾਏ। ਹਜ਼ਾਰਾਂ ਨਾਰੀ ਪੁਰਸ਼ ਰੋਜ਼ ਆਪੋ ਆਪਣੇ ਮਿਥੇ ਹੋਏ ਦੇਸਾਂ ਵਿਚ ਲਿਆਂਦੇ ਜਾਣ ਲੱਗੇ।

ਜਲਾਲ ਨੇ ਵੀ ਇਹ ਖ਼ਬਰਾਂ ਸੁਣੀਆਂ। ਉਹਨੇ ਘਰ ਦੇ ਜੀਆਂ ਨਾਲ ਸਲਾਹ ਬਣਾਈ। ਮਨਜੀਤ ਕੇ ਘਰ ਦਾ ਸਾਰਾ ਸਾਮਾਨ ਉਹਨਾਂ ਮਹਿੰਗੇ-ਸਸਤੇ ਭਾ ਵੇਚ ਕੇ ਕੁਛ ਨਕਦ ਪੈਸੇ ਬਣਾ ਲਏ। ਮਨਜੀਤ ਨੂੰ ਭਾਰਤ ਭੇਜਣ ਦੀ ਉਹਨਾਂ ਤਿਆਰੀ ਮੁਕੰਮਲ ਕਰ ਲਈ।

ਦਿਨ ਦੇ ਦਸ ਵਜੇ ਸਨ। ਜਲਾਲ ਨੇ ਘਰ ਆ ਕੇ ਦੱਸਿਆ, ਕਿ ਹਿੰਦੁਸਤਾਨੀ ਫ਼ੌਜੀ ਟਰੱਕ ਲੈ ਕੇ ਸਟੇਸ਼ਨ ਦੇ ਸਾਮ੍ਹਣੇ ਖਲੋ ਨੇ ਤੇ ਉਹ ਘਰਾਂ ਵਿਚੋਂ ਹਿੰਦੂ ਤ੍ਰੀਮਤਾਂ ਨੂੰ ਲਿਆ ਲਿਆ ਕੇ ਟਰੱਕਾਂ 'ਤੇ ਚੜ੍ਹਾਈ ਜਾ ਰਹੇ ਨੇ। ਸੁਣ ਕੇ ਫ਼ਾਤਮਾ ਨੇ ਛੇਤੀ ਛੇਤੀ ਮਨਜੀਤ ਨੂੰ ਰੋਟੀ ਖੁਆਈ। ਉਹਨੂੰ ਤਿਆਰ ਕਰਕੇ ਉਹ ਧੀਆਂ ਵਾਂਗ ਵਿਦਿਆ ਕਰਨ ਤੁਰੀ। ਉਹਦੇ ਸਾਮਾਨ ਦੇ ਵੱਟੇ ਹੋਏ ਪੈਸੇ ਮਨਜੀਤ ਦੀ ਜੇਬ ਵਿਚ ਪਾ ਦਿਤੇ। ਫ਼ਾਤਮਾ, ਫ਼ੱਜਾ ਤੇ ਜਲਾਲ ਉਹਦੇ ਨਾਲ ਸਟੇਸ਼ਨ ਤਕ ਗਏ।

ਜਲਾਲ ਤੇ ਫ਼ੱਜੇ ਨੂੰ ਟਰੱਕਾਂ ਦੇ ਨੇੜੇ ਆਉਂਦਿਆਂ ਵੇਖਕੇ ਇਕ ਭਾਰਤੀ ਫ਼ੌਜੀ ਨੇ ਟੋਕਿਆ, "ਕਿਧਰ ਤੁਰਿਆ ਆਉਨਾ ਏਂ, ਬੁਢਿਆ!"

"ਜੀ, ਮੈਂ ਆਪਣੀ ਧੀ ਨੂੰ ਟਰੱਕ 'ਤੇ ਚੜ੍ਹੌਣ ਆਇਆਂ।" ਸਾਫ਼ ਦਿਲ ਜਲਾਲ ਨੇ ਭੋਲੇ-ਭਾ ਉੱਤਰ ਦਿਤਾ।

"ਆਪਣੀ ਧੀ ਨੂੰ? ਇਸਦਾ ਕੀ ਮਤਲਬ? ਇਹ ਹਿੰਦੁਸਤਾਨ ਦੇ ਟਰੱਕ

ਨੇ।" ਫੌਜੀ ਨੇ ਇਹ ਸਮਝ ਕੇ ਕਿਹਾ, ਕਿ ਸ਼ਾਇਦ ਬੁਢੇ ਮੁਸਲਮਾਨ ਨੂੰ ਕੋਈ ਭੁਲੇਖਾ ਲੱਗ ਗਿਆ ਏ।

"ਹਾਂ, ਜੀ! ਮੈਂ ਵੀ ਆਪਣੀ ਧੀ ਨੂੰ ਹਿੰਦੁਸਤਾਨ ਦੇ ਟਰੱਕਾਂ 'ਤੇ ਈ ਚੜ੍ਹੌਣ ਆਇਆਂ।" ਜਲਾਲ ਨੇ ਆਪਣੀ ਗੱਲ 'ਤੇ ਜ਼ੋਰ ਦੇਂਦਿਆਂ ਕਿਹਾ।

"ਓ ਬਾਬਾ! ਜਿਹੜੀਆਂ ਹਿੰਦੂ ਸਿੱਖ ਔਰਤਾਂ ਏਧਰ ਰਹਿ ਗਈਆਂ ਨੇ, ਇਹ ਫੌਜੀ ਉਹਨਾਂ ਨੂੰ ਭਾਰਤ ਲਜਾਂਦੇ ਨੇ। ਕੋਈ ਮੁਸਲਮਾਨ ਔਰਤ ਇਹਨਾਂ ਨਾਲ ਓਧਰ ਨਹੀਂ ਭੇਜੀ ਜਾ ਸਕਦੀ।" ਕੋਲੋਂ ਇਕ ਇਨਸਾਨ-ਨੁਮਾ ਲੀਡਰ ਨੇ ਸਮਝਾਉਣ ਦਾ ਯਤਨ ਕੀਤਾ।

"ਓ ਜੀ, ਮੈਂ ਜਾਣਦਾਂ ਸਭ ਕੁਛ। ਇਹ ਬੀਬੀ ਸਿੱਖ ਏ, ਜੀਹਨੂੰ ਮੈਂ ਚੜ੍ਹੌਣ ਆਇਆਂ।"

"ਨਾਲੇ ਆਹੰਦਾ ਏ, ਮੇਰੀ ਧੀ ਏ।" ਉਸ ਲੀਡਰ-ਲੋਕ ਨੇ ਫਿਰ ਕਿਹਾ।

"ਤਾਂ ਕੀ ਏਸ ਅਜ਼ਾਦੀ ਨੇ ਸਾਡੇ ਕੋਲੋਂ ਕਿਸੇ ਸਿੱਖ ਕੁੜੀ ਨੂੰ ਧੀ ਕਹਿਣ ਦਾ ਹੱਕ ਵੀ ਖੋਹ ਲਿਆ ਏ?" ਬੁੱਢੇ ਜਲਾਲ ਦੀਆਂ ਅੱਖਾਂ ਭਰ ਆਈਆਂ।

"ਕਿਆ ਬਾਤ ਹੈ?" ਫੌਜੀ ਅਫ਼ਸਰ ਨੇ ਕੋਲ ਆ ਕੇ ਪੁਛਿਆ।

"ਸਾਹਬ! ਇਹ ਬੁਢਾ ਇਕ ਸਿੱਖ ਔਰਤ ਨੂੰ ਛੱਡਣ ਆਇਆ ਏ।" ਸਿਪਾਹੀ ਨੇ ਇਕ ਕਦਮ ਅੱਗੇ ਹੋ ਕੇ ਉੱਤਰ ਦਿਤਾ।

"ਲਾਓ, ਬਾਬਾ! ਜਲਦੀ ਕਰੋ।" ਜਲਾਲ ਨੂੰ ਹੁਕਮ ਕਰਕੇ ਅਫਸਰ ਦੂਸਰੇ ਪਾਸੇ ਤੁਰ ਗਿਆ।

ਦਸਾਂ ਕਦਮਾਂ 'ਤੇ ਪਿਛੇ ਖੜੀ ਮਨਜੀਤ ਫ਼ਾਤਮਾ ਦੇ ਗਲ ਲੱਗ ਕੇ ਰੋ ਰਹੀ ਸੀ। ਬੁਢੀ ਫ਼ਾਤਮਾ ਵੀ ਮਨਜੀਤ ਦਾ ਸਿਰ ਚੁੰਮਦੀ ਹੰਝੂ ਵਹਾ ਰਹੀ ਸੀ। ਪਤਾ ਨਹੀਂ, ਇਹਨਾਂ ਸਾਂਝੇ ਹੰਝੂਆਂ ਵਿਚ ਗੰਗਾ ਤੇ ਜ਼ਮਜ਼ਮ ਦੀ ਪਵਿੱਤਰਤਾ ਸੀ, ਜਾਂ ਇਕ ਪਾਸਿਓਂ ਸਤਲੁਜ ਤੇ ਬਿਆਸ ਤੇ ਦੂੱਜੇ ਪਾਸਿਓਂ ਜਿਹਲਮ ਤੇ ਝਨਾਂ ਮਿਲਣ ਵਾਸਤੇ ਤਰਲੋ ਮੱਛੀ ਹੋ ਰਹੇ ਸਨ।

"ਮੈਂ ਆਖਿਆ, ਛੇਤੀ ਕਰੋ।" ਜਲਾਲ ਨੇ ਕਾਹਲੇ ਪੈ ਕੇ ਫ਼ਾਤਮਾ ਨੂੰ ਵਾਜ ਦਿਤੀ।

ਸੁਣ ਕੇ ਮਾਂ-ਧੀ ਦੀਆਂ ਬਾਂਹੀਂ ਜ਼ਰਾ ਢਿੱਲੀਆਂ ਹੋਈਆਂ। ਫ਼ਾਤਮਾ ਮਨਜੀਤ ਨੂੰ ਬਾਹੋਂ ਫੜ ਕੇ ਟਰੱਕ ਦੇ ਕੋਲ ਲੈ ਆਈ। ਵਿਛੜਨ ਤੋਂ ਪਹਿਲਾਂ ਇਕ ਵਾਰ ਫਿਰ ਦੋਵੇਂ ਗਲ ਲੱਗੀਆਂ। ਇਸ ਵਾਰ ਫ਼ਾਤਮਾ ਤੋਂ ਰਿਹਾ ਨਾ ਗਿਆ। ਉਹਨੇ ਦੋਹਾਂ ਹੱਥਾਂ ਵਿਚ ਲੈ ਕੇ ਮਨਜੀਤ ਦਾ ਮੱਥਾ ਚੁੰਮ ਲਿਆ। ਅਮੀਰਾਂ ਦੇ ਕੀਮਤੀ

ਮੋਤੀਆਂ ਨਾਲੋਂ ਵੀ ਸੁੱਚੇ ਹੰਝੂ ਫ਼ਾਤਮਾ ਦੀਆਂ ਅੱਖਾਂ ਵਿਚੋਂ ਨਿਕਲਕੇ ਮਨਜੀਤ ਦੇ ਚਿਹਰੇ 'ਤੇ ਵਹਿ ਪਏ। ਉਹਨਾਂ ਦਾ ਵਿਛੜਨ ਨੂੰ ਜੀ ਨਹੀਂ ਸੀ ਕਰਦਾ, ਪਰ ਫ਼ੌਜੀ ਦੀ 'ਜਲਦੀ ਕਰੋ' ਨੇ ਕੋਈ ਪੇਸ਼ ਨਾ ਜਾਣ ਦਿਤੀ।

ਫ਼ਾਤਮਾ ਵੱਲੋਂ ਹਟ ਕੇ ਮਨਜੀਤ ਜਲਾਲ ਦੇ ਗਲ ਲੱਗ ਕੇ ਮਿਲੀ। ਬੁਢਾ ਜਲਾਲ ਮਨਜੀਤ ਦਾ ਸਿਰ ਪਲੋਸਦਾ ਉਸਨੂੰ ਚੁੱਪ ਕਰਨ ਵਾਸਤੇ ਕਹਿ ਰਿਹਾ ਸੀ, ਪਰ ਉਹਦੇ ਆਪਣੇ ਹੰਝੂ ਰੋਕੇ ਨਹੀਂ ਸਨ ਰੁਕਦੇ।

ਫ਼ਾਤਮਾ ਨੇ ਫ਼ੱਜੇ ਨੂੰ ਬਾਹੋਂ ਫੜ ਕੇ ਨੇੜੇ ਕਰਦਿਆਂ ਕਿਹਾ, "ਪੁੱਤਰਾ ! ਜਾਂਦੀ ਵਾਰ ਦਾ ਭੈਣ ਦੇ ਪੈਰੀਂ ਹੱਥ ਲਾ ਲੈ। ਜਿੰਨ੍ਹਾਂ ਡਾਢਿਆਂ ਨੇ ਭੈਣ ਭਰਾਵਾਂ ਵਿਚ ਵੰਡੀਆਂ ਪਾ ਦਿਤੀਆਂ ਨੇ, ਕੀ ਪਤਾ, ਮੁੜ ਕੇ ਮਿਲਨ ਵੀ ਦੇਣਗੇ, ਕਿ ਨਹੀਂ।"

ਫ਼ੱਜੇ ਨੇ ਅੱਗੇ ਵਧ ਕੇ ਮਨਜੀਤ ਦੇ ਪੈਰੀਂ ਹੱਥ ਲਾਇਆ। ਅੱਜ ਮਨਜੀਤ ਨੇ ਪਹਿਲੀ ਤੇ ਅਖ਼ੀਰੀ ਵਾਰ ਫੱਜੇ ਦਾ ਸਿਰ ਛਾਤੀ ਨਾਲ ਲਾ ਕੇ ਵੱਡੀਆਂ ਭੈਣਾਂ ਵਾਂਗ ਪਿਆਰ ਦਿਤਾ।

ਇਸ ਅਨੋਖੇ ਮਿਲਾਪ-ਵਿਛੋੜੇ ਵੱਲ ਵੇਖ ਕੇ ਕਈਆਂ ਦੀਆਂ ਅੱਖਾਂ ਵਿਚ ਪਵਿੱਤਰ ਹੰਝੂ, ਕਈਆਂ ਦਿਆਂ ਬੁੱਲ੍ਹਾਂ ਉਤੇ ਵਿਅੰਗ-ਭਰੀ ਮੁਸਕਰਾਹਟ ਤੇ ਕਈਆਂ ਦਿਆਂ ਚਿਹਰਿਆਂ ਉਤੇ ਨਾ ਸਮਝੀ ਜਾਣ ਵਾਲੀ ਹੈਰਾਨੀ ਛਾਈ ਹੋਈ ਸੀ।

ਟਰੱਕ ਉਤੇ ਚੜ੍ਹਨ ਲੱਗੀ ਮਨਜੀਤ ਵੱਲੇ ਇਕ ਛੋਟੀ ਜੇਹੀ ਪੋਟਲੀ ਵਧਾਉਂਦਿਆਂ ਫ਼ਾਤਮਾ ਨੇ ਬੜੀ ਆਜਜ਼ੀ ਨਾਲ ਕਿਹਾ, "ਲੈ ਪੁੱਤਰ ! ਗ਼ਰੀਬ ਮਾਂ ਵੱਲੋਂ ਇਹ......।" ਅਨਪੜ੍ਹ ਫ਼ਾਤਮਾ 'ਤੁੱਛ ਭੇਟਾ', 'ਆਖ਼ਰੀ ਨਜ਼ਰਾਨਾ', 'ਪਿਆਰ ਪੂੰਜੀ' ਆਦ ਸੁੰਦਰ ਸ਼ਬਦ ਕਹਿਣੇ ਨਹੀਂ ਸੀ ਜਾਣਦੀ, ਪਰ ਉਸਦੀ ਸ਼ਬਦ ਰਹਿਤ ਬੋਲੀ ਵਿਚ ਉਹ ਜਿਉਂਦਾ ਸਾਹਿੱਤ ਸੀ, ਜੋ ਵੱਡੇ ਵੱਡੇ ਕਲਾਕਾਰਾਂ ਦੀ ਕਲਮ ਵਿਚ ਵੀ ਨਹੀਂ ਹੁੰਦਾ।

"ਮਾਂ ! ...।" ਇਸ ਤੋਂ ਅੱਗੇ ਮਨਜੀਤ ਕੁਛ ਨਾ ਕਹਿ ਸੱਕੀ। ਗੱਚ ਨਾਲ ਉਸਦਾ ਗਲਾ ਭਰ ਆਇਆ।

"ਲੈ ਲਾ, ਧੀਏ ! ਇਹ ਮੇਰੇ, ਲੋਕਾਂ ਦੀਆਂ ਪੂਣੀਆਂ ਕੱਤ ਕੱਤ ਕੇ ਤੇ ਮੈਲੇ ਕੱਪੜੇ ਧੋ ਧੋ ਕੇ ਕਮਾਏ ਹੋਏ ਹੱਕ ਹਲਾਲ ਦੇ ਪੈਸੇ ਨੇ। ਨਾਂਹ ਕਰ ਕੇ ਗਰੀਬ ਮਾਂ ਦਾ ਦਿਲ ਨਾ ਤੋੜ ਦੇਈਂ।"

"ਮਾਂ ! ਮੈਂ ਤੁਹਾਡੇ ਕੋਲੋਂ ਉਹ ਦੌਲਤ ਲਈ ਜਾ ਰਹੀ ਹਾਂ, ਜਿਸਦੇ ਸਾਮ੍ਹਣੇ ਸਾਰੀ ਦੁਨੀਆਂ ਦੀ ਦੌਲਤ ਤੁੱਛ ਏ। ਕਈ ਜਨਮ ਧਾਰ ਕੇ ਵੀ ਮੈਂ ਤੁਹਾਡੀ

ਕੀਤੀ ਭੁੱਲ ਨਹੀਂ ਸੱਕਾਂਗੀ।" ਮਨਜੀਤ ਨੇ ਫ਼ਾਤਮਾ ਦੇ ਹੱਥੋਂ ਪੋਟਲੀ ਫੜਦਿਆਂ ਕਿਹਾ।

"ਤੇ ਕੁਲਵੰਤ ਦਾ ਪਤਾ ਲਗਦਿਆਂ ਈ ਖਤ ਪਾ ਦੇਈਂ।" ਫ਼ਾਤਮਾ ਨੇ ਫਿਰ ਪੱਕੀ ਕੀਤੀ। ਉਹ ਭਾਵੇਂ ਸਵੇਰ ਤੋਂ ਇਸ ਕਿਸਮ ਦੇ ਸੁਨੇਹੇ ਦੇਂਦੀ ਆਈ ਸੀ, ਪਰ ਅਜੇ ਵੀ ਉਹਦੇ ਦਿਲ ਦੀ ਤਸੱਲੀ ਨਹੀਂ ਸੀ ਹੋਈ। ਉਹਦਾ ਵੱਸ ਚੱਲਦਾ, ਤਾਂ ਉਹ ਆਪ ਮਨਜੀਤ ਨਾਲ ਜਾਂਦੀ, ਤੇ ਕੁਲਵੰਤ ਨੂੰ ਅੱਖੀਂ ਵੇਖ ਕੇ ਹੀ ਮੁੜਦੀ।

ਜਿੰਨਾ ਚਿਰ ਟਰੱਕ ਖਲੋਤੇ ਰਹੇ, ਫ਼ਾਤਮਾ ਨਿੱਕੀਆਂ ਨਿੱਕੀਆਂ ਗੱਲਾਂ ਕਰਦੀ ਰਹੀ। ਟਰੱਕ ਤੁਰ ਪਏ। ਫ਼ਾਤਮਾਂ ਤੇ ਜਲਾਲ ਓਥੇ ਖਲੋਤੇ ਆਪਣੀ ਮਨਜੀਤ ਦੇ ਦੁਪੱਟੇ ਦਾ ਉਡਦਾ ਪੱਲਾ ਵਿਹੰਦੇ ਰਹੇ। ਉਹ ਓਦੋਂ ਘਰ ਨੂੰ ਪਰਤੇ, ਜਦੋਂ ਟਰੱਕਾਂ ਦੀ ਧੂੜ ਵੀ ਦਿਸਣੋਂ ਹਟ ਗਈ।

ਮਨਜੀਤ ਆਪਣੇ ਵਰਗੀਆਂ ਕਈਆਂ ਨਿਕਰਮਣਾਂ ਨਾਲ ਟਰੱਕ ਵਿਚ ਖਲੀ ਭਾਰਤ ਨੂੰ ਜਾ ਰਹੀ ਸੀ। ਉਹਦਾ ਦਿਲ ਉਹਦੇ ਨਾਲੋਂ ਵੀ ਅਗੇਤਰਾ ਹੱਦੋਂ ਪਾਰ ਹੋ ਕੇ ਆਜ਼ਾਦ ਭਾਰਤ ਵਿਚ ਆਪਣੇ ਕੁਲਵੰਤ ਨੂੰ ਢੂੰਡ ਰਿਹਾ ਸੀ। ਓਸੇ ਕੁਲਵੰਤ ਨੂੰ, ਜੋ ਉਸਦਾ ਸਰਬੰਸ ਸੀ। ਜਿਸ ਉਤੋਂ ਉਹਨੇ ਦੀਨ ਤੇ ਦੁਨੀਆਂ ਦੋਵੇਂ ਕੁਰਬਾਨ ਕਰ ਛੱਡੇ ਸਨ। ਕਦੇ ਕਦੇ ਉਹ ਡੂੰਘੀ ਸੋਚ ਵਿਚ ਲਹਿ ਜਾਂਦੀ, 'ਕੁਲਵੰਤ ਨਵਾਂ ਨਰੋਆ ਅਪੜ ਗਿਆ ਹੋਵੇ ਸਹੀ। ਉਹਨੂੰ ਰਾਹ ਵਿਚ ਕੁਛ ਹੋ ਗਿਆ ਹੋਇਆ, ਤਾਂ ਫਿਰ ਮੈਂ ਕੀ ਕਰਾਂਗੀ? ਹਾਇ-ਹੈ, ਪਾਪਣੇ! ਏਹੋ ਜੇਹੀਆਂ ਬੁਰੀਆਂ ਗੱਲਾਂ ਕਿਉਂ ਸੋਚਦੀ ਏਂ? ਉਹਦਾ ਰੱਬ ਰਾਖਾ ਏ। ਉਹ ਸਹੀ ਸਲਾਮਤ ਪਹੁੰਚ ਗਿਆ ਹੋਵੇਗਾ। ਪਰ ਜੇ ਮੈਨੂੰ ਉਹ ਲੱਭਾ ਨਾ ਤਾਂ! ਲੱਭੇਗਾ ਕਿਉਂ ਨਹੀਂ? ਮੈਂ ਸਾਰਾ ਦੇਸ ਛਾਣ ਮਾਰਾਂਗੀ। ਮੈਂ ਪਿੰਡ ਪਿੰਡ, ਘਰ ਘਰ ਫਿਰ ਕੇ ਉਹਨੂੰ ਢੂੰਡ ਲਵਾਂਗੀ। ਪਰ ਜੇ ਉਹਨੇ ਪਛਾਣਿਆਂ ਨਾ ਤਾਂ! ਜੇ ਉਹਨੇ ਮੈਨੂੰ ਪਰਵਾਨ ਨਾ ਕੀਤਾ ਤਾਂ! ਇਹ ਕਿਵੇਂ ਹੋ ਸਕਦਾ ਏ? ਕੁਲਵੰਤ ਰੱਬ ਤੋਂ ਮੁਨਕਰ ਹੋ ਸਕਦਾ ਏ, ਪਰ ਮੈਥੋਂ ਨਹੀਂ। ਉਹ ਮੈਨੂੰ ਮਿਲ ਪਵੇ ਸਹੀ। ਪਰ ਜੇ...ਜੇ...। ਹਾਇ ਰੱਬਾ! ਇਹ ਚੰਦਰੀਆਂ ਸੋਚਾਂ ਕਿਉਂ ਮੇਰਾ ਪਿੱਛਾ ਨਹੀਂ ਛਡਦੀਆਂ?'

ਉਹ ਬੜਾ ਯਤਨ ਕਰਦੀ ਇਹਨਾਂ ਸੋਚਾਂ ਤੋਂ ਖਹਿੜਾ ਛੁਡਾਉਣ ਦਾ, ਇਹਨ੍ਹ ਫੁਰਨਿਆਂ ਨੂੰ ਅੰਦਰੇ ਦਬਾ ਦੇਣ ਦਾ, ਪਰ ਇਹ ਅਨਹੋਣੀ ਅੱਜ ਤਕ ਕਦੇ ਹੋ ਨਹੀਂ ਸੱਕੀ। ਵੱਡੇ ਵੱਡੇ ਰਿਸ਼ੀ ਮੁਨੀ ਸੋਚਾਂ ਤੋਂ ਛੁਟਕਾਰਾ ਨਹੀਂ ਪਾ ਸੱਕੇ ਤੇ ਮਨਜੀਤ ਵਿਚਾਰੀ ਕੌਣ ਸੀ?

ਇਹਨਾਂ ਹੀ ਵਹਿਣਾ ਵਿਚ ਗੋਤੇ ਖਾਂਦੀ ਉਹ ਵਾਘਿਓਂ ਉਰਾਰ ਪਹੁੰਚ

ਗਈ। ਹੱਦੋਂ ਅੰਦਰ ਪੈਰ ਧਰਦਿਆਂ ਜ਼ਿੰਦਗੀ ਨੇ ਉਹਨਾਂ ਨੂੰ 'ਜੀ ਆਇਆਂ' ਕਿਹਾ। ਪਰ ਇਹ ਕੌਣ ਜਾਣਦਾ ਸੀ, ਕਿ ਇਹ ਨਵਾਂ ਜੀਵਨ ਉਹਦੇ ਵਾਸਤੇ ਫੁੱਲਾਂ ਦੀ ਕਿਆਰੀ ਹੋਵੇਗਾ, ਜਾਂ ਸੂਲਾਂ ਦੀ ਸੇਜ।

ਪਾਕਿਸਤਾਨ ਵਿਚੋਂ ਆਉਣ ਵਾਲੀਆਂ ਇਸਤਰੀਆਂ ਨੂੰ ਪਹਿਲਾਂ ਜਲੰਧਰ ਕੈਂਪ ਵਿਚ ਲਿਆਂਦਾ ਜਾਂਦਾ ਸੀ। ਫਿਰ ਨਵੇਂ ਹਾਲਾਤ ਦੇ ਅਨੁਸਾਰ ਉਹਨਾਂ ਨੂੰ ਓਥੋਂ ਵਿਦਿਆ ਕੀਤਾ ਜਾਂਦਾ। ਤਿੰਨ ਦਿਨ ਏਸ ਕੈਂਪ ਵਿਚ ਰਹਿਣ ਪਿਛੋਂ ਮਨਜੀਤ ਨੂੰ ਵੀ ਜ਼ਿੰਦਗੀ ਦੇ ਨਵੇਂ ਰਾਹ ਢੂੰਡਣ ਵਾਸਤੇ ਆਜ਼ਾਦ ਕਰ ਦਿੱਤਾ ਗਿਆ।

ਤਾਜ਼ਾ ਹਵਾ ਵਿਚ ਮਨਜੀਤ ਨੇ ਇਕ ਭਰਵਾਂ ਸਾਹ ਲਿਆ। ਕਈ ਜਾਣੇ ਪਛਾਣੇ ਚਿਹਰੇ ਮਿਲੇ। ਹਰ ਮਿਲਨ ਵਾਲੇ ਤੋਂ ਸਭ ਤੋਂ ਪਹਿਲਾਂ ਉਹ ਕੁਲਵੰਤ ਦਾ ਪਤਾ ਪੁਛਦੀ। ਉਹਨੂੰ ਏਨਾ ਪਤਾ ਲੱਗ ਗਿਆ, ਕਿ ਕੁਲਵੰਤ ਨਵਾਂ ਨਰੋਆ ਏਧਰ ਪਹੁੰਚ ਗਿਆ ਹੈ। ਕਿਸੇ ਨੇ ਦੱਸਿਆ, 'ਮੈਂ ਆਪ ਉਹਨੂੰ ਅੰਮ੍ਰਿਤਸਰ ਦਰਬਾਰ ਸਾਹਿਬ ਵੇਖਿਆ ਸੀ।' ਕਿਸੇ ਕਿਹਾ, 'ਉਹਨੂੰ ਉਹ ਸਟੇਸ਼ਨ 'ਤੇ ਮਿਲਿਆ ਸੀ।' ਕਿਸੇ ਕਿਤੇ ਤੇ ਕਿਸੇ ਕਿਤੇ, ਉਹਦੇ ਮੱਥੇ ਲੱਗਣ ਦੀ ਖ਼ਬਰ ਸੁਣਾਈ। ਕਿਸੇ ਇਹ ਨਾ ਦੱਸਿਆ, ਕਿ ਇਸ ਵੇਲੇ ਉਹ ਕਿੱਥੇ ਹੈ।

ਮਨਜੀਤ ਨੇ ਹੋਰ ਵੀ ਬਹੁਤ ਕੁਛ ਸੁਣਿਆਂ। ਉਹਦੇ ਪੇਕਿਆਂ ਦੇ ਪਿੰਡ ਵਿਚ ਬਹੁਤ ਕਟਾ-ਵਢ ਹੋਈ ਸੀ। ਪਤਾ ਨਹੀਂ ਉਹਦਾ ਪਿਉ, ਭਰਾ ਜਾਂ ਕੋਈ ਟੱਬਰ ਦਾ ਜੀ ਬਚਿਆ ਵੀ ਸੀ, ਜਾਂ ਨਹੀਂ। ਉਹਦੇ ਸਹੁਰਿਆਂ ਦੇ ਘਰਾਂ ਵਿਚੋਂ ਕੋਈ ਓਧਰੇ ਮਾਰੇ ਗਏ ਸਨ। ਉਹਦੇ ਹੋਰ ਕੋਈ ਨਾਮ-ਧਰੀਕ ਸਾਕਾਂ ਸੰਬੰਧੀਆਂ ਵਿਚੋਂ ਕਈਆਂ ਦਾ ਬੜਾ ਨੁਕਸਾਨ ਹੋਇਆ ਸੀ। ਪਰ ਉਹਦਾ ਕੁਲਵੰਤ ਸੁੱਖੀ ਸਾਂਦੀ ਆ ਗਿਆ ਸੀ। ਏਨੇ ਨਾਲ ਹੀ ਉਹਦਾ ਦਿਲ ਸ਼ਾਂਤ ਹੋ ਜਾਂਦਾ। ਹੁਣ ਉਹਦੇ ਸਾਮ੍ਹਣੇ ਸਭ ਤੋਂ ਵੱਡੀ ਮੁਹਿੰਮ ਕੁਲਵੰਤ ਨੂੰ ਲਭਣਾ ਸੀ। ਬਿਨਾਂ ਇਕ ਦਿਨ ਵੀ ਸੋਚਾਂ ਵਿਚ ਗੁਆਉਣ ਦੇ ਉਹ ਏਸ ਮੁਹਿੰਮ ਲਈ ਤੁਰ ਪਈ।

੧੬.

ਕੁਲਵੰਤ ਬਦਲ ਗਿਆ ਸੀ। ਸ਼ਾਇਦ ਮਾਇਆ ਦੀ ਪਾਣ ਲੱਗ ਜਾਣ 'ਤੇ ਹਰ ਆਦਮੀ ਬਦਲ ਜਾਂਦਾ ਹੈ।

ਪਹਿਲਾਂ ਉਹਦੀ ਦੁਨੀਆਂ ਬਹੁਤ ਸੋੜੀ ਸੀ। ਆਪਣੇ ਆਪ ਤੋਂ ਸ਼ੁਰੂ ਹੋ ਕੇ ਮਨਜੀਤ ਤਕ ਪਹੁੰਚਦਿਆਂ ਉਹਦਾ ਸੰਸਾਰ ਮੁੱਕ ਜਾਂਦਾ ਸੀ। ਪਰ ਹੁਣ ਉਹਦੀ ਹਵਸ ਦੀ ਦੁਨੀਆਂ ਬੜੀ ਮੋਕਲੀ ਹੋ ਗਈ ਸੀ। ਅਮੀਰ ਦੀ ਦੁਨੀਆਂ ਦਾ ਹੱਦ ਬੰਨਾ ਹੁੰਦਾ ਹੀ ਕੋਈ ਨਹੀਂ। ਸਬਰ ਸੰਤੋਖ ਦੇ ਨਹਿਸ਼ ਪਰਛਾਵੇਂ ਤੋਂ ਉਹਦਾ ਸੰਸਾਰ ਸਦਾ ਬਚਿਆ ਰਹਿੰਦਾ ਹੈ।

ਸ. ਕੁਲਵੰਤ ਸਿੰਘ ਵੀ ਹੁਣ ਆਪਣੇ ਆਪ ਨੂੰ ਅਮੀਰ ਸਮਝਣ ਲੱਗ ਪਿਆ ਸੀ। ਇਸ ਵੇਲੇ ਉਹ ਲੱਖ ਤੋਂ ਉਪਰ ਦਾ ਮਾਲਕ ਸੀ। ਤੇ ਇਹ ਅੰਕੜੇ ਉਹਦੇ ਦਿਨੋ ਦਿਨ ਵਧਦੇ ਹੀ ਜਾ ਰਹੇ ਸਨ। ਕਾਰਖ਼ਾਨੇ ਦੀ ਸਾਰੀ ਜ਼ਿੰਮੇਵਾਰੀ ਗੁਰਸ਼ਰਨ ਸਿੰਘ ਨੇ ਸੰਭਾਲੀ ਹੋਈ ਸੀ। ਘਰ ਦੇ ਧੰਧੇ ਦਰਸ਼ਨ ਤੇ ਉਹਦੀ ਮਾਂ ਨਜਿੱਠ ਲੈਂਦੀਆਂ ਸਨ। ਕੁਲਵੰਤ ਦਾ ਬਾਕੀ ਏਨਾ ਹੀ ਕੰਮ ਰਹਿ ਗਿਆ ਸੀ, ਕਿ ਬਿਨਾਂ ਹੱਥ ਹਿਲਾਏ ਪੈਸਾ ਕਮਾਉਣ ਦੇ ਨਵੇਂ ਨਵੇਂ ਵਸੀਲੇ ਹਾਸਲ ਕਰਦਾ ਰਹੇ। ਉਹ ਕਾਂਗਰਸੀ ਵਰਕਰਾਂ ਨਾਲ ਮਿਲ ਕੇ ਖੰਡ, ਲੋਹਾ, ਸੂਤ ਆਦਿ ਦੇ ਕੋਟੇ ਲੈ ਕੇ ਅਗ੍ਹਾਂ ਵੇਚ ਦੇਂਦਾ। ਏਸ ਤਰ੍ਹਾਂ ਉਹਦੇ ਬਿਨਾਂ ਕਿਸੇ ਖੇਚਲ ਕੀਤੇ ਧਰਮ ਦੇ ਦੂਣੇ ਹੋ ਜਾਂਦੇ।

ਲੋੜ ਤੋਂ ਵਧ ਪੈਸਾ ਪਰਾਪਤ ਹੋ ਜਾਣ 'ਤੇ ਸਭ ਤੋਂ ਵੱਡੀ ਔਕੜ ਹੁੰਦੀ ਹੈ, ਉਹਦੇ ਖ਼ਰਚਣ ਦੇ ਢੰਗ ਸੋਚਣੇ। ਇਹ ਮੁਸ਼ਕਲ ਵੀ ਨਵੇਂ ਬਣੇ ਅਮੀਰਾਂ ਨੂੰ ਹੀ ਹੁੰਦੀ ਹੈ। ਖ਼ਾਨਦਾਨੀ ਅਮੀਰਾਂ ਨੂੰ ਇਹ ਜਾਚਾਂ ਵਿਰਸੇ ਵਿਚ ਮਿਲ ਜਾਂਦੀਆਂ ਹਨ।

ਕੁਛ ਸਮਾਂ ਕੁਲਵੰਤ ਨੂੰ ਵੀ ਇਹ ਔਖਿਆਈ ਮਹਿਸੂਸ ਹੋਈ। ਪਰ ਹੰਢੇ ਵਰਤੇ ਅਮੀਰਾਂ ਦੀ ਸੰਗਤ ਨੇ ਛੇਤੀ ਹੀ ਉਹਦੀ ਇਹ ਮੁਸ਼ਕਲ ਹੱਲ ਕਰ ਦਿੱਤੀ। ਹੋਣਹਾਰ ਕੁਲਵੰਤ ਥੋੜੇ ਦਿਨਾਂ ਵਿਚ ਹੀ ਸਮਝ ਗਿਆ, ਕਿ ਪੈਸਾ ਖ਼ਰਚਣ ਦਾ ਸਭ ਤੋਂ ਚੰਗਾ ਢੰਗ ਹੈ ਪਾਰਟੀਆਂ, ਸ਼ਰਾਬ, ਨਾਚ ਤੇ.. ਤੇ...। ਉਹਨੂੰ ਇਹ ਵੀ ਪਤਾ ਲੱਗ ਗਿਆ, ਕਿ ਹੋਰ ਪੈਸਾ ਕਮਾਉਣ ਦਾ ਸਾਊ ਤਰੀਕਾ ਵੀ ਏਹਾ ਹੈ। ਨਿਰੇ ਨੋਕੀ ਦੇ ਮੁਦਈ ਨੇ ਕਮਾਉਣਾ ਕੀ ਤੇ ਖ਼ਰਚਣਾ ਕੀ ?

ਕੁਲਵੰਤ ਆਪਣੇ ਬੀਤੇ ਜੀਵਨ 'ਤੇ ਝਾਤੀ ਮਾਰਦਾ। ਕੋਈ ਵਾਰ ਸੋਚਦਾ, 'ਮੈਂ ਕੀ ਸਾਂ, ਤੇ ਕੀ ਬਣ ਗਿਆ ਹਾਂ ? ਕਿਸ ਨੂੰ ਪਤਾ ਸੀ, ਕਿ ਇਹ ਦੋ ਸਾਲ ਦਾ

ਮਹਿੱਟਰ ਕਿਸੇ ਦਿਨ ਸ਼ਹਿਰ ਦੇ ਪਤਵੰਤਿਆਂ ਵਿਚ ਗਿਣਿਆਂ ਜਾਵੇਗਾ। ਇਹ ਸਭ ਭਾਗਾਂ ਦੀ ਖੇਡ ਹੈ, ਤੇ ਜਾਂ ਮੇਰੀ ਹਿੰਮਤ ਦਾ ਫਲ। ਪਰ ਜੇ ਪਾਕਸਤਾਨ ਨਾ ਬਣਦਾ ਤੇ ਇਹ ਖ਼ੂਨ ਖ਼ਰਾਬਾ ਤੇ ਲੁੱਟਾਂ ਮਾਰਾਂ ਨਾ ਹੁੰਦੀਆਂ ਤਾਂ! ਤੇ ਜੇ ਮਨਜੀਤ ਈ ਜਿਉਂਦੀ ਰਹਿੰਦੀ ਤਾਂ! ਮੰਨਿਆਂ ਮਨਜੀਤ ਨੇ ਮੇਰੇ ਵਾਸਤੇ ਬੜੀ ਵੱਡੀ ਕੁਰਬਾਨੀ ਕੀਤੀ ਸੀ, ਪਰ ਸੀ ਤਾਂ ਉਹ ਇਕ ਅਧ-ਬੁਢ ਸਾਧਣੀ ਹੀ। ਹੋਰ ਭਾਵੇਂ ਕੋਈ ਗੁਣ ਹੋਣ ਉਹਦੇ ਵਿਚ, ਪਰ ਏਸ ਉਮਰੇ ਉਹ ਕਿਸੇ ਅਮੀਰ ਗਭਰੂ ਦੀਆਂ ਖ਼ਾਹਸ਼ਾਂ ਪੂਰੀਆਂ ਕਰਨ ਜੋਗ ਨਹੀਂ ਸੀ। ਪਤਾ ਨਹੀਂ, ਓਦੋਂ ਮੈਂ ਕਿਵੇਂ ਉਹਦੇ ਜਾਲ ਵਿਚ ਫਸ ਗਿਆ ਸਾਂ। ਖ਼ਬਰੇ ਉਹਨੇ ਮੈਨੂੰ ਪਾਲਿਆ ਹੀ ਏਸੇ ਖ਼ਾਹਸ਼ ਦੇ ਅਧੀਨ ਹੋਵੇ। ਚਲੋ, ਹੁਣ ਇਹ ਸੋਚਣ ਵਿਚ ਕੀ ਲਾਭ ? ਜੋ ਹੋਣਾ ਸੀ, ਹੋ ਗਿਆ। ਉਂਵ ਉਹ ਮਾੜੀ ਨਹੀਂ ਸੀ। ਸਗੋਂ ਮੇਰੇ ਵਾਸਤੇ ਉਹ ਬੜੀ ਚੰਗੀ ਸੀ। ਮੇਰੇ ਲਈ ਉਹਨੇ ਬਹੁਤ ਕੁਛ ਕੀਤਾ ਸੀ। ਉਹਦੀ ਆਖ਼ਰੀ ਕੁਰਬਾਨੀ ਭੁਲਾਈ ਜਾਣ ਵਾਲੀ ਨਹੀਂ। ਨਾ ਹੀ ਭੁਲਾਉਣ ਵਿਚ ਮੇਰਾ ਕੋਈ ਫ਼ਾਇਦਾ ਹੈ। ਏਥੇ ਨਵਾਂ ਗੁਰਦੁਆਰਾ ਬਣੇਗਾ, ਤਾਂ ਉਹਦੀ ਯਾਦ ਵਿਚ ਮੈਂ ਇਕ ਕਮਰਾ ਜ਼ਰੂਰ ਬਣਵਾਵਾਂਗਾ। ਏਸ ਨਾਲ ਮੇਰੀ ਇੱਜ਼ਤ ਵਿਚ ਹੋਰ ਵਾਧਾ ਹੋਵੇਗਾ। ਤੇ ਜਿਸ ਅਮੀਰ ਦੀ ਇੱਜ਼ਤ-ਪਤ ਨਹੀਂ, ਲੋਕਾਂ ਵਿਚ ਝੂਠੀ ਸੱਚੀ ਵਡਿਆਈ ਨਹੀਂ ਹੁੰਦੀ, ਉਹ ਕਮਾ ਕਿਵੇਂ ਸਕਦਾ ਏ ? ਪਰ ਜੇ ਉਹ ਅੱਜ ਜਿਉਂਦੀ ਹੁੰਦੀ, ਜੇ ਉਹ ਮੇਰੇ ਨਾਲ ਸਹੀ ਸਲਾਮਤ ਏਧਰ ਆ ਜਾਂਦੀ, ਤਾਂ ਫਿਰ ਦਰਸ਼ਨ ਕਿਵੇਂ ਪਰਾਪਤ ਹੁੰਦੀ ? ਕਿੱਥੇ ਉਹ, ਕਿੱਥੇ ਇਹ। ਨਾਲੇ ਦਰਸ਼ਨ ਠੀਕ ਹੀ ਇਕ ਅਮੀਰ ਦੀ ਪਤਨੀ ਬਣਨ ਦੇ ਯੋਗ ਹੈ। ਇਹਦੀ ਜਵਾਨੀ, ਇਹਦਾ ਹੁਸਨ, ਇਹਦਾ ਸਡੌਲ ਸਰੀਰ, ਇਹਦੀ ਮਿੱਠੀ ਬੋਲੀ ਤੇ ਸਭ ਤੋਂ ਵੱਡਾ ਗੁਣ ਇਹਦਾ ਵੇਖਕੇ ਅਣਡਿਠ ਕਰਨਾ। ਜਿਵੇਂ ਮੈਂ ਉਸ ਰਾਤ ਪਹਿਲੀਵਾਰ ਸ਼ਰਾਬ ਪੀ ਕੇ ਆਇਆ ਸਾਂ, ਭਲਾ ਮਨਜੀਤ ਹੁੰਦੀ, ਤਾਂ ਬਰਦਾਸ਼ਤ ਕਰ ਲੈਂਦੀ ? ਰੱਬ ਰੱਬ ਆਖੋ। ਦਰਸ਼ਨ ਵਿਚਾਰੀ ਮੂੰਹੋਂ ਉਭਾਸਰੀ ਤਕ ਨਹੀਂ। ਏਹਾ ਇਸਤਰੀ ਦੇ ਸੁਭਾਅ ਦੀ ਵਡਿਆਈ ਹੈ। ਇਹ ਕਿਤੇ ਮੈਨੂੰ ਸ਼ੀਲਾ ਨਾਲ ਫਿਰਦਿਆਂ ਵੇਖ ਵੀ ਲਵੇ, ਤਾਂ ਮੇਰਾ ਖ਼ਿਆਲ ਏ, ਮੱਥੇ ਵੱਟ ਨਾ ਪਾਵੇ। ਤੇ ਜ਼ਨਾਨੀਆਂ ਨੂੰ ਇਹਨਾਂ ਝਗੜਿਆਂ ਨਾਲ ਲੱਗਦੈ ਵੀ ਕੀ ? ਉਹਨਾਂ ਨੂੰ ਖਾਣ ਖ਼ਰਚਣ ਨੂੰ ਖੁੱਲ੍ਹਾ ਮਿਲਦਾ ਰਹਿਣਾ ਚਾਹੀਦਾ ਏ। ਬਾਕੀ ਮਰਦ ਆਪਣੀ ਜੀ-ਜੁਆਨੀ 'ਤੇ ਭਾਵੇਂ ਕੁਛ ਕਰਦਾ ਫਿਰੇ। ਤੇ ਜ਼ਿੰਦਗੀ ਦਾ ਸੁਆਦ ਵੀ ਏਸ ਕੁਛ ਕਰਦੇ ਫਿਰਨ ਵਿਚ ਈ ਏ। ਇਹ ਧਰਮ, ਨੇਕੀ ਤੇ ਸਦਾਚਾਰ ਦੇ ਵਹਿਮੀ ਕੀ ਜਾਨਣ, ਪਈ ਜ਼ਿੰਦਗੀ ਕਿਸਨੂੰ ਆਖਦੇ ਨੇ ? ਇਹ ਤਾਂ ਦੁਨੀਆਂ 'ਤੇ ਜੂਨ ਭੋਗਣ ਆਏ ਨੇ, ਜੂਨ। ਜ਼ਿੰਦਗੀ ਦਿਨ ਕੱਟਣ

ਵਾਸਤੇ ਨਹੀਂ, ਰਾਤਾਂ ਮਾਨਣ ਵਾਸਤੇ ਹੈ। ਜੀਵਨ ਦਾ ਅਨੰਦ ਖਡੌਣੇ ਬਦਲਦੇ ਰਹਿਣ ਵਿਚ ਹੈ। ਪੱਥਰ ਗਲ ਨਾਲ ਬੰਨ੍ਹ ਰੱਖਣ ਵਿਚ ਨਹੀਂ। ਮਨਜੀਤ ਨਾਲੋਂ ਦਰਸ਼ਨ ਦੇ ਸਰੀਰ ਵਿਚ ਕਿੰਨੀ ਵਧੇਰੇ ਖਿੱਚ ਸੀ? ਕਿਉਂਕਿ ਉਸ ਵਿਚ ਨਵਾਂ-ਪਨ ਸੀ, ਜਿਵੇਂ ਮੁਰਝਾਏ ਹੋਏ ਫੁੱਲ ਨਾਲੋਂ ਅੱਧ-ਖਿੜੀਆਂ ਕਲੀਆਂ ਵਿਚ ਵਧੇਰੇ ਜੋਬਨ ਹੁੰਦਾ ਹੈ। ਦਰਸ਼ਨ ਵਿਚ ਵੀ ਇਕ ਨੁਕਸ ਹੈ। ਪਿਆਰ ਉਹ ਸੱਚੇ ਦਿਲੋਂ ਕਰਦੀ ਏ, ਪਰ ਕੱਜਲ ਪਾ ਕੇ ਮਟਕਾਉਣਾ ਨਹੀਂ ਜਾਣਦੀ। ਇਸ ਦੇ ਟਾਕਰੇ 'ਤੇ ਸ਼ੀਲਾ, ਕਿੰਨੀ ਨਟਖਟ ਏ ਉਹ। ਕਿੰਨਾ ਚੁਲਬੁਲਾ-ਪਨ ਏ ਉਸ ਵਿਚ। ਮਰਦਾਂ ਨੂੰ ਉਂਗਲੀਆਂ 'ਤੇ ਨਚਾਉਣ ਦੀ ਸ਼ਕਤੀ ਏ ਉਸ ਪਰੀ ਵਿਚ। ਉਰਦੂ ਸ਼ਾਇਰਾਂ ਦੇ ਕਥਨ ਅਨੁਸਾਰ ਮਾਸ਼ੂਕ ਅਖਵਾਉਣ ਦੀ ਹੱਕਦਾਰ ਤਾਂ ਓਹਾ ਹੀ ਹੈ। ਅਜੇ ਹੋਰ ਵੇਖੋ, ਦੁਨੀਆਂ ਪਰੇ ਤੋਂ ਪਰੇ ਪਈ ਏ। ...।'

ਇਹ ਹਾਲਤ ਉਹਦੀ ਉਸ ਵੇਲੇ ਹੁੰਦੀ, ਜਦ ਉਹ ਦੌਲਤ ਦੇ ਨਸ਼ੇ ਵਿਚ ਚੂਰ ਹੁੰਦਾ। ਜਦ ਉਹਦੇ ਉੱਤੇ ਦੂਹਰਾ ਨਸ਼ਾ ਅਸਵਾਰ ਹੁੰਦਾ, ਉਹਦੀਆਂ ਸੋਚਾਂ ਇਸ ਤੋਂ ਵੀ ਵਧੇਰੇ 'ਅਗ੍ਹਾਂ ਵਧੂ' ਹੋ ਜਾਂਦੀਆਂ। ਤੇ ਜਦੋਂ ਕਦੇ ਦੋ ਘੜੀਆਂ ਪੁਰਾਣੀ ਮਨੁੱਖਤਾ ਉਹਦੇ ਅੰਦਰ ਜਾਗ ਉਠਦੀ, ਉਹ ਸੋਚਣ 'ਤੇ ਮਜਬੂਰ ਹੋ ਜਾਂਦਾ, 'ਮੇਰੇ ਅੰਦਰ ਏਹੋ ਜੇਹੇ ਖਿਆਲ ਕਿੱਥੋਂ ਆ ਗਏ? ਪਹਿਲਾਂ ਤੋਂ ਤਾਂ ਮੈਂ ਏਹੋ ਜੇਹਾ ਨਹੀਂ ਸਾਂ। ਮੇਰੇ ਖਿਆਲ ਬੜੇ ਪਵਿੱਤਰ, ਚਲਨ ਉੱਚਾ ਤੇ ਸੋਚ-ਵਿਚਾਰ ਦੀ ਸੇਧ ਨੇਕੀ ਵਾਲੀ ਹੁੰਦੀ ਸੀ। ਅੱਜ ਮੈਂ ਕਿੱਥੋਂ ਚੱਲ ਕੇ ਕਿੱਥੇ ਪਹੁੰਚ ਗਿਆ ਹਾਂ? ਤੇ ਉਹ ਵੀ ਕੋਈ ਸਾਲਾਂ ਵਿਚ ਨਹੀਂ, ਸਿਰਫ਼ ਕੁਛ ਮਹੀਨਿਆਂ ਵਿਚ। ਕੀ ਇਹ ਸਾਰੀ ਕਰਾਮਾਤ ਪੈਸੇ ਦੀ ਹੀ ਨਹੀਂ? ਹੁਣ ਤਾਂ ਇਕੋ ਗੱਲ ਸੋਚਣ ਵਾਲੀ ਏ, ਕਿ ਮੈਂ ਕਿਸੇ ਕੁਕਰਮ ਦੇ ਖੁਭਣ ਵਿਚ ਖੁਭ ਰਿਹਾ ਹਾਂ, ਜਾਂ ਪੁਰਾਣੇ ਪੰਡਤਾਂ ਤੇ ਭਾਈਆਂ ਦੇ ਪਾਏ ਹੋਏ ਵਹਿਮ ਦੇ ਜਾਲ ਵਿਚੋਂ ਨਿਕਲ ਰਿਹਾ ਹਾਂ।'

ਕੁਲਵੰਤ ਦੇ ਸੁਭਾਅ ਵਿਚ ਬੜੀ ਕਾਹਲੇ ਕਦਮੀ ਤਬਦੀਲੀ ਆਈ ਸੀ, ਤੇ ਅਜੇ ਹੋਰ ਆ ਰਹੀ ਸੀ। ਅਮੀਰਾਂ ਵਾਲੇ ਸਾਰੇ ਗੁਣ ਉਸ ਵਿਚ ਛੇਤੀ ਪਰਵੇਸ਼ ਕਰ ਰਹੇ ਸਨ। ਪਹਿਲਾਂ ਦਰਸ਼ਨ ਨੂੰ ਪਰਾਪਤ ਕਰਕੇ ਉਹਨੇ ਸੋਚਿਆ ਸੀ, ਕਿ ਉਹ-ਦੀਆਂ ਸਾਰੀਆਂ ਰੀਝਾਂ ਪੂਰੀਆਂ ਹੋ ਗਈਆਂ ਹਨ। ਪਰ ਇਹ ਹਾਲਤ ਮਸਾਂ ਦੋ-ਕੁ ਮਹੀਨੇ ਹੀ ਰਹੀ। ਫਿਰ ਰੀਝਾਂ ਬਹੁ-ਰੂਪੀ ਹੋ ਗਈਆਂ। ਹੁਣ ਤਾਂ ਉਹ ਕਈ ਵੇਰ ਕਿਹਾ ਕਰਦਾ, 'ਉਹ ਮਰਦ ਮਰ ਗਿਆ ਸਮਝੋ, ਜਿਸ ਦੀਆਂ ਖ਼ਾਹਸ਼ਾਂ ਵਿਚ ਠਹੁੰਮਾ ਆ ਗਿਆ।'

ਪਹਿਲਾਂ ਉਹ ਦਿਨ ਛਿਪਦੇ ਸਾਰ ਘਰ ਆ ਜਾਇਆ ਕਰਦਾ ਸੀ। ਫਿਰ

ਥੋੜਾ ਥੋੜਾ ਕੁਵੇਲਾ ਹੋਣਾ ਸ਼ੁਰੂ ਹੋਇਆ । ਤੇ ਅੰਤ ਘਰ ਆਉਣ ਦਾ ਸਮਾਂ ਅੱਧੀ ਰਾਤ 'ਤੇ ਜਾ ਟਿਕਿਆ । ਜੇ ਕਦੇ ਦਰਸ਼ਨ ਦੀ ਮਾਂ ਇਸ ਦੇਰੀ ਬਦਲੇ ਗਿਲ੍ਹਾ ਕਰਦੀ ਵੀ, ਕੁਲਵੰਤ ਇਹ ਕਹਿ ਕੇ ਟਾਲ ਦੇਂਦਾ, "ਮਾਂ ਜੀ ! ਮੇਰਾ ਕਾਰੋਬਾਰ ਜੂ ਏਹੋ ਜੇਹਾ ਹੀ ਹੋਇਆ । ਪਰਮਿਟ ਹਾਸਲ ਕਰਨ ਬਦਲੇ ਅਫ਼ਸਰਾਂ ਕੋਲ ਜਾਣਾ ਆਉਣਾ ਪੈਂਦਾ ਏ । ਕੋਈ ਤਾਂ ਭਲੇ ਲੋਕ ਨਿਰੀ ਖ਼ੁਸ਼ਾਮਦ 'ਤੇ ਈ ਮੰਨ ਜਾਂਦੇ ਨੇ, ਤੇ ਕਈਆਂ ਨੂੰ ਸਿਨੇਮਾ ਵਿਖਾਉਣੇ ਪੈਂਦੇ ਨੇ, ਹੋਟਲਾਂ ਵਿਚ ਪਾਰਟੀਆਂ ਦੇਣੀਆਂ ਪੈਂਦੀਆਂ ਨੇ । ਇਸ ਵਾਸਤੇ ਕੁਵੇਲਾ ਹੋ ਜਾਂਦਾ ਏ । ਨਹੀਂ ਤਾਂ ਮੇਰਾ ਦਿਲ ਕਰਦਾ ਏ, ਅੱਧੀ ਰਾਤ ਤਕ ਉਨੀਂਦਰਾ ਕਟਣ 'ਤੇ ।"

ਤਸੱਲੀ ਭਾਵੇਂ ਇਹਨਾਂ ਗੱਲਾਂ ਨਾਲ ਕਿਸੇ ਦੀ ਹੁੰਦੀ ਤੇ ਭਾਵੇਂ ਨਾ ਹੁੰਦੀ, ਪਰ ਕੁਲਵੰਤ ਅੱਗੇ ਘਰ ਦਾ ਕੋਈ ਜੀ ਉਭਾਸਰਦਾ ਨਾ । ਗੁਰਸ਼ਰਨ ਜਾਂ ਉਸਦੀ ਮਾਂ ਦਾ ਤਾਂ ਵਧੇਰੇ ਹੱਕ ਹੀ ਨਹੀਂ ਸੀ ਕੁਲਵੰਤ ਨੂੰ ਹਟਕਣ ਵਰਜਣ ਦਾ, ਤੇ ਦਰਸ਼ਨ ਅੱਜ ਕੱਲ੍ਹ ਆਪਣੇ ਆਪ ਵਿਚ ਹੀ ਮਸਤ ਸੀ । ਉਹ ਆਪਣੇ ਸਰੀਰ ਵਿਚ ਕਿਸੇ ਨਵੀਂ ਖ਼ੁਸ਼ੀ ਨੂੰ ਵਧਦੀ ਫੁੱਲਦੀ ਅਨਭਵ ਕਰ ਰਹੀ ਸੀ । ਇਸ ਵਾਸਤੇ ਕੁਲਵੰਤ ਦੀਆਂ ਬਦਲ ਰਹੀਆਂ ਆਦਤਾਂ ਵੱਲ ਕੋਈ ਵਧੇਰੇ ਧਿਆਨ ਨਾ ਦੇਂਦਾ ।

ਕੁਲਵੰਤ ਦੀਆਂ ਬੇ-ਵਾਗਾਂ ਹੋ ਗਈਆਂ । ਅੱਜ ਕੱਲ੍ਹ ਸ਼ੀਲਾ ਵੱਲੋਂ ਵੀ ਉਹਦਾ ਚਿੱਤ ਉਪਰਾਮ ਹੁੰਦਾ ਜਾ ਰਿਹਾ ਸੀ । ਓਸ ਅੰਬ ਵਿਚ ਵੀ ਕੋਈ ਖਿੱਚ ਬਾਕੀ ਰਹਿ ਜਾਂਦੀ ਹੈ, ਜਿਸਨੂੰ ਮਰਦ ਇਕ ਵਾਰ ਚੂਪ ਕੇ ਸੁੱਟ ਦੇਵੇ ? ਇਹਨੀ ਦਿਨੀ ਕੁਲਵੰਤ ਦੀਆਂ ਲਾਲਚੀ ਨਜ਼ਰਾਂ ਸੁਦੇਸ਼ ਦੇ ਮਗਰ ਪਈਆਂ ਹੋਈਆਂ ਸਨ । ਕੁਛ ਦਿਨ ਤੋਂ ਇਸ ਨਵੀਂ ਅੱਗ ਨੇ ਕੁਲਵੰਤ ਦੀ ਨੀਂਦ ਹਰਾਮ ਕੀਤੀ ਹੋਈ ਸੀ ।

ਗੁਨਾਹ ਵਿਚ ਸਫਲਤਾ ਪਰਾਪਤ ਕਰਨੀ ਅਮੀਰ ਵਾਸਤੇ ਕਿਹੜੀ ਔਖੀ ਹੈ । ਨਾਲੇ ਜਿੱਥੇ ਚੋਗੇ ਦਾ ਲਾਲਚੀ ਪੰਛੀ ਆਪ ਜਾਲ ਵਿਚ ਫਸਣ ਵਾਸਤੇ ਉਤਾਵਲਾ ਹੋਵੇ, ਓਥੇ ਢਿੱਲ ਕਿਸ ਗੱਲ ਦੀ ? ਛੇਤੀ ਹੀ ਗੁਨਾਹ ਦੇ ਬਪਾਰੀਆਂ ਦਾ ਆਪਸ ਵਿਚ ਸੌਦਾ ਹੋ ਗਿਆ ।

ਇਕ ਸ਼ਾਮ ਨੂੰ ਸੁਦੇਸ਼ ਤੇ ਕੁਲਵੰਤ ਤਾਂਗੇ 'ਤੇ ਬੈਠੇ ਘੰਟਾ ਘਰ ਵੱਲੋਂ ਜਗ-ਰਾਵਾਂ ਦੇ ਪੁਲ ਨੂੰ ਜਾ ਰਹੇ ਸਨ । ਉਹ ਮਗਰਲੀ ਸੀਟ 'ਤੇ ਕੋਲੋਂ ਕੋਲ ਬੈਠੇ ਆਪਣੇ ਆਪ ਨੂੰ ਕਿਸੇ ਹੋਰ ਦੁਨੀਆਂ ਵਿਚ ਪਹੁੰਚੇ ਅਨਭਵ ਕਰ ਰਹੇ ਸਨ । ਜਦ ਉਹ ਸਟੇਸ਼ਨ ਦੇ ਸਾਮ੍ਹਣੇ ਦੀ ਲੰਘੇ, ਪਿੱਛੋਂ ਕਿਸੇ ਇਸਤਰੀ ਗਲੇ ਦੀ ਵਾਜ ਆਈ, "ਕੁਲਵੰਤ ! ਕੁਲਵੰਤ !"

ਕੁਲਵੰਤ ਨੇ ਛੇਤੀ ਨਾਲ ਤ੍ਰਭਕ ਕੇ ਪਿਛਾਂਹ ਵੇਖਿਆ । 'ਵਾਜ' ਉਹਦੇ ਕੰਨਾਂ

ਨੇ ਪਛਾਣ ਲਈ ਸੀ। ਅੱਖਾਂ ਨੇ ਵਾਜ ਮਾਰਨ ਵਾਲੀ ਨੂੰ ਵੀ ਪਛਾਣ ਲਿਆ। ਕੁਲਵੰਤ ਘਬਰਾ ਗਿਆ। ਉਹਦਾ ਦਿਲ ਧੱਕ-ਧੱਕ ਵੱਜਣ ਲੱਗ ਪਿਆ। ਉਹਦਾ ਰੰਗ ਉੱਡ ਗਿਆ। ਪਲ ਦਾ ਪਲ ਉਹਦੀ ਸੋਚ ਸ਼ਕਤੀ ਸਿਥਲ ਹੋ ਗਈ।

'ਕੁਲਵੰਤ!" ਸਟੇਸ਼ਨ ਵੱਲੋਂ ਆ ਰਹੀ ਇਸਤਰੀ ਨੇ ਹੱਥ ਉੱਚਾ ਕਰ ਕੇ ਫਿਰ ਵਾਜ ਮਾਰੀ।

"ਤੁਹਾਨੂੰ ਕੋਈ ਬੁਲਾ ਰਹੀ ਏ।" ਸੁਦੇਸ਼ ਨੇ ਵਾਜਾਂ ਮਾਰਨ ਵਾਲੀ ਵੱਲੋਂ ਇਸ਼ਾਰਾ ਕਰ ਕੇ ਕੁਲਵੰਤ ਨੂੰ ਕਿਹਾ।

"ਹਾਂ, ਨਹੀਂ। ਇਹ ਕੋਈ ਪਾ-ਪਾਗਲ ਏ।" ਕੁਲਵੰਤ ਦੀ ਵਾਜ ਤੋਂ ਘਬਰਾਏ ਹੋਏ ਦਿਲ ਦੀ ਹਾਲਤ ਸਾਫ਼ ਪਰਗਟ ਹੋ ਰਹੀ ਸੀ।

"ਤਾਂਗਾ ਰੋਕਾਂ, ਸਰਦਾਰ ਜੀ!" ਤਾਂਗੇ ਵਾਲੇ ਨੇ ਥੋੜੀ ਜੇਹੀ ਵਾਗ ਕੱਸਦਿਆਂ ਪੁਛਿਆ।

"ਨਹੀਂ, ਨਹੀਂ। ਤੇਜ਼ ਚੱਲ। ਜ਼ਰਾ ਛੇਤੀ।" ਕੁਲਵੰਤ ਨੇ ਘੋੜੇ ਵੱਲ ਹੱਥ ਕਰ ਕੇ ਇਸ ਤਰ੍ਹਾਂ ਹਿਲਾਇਆ, ਜਿਵੇਂ ਉਸਨੂੰ ਭੱਜਣ ਲਈ ਹਲਾ-ਸ਼ੇਰੀ ਦੇ ਰਿਹਾ ਹੋਵੇ।

"ਤੁਸੀਂ ਏਨੇ ਘਬਰਾ ਕਿਉ ਗਏ ਜੇ? ਸਗੋਂ ਇਹ ਕੋਈ ਤੁਹਾਡੀ ਜਾਣੂ ਏਂ?" ਸੁਦੇਸ਼ ਨੇ ਪਿਆਰ ਨਾਲ ਕੁਲਵੰਤ ਦਾ ਹੱਥ ਫੜ ਕੇ ਕਿਹਾ।

"ਜਾਣੂ ਕਾਹਦੀ?" ਹੁਣ ਤੱਕ ਕੁਲਵੰਤ ਨੇ ਕੁਛ ਕਹਿਣ ਵਾਸਤੇ ਸੋਚ ਲਿਆ ਸੀ। "ਇਹ ਵਿਚਾਰੀ ਪਾਗਲ ਏ। ਇਹ ਸਾਰਾ ਦਿਨ ਮਿੰਟਗੁਮਰੀ ਦੇ ਬਜ਼ਾਰਾਂ ਵਿਚ ਫਿਰਦੀ ਰਹਿੰਦੀ ਸੀ। ਕਿਸੇ ਕਿਸੇ ਦਿਨ ਇਹਨੇ ਕਾਲਜ ਦੇ ਬੂਹੇ ਅੱਗੇ ਜਾ ਖਲੋਣਾ। ਬੱਸ, ਜਿਹੜਾ ਮੁੰਡਾ ਆਉਂਦਾ ਮਿਲ ਪੈਣਾ, ਓਸੇ ਦੇ ਗਲ ਨੂੰ ਇਹਨੇ ਚੰਬੜ ਜਾਣਾ। ਦੂੱਜਿਆਂ ਨੇ ਕੋਲੋਂ ਖਿੱਲੀ ਮਾਰ ਦੇਣੀ। ਏਸੇ ਵਾਸਤੇ ਮੈਂ ਏਸ ਤੋਂ ਡਰਦਾ ਹਾਂ।" ਕੁਲਵੰਤ ਨੇ ਏਨਾ ਕੁਛ ਕਹਿ ਤਾਂ ਦਿਤਾ, ਪਰ ਉਹਦੇ ਚਿਹਰੇ ਤੋਂ ਸਾਫ਼ ਜ਼ਾਹਰ ਹੋ ਰਿਹਾ ਸੀ, ਕਿ ਇਹ ਸਭ ਕੁਛ ਬਨਾਉਟੀ ਹੈ।

ਤਾਂਗਾ ਪਹਿਲਾਂ ਨਾਲੋਂ ਤੇਜ਼ ਦੌੜਨ ਲੱਗ ਪਿਆ। ਵਾਜਾਂ ਮਾਰਨ ਵਾਲੀ ਦਸ-ਪੰਦਰਾਂ ਕਦਮ ਪਿੱਛਾ ਕਰਕੇ ਖਲੋ ਗਈ। ਉਹ ਓਦੋਂ ਤਕ ਓਥੇ ਸੜਕ ਦੇ ਇਕ ਪਾਸੇ ਲੱਗ ਕੇ ਖਲੀ ਰਹੀ, ਜਦ ਤਕ ਤਾਂਗਾ ਜਗਰਾਵਾਂ ਵਾਲੀ ਸੜਕ ਨੂੰ ਮੁੜ ਨਾ ਗਿਆ।

ਵਾਜਾਂ ਮਾਰਨ ਵਾਲੀ ਦੀਆਂ ਅੱਖਾਂ ਤੋਂ ਉਹਲੇ ਹੋਏ, ਤਾਂ ਕੁਲਵੰਤ ਨੇ ਜ਼ਰਾ ਸੁਖ ਦਾ ਸਾਹ ਲਿਆ। ਦਿਲ ਉਹਦਾ ਅਜੇ ਵੀ ਧੜਕ ਰਿਹਾ ਸੀ। ਉਹ ਸੁਦੇਸ਼

ਦੀਆਂ ਨਿਕੀਆਂ ਨਿਕੀਆਂ ਗੱਲਾਂ ਦਾ ਉੱਤਰ ਦੇਂਦਾ ਜਾਂਦਾ। ਕਦੇ ਕਦੇ ਉਹ ਆਪ ਵੀ ਕੋਈ ਨਵੀਂ ਗੱਲ ਛੇੜ ਦੇਂਦਾ, ਪਰ ਹਰ ਹਾਲਤ ਵਿਚ ਉਹਦੀ ਅੰਦਰਲੀ ਘਬਰਾਹਟ ਦਾ ਰੰਗ ਜ਼ਾਹਰ ਹੋਣੋਂ ਨਾ ਰਹਿੰਦਾ। ਸੁਦੇਸ਼ ਉਹਦੇ ਉੱਡੇ ਹੋਏ ਰੰਗ ਵੱਲੋਂ ਵੇਖ ਕੇ ਕਾਰਨ ਪੁਛਦੀ, ਤਾਂ ਉਹ ਜ਼ੋਰ ਦੀ ਖਿੜ ਖਿੜਾ ਕੇ ਹੱਸ ਪੈਂਦਾ। ਕਿੰਨਾ ਓਪਰਾ ਤੇ ਫਿੱਕਾ ਹੁੰਦਾ ਉਹ ਹਾਸਾ।

ਕੁਲਵੰਤ ਦਾ ਨਵਾਂ ਸਕਾਰ ਵਾਹੁਣ ਦਾ ਸਵਾਦ ਉੱਕਾ ਮਾਰਿਆ ਗਿਆ ਸੀ। ਉਹ ਸਿਵਲ ਲਾਈਨ ਦੀਆਂ ਖੁੱਲ੍ਹੀਆਂ ਸੜਕਾਂ ਉਤੇ ਘੰਟਾ ਡੇਢ ਘੰਟਾ ਫਿਰਦੇ ਫਿਰਾਉਂਦੇ ਦੋ-ਮੋਰੀਆ ਪੁਲ ਰਾਹੀਂ ਕਮੇਟੀ ਬਾਗ਼ ਕੋਲ ਆ ਪਹੁੰਚੇ। ਏਥੇ ਕੁਲਵੰਤ ਨੇ ਤਾਂਗਾ ਛੱਡ ਦਿਤਾ। ਫੇਰ ਮਿਲਨ ਦਾ ਇਕਰਾਰ ਕਰਕੇ ਦੋਵੇਂ ਆਪੋ ਆਪਣੇ ਰਾਹ ਪੈ ਗਏ।

ਕੁਲਵੰਤ ਕਾਫ਼ੀ ਕੁਵੇਲੇ ਘਰ ਪਹੁੰਚਿਆ। ਅੱਜ ਨਾ ਉਹਨੇ ਬਜ਼ਾਰੋਂ ਕੁਛ ਖਾਧਾ ਸੀ ਤੇ ਨਾ ਘਰ ਜਾ ਕੇ ਕੁਛ ਖਾਣ ਨੂੰ ਦਿਲ ਕੀਤਾ। ਕੱਪੜੇ ਬਦਲ ਕੇ ਉਹ ਆਪਣੇ ਮੰਜੇ 'ਤੇ ਲੰਮਾ ਪੈ ਗਿਆ।

ਦਰਸ਼ਨ ਅੱਜ ਆਪਣੇ ਆਪ ਵਿਚ ਏਨੀ ਖੁਸ਼ ਸੀ, ਕਿ ਉਹਨੇ ਕੁਲਵੰਤ ਦੀ ਬਦਲੀ ਹੋਈ ਹਾਲਤ ਵੱਲ ਕੋਈ ਧਿਆਨ ਨਾ ਦਿਤਾ। ਉਹਦੇ ਦਿਲ ਵਿਚ ਕੁਛ ਪਰਗਟ ਹੋਣ ਵਾਸਤੇ ਮਚਲ ਰਿਹਾ ਸੀ। ਉਹ ਕੁਛ ਕਹਿਣ ਵਾਸਤੇ ਤਿਆਰ ਹੁੰਦੀ, ਪਰ ਸੁਭਾਵਕ ਝਿਜਕ ਉਹਦੇ ਰਾਹ ਵਿੱਚ ਰੁਕਾਵਟ ਬਣ ਜਾਂਦੀ। ਏਸੇ ਖਿੱਚੋਤਾਣ ਵਿਚ ਅੱਧਾ ਘੰਟਾ ਬੀਤ ਗਿਆ।

ਕੁਲਵੰਤ ਨੇ ਪਾਸਾ ਪਰਤਿਆ। ਏਨਾ ਚਿਰ ਵੀ ਉਹ ਦਰਸ਼ਨ ਤੋਂ ਆਪਣਾ ਆਪ ਲੁਕਾਈ ਰੱਖਣ ਦੇ ਇਰਾਦੇ ਨਾਲ ਇੱਕੋ ਪਾਸੇ ਪਿਆ ਰਿਹਾ ਸੀ, ਨਹੀਂ ਤਾਂ ਜੋ ਉਹਦੀ ਉਸ ਵੇਲੇ ਹਾਲਤ ਸੀ, ਉਹ ਹੁਣ ਤਕ ਦਸ ਵੇਰਾਂ ਪਾਸਾ ਪਰਤਦਾ।

"ਮੈਂ ਕਿਹਾ, ਸੌਂ ਗਏ ਜੇ ?" ਦਰਸ਼ਨ ਨੇ ਕੁਲਵੰਤ ਵੱਲ ਮੂੰਹ ਕਰਕੇ ਪੁਛਿਆ।

"ਹਾਂ; ਨੀਂਦ ਆ ਰਹੀ ਏ।" ਆਪਣੀ ਕਮਜ਼ੋਰੀ 'ਤੇ ਪਰਦਾ ਪਾਉਣ ਬਦਲੇ ਕੁਲਵੰਤ ਨੇ ਝੂਠ ਬੋਲਿਆ।

"ਮੈਨੂੰ ਤੁਹਾਡੀ ਭਰਜ ਈ ਮਿਲੀ ਸੀ।"

"ਹੈਂ ?" ਕੁਲਵੰਤ ਇਕੋ ਵਾਰ ਤ੍ਰਭਕ ਉਠਿਆ।

"ਘਬਰਾ ਕਿਉਂ ਗਏ ਜੇ ?" ਦਰਸ਼ਨ ਨੇ ਹਸਦਿਆਂ ਹਸਦਿਆਂ ਕਿਹਾ। "ਉਹ ਮੈਨੂੰ ਰਾਤੀਂ ਸੁਪਨੇ ਵਿਚ ਮਿਲੀ ਸੀ। ਤੇ...।" ਦਰਸ਼ਨ ਕਹਿੰਦੀ ਕਹਿੰਦੀ

ਸ਼ਰਮਾ ਕੇ ਚੁੱਪ ਹੋ ਗਈ।

"ਫਿਰ 'ਤੇ, ਕੀ ?" ਕੁਲਵੰਤ ਦਾ ਕਲੇਜਾ ਅਜੇ ਵੀ ਓਵੇਂ ਧੜਕ ਰਿਹਾ ਸੀ।

"ਦਸਦਿਆਂ ਸੰਗਾ ਆਉਂਦੀ ਏ।"

"ਨਾ ਦੱਸ ਫਿਰ।" ਕੁਲਵੰਤ ਨੇ ਬੇ-ਮੌਕਾ ਵਾਰਤਾ ਤੋਂ ਛੁਟਕਾਰਾ ਪਾਉਣ ਵਾਸਤੇ ਕਿਹਾ।

ਦਰਸ਼ਨ ਦਾ ਸਾਰਾ ਉਤਸ਼ਾਹ ਮਾਰਿਆ ਗਿਆ। ਉਹਦੀ ਚਾਹ ਸੀ, ਕਿ ਕੁਲਵੰਤ ਜ਼ੋਰ ਦੇ ਕੇ ਉਸ ਤੋਂ ਇਹ ਗੱਲ ਪੁੱਛੇ। ਕੁਲਵੰਤ ਦੇ ਝੱਟ ਪੱਟ ਗੱਲ ਮੁਕਾ ਦੇਣ ਨਾਲ ਉਸ ਚਾਵਾਂ-ਭਰੀ ਦਾ ਦਿਲ ਢਹਿ ਗਿਆ। ਦੋ ਮਿੰਟ ਚੁੱਪ ਰਹਿ ਕੇ ਉਹ ਆਪ ਹੀ ਫਿਰ ਬੋਲੀ, "ਤੁਹਾਨੂੰ ਕੋਈ ਚਾਅ ਨਹੀਂ ਪੁਛਣ ਦਾ ?"

"ਚਾਅ ਕਿਉਂ ਨਹੀਂ, ਪਰ ਤੂੰ ਕੁਛ ਦੱਸੇਂ ਵੀ ?" ਕੁਲਵੰਤ ਨੇ ਉਹਦਾ ਮਾਣ ਰੱਖਣ ਵਾਸਤੇ ਕਿਹਾ।

"ਮੈਨੂੰ ਉਹਨੇ ਇਕ ਨਿੱਕਾ ਜੇਹਾ ਕਾਕਾ ਦਿਤਾ, ਹੂ-ਬ-ਹੂ ਤੁਹਾਡੇ ਵਰਗਾ। ਫਿਰ ਤੁਹਾਡਾ ਨਾਂ ਲੈ ਕੇ ਆਖਣ ਲੱਗੀ, ਇਹ ਮੇਰਾ ਕੁਲਵੰਤ ਤੇਰੇ ਕੋਲ ਅਮਾਨਤ ਹਈ। ਇਹਨੂੰ ਬੜੇ ਲਾਡ ਨਾਲ ਰੱਖੀਂ। ਓਦੋਂ ਦਾ ਮੇਰਾ ਦਿਲ ਖ਼ੁਸ਼ੀ ਵਿਚ ਉਛਲ ਰਿਹਾ ਏ।"

ਏਨੇ ਸਮੇਂ ਵਿਚ ਕੁਲਵੰਤ ਨੇ ਇਕਵਾਰ ਵੀ ਅਗੋਂ ਉਤਸ਼ਾਹ ਭਰਿਆ ਹੁੰਗਾਰਾ ਨਾ ਦਿਤਾ, ਜਿਸ ਵਿਚੋਂ ਦਿਲੀ ਖ਼ੁਸ਼ੀ ਪਰਗਟ ਹੁੰਦੀ।

"ਸੁਣ ਕੇ ਤੁਹਾਨੂੰ ਖ਼ੁਸ਼ੀ ਨਹੀਂ ਹੋਈ।" ਦਰਸ਼ਨ ਨੇ ਡਿਗਦੇ ਚਾਵਾਂ ਨੂੰ ਠੁਮ੍ਹਣਾ ਦੇਣ ਬਦਲੇ ਕਿਹਾ।

"ਖ਼ੁਸ਼ੀ ਕਿਉਂ ਨਹੀਂ ਹੋਈ। ਕੀ ਆਦਮੀ ਨੂੰ ਇਸਤਰੀ ਨਾਲੋਂ ਇਹਨਾਂ ਚੀਜ਼ਾਂ ਦੀ ਘੱਟ ਖ਼ੁਸ਼ੀ ਹੁੰਦੀ ਏ ? ਪਰ ਅੱਜ ਮੇਰੀ ਕੁਛ ਤਬੀਅਤ ਠੀਕ ਨਹੀਂ।"

"ਹੱਛਾ, ਸੌਂ ਜਾਉ ਫਿਰ।"

ਦੋਵੇਂ ਚੁੱਪ ਵੱਟ ਕੇ ਪੈ ਗਏ। ਪਰ ਨੀਂਦ ਸਾਰੀ ਰਾਤ ਕਿਸੇ ਨੂੰ ਵੀ ਨਾ ਆਈ। ਦਰਸ਼ਨ ਦਾ ਅੰਦਰ ਇਕ ਪੁੱਤਰ ਦੀ ਮਾਂ ਬਣਨ ਦੀਆਂ ਰੀਝਾਂ ਨਾਲ ਭਰਿਆ ਹੋਇਆ ਸੀ। ਤੇ ਕੁਲਵੰਤ ਦੇ ਦਿਮਾਗ਼ ਵਿਚ ਇਕੋ ਖਿਆਲ ਘੜੀ ਦੀ ਟਿਕ ਟਿਕ ਵਾਂਗ ਵੱਜ ਰਿਹਾ ਸੀ, 'ਹੁਣ ਕੀ ਬਣੇਗਾ ? ਮਨਜੀਤ ਛੇ ਮਹੀਨੇ ਪਾਕਿਸਤਾਨ ਵਿਚ ਰਹਿ ਕੇ ਆ ਗਈ ਏ। ਕੀ ਪਤਾ ਏਨੇ ਸਮੇਂ ਵਿਚ ਉਹਨੇ ਕਿੱਥੇ ਕਿੱਥੇ ਆਪਣਾ ਜਤ-ਸਤ ਵੇਚਿਆ ਹੋਵੇ ? ਹੁਣ ਮੈਂ ਉਹਨੂੰ ਕਿਵੇਂ ਰੱਖ ਲਵਾਂ ? ਕੀ ਬਣੇਗਾ ਹੁਣ ?......।'

੧੭.

ਕਈ ਦਿਨ ਥਾਂ ਥਾਂ ਖੱਜਲ ਖੁਆਰ ਹੋਣ ਪਿੱਛੋਂ ਮਨਜੀਤ ਨੂੰ ਪਟਿਆਲਿਓਂ ਏਨੀ ਦੱਸ ਪਈ, ਕੁਲਵੰਤ ਸਿੰਘ ਲੁਧਿਆਣੇ ਰਹਿੰਦਾ ਹੈ, ਪਰ ਗਲੀ ਮਹੱਲੇ ਦਾ ਪਤਾ ਨਾ ਲੱਗ ਸੱਕਿਆ। ਉਹ ਓਥੋਂ ਗੱਡੀ ਚੜ੍ਹ ਕੇ ਲੁਧਿਆਣੇ ਆ ਉੱਤਰੀ।

ਸਟੇਸ਼ਨੋਂ ਬਾਹਰ ਨਿਕਲ ਕੇ ਮਨਜੀਤ ਜੀ. ਟੀ. ਰੋਡ ਦੇ ਨੇੜੇ ਪੁੱਜੀ, ਤਾਂ ਸਾਮ੍ਹਣੇ ਤਾਂਗੇ 'ਤੇ ਜਾਂਦਾ ਕੁਲਵੰਤ ਨਜ਼ਰੀਂ ਪਿਆ। ਮਨਜੀਤ ਦਾ ਦਿਲ ਆਪ ਮੁਹਾਰਾ ਨੱਚ ਉਠਿਆ। ਉਹਦੀਆਂ ਅੱਖਾਂ ਵਿਚ ਨਵੇਂ ਜੀਵਨ ਦੀ ਚਮਕ ਆ ਗਈ। ਉਹ ਖੁਸ਼ੀ ਦੇ ਮਾਰੇ ਇਕੇਵਾਰ ਚਿੱਲਾ ਉਠੀ, 'ਕੁਲਵੰਤ ! ਕੁਲਵੰਤ !!'

ਕੁਲਵੰਤ ਨੇ ਉਹਦੇ ਵੱਲ ਵੇਖਿਆ। ਦੋਹਾਂ ਦੀ ਨਿਗ੍ਹਾ ਮਿਲੀ। ਦੋਹਾਂ ਨੇ ਇਕ ਦੂੱਜੇ ਨੂੰ ਪਛਾਣਿਆਂ। ਪਰ ਕੁਲਵੰਤ ਤਾਂਗਾ ਰੋਕਣ ਦੀ ਥਾਂ ਸਗੋਂ ਭਜਾ ਕੇ ਲੈ ਗਿਆ। ਮਨਜੀਤ ਵਾਜਾਂ ਮਾਰਦੀ ਰਹਿ ਗਈ। ਪਿਆਰੇ ਨੂੰ ਬੁਲਾਉਣ ਵਾਸਤੇ ਉੱਠੀ ਹੋਈ ਬਾਂਹ ਨਿਰਾਸੀ ਹੋ ਕੇ ਢਹਿ ਪਈ। ਕੁਲਵੰਤ ਚਲਾ ਗਿਆ। ਤੇ ਮਨਜੀਤ ਕਠੋਰ ਮਰਦ ਦੀ ਬੇ-ਵਫਾਈ 'ਤੇ ਝੂਰਦੀ ਪੱਥਰ ਦਾ ਬੁੱਤ ਬਣੀ ਖਲੀ ਰਹਿ ਗਈ। ਖਲੀ ਰਹੀ ਉਹ ਸੜਕ 'ਤੇ ਇਕ ਪਾਸੇ ਕਰ ਕੇ ਕਈ ਮਿੰਟ ਸੁੰਨ ਦੀ ਸੁੰਨ। ਉਸ ਵੇਲੇ ਕੋਈ ਸੋਚ, ਕੋਈ ਫੁਰਨਾ, ਕੋਈ ਚਾਹ, ਕੋਈ ਹਸਰਤ ਉਸਦੇ ਦਿਲ ਵਿਚ ਨਹੀਂ ਸੀ। ਪਲ ਦਾ ਪਲ ਉਹ ਜੀਵਨ ਤੋਂ ਸੱਖਣੀ ਨਿਰੀ ਲੋਥ ਰਹਿ ਗਈ ਸੀ, ਇਕ ਸਾਹ ਲੈਂਦੀ ਲੋਥ।

"ਬਚ, ਮਾਈ ! ਸੜਕੋਂ ਪਾਸੇ ਹੋ ਕੇ ਖਲੋ।" ਤਾਂਗੇ ਵਾਲੇ ਦੀ ਚੀਕਵੀਂ ਵਾਜ ਕੰਨੀਂ ਪਈ।

ਤਾਂਗਾ ਕੋਲ ਦੀ ਕੱਪੜਿਆਂ ਨਾਲ ਖਹਿ ਕੇ ਲੰਘ ਗਿਆ। ਬੇਹੋਸ਼ ਹੋਈ ਸੂਰਤ ਨੇ ਪਾਸਾ ਪਰਤਿਆ। ਮਰ-ਜੀਊੜਾ ਜੀਵਨ ਫਿਰ ਪਰਤ ਆਇਆ। ਜ਼ਿੰਦਗੀ ਕਿੰਨੀ ਢੀਠ ਹੈ ? ਏਨੀਆਂ ਠੋਕਰਾਂ ਖਾ ਕੇ ਵੀ ਇਹ ਫਿਰ ਜਿਊਣਾ ਲੋੜਦੀ ਹੈ। ਮਨਜੀਤ, ਭੱਜ ਕੇ ਸੜਕੋਂ ਪਾਸੇ ਹੋ ਗਈ।

ਸੋਚਾਂ ਫਿਰ ਸ਼ੁਰੂ ਹੋ ਗਈਆਂ। 'ਬੱਸ ? ਲਭ ਲਿਆ ਈ ਆਪਣੇ ਕੁਲਵੰਤ ਨੂੰ ? ਏਸੇ ਬਦਲੇ ਸਾਰੀ ਉਮਰ ਗਾਲੀ ਸਈ ? ਤੂੰ ਜਾਣਦੀ ਨਹੀਂ ਸੈਂ, ਕਿ ਇਹ ਵੀ ਇਕ ਮਰਦ ਏ ਮਰਦ ? ਚਲ, ਮੁੜ ਚਲ।'

ਮਨਜੀਤ ਟੁੱਟੇ ਦਿਲ ਨਾਲ ਪਿਛਾਂਹ ਮੁੜ ਪਈ। ਉਹਦੇ ਅੰਦਰੋਂ ਵਰੋਲੇ ਉਠ

ਕੇ ਦਿਮਾਗ਼ ਨੂੰ ਚੜ੍ਹ ਰਹੇ ਸਨ। ਉਹਦਾ ਸਿਰ ਚਕਰਾ ਰਿਹਾ ਸੀ। ਉਹਦੀਆਂ ਅੱਖਾਂ ਸਾਮ੍ਹਣੇ ਸਾਰੀ ਦੁਨੀਆਂ ਚੱਕਰ ਖਾ ਰਹੀ ਪਰਤੀਤ ਹੁੰਦੀ ਸੀ। ਉਹਨੂੰ ਧਰਤੀ ਤੇ ਅੰਬਰ ਦੇ ਦੋਵੇਂ ਪੁੜ ਮਿਲਦੇ ਪਰਤੀਤ ਹੋ ਰਹੇ ਸਨ। ਉਹ ਪਰਤ ਕੇ ਫਿਰ ਤੀਸਰੇ ਦਰਜੇ ਦੇ ਮੁਸਾਫ਼ਰ-ਖ਼ਾਨੇ ਵਿਚ ਆ ਗਈ। ਉਹ ਛੇਤੀ ਤੋਂ ਛੇਤੀ ਏਥੋਂ ਚਲੀ ਜਾਣਾ ਚਾਹੁੰਦੀ ਸੀ। ਏਥੋਂ ਦੇ ਦਮ-ਘੁੱਟਣੇ ਵਾਤਾਵਰਣ ਵਿਚੋਂ ਉਹ ਖੰਭ ਲਾ ਕੇ ਉੱਡ ਜਾਣਾ ਚਾਹੁੰਦੀ ਸੀ, ਕਿਤੇ ਦੂਰ, ਜਿੱਥੇ ਏਥੋਂ ਦੀ ਕੋਈ ਸੋਅ ਵੀ ਨਾ ਪਹੁੰਚੇ।

'ਪਰ ਜਾਇੰਗੀ ਕਿੱਥੇ ?' ਇਸ ਵਿਚਾਰ ਨੇ ਮਨਜੀਤ ਦੇ ਹਵਾਸ ਤੋੜ ਦਿਤੇ। ਉਹ ਬੇ-ਸਹਾਰਾ ਹੋ ਕੇ ਖ਼ਾਲੀ ਬੈਂਚ ਉਤੇ ਢਹਿ ਪਈ। ਸਹਿਜ ਸਹਿਜ ਸੋਚਾਂ ਫਿਰ ਉਹਦੇ ਅੰਦਰ ਸਿਰ ਉਠਾਉਣ ਲੱਗੀਆਂ। 'ਕੀ ਇਹ ਸੱਚ ਏ ? ਮੈਂ ਕਿਤੇ ਸੁਪਨਾ ਤਾਂ ਨਹੀਂ ਵੇਖ ਰਹੀ ? ਉਹ ਕੁਲਵੰਤ ਈ ਸੀ, ਮੇਰਾ ਕੁਲਵੰਤ ? ਉਹਨੇ ਮੈਨੂੰ ਵੇਖ ਲਿਆ ਸੀ ? ... ਹਾਂ, ਹਾਂ ਵੇਖ ਲਿਆ ਸੀ। ਉਹ ਕੁਲਵੰਤ ਈ ਸੀ, ਓਹਾ ਕੁਲਵੰਤ, ਜੀਹਨੂੰ ਮੇਰਾ ਕੁਲਵੰਤ ਕਹਿੰਦੀ ਏਂ। ...ਉਹਨੇ ਮੈਨੂੰ ਪਛਾਣ ਲਿਆ ਹੋਵੇ ? ਬਿਲਕੁਲ। ਤੈਨੂੰ ਪਛਾਣ ਕੇ ਈ ਤਾਂ ਉਹਨੇ ਤਾਂਗਾ ਭਜਾਇਆ ਸੀ, ਤੈਥੋਂ ਲੁਕਣ ਵਾਸਤੇ, ਤੇਰੇ ਪਰਛਾਂਵੇਂ ਤੋਂ ਦੂਰ ਹੋਣ ਵਾਸਤੇ।... ਤੇ ਉਹਦੇ ਨਾਲ ਕੌਣ ਹੋਵੇ ? ਇਹ ਵੀ ਕੋਈ ਪੁਛਣ ਵਾਲੀ ਗੱਲ ਏ ? ਉਹਦੇ ਨਾਲ ਸੀ ਇਕ ਨਵੀਂ ਇਸਤਰੀ, ਨਵਾਂ ਖਿਡਾਉਣਾ, ਨਵੀਂ ਕਲਾ, ਨਵਾਂ ਦਿਲ-ਪਰਚਾਵਾ। ਆਖ਼ਰ ਤੇਰਾ ਕੁਲਵੰਤ ਵੀ ਤਾਂ ਇਕ ਮਰਦ ਈ ਏ ਨਾਂ ! ਤੇ ਇਸਤਰੀ ਮਰਦ ਦਾ ਜੀ-ਪਰਚਾਵਾ। ਬਾਲਕ ਨਵੇਂ ਖਿਡਾਉਣੇ 'ਤੇ ਮੋਹਿਤ ਹੁੰਦਾ ਏ, ਭੌਰ ਨਵੇਂ ਫੁੱਲ ਉੱਤੇ ਮਸਤ, ਤੇ ਮਰਦ ਨਵੀਂ ਇਸਤਰੀ ਉਤੇ। ਕੀ ਇਹ ਓਹਾ ਕੁਲਵੰਤ ਨਹੀਂ, ਜਿਹੜਾ ਨਿੱਕਾ ਹੁੰਦਾ ਈ ਕਹਿੰਦਾ ਸੀ : ਮੈਂ ਤੇਰੇ ਟੋਟੇ ਕਰਕੇ ਦਰਿਆ ਵਿਚ ਸੁੱਟ ਆਊਂ; ਮੈਂ ਨਵੀਂ ਭਾਬੀ ਹੋਰ ਲੈ ਆਊਂ। ਓਦੋਂ ਤਾਂ ਅਜੇ ਇਹਨੂੰ ਤੇਰੀ ਲੋੜ ਸੀ। ਤੇ ਹੁਣ ਉਹਦੀਆਂ ਲੋੜਾਂ ਪੂਰੀਆਂ ਹੋ ਗਈਆਂ ਨੇ। ਹੁਣ ਤੂੰ ਉਹਦੇ ਵਾਸਤੇ ਬਿਲਕੁਲ ਬੇ-ਲੋੜੀ ਚੀਜ਼ ਏਂ, ਹੰਢੀ ਹੋਈ, ਨਚੋੜੇ ਹੋਏ ਨਿੱਬੂ ਵਰਗੀ, ਨਿਰਾ ਫੋਗ। ਹੁਣ ਤੇਰੀ ਥਾਂ ਉਹ ਨਵੀਂ ਕਿਉਂ ਨਾ ਹਾਸਲ ਕਰ ਲੈਂਦਾ।...ਪਰ ਕੀ ਉਹ ਇਹਦੀ ਵਹੁਟੀ ਹੋਵੇ ? ਇਹ ਦਰਸ਼ਨ ਤਾਂ ਨਹੀਂ ਸੀ। ਫਿਰ ਇਹਨੇ ਦਰਸ਼ਨ ਨਾਲ ਵੀ ਬੇ-ਵਫ਼ਾਈ ਕੀਤੀ ਹੋਵੇ ?...ਤੂੰ ਬੇ-ਵਫ਼ਾਈ ਕਹਿੰਦੀ ਕਿਸ ਨੂੰ ਏਂ ? ਇਹ ਤਾਂ ਮਰਦ

ਦਾ ਪੀੜ੍ਹੀਆਂ ਦਾ ਬਣਿਆਂ ਹੋਇਆ ਸੁਭੱਾ ਹੈ। ਵਫ਼ਾਦਾਰੀ ਇਸਤਰੀ ਵਾਸਤੇ ਲਾਜ਼ਮੀ ਹੈ, ਮਰਦ ਵਾਸਤੇ ਨਹੀਂ। ਜਿਹੜਾ ਤੈਨੂੰ ਛੱਡ ਗਿਆ, ਉਹਦੀ ਨਜ਼ਰ ਵਿਚ ਦਰਸ਼ਨ ਵਿਚਾਰੀ ਦੀ ਕੀ ਕੀਮਤ ?......ਪਰ ਮੇਰਾ ਕੁਲਵੰਤ ਤਾਂ ਏਹੋ ਜੇਹਾ ਨਹੀਂ ਸੀ। ਮੈਂ ਉਹਦੇ ਅੰਦਰ ਚੰਗੇ ਖ਼ਿਆਲ ਭਰੇ ਸਨ, ਉਹਨੂੰ ਵਫ਼ਾ ਸਿਖਾਈ ਸੀ, ਤੇ ਉਹ ਵੀ ਨਿਰੀ ਗੱਲੀਂ ਬਾਤੀਂ ਨਹੀਂ, ਅਮਲੀ ਤੌਰ 'ਤੇ ਜ਼ਿੰਦਗੀ ਦੀ ਬਾਜ਼ੀ ਖੇਡ ਕੇ। ਫਿਰ ਇਹ ਕੀ ਬਣਿਆਂ ? ਉਹ ਮੈਨੂੰ ਵੇਖ ਕੇ ਕਿਉਂ ਤਾਂਗਾ ਭਜਾ ਕੇ ਲੈ ਗਿਆ ? ਹੁਣ ਮੈਂ ਕਿੱਥੇ ਜਾਵਾਂ ?...ਨਹੀਂ ਨਹੀਂ, ਮੈਂ ਕਿਤੇ ਨਹੀਂ ਜਾ ਸਕਦੀ। ਮੈਂ ਉਹਦੇ ਬਿਨਾਂ ਨਹੀਂ ਜਿਉਂ ਸਕਦੀ। ਮੈਂ ਉਹਨੂੰ ਲੱਭਾਂਗੀ। ਮੈਂ ਉਹਦੇ ਬੂਹੇ 'ਤੇ ਜਾਵਾਂਗੀ। ਮੈਂ ਉਹਦੀ ਸਰਦਲ 'ਤੇ ਸਿਰ ਰੱਖ ਕੇ ਮਨੌਾਂ ਲਵਾਂਗੀ। ਹਾਂ, ਹਾਂ, ਏਨੀ ਨੀਂਵੀਂ ਹੋ ਜਾਵਾਂਗੀ ਮੈਂ। ਉਹਦੀ ਖ਼ਾਤਰ ਮੈਂ ਏਦੋਂ ਵੀ ਨੀਂਵੀਂ ਹੋਣ ਲਈ ਤਿਆਰ ਆਂ। ਮੈਂ ਉਹਦੇ ਦਰਵਾਜ਼ੇ 'ਤੇ ਜ਼ਰੂਰ ਜਾਵਾਂਗੀ, ਜੀਵਨ ਦੀ ਭਿੱਛਿਆ ਮੰਗਣ। ...ਹੱਛਾ ਏਸੇ ਤਰ੍ਹਾਂ ਸਹੀ। ਮੈਂ ਮੰਗਤੀ ਸਹੀ। ਮੈਂ ਅਣਖ-ਹੀਣ ਸਹੀ। ਮੈਂ ਜਾਵਾਂਗੀ ਜ਼ਰੂਰ। ..ਭੋਲਾ ਕੁਲਵੰਤ, ਇਹ ਸੋਚ ਕੇ ਨੱਸ ਗਿਆ ਏ, ਕਿ ਮੈਂ ਉਹਦੀ ਨਵੀਂ ਵਹੁਟੀ ਨੂੰ ਸ਼ਾਇਦ ਬਰਦਾਸ਼ਤ ਨਾ ਕਰ ਸੱਕਾਂ। ਇਸ ਵਿਚ ਭਲਾ ਉਹਦਾ ਕੀ ਕਸੂਰ ? ਉਹਦੇ ਸਾਮ੍ਹਣੇ ਮੈਨੂੰ ਜ਼ਾਲਮਾਂ ਨੇ ਬਰਛੀਆਂ ਨਾਲ ਵਿੰਨ੍ਹ ਸੁੱਟਿਆ ਸੀ। ਉਹਦੇ ਖ਼ਿਆਲ ਵਿਚ ਮੈਂ ਮਰ ਚੁੱਕੀ ਆਂ। ਉਹ ਤਾਂ ਮੇਰੇ ਨਾਲ ਈ ਮਰਨਾ ਚਾਹੁੰਦਾ ਸੀ, ਮੈਂ ਮਜਬੂਰ ਕਰ ਕੇ ਉਹਨੂੰ ਓਥੋਂ ਨਸਾਇਆ ਸੀ। ਉਹਨੇ ਮੈਨੂੰ ਮਰ ਚੁੱਕੀ ਸਮਝ ਕੇ ਹੋਰ ਵਿਆਹ ਕਰਾ ਲਿਆ। ਏਸੇ ਵਾਸਤੇ ਆਹੰਦੀ ਆਂ ਨਾਂ, ਉਹਦਾ ਕੋਈ ਕਸੂਰ ਨਹੀਂ। ਮੈਂ ਭਲਕੇ ਉਹਦੇ ਘਰ ਜਾਵਾਂਗੀ। ਫੇਰ ਉਹ ਮੈਨੂੰ ਕਿਵੇਂ ਠੁਕਰਾ ਦੇਵੇਗਾ ? ਕੁਲਵੰਤ ਜ ਕੁਛ ਵੀ ਹੈ, ਮੇਰਾ ਬਣਾਇਆ ਹੋਇਆ ਹੈ। ਉਹਦੇ ਮਾਸ ਦਾ ਇਕ ਇਕ ਜ਼ੱਰਰਾ, ਉਹਦੇ ਲਹੂ ਦੀ ਇਕ ਇਕ ਬੂੰਦ, ਸਭ ਮੇਰੀ ਦਿੱਤੀ ਹੋਈ ਹੈ। ਉਹ ਮੇਰੇ ਰਿਣ ਤੋਂ ਕਦੇ ਵੀ ਆਜ਼ਾਦ ਨਹੀਂ ਹੋ ਸਕਦਾ। ਫਿਰ ਉਹ ਮੈਥੋਂ ਕਿਵੇਂ ਮੂੰਹ ਮੋੜੇਗਾ ? ਤੇ ਮੈਂ ? ਮੈਂ ਸਮਝਾਂਗੀ, ਉਹਦੇ ਇਮਤਿਹਾਨ ਤੋਂ ਅਗਲੀ ਰਾਤ ਮੇਰੇ ਜੀਵਨ ਵਿਚ ਆਈ ਹੀ ਨਹੀਂ ਸੀ। ਉਸ ਤੋਂ ਪਹਿਲਾਂ ਸਭ ਕੁਛ ਠੀਕ ਸੀ। ਮੈਂ ਓਹਾ ਪਹਿਲੀ ਮਨਜੀਤ ਬਣ ਕੇ ਉਹਦੇ ਕੋਲ ਰਹਾਂਗੀ, ਵੱਡੀ ਭਰਜਾਈ ਬਣਕੇ। ਭਰਜਾਈ ਬਣ ਕੇ ਰਹਿਣ ਵਿਚ ਵੀ ਸ਼ਾਇਦ ਉਹਦੀ ਨਵੀਂ ਵਿਆਹੀ ਦੇ ਦਿਲ 'ਚ ਕੋਈ ਸ਼ੱਕ ਸ਼ੁਭੇ ਦੀ ਗੁੰਜਾਇਸ਼ ਹੋਵੇ, ਮੈਂ

ਉਹਦੇ ਕੋਲ ਮਾਂ ਬਣ ਕੇ ਰਹਾਂਗੀ, ਪਾਲਣ ਵਾਲੀ ਮਾਂ । ਉਹ ਨਿੱਕਾ ਹੁੰਦਾ ਆਖ ਵੀ ਦਿਆ ਕਰਦਾ ਸੀ ਨਾਂ, ਕਿ ਤੂੰ ਮੇਰੀ ਦੁਸਾਕੀ ਏਂ, ਨਾਲੇ ਭਾਬੀ, ਨਾਲੇ ਮਾਂ । ਹੁਣ ਬਾਕੀ ਸਾਰੇ ਸਾਕ ਛੱਡ ਕੇ ਸਿਰਫ਼ ਮਾਂ ਬਣ ਕੇ ਰਹਾਂਗੀ । ਫਿਰ ਉਹ ਮੈਨੂੰ ਕਿਵੇਂ ਆਸਰਾ ਨਹੀਂ ਦੇਣਗੇ ?'

ਏਸੇ ਤਰ੍ਹਾਂ ਮਨ ਹੀ ਮਨ ਵਿਚ ਢਾਹੁੰਦੀ ਉਸਾਰਦੀ ਮਨਜੀਤ ਨੇ ਰਾਤ ਲੰਘਾ ਦਿਤੀ । ਦਿਨ ਚੜ੍ਹਦਿਆਂ ਹੀ ਉਹ ਆਪਣੇ ਕੁਲਵੰਤ ਨੂੰ ਲੱਭਣ ਤੁਰ ਪਈ ।

ਉਹਨੇ ਤਾਂਗੇ ਵਾਲਿਆਂ ਤੋਂ, ਰਕਸ਼ੇ ਵਾਲਿਆਂ ਤੋਂ, ਦੁਕਾਨਦਾਰਾਂ ਤੋਂ, ਬਜ਼ਾਰ ਵਿਚ ਲੰਘਣ ਵਾਲਿਆਂ ਤੋਂ 'ਆਪਣੇ ਕੁਲਵੰਤ' ਦਾ ਪਤਾ ਪੁੱਛਿਆ । ਜਿਸ ਗਲੀ ਮਹੱਲੇ ਵੀ ਕਿਸੇ ਕੁਲਵੰਤ ਸਿੰਘ ਦੀ ਦੱਸ ਪਈ, ਉਹਨੇ ਪਹੁੰਚ ਕੇ ਪਤਾ ਕੀਤਾ । ਪਰ ਉਹਦਾ ਕੁਲਵੰਤ ਲੱਭਾ ਨਾ । ਉਹ ਪੁਛਦੀ, 'ਇਕ ਗੋਰਾ ਜਿਹਾ ਗਭਰੂ ਕੁਲਵੰਤ ਸਿੰਘ ।' ਜੇ ਕਦੇ ਉਹ ਪੁੱਛ ਲੈਂਦੀ 'ਅਲਾਟਮੈਂਟ ਕਮੇਟੀ ਦੇ ਮੈਂਬਰ ਸ. ਕੁਲਵੰਤ ਸਿੰਘ ਕਾਂਗਰਸੀ' ਦਾ ਘਰ, ਤਾਂ ਲੱਭਣ ਵਿਚ ਏਨੀ ਔਖਿਆਈ ਨਾ ਹੁੰਦੀ । ਪਰ ਉਹਨੂੰ ਸ. ਕੁਲਵੰਤ ਸਿੰਘ ਦੀਆਂ ਇਹਨਾਂ ਨਵੀਂਆਂ ਸਿਫ਼ਤਾਂ ਦਾ ਪਤਾ ਨਹੀਂ ਸੀ । ਫਿਰ ਵੀ ਸਾਰਾ ਦਿਨ ਖਪ ਖਪਾ ਕੇ ਉਹਨੇ ਘਰ ਲੱਭ ਹੀ ਲਿਆ । ਬੂਹੇ ਅੱਗੇ ਲਕੜੀ ਦਾ ਬੋਰਡ ਲੱਗਾ ਹੋਇਆ ਸੀ, ਸ. ਕੁਲਵੰਤ ਸਿੰਘ ਬੀ. ਏ., ਮੈਂਬਰ ਅਲਾਟਮੈਂਟ ਕਮੇਟੀ ।'

ਦੋ ਮਿੰਟ ਢੁਕੇ ਹੋਏ ਬੂਹੇ ਅੱਗੇ ਮਨਜੀਤ ਚੁੱਪ-ਚਾਪ ਖਲੀ ਰਹੀ । ਉਹਨੇ ਨਿਗ੍ਹਾ ਭਰ ਕੇ ਮਕਾਨ ਵੱਲ ਤਕਿਆ । ਉਹਨੇ ਕੁੰਡਾ ਖੜਕਾਉਣ ਵਾਸਤੇ ਸੱਜਾ ਹੱਥ ਅਗ੍ਹਾਂ ਵਧਾਇਆ ਹੀ ਸੀ, ਜਾਂ ਅੰਦਰੋਂ ਬੂਟਾਂ ਵਾਲੇ ਪੈਰਾਂ ਦਾ ਖੜਾਕ ਆਇਆ, ਜੋ ਓਸੇ ਵੱਲੇ ਆ ਰਹੇ ਸਨ । ਮਨਜੀਤ ਨੇ ਬਿਨਾਂ ਤਖਤਿਆਂ ਨੂੰ ਛੋਹਿਆਂ ਹੱਥ ਪਿਛੇ ਕਰ ਲਿਆ ।

ਬੂਹਾ ਖੁਲ੍ਹਿਆ । ਸਾਮ੍ਹਣੇ ਮਨਜੀਤ ਖਲੀ ਸੀ । ਵੇਖਦੇ ਸਾਰ ਕੁਲਵੰਤ ਹੱਕਾ ਬੱਕਾ ਰਹਿ ਗਿਆ । ਉਹਦੀ ਹਾਲਤ ਪਲ ਦਾ ਪਲ ਫਿਰ ਕੱਲ ਵਾਲੀ ਹੋ ਗਈ । ਪਰ ਅੱਜ ਉਹ ਛੇਤੀ ਹੀ ਸੰਭਲ ਗਿਆ । ਉਹਦਾ ਦਿਲ ਕੱਲ੍ਹ ਨਾਲੋਂ ਵਧੇਰੇ ਕਠੋਰ ਹੋ ਚੁਕਾ ਸੀ ।

"ਕੁਲਵੰਤ ! ਹੁਣ ਤਾਂ ਮੈਂ ਤੇਰੇ ਬੂਹੇ ਉਤੇ ਆ ਗਈ ਆਂ, ਤੇਰੀ ਨਿਆਸਰੀ ਮਨਜੀਤ ।" ਮਨਜੀਤ ਦੀਆਂ ਅੱਖਾਂ ਵਿਚ ਉਸ ਵੇਲੇ ਹੰਝੂ ਵਿਲਕ ਰਹੇ ਸਨ ।

"ਕੌਣ ਮਨਜੀਤ ? ਕਦੇ ਮਰੇ ਹੋਏ ਵੀ ਜ਼ਿੰਦਾ ਹੋਏ ਨੇ ?" ਕੁਲਵੰਤ ਨੇ ਮੱਥੇ 'ਤੇ ਤਿਊੜੀ ਪਾ ਕੇ ਕਿਹਾ।

"ਕੌਣ ਮਨਜੀਤ ? ਕੁਲਵੰਤ ! ਇਹ ਤੂੰ ਕਹਿ ਰਿਹਾ ਏਂ ?" ਮਨਜੀਤ ਦੇ ਦਿਲ ਉੱਤੇ ਅਸਹਿ ਚੋਟ ਲੱਗੀ। ਉਹਦੀਆਂ ਅੱਖਾਂ ਵਿਚ ਤਰਦੇ ਹੋਏ ਹੰਝੂ ਖ਼ੁਸ਼ਕ ਹੋ ਗਏ। ਅਣਖ ਮਿਲੇ ਗੁੱਸੇ ਨਾਲ ਉਹਦਾ ਚਿਹਰਾ ਲਾਲ ਹੋ ਗਿਆ।

"ਹਾਂ ਹਾਂ, ਮੈਂ ਕਹਿ ਰਿਹਾ ਆਂ। ਵੱਡੀ ਸਿਆਣੂੰ ਆਈ ਏ ਕੁਲਵੰਤ ਦੀ। ਮੈਂ ਨਹੀਂ ਤੈਨੂੰ ਜਾਣਦਾ।" ਇਨਸਾਨ ਨਹੀਂ, ਕੁਲਵੰਤ ਦੇ ਮੂੰਹੋਂ ਸ਼ੈਤਾਨ ਬੋਲ ਰਿਹਾ ਸੀ।

"ਕੌਣ ਏਂ, ਜੀ !" ਅੰਦਰੋਂ ਕਮਰੇ ਦਾ ਬੂਹਾ ਖੋਲ੍ਹ ਕੇ ਦਰਸ਼ਨ ਨੇ ਪੁਛਿਆ।

"ਤੇਰਾ ਕੀ ਵਾਸਤਾ ? ਅੰਦਰ ਬਹੁ ਜਾ ਕੇ। ਕੋਈ ਪਾਗਲ ਏ।" ਦੌਲਤ ਦੇ ਨਸ਼ੇ ਵਿਚ ਪਾਗਲ ਹੋਏ ਹੋਏ ਕੁਲਵੰਤ ਨੇ ਦਰਸ਼ਨ ਨੂੰ ਝਿੜਕਦਿਆਂ ਕਿਹਾ।

"ਕੁਲਵੰਤ ! ਮੈਂ ਪਾਗਲ ?" ਮਨਜੀਤ ਨੇ ਆਖ਼ਰੀ ਵਾਰ ਮਨੁੱਖਤਾ ਨੂੰ ਟੁਹਣ ਵਾਸਤੇ ਪੁਛਿਆ।

"ਹਾਂ, ਤੂੰ ਪਾਗਲ। ਛੇ ਮਹੀਨੇ ਮੁਸਲਮਾਨਾਂ ਘਰ ਰਹਿ ਕੇ ਸਾਰੇ ਪਾਕਸਤਾਨ ਦੀ ਜੂਠ ਹੁਣ ਮੇਰੇ ਬੂਹੇ 'ਤੇ ਆ ਗਈ ਏ। ਮਰ ਚੁੱਕਿਆਂ ਨੂੰ ਜਿਊਂਦਿਆਂ ਦੀ ਦੁਨੀਆਂ ਵਿਚ ਪੈਰ ਰਖਣ ਤੋਂ ਪਹਿਲਾਂ ਆਪਣਾ ਆਪ ਸੋਚ ਲੈਣਾ ਚਾਹੀਦਾ ਏ। ਜਾਹ, ਦੌੜ ਜਾ।" ਕਹਿੰਦਿਆਂ ਕਹਿੰਦਿਆਂ ਕੁਲਵੰਤ ਨੇ ਬੂਹਾ ਢੋ ਕੇ ਅੰਦਰੋਂ ਕੁੰਡਾ ਮਾਰ ਦਿਤਾ। ਦੌਲਤ ਦੇ ਨਸ਼ੇ ਵਿਚ ਅਧ-ਮੋਈ ਹੋਈ ਉਸਦੀ ਨਿਰਮਲ ਆਤਮਾ ਦੋਹਾਂ ਤਖ਼ਤਿਆਂ ਦੀ ਪੀਹ ਵਿਚ ਆ ਕੇ ਅਸਲੋਂ ਮਰ ਗਈ। ਸਿਰਫ਼ ਲਿਸ਼ਕੀ ਚੋਪੜੀ ਲੋਥ ਵਾਪਸ ਕਮਰੇ ਵਿਚ ਚਲੀ ਗਈ।

ਦੋ ਮਿੰਟ ਨੀਂਵੀਂ ਪਾਈ ਮਨਜੀਤ ਬਰੂਹਾਂ ਵਿਚ ਖਲੀ ਰਹੀ। ਫਿਰ ਸਹਿਜ ਸਹਿਜ ਪੈਰ ਧੂਹੰਦੀ ਉਹ ਪਿਛਾਂਹ ਪਰਤੀ। 'ਠੀਕ ਏ ਮਰ ਚੁੱਕਿਆਂ ਨੂੰ ਜਿਊਂਦਿਆਂ ਦੀ ਦੁਨੀਆਂ ਵਿਚ ਨਹੀਂ ਸੀ ਆਉਣਾ ਚਾਹੀਦਾ, ਨਹੀਂ ਸੀ ਆਉਣਾ ਚਾਹੀਦਾ, ਨਹੀਂ ਸੀ ਆਉਣਾ ਚਾਹੀਦਾ। ਸੁਣ ਲਿਆ ਈ ਨਾਂ ? ਤੂੰ ਪਾਗਲ ਏਂ, ਤੂੰ ਮਰ ਚੁੱਕੀ ਏਂ, ਤੈਨੂੰ ਨਹੀਂ ਸੀ ਆਉਣਾ ਚਾਹੀਦਾ। ਓ ਬਦਨਸੀਬ ਮਨਜੀਤ ! ਤੂੰ ਮਰੀਓਂ ਸਹੀ, ਪਰ ਬੜੇ ਕੁਵੇਲੇ ਆ ਕੇ; ਮੌਤ ਦਾ ਚੰਗਾ ਵਕਤ ਖੁੰਝਾ ਲੈਣ ਵਾਲਿਆਂ ਦੀ ਸਦਾ ਏਸੇ ਤਰ੍ਹਾਂ ਦੁਰਦਸ਼ਾ ਹੁੰਦੀ ਏ।' ਸੋਚਾਂ ਦੇ ਮਾਰੂ ਵਹਿਣ ਵਿਚ

ਪਈ ਮਨਜੀਤ ਤੁਰੀ ਜਾ ਰਹੀ ਸੀ। 'ਤੇਰੇ ਵਾਸਤੇ ਮੌਤ ਦਾ ਠੀਕ ਵਕਤ ਸੀ ਆਪਣੇ ਸੂਰਤ ਦੇ ਨਾਲ ਈ ਮਰ ਜਾਣਾ। ਤੂੰ ਬਲਦੀ ਚਿਖਾ ਵਿਚ ਛਾਲ ਮਰ ਦੇਂਦੀਓਂ, ਖੂਹ ਵਿਚ ਡੁੱਬ ਮਰਦੀਓਂ; ਅਫ਼ੀਮ ਖਾ ਲੈਂਦੀਓਂ; ਜਿਵੇਂ ਵੀ ਹੁੰਦਾ, ਏਸ ਇਸਤਰੀ-ਜੂਨ ਦਾ ਖ਼ਾਤਮਾ ਕਰ ਲੈਂਦਿਓਂ, ਪਰ ਜੀਵਨ ਦੇ ਝਾਂਸੇ ਵਿਚ ਨਾ ਫਸਦੀਓਂ। ਏਸ ਦੁਨੀਆਂ ਵਿਚ ਜਿਉਣ ਦਾ ਅਧਿਕਾਰ ਕੇਵਲ ਮਰਦ ਕੋਲ ਹੈ, ਇਸਤਰੀ ਕੋਲ ਨਹੀਂ। ਤੇਰੇ ਵਾਸਤੇ ਚਿਖਾ ਵਿਚ ਸੜ ਮਰਨਾ ਈ ਚੰਗਾ ਸੀ। ਪਰ ਚਿਖਾ ਵਿਚ ਤੈਨੂੰ ਕੀਹਨੇ ਸੜਨ ਦੇਣਾ ਸੀ ? ਓਥੇ ਤੇਰੇ ਸੈਂਕੜੇ ਦੁਸ਼ਮਣ ਘੇਰਾ ਘੱਤੀ ਖਲੋ ਸਨ। ਤਾਂ ਖੂਹ ਵਿਚ ਛਾਲ ਮਾਰ ਦੇਂਦਿਓਂ। ਮੇਰੀ ਸੱਸ ਨੂੰ ਖੂਹ ਵਿਚ ਵੀ ਡਾਢਿਆਂ ਨਹੀਂ ਸੀ ਮਰਨ ਦਿਤਾ। ਤਾਂ ਉਹਦੇ ਵਾਂਗ ਅਫ਼ੀਮ ਖਾ ਲੈਂਦਿਓਂ। ਉਹ ! ਇਹ ਮੌਤ ਬੜੀ ਔਖੀ ਏ।'

ਇਨਸਾਨ ਦਾ ਸਵਾਰਥੀ ਸੁਭਾ। ਇਹ ਮੌਤ ਵਿਚ ਵੀ ਸੁਖ ਦੀ ਇੱਛਿਆ ਰੱਖਦਾ ਹੈ।

'ਜੇ ਮਰਨਾ ਈ, ਤਾਂ ਰੇਲ ਹੇਠਾਂ ਸਿਰ ਦੇਹ ਜਾ ਕੇ।' ਕਿਸੇ ਵੇਲੇ ਲਾਰੀ ਡਰਾਈਵਰ ਦੀ ਕਹੀ ਹੋਈ ਗੱਲ ਮਨਜੀਤ ਨੂੰ ਯਾਦ ਆ ਗਈ। 'ਹਾਂ, ਇਹ ਤਰੀਕਾ ਠੀਕ ਏ। ਸਿਰਫ਼ ਦੋ ਮਿੰਟ ਦੀ ਖੇਡ। ਪਹੀਆ ਉੱਪਰ ਦੀ ਲੰਘਿਆ ਤੇ ਬੇੜਾ ਪਾਰ। ਬੱਸ, ਫ਼ੈਸਲਾ ਹੋ ਗਿਆ। ਰੇਲ ਹੇਠਾਂ, ਰੇਲ ਹੇਠਾਂ, ਰੇਲ ਹੇਠਾਂ।' ਇਸ਼ਟ ਦੇਵ ਦੇ ਨਾਮ ਵਾਂਗ ਜਾਪ ਕਰਦੀ ਮਨਜੀਤ ਸੜਕੋ ਸੜਕ ਅੰਬਾਲੇ ਵੱਲ ਮੂੰਹ ਕਰ ਕੇ ਤੁਰ ਪਈ। ਮਿਲਰ ਗੰਜ ਦੀ ਆਖ਼ਰੀ ਵਸੋਂ ਤੋਂ ਵੀ ਉਹ ਅਗ੍ਹਾਂ ਲੰਘ ਗਈ। ਥੋੜੀ ਦੂਰ ਜਾ ਕੇ ਉਹ ਖੱਬੇ ਹੱਥ ਰੇਲਵੇ ਲਾਈਨ ਵੱਲੇ ਉੱਲਰੀ। ਗੱਡੀ ਦੀਆਂ ਲੀਹਾਂ 'ਤੇ ਅਪੜੀ, ਤਾਂ ਅੰਬਾਲੇ ਵੱਲੋਂ ਉਹਨੂੰ ਇੰਜਨ ਦਾ ਚਾਨਣ ਦਿੱਸਿਆ। ਉਹ ਇਕ ਪਾਸੇ ਖਲੋ ਕੇ ਮੌਤ ਦੀ ਉਡੀਕ ਕਰਨ ਲੱਗੀ।

ਜਿਉਂ ਜਿਉਂ ਗੱਡੀ ਦੀ ਰੌਸ਼ਨੀ ਨੇੜੇ ਆ ਰਹੀ ਸੀ, ਮਨਜੀਤ ਦੇ ਦਿਲ ਦੀ ਧੜਕਣ ਪੈਰੋ ਪੈਰ ਤੇਜ਼ ਹੁੰਦੀ ਜਾ ਰਹੀ ਸੀ। ਇਹ ਚਾਰ ਸ਼ਬਦ 'ਰੇਲ ਹੇਠਾਂ ਸਿਰ ਦੇਹ' ਬੜੀ ਕਾਹਲੀ ਕਾਹਲੀ ਉਹਦੇ ਦਮਾਗ਼ ਵਿਚ ਚੱਕਰ ਲਾਉਣ ਲੱਗੇ। ਵਧ ਰਹੇ ਚਾਨਣ ਦੇ ਤੇਜ ਸਾਮ੍ਹਣੇ ਉਹਦੀਆਂ ਅੱਖਾਂ ਚੁੰਧਿਆ ਗਈਆਂ।

ਰੇਲ ਦੇ ਇੰਜਨ ਨਾਲ ਟਕਰਾਉਣ ਤੋਂ ਪਹਿਲਾਂ ਉਹਦੇ ਬੁਧੀ-ਖੇਤਰ ਵਿਚ ਵਿਰੋਧੀ ਖ਼ਿਆਲ ਟਕਰਾ ਗਏ। ਨਿਰਾਸਤਾ ਦੇ ਪਰਛਾਵਿਆਂ ਵਿਚੋਂ ਇਕ ਨਵੀਂ

ਚਮਕ ਨੇ ਜਨਮ ਲਿਆ। ਸਭ ਮਾਰੂ ਸ਼ਕਤੀਆਂ ਨੂੰ ਪਛਾੜ ਕੇ ਗਿਆਨੀ ਸਰਦੂਲ ਸਿੰਘ ਦੀ ਆਤਮਾ ਸਾਮ੍ਹਣੇ ਆ ਖਲੀ। ਮਨਜੀਤ ਦੇ ਮਨ ਵਿਚ ਨਵਾਂ ਯੁੱਧ ਸ਼ੁਰੂ ਹੋ ਗਿਆ।

"ਮੌਤ ਲਈ ਮਜਬੂਰ ਹੋਣ ਦੀ ਥਾਂ, ਜ਼ਿੰਦਗੀ ਲਈ ਤਾਂਘਣਾ ਉੱਤਮ ਕਰਮ ਹੈ। ਹੌਸਲਾ ਨਹੀਂ ਹਾਰਨਾ ਚਾਹੀਦਾ।"

"ਇਹ ਸਿਧਾਂਤ ਮਰਦ ਵਾਸਤੇ ਠੀਕ ਹੈ, ਇਸਤਰੀ ਵਾਸਤੇ ਨਹੀਂ। ਇਸਤਰੀ ਅਬਲਾ ਹੈ।"

"ਕਿੰਨਾ ਭੁਲੇਖਾ ਹੈ ਇਹ ਦੁਨੀਆਂ ਦਾ। ਇਸਤਰੀ ਅਬਲਾ ਨਹੀਂ, ਸਬਲਾ ਹੈ, ਸ਼ਕਤੀ ਹੈ। ਮੈਨੂੰ ਇਸ ਬਾਰੇ ਬਹੁਤ ਕੁਛ ਸਮਝਾਉਣਾ ਪਵੇਗਾ।"

"ਹੁਣ ਸਮਝਣ ਦੀ ਲੋੜ ਨਹੀਂ ਰਹੀ।"

"ਲੋੜ ਹੈ। ਇਹ ਮੈਂ ਜਾਣਦਾ ਹਾਂ, ਤੂੰ ਨਹੀਂ। ਤੇਰੇ ਅੰਦਰ ਸ਼ਕਤੀ ਸੁੱਤੀ ਪਈ ਹੈ। ਉਸਨੂੰ ਜਗਾਉਣਾ ਪਵੇਗਾ। ਜਦ ਤੇਰੀ ਇਨਕਲਾਬੀ ਰੂਹ ਅੰਗੜਾਈ ਲਵੇਗੀ, ਫਿਰ ਤੂੰ ਜਾਣ ਸਕੇਂਗੀ, ਕਿ ਇਸਤਰੀ ਅਬਲਾ ਹੈ, ਜਾਂ ਦੁਨੀਆਂ ਨੂੰ ਪਲਟ ਦੇਣ ਵਾਲੀ ਸ਼ਕਤੀ।"

ਮਨਜੀਤ ਦੀ ਕਾਇਆਂ ਪਲਟ ਗਈ। ਉਹਦੀ ਆਤਮਾ ਨੂੰ ਬੜਾ ਵੱਡਾ ਹਲੂਣਾ ਵੱਜਾ। ਉਹਨੇ ਉਸ ਨਿਰ-ਜਨ ਪੁਲਾੜ ਵਿਚੋਂ ਆਪਣੇ ਵਿੱਦਿਆ-ਗੁਰੂ ਨੂੰ ਤਕਿਆ। ਅੰਦਰੋਂ ਫਿਰ ਵਾਜ ਆਈ।

"ਕੀ ਤੈਨੂੰ ਆਪਣੀ ਪਵਿੱਤਰਤਾ 'ਤੇ ਮਾਣ ਨਹੀਂ?"

"ਮਾਣ ਹੈ।"

"ਤਾਂ ਤੈਨੂੰ ਇਸ ਪਵਿੱਤਰਤਾ ਦੇ ਸਹਾਰੇ ਜਿਉਣਾ ਪਵੇਗਾ। ਇਕ ਤੇਰੇ ਨਾਲ ਹੀ ਨਹੀਂ, ਇਸ ਸਮਾਜ ਅੰਦਰ ਕਰੋੜਾਂ ਇਸਤਰੀਆਂ ਨਾਲ ਇਸ ਨਾਲੋਂ ਵੀ ਭੈੜਾ ਸਲੂਕ ਹੋ ਰਿਹਾ ਹੈ। ਤੈਨੂੰ ਉਹਨਾਂ ਬਦਲੇ ਜਿਉਣਾ ਪਵੇਗਾ। ਤੈਨੂੰ ਉਹਨਾਂ ਕਰੋੜਾਂ ਬਦਨਸੀਬਾਂ ਦੀ ਅਗਵਾਈ ਕਰਨੀ ਪਵੇਗੀ।"

ਨੇੜੇ ਆ ਰਹੀ ਗੱਡੀ ਦੀ ਵਧ ਰਹੀ ਰੋਸ਼ਨੀ ਵਿਚ ਗਿਆਨੀ ਸਰਦੂਲ ਸਿੰਘ ਦੀ ਰੂਹ ਅਲੋਪ ਹੋ ਗਈ। ਮਨਜੀਤ ਦੀ ਆਤਮਾ ਨੂੰ ਇਕ ਜ਼ੋਰਦਾਰ ਝਟਕਾ ਵੱਜਾ। ਉਹਦੇ ਅੰਦਰ ਸੁੱਤੀ ਹੋਈ ਇਨਕਲਾਬੀ ਸ਼ਕਤੀ ਜਾਗ ਉਠੀ। ਉਹਨੇ 'ਮੌਤ' ਨੂੰ ਕੰਡ ਦੇ ਕੇ 'ਜੀਵਨ' ਵੱਲੇ ਮੂੰਹ ਕਰ ਲਿਆ। ਉਹਦੇ ਦਿਲ ਵਿਚ 'ਕੁਛ

ਕਰ ਵਿਖਾਲਣ' ਦੀ ਰੀਝ ਅੰਗੜਾਈ ਲੈ ਕੇ ਸਾਵਧਾਨ ਹੋ ਖਲੀ। ਉਹਨੇ ਜੋਸ਼ ਵਿਚ ਮੁੱਠਾਂ ਮੀਟ ਕੇ ਲਲਕਾਰਿਆ, "ਬਦਲ ਦਿਆਂਗੀ, ਬਦਲ ਦਿਆਂਗੀ ਮੈਂ ਇਸ ਬੋੜੇ ਹੋ ਚੁਕੇ ਇਕ-ਪੱਖੇ ਸਮਾਜ ਨੂੰ। ਨਿਰਦਈ ਮਰਦ ਨੇ ਵਫ਼ਾ ਦੀ ਪੁਤਲੀ ਇਸਤਰੀ ਨਾਲ ਬੜਾ ਧੱਕਾ ਕਰ ਲਿਆ ਏ। ਬੜੇ ਜੁੱਗ ਪੱਥਰ ਦੇ ਦੇਵਤੇ ਅੱਗੇ ਸ਼ਰਧਾਲੂ ਪੁਜਾਰਨ ਦੀਆਂ ਸੱਧਰਾਂ ਦੀ ਕੁਰਬਾਨੀ ਦਿਤੀ ਜਾਂਦੀ ਰਹੀ ਹੈ। ਹੁਣ ਮੈਂ ਇਹ ਨਹੀਂ ਹੋਣ ਦਿਆਂਗੀ। ਮੈਂ ਸਦੀਆਂ ਤੋਂ ਮਰਦ ਦੇ ਪੈਰਾਂ ਥੱਲੇ ਲਤਾੜੀ ਹੋਈ ਇਸਤਰੀ ਦੇ ਹੱਕਾਂ ਵਾਸਤੇ ਲੜਾਂਗੀ। ਮੈਂ ਇਸਤਰੀ-ਜਗਤ ਵਿਚ ਇਨਕਲਾਬ ਲਿਆ ਦਿਆਂਗੀ। ਮੈਂ ਸਵਾਰਥੀ ਮਰਦ ਦੇ ਬਣਾਏ ਹੋਏ ਸਮਾਜ ਦੇ ਵਿਰੁਧ ਬਗ਼ਾਵਤ ਕਰ ਦਿਆਂਗੀ। ਐਵੇਂ ਨਹੀਂ ਸੁਧਰਨ ਲੱਗੇ ਇਹ ਗ਼ਰੀਬਾਂ ਦਾ ਲਹੂ ਪੀ ਪੀ ਕੇ ਰੱਜੇ ਹੋਏ ਪਤਵੰਤੇ—

"ਪਤਵੰਤੇ ਕਾਤਲ"

ਸਮਾਪਤ ੯—੫—੫੫

## ਸੋਹਣ ਸਿੰਘ 'ਸੀਤਲ' (ਰਚਿਤ)

**ਨਾਵਲ :** ੧. ਸਿੰਘ ਬੂਕੇ (ਇਤਿਹਾਸਕ) ੨. ਜੁੱਗ ਬਦਲ ਗਿਆ ੧੨), ੩. ਜਵਾਲਾ ਮੁਖੀ ੯), ੪. ਮੁੰਝਾ ਆਹਲਣਾ ੬), ੫. ਈਚੋਗਿਲ ਨਹਿਰ ਤਕ ੧੦) ੬. ਮੁੱਲ ਦਾ ਮਾਸ ੭॥), ੭. ਪਤਵੰਤੇ ਕਾਤਲ ੭॥), ੮. ਅੰਨ੍ਹੀ ਸੁੰਦਰਤਾ ੭), ੯. ਵਿਜੋਗਣ ੬), ੧੦. ਦੀਵੇ ਦੀ ਲੋ ੭), ੧੧. ਜੰਗ ਜਾਂ ਅਮਨ ੧੨), ੧੨. ਧਰਤੀ ਦੀ ਬੇਟੀ ੫), ੧੩. ਪ੍ਰੀਤ ਤੇ ਪੈਸਾ ੭), ੧੪. ਕਾਲੇ ਪਰਛਾਂਵੇਂ ੧੨) ੧੫. ਤੂਤਾਂ ਵਾਲਾ ਖੂਹ ੧੨), ੧੬. ਧਰਤੀ ਦੇ ਦੇਵਤੇ ੮), **੧੭ ਬੰਦ[illegible] [illegible])**, ੧੮. ਪ੍ਰੀਤ ਕਿ ਰੂਪ ੫), ੧੯. ਮ. ਜਿੰਦਾਂ ੪), ੨੦. ਮ **ਦਲੀਪ ਸਿੰਘ ੪)**:

**ਕਹਾਣੀਆਂ :** ੨੧. ਕਦਰਾਂ ਬਦਲ ਗਈਆਂ ੮)

**ਦੋ ਇਕਾਂਗੀ :** ੨੨, ਸੰਤ ਲਾਧੋ ਰੇ ਤੇ ਲੋਕ ਸੇਵਕ ੪)

**ਬਾਲ ਸਾਹਿਤ :** ੨੩. ਬਾਬਾ ਨਾਨਕ ੫), ੨੪. ਧਰਮ ਦਾ ਰਾਖਾ, ਗੁਰੂ ਤੇਗ਼ ਬਹਾਦਰ ੩), ੨੫. ਸਿੱਖ ਸ਼ਹੀਦ ਤੇ ਯੋਧੇ ੪)

**ਇਤਿਹਾਸ :** ੨੬. ਸੰਖੇਪ ਜੀਵਨੀ ਗੁਰੂ ਨਾਨਕ ਦੇਵ ਜੀ ੪), ੨੭. ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ ੬), ੨੮. ਮਨੁੱਖਤਾ ਦੇ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ ੧੦), ੨੯. ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ ੧੫), ੩੦. ਮਨੁੱਖਤਾ ਦੇ ਗੁਰੂ ਗੋਬਿੰਦ ਸਿੰਘ ਜੀ ੧੨), ੩੧. ਲਾਸਾਨੀ ਸ਼ਹੀਦ ਗੁਰੂ ਤੇਗ਼ ਬਹਾਦਰ ਜੀ ੭॥), ੩੨. ਬੰਦਾ ਸਿੰਘ ਸ਼ਹੀਦ ੬) ੩੩. ਸਿੱਖ ਰਾਜ ਕਿਵੇਂ ਬਣਿਆਂ ੯), ੩੪. ਸਿੱਖ ਮਿਸਲਾਂ ੭), ੩੫. ਸਿੱਖ ਰਾਜ ਤੇ ਸ਼ੇਰੇ ਪੰਜਾਬ ੭), ੩੬. ਸਿੱਖ ਰਾਜ ਕਿਵੇਂ ਗਿਆ ੧੦), ੩੭. ਦੁਖੀਏ ਮਾਂ ਪੁੱਤ ੮), ੩੮. ਸੰਖੇਪ ਇਤਿਹਾਸ ਦਸ ਪਾਤਸ਼ਾਹੀਆਂ ੧੫), ਪੰਜਾਬ ਦਾ ਉਜਾੜਾ ੮)

### ਵਾਰਾਂ ਹਰ ਇਕ ਦਾ ਮੁੱਲ ਚਾਰ ਰੁਪੈ

੩੯. ਸੀਤਲ ਕਿਰਣਾਂ, ੪੦. ਸੀਤਲ ਸੁਨੇਹੇ, ੪੧. ਸੀਤਲ ਹੰਝੂ, ੪੨. ਸੀਤਲ ਹੁਲਾਰੇ, ੪੩. ਸੀਤਲ ਤਰੰਗਾਂ, ੪੪. ਸੀਤਲ ਪ੍ਰਸੰਗ, ੪੫. ਸੀਤਲ ਪ੍ਰਕਾਸ਼, ੪੬. ਸੀਤਲ ਤਰਾਨੇ, ੪੭. ਸੀਤਲ ਵਾਰਾਂ, ੪੮. ਸੀਤਲ ਤਾਂਘਾਂ, ੪੯. ਸੀਤਲ ਵਲਵਲੇ, ੫੦. ਸੀਤਲ ਚੰਗਿਆੜੇ, ੫੧. ਸੀਤਲ ਚਮਕਾਂ, ੫੨. ਸੀਤਲ ਰਮਜ਼ਾਂ, ੫੩. ਸੀਤਲ ਉਮੰਗਾਂ, ੫੪. ਸੀਤਲ ਅੰਗਿਆਰੇ, ੫੫. ਸੀਤਲ ਮੁਨਾਰੇ, ੫੬. ਸੀਤਲ ਸੁਗਾਤਾਂ । **ਕਵਿਤਾ :** ੫੭. ਵਹਿੰਦੇ ਹੰਝੂ ੪), ੫੮. ਸੱਜਰੇ ਹੰਝੂ ੪), ੫੯. ਦਿਲ ਦਰਿਆ ੪) **ਗੀਤ:** ੫੦. ਮੇਰੇ ਗੀਤ ੪), ਮੇਰੀ ਕਵਿਤਾ ਮੇਰੇ ਗੀਤ ੧੫)

**ਮੇਰੀਆਂ ਢਾਡੀ ਵਾਰਾਂ :** ਪਹਿਲਾ ਭਾਗ ੧੮), ਦੂਜਾ ਭਾਗ ੧੮), ਤੀਜਾ ਭਾਗ ੧੮), ਚੌਥਾ ਭਾਗ ੧੮) ।